
Tanya's
BEAUTY SALOON
THREADING/WAXING, FACIAL (MEN & WOMEN)
ANTI-AGING FACIAL, BLEACH, HAIR CUT, COLOR AND STYLE
40-39-75ST. JACKSON HEIGHTS, NY 11373. PH: 718-478-9009
137-40 JAMAICA AVENUE, JAMAICA, NY 11435 PH: 718-297-1019
85-03 ROOSEVELT AVENUE JACKSON HEIGHTS, NY 11373. PH: 718-205-7832







Ad Space Available
Call: 847-359-0746



ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Fifteenth Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 15, Issue 20, May 17, 2014 20451 N Plum Grove Rd., Palatine, IL 60074 Ph:847-359-0746, Fax:847-705-9388

## ਡੱਕਿਆ ਨਾ ਜਾ ਸਕਿਆ ਮੋਦੀ ਦਾ ਮਾਰਚ

### ਪੰਜਾਬ ਵਿਚ 'ਆਪ' ਨੇ ਦਿਖਾਇਆ ਸਭ ਸਿਆਸੀ ਧਿਰਾਂ ਨੂੰ ਸ਼ੀਸ਼ਾ



**ਨਵੀਂ ਦਿੱਲੀ/ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੀਆਂ 16ਵੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਇਸ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਐਲਾਨੇ ਉਮੀਦਵਾਰ ਨਰੇਂਦਰ ਮੋਦੀ ਨੂੰ ਡੱਕਿਆ ਨਹੀਂ ਜਾ ਸਕਿਆ। ਸੀਟਾਂ ਜਿੱਤਣ ਦੇ ਹਿਸਾਬ ਨਾਲ ਭਾਜਪਾ ਨੇ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਵਜੋਂ ਆਪਣੀ ਪੈਂਠ ਬਣਾ ਲਈ ਹੈ। ਕਾਂਗਰਸ ਦੇ ਇਤਿਹਾਸ ਵਿਚ ਪਹਿਲੀ ਵਾਰ ਇਸ ਨੂੰ ਇੰਨੀ ਨਮੋਸ਼ੀ ਭਰੀ ਹਾਰ ਹੋਈ ਹੈ ਅਤੇ ਇਸ ਦਾ ਅੰਕੜਾ ਸਿਮਟ ਕੇ ਰਹਿ ਗਿਆ ਹੈ। ਪਿਛਲੀਆਂ ਚੋਣਾਂ ਵਿਚ ਪਛਾੜ ਖਾ ਚੁੱਕੇ ਕਾਮਰੇਡ ਵੀ ਐਤਕੀਂ ਕੋਈ ਖਾਸ ਮੱਲ ਨਹੀਂ ਮਾਰ ਸਕੇ। ਖੇਤਰੀ ਪਾਰਟੀਆਂ ਕੁਝ ਕੁ ਸੂਬਿਆਂ ਵਿਚ ਵਾਹਵਾ ਚਮਕੀਆਂ ਅਤੇ ਕੁਝ ਵਿਚ ਇਨ੍ਹਾਂ ਦੀ ਕਾਰਗੁਜ਼ਾਰੀ ਵੀ ਮਾੜੀ ਰਹੀ।

ਦੂਜੇ ਬੰਨੇ ਸਿਆਸਤ ਵਿਚ ਕੁਝ ਸਮਾਂ ਪਹਿਲਾਂ ਹੀ ਕੁੱਦੀ ਆਮ ਆਦਮੀ ਪਾਰਟੀ (ਆਪ) ਲੋਕ ਸਭਾ ਚੋਣਾਂ ਦੌਰਾਨ ਭਾਵੇਂ ਜ਼ਿਆਦਾ ਸੀਟਾਂ ਨਹੀਂ ਲਿਜਾ ਸਕੀ ਪਰ ਜਨਤਾ ਦਾ ਧਿਆਨ ਖਿੱਚਣ ਵਿਚ ਜ਼ਰੂਰ ਕਾਮਯਾਬ ਰਹੀ। ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਕਾਰਗੁਜ਼ਾਰੀ ਤਸੱਲੀਬਖਸ਼ ਰਹੀ ਜਿਸ ਨੇ ਰਵਾਇਤੀ ਪਾਰਟੀਆਂ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। 'ਆਪ' ਨੇ ਲੋਕਾਂ ਨਾਲ ਜੁੜੇ ਮੁੱਦੇ ਚੁੱਕੇ ਜਿਨ੍ਹਾਂ ਨੂੰ ਆਮ ਤੌਰ 'ਤੇ ਰਵਾਇਤੀ ਸਿਆਸੀ ਧਿਰਾਂ ਵਿਸਾਰਦੀਆਂ ਆ ਰਹੀਆਂ ਹਨ, ਕਿਉਂਕਿ ਇਨ੍ਹਾਂ ਲੋਕ ਮੁੱਦਿਆਂ 'ਤੇ ਇਹ ਸਾਰੀਆਂ ਧਿਰਾਂ ਘਿਰਦੀਆਂ ਹਨ।

ਦਿੱਲੀ ਤੋਂ ਬਾਅਦ 'ਆਪ' ਨੂੰ ਸਭ ਤੋਂ ਜ਼ਿਆਦਾ ਹੁੰਗਾਰਾ ਪੰਜਾਬ ਵਿਚ ਮਿਲਿਆ ਹੈ। ਇਸ ਨਵੀਂ ਪਾਰਟੀ ਲੋਕ ਸਭਾ ਚੋਣਾਂ ਸਿਰ 'ਤੇ ਆਉਣ ਮਗਰੋਂ ਹੀ ਪੰਜਾਬ ਵਿਚ ਪੈਰ ਧਰਿਆ। ਇੰਨੇ ਥੋੜ੍ਹੇ ਸਮੇਂ ਵਿਚ ਜੇ ਪਾਰਟੀ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰੀਏ ਤਾਂ ਮੰਨਿਆ ਜਾ ਸਕਦਾ ਹੈ ਕਿ ਭਵਿੱਖ ਵਿਚ ਇਹ ਪਾਰਟੀ ਰਵਾਇਤੀ ਪਾਰਟੀਆਂ ਨੂੰ ਵੱਡੀ ਟੱਕਰ ਦੇ ਸਕਦੀ ਹੈ। 'ਆਪ' ਦਾ ਵੀ ਇਹੀ ਕਹਿਣਾ ਹੈ ਕਿ ਇਨ੍ਹਾਂ ਚੋਣਾਂ ਵਿਚ ਤਾਂ ਉਹ ਵਾਰਮ-ਅੱਪ ਹੋਏ ਹਨ, ਅਸਲੀ ਘੋਲ ਤਾਂ 2017 ਵਿਚ ਹੋਏਗਾ।

ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਸੱਤਾ ਧਿਰ ਦੀ ਅਜਿਹੀ ਤਸਵੀਰ ਪੇਸ਼ ਕੀਤੀ ਕਿ ਵਿਕਾਸ ਦੇ ਮੁੱਦੇ ਨੂੰ ਲੈ ਕੇ ਚੋਣ ਮੁਹਿੰਮ ਕਰਨ ਵਾਲੇ ਅਕਾਲੀ ਦਲ ਦੀ ਸਮੁੱਚੀ ਚੋਣ ਮੁਹਿੰਮ ਦੀ ਧਾਰ ਨਰੇਂਦਰ ਮੋਦੀ ਉਪਰ ਆ ਟਿਕੀ। ਸ਼ੁਰੂ ਵਿਚ ਅਕਾਲੀ ਆਗੂ ਤੇ ਉਮੀਦਵਾਰ ਅਕਾਲੀ-ਭਾਜਪਾ ਸਰਕਾਰ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਉਂਦੇ ਨਹੀਂ ਸਨ ਥੱਕਦੇ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਾਰ-ਵਾਰ ਚੋਣਾਂ ਵਿਕਾਸ ਦੇ ਨਾਂ ਉੱਪਰ ਲੜਨ ਦੇ ਐਲਾਨ ਕਰਦੇ ਰਹੇ ਪਰ ਵਿਰੋਧੀ ਧਿਰ ਕਾਂਗਰਸ ਤੇ ਆਮ ਆਦਮੀ ਪਾਰਟੀ ਵੱਲੋਂ ਪੋਲ ਖੋਲ੍ਹਣ ਮਗਰੋਂ ਚੋਣ ਦ੍ਰਿਸ਼ ਹੀ ਬਦਲ ਗਿਆ।

ਸੂਬੇ ਅੰਦਰ ਲੋਕਾਂ ਵਿਚ ਨਸ਼ਿਆਂ ਦੀ ਭਰਮਾਰ ਹੈ ਤੇ ਨਸ਼ਿਆਂ ਦੀ ਵਿਕਰੀ ਪਿੱਛੇ ਕੁਝ ਅਕਾਲੀ ਨੇਤਾਵਾਂ ਦੇ ਹੱਥ, ਰੇਤ-ਬਜਰੀ ਦੇ ਕਾਲੇ ਧੰਦੇ ਵਿਚ ਅਕਾਲੀ ਆਗੂਆਂ ਦੀ ਸ਼ਮੂਲੀਅਤ, ਟਰਾਂਸਪੋਰਟ, ਕੇਬਲ ਨੈੱਟਵਰਕ ਉੱਪਰ ਕਬਜ਼ੇ ਤੋਂ ਇਲਾਵਾ ਸ਼ਹਿਰਾਂ ਵਿਚ ਲੱਗੇ ਪ੍ਰਾਪਰਟੀ ਟੈਕਸ ਤੇ ਹਰ ਤਰ੍ਹਾਂ ਦੀਆਂ ਸਰਕਾਰੀ ਫੀਸਾਂ ਵਿਚ ਬੇਤਹਾਸ਼ਾ ਕੀਤੇ ਵਾਧੇ, ਬੱਸ ਭਾੜੇ ਤੇ ਬਿਜਲੀ ਦਰਾਂ ਵਿਚ ਵਾਧੇ ਵਰਗੇ ਮੁੱਦਿਆਂ ਨੇ ਹੁਕਮਰਾਨ ਪਾਰਟੀ ਨੂੰ ਲੋਕਾਂ ਦੀ ਕਚਹਿਰੀ ਵਿਚ ਨਿਰਉੱਤਰ ਕਰ ਦਿੱਤਾ। ਅਜਿਹੇ ਸਵਾਲਾਂ ਵਿਚ ਘਿਰੀ ਸੱਤਾ ਧਿਰ ਨੇ ਮੋਦੀ ਦੀ ਲਹਿਰ 'ਤੇ ਟੇਕ ਲਾ ਲਈ। ਸੱਤਾ ਧਿਰ ਦਾਅਵੇ ਕਰਨ ਲੱਗੀ ਕਿ ਮੋਦੀ ਸਰਕਾਰ

(ਬਾਕੀ ਸਫਾ 6 'ਤੇ)

## ਬੇਖੌਫ ਨੇ ਬਾਦਲ ਦੇ ਵਜ਼ੀਰ!






**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ-ਭਾਜਪਾ ਦੇ ਮੰਤਰੀ ਨਿੱਤ ਨਵੀਂ ਮੁਸ਼ਕਿਲ ਦਾ ਸਾਹਮਣਾ ਕਰ ਰਹੇ ਹਨ। ਲੋਕ ਸਭਾ ਚੋਣਾਂ ਦੌਰਾਨ ਬਿਕਰਮ ਸਿੰਘ ਮਜੀਠੀਆ ਦੀ ਭੱਦੀ ਸ਼ਬਦਾਵਲੀ ਤੇ ਦਸਮ ਗ੍ਰੰਥ ਦੇ ਸ਼ਬਦ ਨਾਲ ਛੇੜਛਾੜ ਦਾ ਮਾਮਲਾ ਸੁਰਖੀਆਂ ਵਿਚ ਰਿਹਾ। ਇਸ ਮਾਮਲੇ ਦਾ ਅਸਰ ਲੋਕ ਸਭਾ ਚੋਣਾਂ ਦੌਰਾਨ ਖਾਸਕਰ ਅੰਮ੍ਰਿਤਸਰ ਹਲਕੇ ਵਿਚ ਵੀ ਵੇਖਣ ਨੂੰ ਮਿਲਿਆ। ਇਸੇ ਹਲਕੇ ਨਾਲ ਜੁੜਿਆ ਦੂਜਾ ਮਾਮਲਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਦੀ ਦੋਹਰੀ ਵੋਟ ਦਾ ਹੈ। ਜੋਸ਼ੀ ਦੀ ਦੋਹਰੀ ਵੋਟ ਦਾ ਮਾਮਲਾ ਅੰਮ੍ਰਿਤਸਰ ਦੇ ਦੋ ਵਕੀਲਾਂ ਵਨੀਤ ਮਹਾਜਨ ਤੇ ਸੰਦੀਪ ਗੋਰਸੀ ਨੇ ਉਠਾਇਆ ਸੀ। ਲੰਮੀ ਕਾਨੂੰਨੀ ਚਾਰਾਜੋਈ ਮਗਰੋਂ ਮੰਤਰੀ ਜੋਸ਼ੀ ਦੇ ਗ਼ੈਰ-ਜ਼ਮਾਨਤੀ ਵਰੰਟ ਜਾਰੀ ਹੋ ਗਏ। ਇਸੇ ਦੌਰਾਨ ਵਕੀਲ ਵਨੀਤ ਮਹਾਜਨ 'ਤੇ ਜਾਨਲੇਵਾ ਹਮਲਾ ਹੋ ਗਿਆ ਅਤੇ ਦੂਜੇ ਸੰਦੀਪ ਗੋਰਸੀ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕਰ ਦਿੱਤਾ ਗਿਆ। ਅਖਬਾਰਾਂ ਦੀ ਸੁਰਖੀਆਂ ਬਣਨ ਮਗਰੋਂ ਵਿਰੋਧੀ ਧਿਰ ਨੇ ਇਸ ਮਾਮਲੇ ਨੂੰ ਜ਼ੋਰ-ਸ਼ੋਰ ਨਾਲ ਉਠਾਇਆ ਤੇ ਇਨਸਾਫ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਆ ਗਏ।

ਜ਼ਿਕਰਯੋਗ ਹੈ ਕਿ ਵਕੀਲ ਵਨੀਤ ਮਹਾਜਨ ਤੇ ਸੰਦੀਪ ਗੋਰਸੀ ਨੇ ਕੈਬਨਿਟ ਮੰਤਰੀ ਅਨਿਲ ਜੋਸ਼ੀ 'ਤੇ ਦੋਹਰੀ ਵੋਟ ਬਣਾਉਣ ਦੇ ਇਲਜ਼ਾਮ ਲਾਏ ਸਨ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਕੋਈ ਵੀ ਅਧਿਕਾਰੀ ਜੋਸ਼ੀ ਖ਼ਿਲਾਫ਼ ਕਾਰਵਾਈ ਕਰਨ ਦੀ ਹੀਆ ਨਹੀਂ ਸੀ ਕਰ ਰਿਹਾ। ਵਕੀਲਾਂ ਨੇ ਇਸ ਮਾਮਲੇ ਨੂੰ ਲੈ ਕੇ ਅਦਾਲਤ ਦਾ ਦਰ ਖੜਕਾਇਆ। ਅਦਾਲਤੀ ਹੁਕਮਾਂ ਮਗਰੋਂ ਜੋਸ਼ੀ ਖਿਲਾਫ ਕੇਸ ਦਰਜ ਹੋਇਆ ਪਰ ਉਹ ਅਦਾਲਤ ਵਿਚ ਪੇਸ਼ ਹੋਣ ਤੋਂ ਟਲਦੇ ਰਹੇ।

ਲੋਕ ਸਭਾ ਚੋਣਾਂ ਦੌਰਾਨ ਵੀ ਇਹ ਮੁੱਦਾ ਅਹਿਮ ਰਿਹਾ ਅਤੇ ਇਸ ਤੋਂ ਮੰਤਰੀ ਜੋਸ਼ੀ ਖਫਾ ਵੀ ਰਹੇ। ਚੋਣਾਂ ਮਗਰੋਂ ਇਹ ਮੁੱਦਾ ਉਠਾਉਣ ਵਾਲੇ ਇਕ ਵਕੀਲ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕਰ ਦਿੱਤਾ ਗਿਆ ਅਤੇ ਅਗਲੇ ਦਿਨ ਦੂਜੇ ਵਕੀਲ 'ਤੇ ਹਮਲਾ ਹੋ ਗਿਆ। ਦਿਨਾਂ ਵਿਚ ਹੀ ਇਹ ਮਾਮਲਾ ਪੂਰੀ ਤਰ੍ਹਾਂ ਭਖ ਗਿਆ। ਹੁਣ ਇਕ ਪਾਸੇ ਵਕੀਲ ਭਾਈਚਾਰੇ ਨੇ ਹੜਤਾਲ ਕਰ ਕੇ ਇਨਸਾਫ ਦੀ ਮੰਗ ਕੀਤੀ, ਦੂਜੇ ਪਾਸੇ ਵਿਰੋਧੀ ਧਿਰ ਕਾਂਗਰਸ ਸੜਕਾਂ 'ਤੇ ਉਤਰ ਆਈ ਹੈ।

ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦੋਸ਼ ਲਾਇਆ ਹੈ ਕਿ ਸਭ ਕੁਝ ਪੰਜਾਬ ਦੇ ਸਨਅਤ ਮੰਤਰੀ ਤੇ ਭਾਜਪਾ ਨੇਤਾ ਅਨਿਲ ਜੋਸ਼ੀ ਦੀ ਸ਼ਹਿ 'ਤੇ ਹੋਇਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਜੋਸ਼ੀ ਵਰਗੇ ਲੋਕਾਂ ਦੀ ਲਗਾਮ ਨਾ ਕੱਸੀ, ਤਾਂ ਇਸ ਦੇ ਵਿਨਾਸ਼ਕਾਰੀ ਨਤੀਜੇ ਸਾਹਮਣੇ ਆ ਸਕਦੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਵੀ ਐਡਵੋਕੇਟ ਵਨੀਤ ਮਹਾਜਨ 'ਤੇ ਹੋਏ ਜਾਨਲੇਵਾ ਹਮਲੇ ਦੇ ਮਾਮਲੇ

(ਬਾਕੀ ਸਫਾ 6 'ਤੇ)



ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਪਹਿਲੀ ਵਰਲਡ ਕਬੱਡੀ ਲੀਗ ਦਾ ਐਲਾਨ

**ਨਵੀਂ ਦਿੱਲੀ (ਬਿਊਰੋ):** ਵਰਲਡ ਕਬੱਡੀ ਲੀਗ ਦਾ ਐਲਾਨ ਕਰ ਦਿੱਤਾ ਗਿਆ ਹੈ। ਲੀਗ ਦਾ ਉਦਘਾਟਨ ਨਵੀਂ ਦਿੱਲੀ ਦੇ ਤਿਆਗਰਾਜ ਸਪੋਰਟਸ ਕੰਪਲੈਕਸ ਵਿਖੇ ਮੱਧ-ਜੂਨ 2014 ਨੂੰ ਹੋਵੇਗਾ ਅਤੇ ਅਗਸਤ ਵਿਚ ਬਾਕਾਇਦਾ ਮੈਚ ਸ਼ੁਰੂ ਹੋ ਜਾਣਗੇ। ਇਹ ਐਲਾਨ ਵਰਲਡ ਕੱਬਡੀ ਲੀਗ ਦੇ ਚੇਅਰਮੈਨ ਸੁਖਬੀਰ ਸਿੰਘ ਬਾਦਲ ਅਤੇ ਕਮਿਸ਼ਨਰ ਉਲੰਪੀਅਨ ਪਰਗਟ ਸਿੰਘ ਨੇ ਕੀਤਾ। ਲੀਗ ਬਾਰੇ ਸ੍ਰੀ ਬਾਦਲ ਨੇ ਦੱਸਿਆ ਕਿ ਇਹ ਲੀਗ, ਪੰਜਾਬ ਵਿਚ ਪਿਛਲੇ ਸਮੇਂ ਦੌਰਾਨ ਹੋਏ ਚਾਰ ਕਬੱਡੀ ਵਰਲਡ ਕੱਪਾਂ ਦੀ ਨਿਰੰਤਰਤਾ ਵਿਚ ਹੀ ਹੋਵੇਗੀ ਅਤੇ ਸੰਸਾਰ ਦੇ ਚਾਰ ਮਹਾਂਦੀਪਾਂ ਵਿਚ ਖੇਡੀ ਜਾਵੇਗੀ। ਇਸ ਵਿਚ ਤਕਰੀਬਨ 200 ਕਬੱਡੀ ਕਲੱਬ ਹਿੱਸਾ ਲੈ ਸਕਣਗੇ।



**ਵਰਲਡ ਕਬੱਡੀ ਲੀਗ ਦੇ ਐਲਾਨ ਮੌਕੇ ਸੁਖਬੀਰ ਸਿੰਘ ਬਾਦਲ ਨਾਲ ਉਲੰਪੀਅਨ ਪਰਗਟ ਸਿੰਘ (ਵਿਚਕਾਰ) ਅਤੇ ਕਾਰਜਕਾਰੀ ਅਫ਼ਸਰ ਰਮਨ ਰਹੇਜਾ (ਖੱਬੇ)**

ਸ. ਪਰਗਟ ਸਿੰਘ ਨੇ ਦੱਸਿਆ ਕਿ ਪੰਜਾਬ ਵਿਚ ਕਬੱਡੀ ਵਰਲਡ ਕੱਪਾਂ ਦੀ ਸਫ਼ਲਤਾ ਤੋਂ ਬਾਅਦ ਹੁਣ ਕਬੱਡੀ ਨੂੰ ਹੋਰ ਪ੍ਰੋਫੈਸ਼ਨਲ ਪੱਧਰ ਉਤੇ ਪਹੁੰਚਾਉਣ ਦੇ ਮਨਸ਼ੇ ਨਾਲ ਕਬੱਡੀ ਲੀਗ ਦਾ ਅਰੰਭ ਕੀਤਾ ਜਾ ਰਿਹਾ ਹੈ। ਲੀਗ ਦੇ ਮੁੱਖ ਕਾਰਜਕਾਰੀ ਅਫ਼ਸਰ ਰਮਨ ਰਹੇਜਾ ਨੇ ਦੱਸਿਆ ਕਿ ਲੀਗ ਮੈਚ ਸੰਸਾਰ ਦੇ 14 ਸ਼ਹਿਰਾਂ ਵਿਚ ਕਰਵਾਏ ਜਾਣਗੇ। ਕਬੱਡੀ ਮੈਚਾਂ ਤੋਂ ਇਲਾਵਾ ਫਿਲਮੀ ਸ਼ਖਸੀਅਤਾਂ, ਗਾਇਕਾਂ, ਪੂੰਜੀ ਨਿਵੇਸ਼ਕਾਂ, ਕਾਰੋਬਾਰੀਆਂ ਅਤੇ ਪਰਵਾਸੀਆਂ ਭਾਰਤੀਆਂ ਨੂੰ ਵੀ ਇਸ ਲੀਗ ਨਾਲ ਜੋੜਿਆ ਜਾ ਰਿਹਾ ਹੈ। ਇਹ ਵੱਖ-ਵੱਖ ਟੀਮਾਂ ਦੇ ਮਾਲਕ ਬਣ ਸਕਣਗੇ। ਲੀਗ ਦਾ ਹਰ ਸੀਜ਼ਨ ਤਕਰੀਬਨ ਪੰਜ ਮਹੀਨੇ ਚੱਲਿਆ ਕਰੇਗਾ।

ਵਰਲਡ ਕਬੱਡੀ ਲੀਗ ਬਾਕਾਇਦਾ ਰਜਿਸਟਰ ਕਰਵਾ ਦਿੱਤੀ ਗਈ ਹੈ। ਇਸ ਦਾ ਰਜਿਸਟਰਡ ਦਫ਼ਤਰ ਚੰਡੀਗੜ੍ਹ ਅਤੇ ਕਾਰਪੋਰੇਟ ਦਫ਼ਤਰ ਗੁੜਗਾਉਂ ਵਿਖੇ ਬਣਾ ਦਿੱਤਾ ਗਿਆ ਹੈ। ਖਿਡਾਰੀ ਤੇ ਕਬੱਡੀ ਕਲੱਬਾਂ/ਅਕੈਡਮੀਆਂ ਵਾਲੇ ਉਨ੍ਹਾਂ ਦਫਤਰਾਂ ਨਾਲ ਸੰਪਰਕ ਕਰ ਸਕਦੇ ਹਨ। ਇਸ ਦੇ ਨਾਲ ਹੀ ਲੀਗ ਦੀ ਵੈਬਸਾਈਟ www.worldkabaddileague.net ਵੀ ਲਾਂਚ ਕਰ ਦਿੱਤੀ ਗਈ ਹੈ।

# ਕਬੱਡੀ ਦੀ ਇਕ ਪੁਲਾਂਘ ਹੋਰ

**ਪ੍ਰਿੰਸੀਪਲ ਸਰਵਣ ਸਿੰਘ**

ਪੰਜਾਬ ਸਰਕਾਰ ਦਾ ਵਰਲਡ ਕਬੱਡੀ ਲੀਗ ਕਰਵਾਉਣ ਦਾ ਐਲਾਨ ਪੰਜਾਬੀ ਖੇਡ ਜਗਤ ਦੀ ਵੱਡੀ ਖਬਰ ਹੈ। ਬਾਰਾਂ ਕਰੋੜ ਤੋਂ ਵੱਧ ਪੰਜਾਬੀ ਪੰਜਾਹ ਤੋਂ ਵੱਧ ਮੁਲਕਾਂ ਵਿਚ ਵਸਦੇ ਹਨ ਤੇ ਕਬੱਡੀ ਨਾਲ ਸਿੱਧੇ/ਅਸਿੱਧੇ ਜੁੜੇ ਹੋਏ ਹਨ। ਇਸ ਬਾਰੇ ਲੀਗ ਦੇ ਚੇਅਰਮੈਨ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਲੀਗ ਦੇ ਕਮਿਸ਼ਨਰ ਉਲੰਪੀਅਨ ਪਰਗਟ ਸਿੰਘ ਨੇ ਬਿਆਨ ਜਾਰੀ ਕਰ ਹੀ ਦਿੱਤਾ ਹੈ।

ਦਸੰਬਰ 2013 ਵਿਚ ਹੋਏ ਚੌਥੇ ਕਬੱਡੀ ਵਰਲਡ ਕੱਪ ਵਿਚ 21 ਮੁਲਕਾਂ ਦੀਆਂ ਟੀਮਾਂ ਨੇ ਭਾਗ ਲਿਆ ਸੀ। ਡੋਪ ਟੈਸਟਾਂ 'ਚ ਡੋਪੀ ਨਿਕਲੇ ਜਾਂ ਟੈਸਟਾਂ ਤੋਂ ਡਰੇ ਕਈ ਖਿਡਾਰੀ ਖੇਡ ਨਹੀਂ ਸੀ ਸਕੇ। ਭਾਰਤ ਤੇ ਪਾਕਿਸਤਾਨ ਦੇ ਕਈ ਨਾਮੀ ਖਿਡਾਰੀ ਉਂਜ ਹੀ ਟੀਮਾਂ ਵਿਚ ਨਹੀਂ ਸਨ ਚੁਣੇ ਜਾ ਸਕੇ। ਖਿਡਾਰੀ ਜ਼ਿਆਦਾ ਸਨ ਪਰ ਟੀਮਾਂ ਦੋ ਹੀ ਸਨ। ਵਿਸ਼ਵ ਕੱਪ ਦੇ ਬਹੁਤੇ ਮੈਚ ਇਕਪਾਸੜ ਹੀ ਹੋਏ ਸਨ, ਕਿਉਂਕਿ ਕਈ ਮੁਲਕਾਂ ਦੀਆਂ ਟੀਮਾਂ ਬਹੁਤ ਕਮਜ਼ੋਰ ਸਨ। ਪ੍ਰਬੰਧਕਾਂ ਨੇ ਮਹਿਸੂਸ ਕੀਤਾ ਕਿ ਮੈਚ ਫਸਵੇਂ ਕਰਾਉਣ ਲਈ ਕਬੱਡੀ ਲੀਗ ਸ਼ੁਰੂ ਕਰਨੀ ਚਾਹੀਦੀ ਹੈ।

ਜਨਵਰੀ ਦੀ ਇਕ ਸਵੇਰ ਜਦੋਂ ਮੈਂ ਮੁਕੰਦਪੁਰ-ਹਕੀਮਪੁਰ ਦੀ ਸੜਕ 'ਤੇ ਸੈਰ ਕਰ ਰਿਹਾ ਸਾਂ ਤਾਂ ਪਰਗਟ ਸਿੰਘ ਦਾ ਫੋਨ ਆਇਆ। ਉਸ ਨੇ ਪੁੱਛਿਆ, ਚੋਟੀ ਦੇ ਕਿੰਨੇ ਕਬੱਡੀ ਖਿਡਾਰੀ ਡੋਪ ਫਰੀ ਮਿਲਣਗੇ? ਮੈਂ ਕਿਹਾ, ਹੁਣ ਤਾਂ ਡੋਪ ਰਹਿਤ ਖਿਡਾਰੀ ਸੌ ਲੱਭਣੇ ਵੀ ਔਖੇ ਹੋਣਗੇ ਪਰ ਜੇ ਡੋਪ ਉਤੇ ਸਖ਼ਤ ਸ਼ਿਕੰਜਾ ਕੱਸਿਆ ਜਾਵੇ ਤਾਂ ਛੇ ਮਹੀਨਿਆਂ ਵਿਚ ਹੀ ਹਜ਼ਾਰ ਮਿਲ ਜਾਣਗੇ। ਪਰਗਟ ਸਿੰਘ ਨੇ ਕਿਹਾ ਜੇ ਡੋਪ ਫਰੀ 200 ਵਧੀਆ ਖਿਡਾਰੀ ਮਿਲ ਜਾਣ ਤਾਂ ਵਰਲਡ ਕਬੱਡੀ ਲੀਗ ਹੀ ਸ਼ੁਰੂ ਕਰ ਲਈਏ। ਕਬੱਡੀ ਦੇ ਵਰਲਡ ਕੱਪ ਸ਼ੁਰੂ ਕਰਨ ਵਿਚ ਉਸ ਦੀ ਮੁੱਖ ਭੂਮਿਕਾ ਸੀ। ਵਰਲਡ ਕਬੱਡੀ ਲੀਗ ਰਜਿਸਟਰ ਆਫ ਫਰਮਜ਼ ਐਂਡ ਸੁਸਾਇਟੀਜ਼ ਨਾਲ ਰਜਿਸਟਰਡ ਕਰਵਾ ਦਿੱਤੀ ਗਈ ਹੈ। 2014 ਵਿਚ ਪੰਜਾਬ ਸਰਕਾਰ ਵੱਲੋਂ ਕਬੱਡੀ ਦਾ ਵਰਲਡ ਕੱਪ ਨਹੀਂ, ਸਗੋਂ ਵਰਲਡ ਕਬੱਡੀ ਲੀਗ ਹੀ ਕਰਵਾਈ ਜਾਵੇਗੀ।

ਦੁਨੀਆਂ ਦੇ ਲਗਭਗ 200 ਕਬੱਡੀ ਕਲੱਬਾਂ 'ਚੋਂ 200 ਖਿਡਾਰੀ ਖਰੀਦੇ ਜਾਣਗੇ। ਉਨ੍ਹਾਂ ਦੀਆਂ 10 ਟੀਮਾਂ ਬਣਾਈਆਂ ਜਾਣਗੀਆਂ ਜਿਨ੍ਹਾਂ ਨੂੰ ਵੱਖ-ਵੱਖ ਵਿਅਕਤੀ/ਅਦਾਰੇ ਸਪਾਂਸਰ ਕਰਨਗੇ। ਹਰ ਟੀਮ 4-ਏ, 4-ਬੀ ਅਤੇ 4-ਸੀ ਗਰੇਡ ਦੇ ਖਿਡਾਰੀ ਖਰੀਦੇਗੀ। ਖਿਡਾਰੀਆਂ ਨੂੰ 15 ਕਰੋੜ ਰੁਪਏ ਫੀਸ ਵਜੋਂ ਮਿਲਣਗੇ। 4 ਕਰੋੜ ਦੇ ਇਨਾਮ ਵੱਖ ਹੋਣਗੇ। 4 ਮਹਾਂਦੀਪਾਂ ਦੇ 7 ਮੁਲਕਾਂ ਵਿਚ 94 ਮੈਚ ਖੇਡੇ ਜਾਣਗੇ। ਇਨ੍ਹਾਂ ਮੁਲਕਾਂ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ, ਬੈਲਜੀਅਮ, ਆਸਟਰੇਲੀਆ, ਪਾਕਿਸਤਾਨ ਤੇ ਭਾਰਤ ਸ਼ਾਮਲ ਹਨ। ਮੈਚ ਕਰਾਉਣ ਵਾਲੇ ਸ਼ਹਿਰਾਂ ਦੀ ਚੋਣ ਕੀਤੀ ਜਾ ਰਹੀ ਹੈ ਜਿਨ੍ਹਾਂ ਵਿਚ ਨਿਊ ਯਾਰਕ, ਟੋਰਾਂਟੋ, ਲੰਡਨ, ਸਿਡਨੀ ਤੇ ਲਾਹੌਰ ਵਰਗੇ 14 ਸ਼ਹਿਰ ਸ਼ਾਮਲ ਹਨ। ਲੀਗ ਅਗਸਤ ਦੇ ਮਹੀਨੇ ਪੱਛਮੀ ਮੁਲਕਾਂ ਤੋਂ ਸ਼ੁਰੂ ਕੀਤੀ ਜਾਵੇਗੀ ਅਤੇ ਸਿਆਲ ਵਿਚ ਭਾਰਤ/ਪਾਕਿਸਤਾਨ 'ਚ ਖ਼ਤਮ ਹੋਵੇਗੀ।

ਵਰਲਡ ਕਬੱਡੀ ਲੀਗ ਉਨ੍ਹਾਂ ਲੀਹਾਂ 'ਤੇ ਹੀ ਚੱਲੇਗੀ ਜਿਨ੍ਹਾਂ 'ਤੇ ਹਾਕੀ/ਕ੍ਰਿਕਟ ਵਰਗੀਆਂ ਖੇਡਾਂ ਦੀਆਂ ਲੀਗਾਂ ਚੱਲਦੀਆਂ ਹਨ। ਇਸ ਨੂੰ ਹਰ ਪੱਖੋਂ ਪ੍ਰੋਫੈਸ਼ਨਲ ਬਣਾਇਆ ਜਾਵੇਗਾ। ਖਿਡਾਰੀਆਂ ਦੇ ਬੀਮੇ ਹੋਣਗੇ ਤਾਂ ਜੋ ਸੱਟ ਫੇਟ ਜਾਂ ਅਪਾਹਜ ਹੋਣ ਦੀ ਹਾਲਤ ਵਿਚ ਵੀ ਖਿਡਾਰੀ ਸਨਮਾਨ ਨਾਲ ਜਿਉਂ ਸਕਣ। ਕਬੱਡੀ ਨੂੰ ਪ੍ਰੋਫੈਸ਼ਨਲ ਸਪੋਰਟਸ ਚੈਨਲ ਪ੍ਰਸਾਰਤ ਕਰਨਗੇ। ਪ੍ਰਬੰਧਕ ਸਮਝਦੇ ਹਨ, ਇੰਜ ਪੰਜਾਬੀਆਂ ਦੀ ਖੇਡ ਕਬੱਡੀ ਸਰਕਲ ਸਟਾਈਲ ਵਿਸ਼ਵ ਵਿਚ ਹੋਰ ਮਕਬੂਲ ਹੋਵੇਗੀ। ਖੇਡ ਨਾਲ ਵਧੀਆ ਮਨੋਰੰਜਨ ਕਰਨ ਵਾਲੇ ਕਲਾਕਾਰ ਵੀ ਜੋੜੇ ਜਾਣਗੇ। ਪੰਜਾਬੀ ਸੱਭਿਆਚਾਰ ਦਾ ਪ੍ਰਦਰਸ਼ਨ ਹੋਵੇਗਾ।

ਵਰਲਡ ਕਬੱਡੀ ਲੀਗ ਦੀ ਗਵਰਨਿੰਗ ਕੌਂਸਲ ਦੇ 9 ਮੈਂਬਰ ਹੋਣਗੇ ਜਿਨ੍ਹਾਂ 'ਚ 7 ਪੱਕੇ ਅਤੇ 2 ਲੀਗ ਦੇ ਪਾਰਟਨਰਾਂ ਵਿਚੋਂ ਚੁਣੇ ਜਾਣਗੇ। ਸ. ਸੁਖਬੀਰ ਸਿੰਘ ਬਾਦਲ ਤੇ ਓਲੰਪੀਅਨ ਪਰਗਟ ਸਿੰਘ ਪਰਮਾਨੈਂਟ ਮੈਂਬਰ ਹੋਣਗੇ। ਇਕ ਰੈਗੂਲੇਸ਼ਨ ਕਮੇਟੀ ਹੋਵੇਗੀ ਜਿਸ ਵਿਚ ਕਲੱਬਾਂ ਦੇ ਨੁਮਾਇੰਦਿਆਂ, ਪੁਰਾਣੇ ਖਿਡਾਰੀਆਂ ਤੇ ਐਂਟੀ ਡੋਪਿੰਗ ਏਜੰਸੀਆਂ ਵਿਚੋਂ ਕੁਝ ਮੈਂਬਰ ਲਏ ਜਾਣਗੇ। ਇਕ ਐਕਸ਼ਨ ਕਮੇਟੀ ਹੋਵੇਗੀ ਅਤੇ ਇਕ ਐਕਸ਼ਨ ਟੀਮ।

ਇਸ ਲੀਗ ਨੂੰ ਪ੍ਰੋਫੈਸ਼ਨਲ ਢੰਗ ਨਾਲ ਸਿਰੇ ਚੜ੍ਹਾਉਣ ਲਈ ਉਚ ਕੋਟੀ ਦੇ ਅੰਪਾਇਰ/ਰੈਫਰੀ, ਕੁਮੈਂਟੇਟਰ/ਐਕਸਪਰਟ, ਮੀਡੀਆ ਮੈਨ, ਚੋਟੀ ਦੇ ਕਲਾਕਾਰ ਤੇ ਸਿਦਕੀ ਕਾਮਿਆਂ ਦੀ ਲੋੜ ਪਵੇਗੀ। ਸਿਫਾਰਸ਼ੀ ਬੰਦਿਆਂ ਤੋਂ ਬਚਣਾ ਪਵੇਗਾ। ਇਸ ਦੇ ਪ੍ਰਬੰਧਕ ਤੇ ਦਰਸ਼ਕ ਵਧੇਰੇ ਕਰ ਕੇ ਪੰਜਾਬੀ ਹੀ ਹੋਣਗੇ, ਇਸ ਲਈ ਇਸ ਦੀਆਂ ਆਫੀਸ਼ਲ ਭਾਸ਼ਾਵਾਂ ਪੰਜਾਬੀ ਤੇ ਅੰਗਰੇਜ਼ੀ ਬਿਹਤਰ ਰਹਿਣਗੀਆਂ। ਲਿਖਾ-ਪੜ੍ਹੀ ਤੇ ਸਟੇਡੀਅਮਾਂ ਦੇ ਸਾਈਨ ਬੋਰਡਾਂ ਉਤੇ ਪੰਜਾਬੀ ਅੱਖਰਾਂ ਨੂੰ ਯੋਗ ਥਾਂ ਦੇਣਾ ਉਚਿਤ ਹੋਵੇਗਾ। ਚੰਗਾ ਹੋਵਗਾ, ਜੇ ਕਬੱਡੀ ਵਰਲਡ ਲੀਗ ਦੀ ਵੈਬਸਾਈਟ ਅੰਗਰੇਜ਼ੀ ਦੇ ਨਾਲ ਪੰਜਾਬੀ ਵਿਚ ਵੀ ਹੋਵੇ। ਮੈਚਾਂ ਦੀ ਕੁਮੈਂਟਰੀ ਪੰਜਾਬੀ ਦੇ ਨਾਲ ਅੰਗਰੇਜ਼ੀ ਵਿਚ ਵੀ ਕੀਤੀ ਜਾ ਸਕਦੀ ਹੈ। ਕਈ ਹੋਰ ਖੇਡਾਂ ਵਿਚ ਦੋ ਭਾਸ਼ੀ ਕੁਮੈਂਟਰੀ ਪਹਿਲਾਂ ਹੀ ਚਲਦੀ ਹੈ।

ਕਬੱਡੀ ਦੇ ਨਿਯਮਾਂ ਵਿਚ ਵੀ ਹੋਰ ਸੁਧਾਰ ਦੀ ਲੋੜ ਹੈ। ਹੁਣ ਜਿਹੜੇ ਨਿਯਮ ਲੀਗ ਵਿਚ ਲਾਗੂ ਕਰ ਦਿੱਤੇ ਗਏ, ਫਿਰ ਉਹੀ ਨਿਯਮ ਕਬੱਡੀ ਕੱਪਾਂ ਤੇ ਟੂਰਨਾਮੈਂਟਾਂ ਵਿਚ ਚੱਲਣਗੇ। ਖੇਡਾਂ ਦੇ ਨਿਯਮ ਉਪਰੋਂ ਹੇਠਾਂ ਲਾਗੂ ਹੁੰਦੇ ਹਨ।

# ਭਾਰਤ ਵਿਚ ਦੁਨੀਆਂ ਦੀਆਂ 54 ਸ਼ਕਤੀਸ਼ਾਲੀ ਕੰਪਨੀਆਂ ਵਿਚੋਂ ਰਿਲਾਇੰਸ ਅੱਵਲ

**ਨਿਊ ਯਾਰਕ:** ਮੁਕੇਸ਼ ਅੰਬਾਨੀ ਦੀ ਅਗਵਾਈ ਵਾਲੀ ਰਿਲਾਇੰਸ ਇੰਡਸਟ੍ਰੀਜ਼ ਉਨ੍ਹਾਂ 54 ਭਾਰਤੀ ਕੰਪਨੀਆਂ ਵਿਚ ਅੱਵਲ ਹੈ ਜਿਨ੍ਹਾਂ ਨੇ ਫੋਬਰਸ ਦੀਆਂ 2000 ਸਭ ਤੋਂ ਵੱਡੀਆਂ ਤੇ ਸ਼ਕਤੀਸ਼ਾਲੀ ਕੰਪਨੀਆਂ ਦੀ ਸਾਲਾਨਾ ਸੂਚੀ ਵਿਚ ਜਗ੍ਹਾ ਬਣਾਈ ਹੈ। ਨਾਲ ਹੀ ਚੀਨ ਦੀਆਂ ਤਿੰਨ ਕੰਪਨੀਆਂ ਨੇ ਇਸ ਸੂਚੀ ਵਿਚ ਸਿਖਰਲਾ ਸਥਾਨ ਪ੍ਰਾਪਤ ਕੀਤਾ ਹੈ।

ਫੋਬਰਸ ਦੀਆਂ 'ਕੌਮਾਂਤਰੀ 2000' ਸੂਚੀ ਵਿਚ ਆਮਦਨ, ਮੁਨਾਫੇ, ਪਰਿਸੰਪਤੀ ਤੇ ਬਾਜ਼ਾਰ ਮੁੱਲਾਂਕਣ ਦੇ ਆਧਾਰ 'ਤੇ ਨਾਪੀ ਗਈ ਵਿਸ਼ਵ ਦੀਆਂ ਸਭ ਤੋਂ ਵੱਡੀ ਤੇ ਸ਼ਕਤੀਸ਼ਾਲੀ ਕੰਪਨੀਆਂ ਦੀ ਵਪਾਰਕ ਸੂਚੀ ਵਿਚ ਸ਼ਾਮਲ ਹਨ। ਚੀਨ ਵਿਚ ਵਿਸ਼ਵ ਦੀਆਂ ਤਿੰਨ ਪ੍ਰਮੁੱਖ ਸੂਚੀਬੱਧ ਕੰਪਨੀਆਂ ਹਨ ਤੇ ਪ੍ਰਮੁੱਖ 10 ਕੰਪਨੀਆਂ ਵਿਚੋਂ ਪੰਜ ਕੰਪਨੀਆਂ ਵੀ ਉਥੇ ਦੀਆਂ ਹੀ ਹਨ।


ਅਮਰੀਕਾ ਨੇ 2000 ਕੰਪਨੀਆਂ ਦੀ ਇਸ ਸੂਚੀ ਵਿਚ ਆਪਣਾ ਦਬਦਬਾ ਬਰਕਰਾਰ ਰੱਖਿਆ ਹੈ ਜਿਨ੍ਹਾਂ ਵਿਚੋਂ 564 ਉਥੇ ਦੀਆਂ ਹਨ। ਅਮਰੀਕਾ ਦੇ ਬਾਅਦ ਜਾਪਾਨ ਦਾ ਸਥਾਨ ਹੈ।






# ਸੰਤ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ ਬਰਸੀ 'ਤੇ ਸਮਾਗਮ 8 ਜੂਨ ਨੂੰ

**ਨਿਊ ਯਾਰਕ (ਅਮਰਜੀਤ ਸਿੰਘ ਮੁਲਤਾਨੀ):** ਬ੍ਰਹਮ ਗਿਆਨੀ, ਵਿਦਿਆ ਦੇ ਦਾਨੀ ਤੇ ਸਮਾਜ ਸੁਧਾਰਕ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ ਬਰਸੀ ਸੰਤ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਵਲੋਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ 8 ਜੂਨ ਨੂੰ ਮਨਾਈ ਜਾ ਰਹੀ ਹੈ। ਇਸ ਮੌਕੇ ਕਰਵਾਏ ਜਾ



ਰਹੇ ਸਮਾਗਮ ਵਿਚ ਪੰਥ ਪ੍ਰਸਿਧ ਰਾਗੀ-ਢਾਡੀ ਜਥੇ ਅਤੇ ਪ੍ਰਚਾਰਕ ਸੰਤਾਂ ਦੇ ਜੀਵਨ ਬਾਰੇ ਚਾਨਣਾ ਪਾਉਣਗੇ।

ਪ੍ਰਬੰਧਕਾਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਮੌਕੇ ਗੁਰਦੁਆਰਾ ਸਾਹਿਬ ਦੇ ਬਾਹਰ ਸੰਗਤਾਂ ਵਲੋਂ ਵੱਖ ਵੱਖ ਸਟਾਲ ਲਾਏ ਜਾਣਗੇ। ਵੱਖ ਵੱਖ ਭੋਜਨ ਪਦਾਰਥਾਂ ਅਤੇ ਗੰਨੇ ਦੇ ਤਾਜ਼ਾ ਰਸ ਦੇ ਸਟਾਲ ਵੀ ਲਾਏ ਜਾਣਗੇ। ਪਿਛਲੇ ਵਰ੍ਹੇ ਸੰਗਤ ਦੀ ਭਰਵੀਂ ਹਾਜ਼ਰੀ ਨੂੰ ਧਿਆਨ ਵਿਚ ਰੱਖਦਿਆਂ ਉਚੇਚੇ ਪ੍ਰਬੰਧ ਕੀਤੇ ਜਾਣਗੇ। ਸੁਸਾਇਟੀ ਵਲੋਂ ਸੰਤ ਪ੍ਰੇਮ ਸਿੰਘ ਦੀ ਬਰਸੀ ਨੂੰ ਸਮਰਪਿਤ ਇਕ ਸੋਵੀਨਰ ਵੀ ਜਾਰੀ ਕੀਤਾ ਜਾਵੇਗਾ।

# ਜੂਨ '84 ਦੇ ਘੱਲੂਘਾਰੇ ਦੀ ਦੁਖਦਾਈ ਯਾਦ 'ਚ ਸਮਾਗਮ 8 ਜੂਨ ਨੂੰ

**ਨਿਊ ਯਾਰਕ (ਬਿਊਰੋ):** ਜੂਨ 1984 ਦੇ ਘੱਲੂਘਾਰੇ ਦੀ 30ਵੀਂ ਸਾਲਾਨਾ ਦੁਖਦਾਈ ਯਾਦ ਇਥੇ ਗੁਰਦੁਆਰਾ ਸਿੱਖ ਸੈਂਟਰ ਆਫ ਨਿਊ ਯਾਰਕ, ਕੁਈਨ ਵਿਲੇਜ ਵਿਚ 8 ਜੂਨ ਨੂੰ ਮਨਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਜੂਨ 1984 ਨੂੰ ਭਾਰਤੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਉਤੇ ਟੈਂਕਾਂ ਅਤੇ ਤੋਪਾਂ ਨਾਲ ਹੱਲਾ ਬੋਲ ਕੇ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਦਰਸ਼ਨੀ ਡਿਉਢੀ ਦੇ ਦੱਖਣੀ ਹਿੱਸੇ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਗੁਰੂ ਅਰਜੁਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਦਰਬਾਰ ਸਾਹਿਬ ਪੁੱਜੀਆਂ ਸ਼ਰਧਾਲੂ ਸੰਗਤਾਂ ਨੂੰ ਬੇਰਹਿਮੀ ਨਾਲ ਗੋਲੀਆਂ ਨਾਲ ਭੁੰਨ ਦਿਤਾ ਗਿਆ ਸੀ।

ਜਾਰੀ ਬਿਆਨ ਅਨੁਸਾਰ ਭਾਈ ਹਰਮੇਲ ਸਿੰਘ ਦੋਸਾਂਝ ਨੇ ਦੱਸਿਆ ਕਿ 6 ਜੂਨ ਨੂੰ ਸ੍ਰੀ ਅਖੰਡ ਪਾਠ ਅਰੰਭ ਹੋਣਗੇ ਅਤੇ 8 ਜੂਨ ਨੂੰ ਭੋਗ ਉਪਰੰਤ ਸ਼ਹੀਦੀ ਸਮਾਗਮ ਹੋਵੇਗਾ ਜਿਸ ਵਿਚ ਬੇਦੋਸ਼ੇ ਸਿੱਖ ਸ਼ਹੀਦਾਂ ਅਤੇ ਕੌਮੀ ਮਰਜੀਵੜਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ। ਹੋਰ ਜਾਣਕਾਰੀ ਲਈ ਫੋਨ 917-682-1165 ਜਾਂ 718-464-2356 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਬੱਡੀ ਟੂਰਨਾਮੈਂਟ ਸਬੰਧੀ ਮੀਟਿੰਗ 18 ਮਈ ਨੂੰ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਇੰਕ ਵਲੋਂ ਕਬੱਡੀ ਟੂਰਨਾਮੈਂਟ ਕਰਵਾਉਣ ਸਬੰਧੀ ਇਕ ਮੀਟਿੰਗ ਆਉਂਦੀ 18 ਮਈ, ਐਤਵਾਰ ਨੂੰ ਗੁਰੂ ਘਰ ਦੀ ਦੂਜੀ ਮੰਜ਼ਿਲ 'ਤੇ ਬਾਅਦ ਦੁਪਹਿਰ 3:30 ਵਜੇ ਰੱਖੀ ਗਈ ਹੈ।

ਗੁਰੂ ਘਰ ਦੇ ਸਪੋਰਟਸ ਵਿੰਗ ਦੇ ਚੀਫ ਕੋਆਰਡੀਨੇਟਰ ਭਾਈ ਹਰਬੰਸ ਸਿੰਘ ਢਿੱਲੋਂ ਵਲੋਂ ਜਾਰੀ ਬਿਆਨ ਅਨੁਸਾਰ ਸੰਸਥਾ ਵਲੋਂ ਦੋ ਰੋਜ਼ਾ ਖੇਡ ਮੇਲਾ ਆਉਂਦੀ 19 ਅਤੇ 20 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ। ਇਸ ਖੇਡ ਮੇਲੇ ਦੀ ਰੂਪ ਰੇਖਾ ਉਲੀਕਣ ਅਤੇ ਹੋਰ ਤਿਆਰੀਆਂ ਸਬੰਧੀ ਇਕ ਮੀਟਿੰਗ 18 ਮਈ ਨੂੰ ਗੁਰੂ ਘਰ ਵਿਖੇ ਰੱਖੀ ਗਈ ਹੈ। ਉਨ੍ਹਾਂ ਸਥਾਨਕ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਹੋਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਇਸ ਮੀਟਿੰਗ ਵਿਚ ਪਹੁੰਚ ਕੇ ਸੁਝਾਅ ਦੇਣ ਦੀ ਅਪੀਲ ਕੀਤੀ ਹੈ।

ਭਾਈ ਢਿੱਲੋਂ ਨੇ ਦੱਸਿਆ ਕਿ ਖੇਡ ਮੇਲੇ ਦੌਰਾਨ 19 ਜੁਲਾਈ ਨੂੰ ਬੱਚਿਆਂ ਦੀਆਂ ਖੇਡਾਂ ਅਤੇ ਬੀਬੀਆਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ ਜਦਕਿ 20 ਜੁਲਾਈ ਨੂੰ ਕਬੱਡੀ ਦੇ ਮੁਕਾਬਲੇ ਕਰਵਾਏ ਜਾਣਗੇ। ਹੋਰ ਜਾਣਕਾਰੀ ਲਈ ਭਾਈ ਢਿੱਲੋਂ ਨਾਲ ਫੋਨ 917-515-1721 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਰੇਡੀਓ ਯੂ ਐਸ ਏ ਵਲੋਂ ਚੋਣ-ਨਤੀਜਿਆਂ ਦਾ ਸਿੱਧਾ ਪ੍ਰਸਾਰਣ


**ਫਰੀਮਾਂਟ (ਬਿਊਰੋ):** ਪੰਜਾਬੀ ਰੇਡੀਓ ਯੂ ਐਸ ਏ ਵਲੋਂ ਭਾਰਤ ਵਿਚ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦਾ ਸਿੱਧਾ ਪ੍ਰਸਾਰਣ ਵੀਰਵਾਰ 15 ਮਈ ਨੂੰ ਰਾਤ 8:30 ਤੋਂ ਜਾਰੀ ਕੀਤਾ ਜਾਵੇਗਾ।

ਰੇਡੀਓ ਦੇ ਪ੍ਰਬੰਧਕਾਂ ਅਨੁਸਾਰ ਇਸ ਦੌਰਾਨ ਸਰੋਤਿਆਂ ਦੀਆਂ ਕਾਲਾਂ ਵੀ ਲਈਆਂ ਜਾਣਗੀਆਂ। ਪ੍ਰੋਗਰਾਮ ਵਿਚ ਹਿੱਸਾ ਲੈਣ ਲਈ ਸਰੋਤੇ ਫੋਨ 408-272-5200 ਅਤੇ ਰੇਡੀਓ ਸੁਣਨ ਲਈ ਫੋਨ 832-551-5029 ਜਾਂ 605-675-6868 ਉਤੇ ਕਾਲ ਸਕਦੇ ਹਨ।

# ਲੈਫਟੀਨੈਂਟ ਜਨਰਲ ਸੁਹਾਗ ਹੋਣਗੇ ਥਲ ਸੈਨਾ ਦੇ ਮੁਖੀ

**ਨਵੀਂ ਦਿੱਲੀ:** ਲੈਫਟੀਨੈਂਟ ਜਨਰਲ ਦਲਬੀਰ ਸਿੰਘ ਸੁਹਾਗ (59 ਸਾਲ) ਦੀ ਅਗਲੇ ਥਲ ਸੈਨਾ ਮੁਖੀ ਵਜੋਂ ਨਿਯੁਕਤੀ ਉਪਰ ਮੋਹਰ ਲਾ ਦਿੱਤੀ ਗਈ ਹੈ। ਇਹ ਨਿਯੁਕਤੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਕਮੇਟੀ (ਨਿਯੁਕਤੀਆਂ) ਦੀ ਮੀਟਿੰਗ ਵਿਚ ਕੀਤੀ ਗਈ। ਉਹ ਮੌਜੂਦਾ ਥਲ ਸੈਨਾ ਮੁਖੀ ਜਨਰਲ ਬਿਕਰਮ ਸਿੰਘ ਦੀ ਥਾਂ ਲੈਣਗੇ ਜੋ 31 ਜੁਲਾਈ ਨੂੰ ਸੇਵਾਮੁਕਤ ਹੋ ਰਹੇ ਹਨ।

ਭਾਰਤੀ ਜਨਤਾ ਪਾਰਟੀ ਨੇ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੀ ਸਮਾਪਤੀ ਦੇ ਐਨ ਨੇੜੇ ਇਹ ਨਿਯੁਕਤੀ ਕਰਨ ਦਾ ਸਖਤ ਵਿਰੋਧ ਕੀਤਾ ਜਿਸ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਸਾਬਕਾ ਥਲ ਸੈਨਾ ਮੁਖੀ ਵੀ.ਕੇ. ਸਿੰਘ ਵੀ ਕਹਿ ਰਹੇ ਸਨ ਕਿ ਇਸ ਨਿਯੁਕਤੀ ਦਾ ਮਾਮਲਾ ਨਵੀਂ ਸਰਕਾਰ ਉਪਰ ਛੱਡ ਦੇਣਾ ਚਾਹੀਦਾ ਹੈ। ਲੈਫਟੀਨੈਂਟ ਜਨਰਲ ਸੁਹਾਗ ਆਪਣੇ ਹਮਰੁਤਬਾ



ਵਿਚ ਸਭ ਤੋਂ ਸੀਨੀਅਰ ਹਨ। ਉਹ ਥਲ ਸੈਨਾ ਦੇ ਉਪ ਮੁਖੀ ਵਜੋਂ ਸੇਵਾ ਨਿਭਾਅ ਰਹੇ ਹਨ। ਉਨ੍ਹਾਂ ਸ੍ਰੀਲੰਕਾ, ਜੰਮੂ-ਕਸ਼ਮੀਰ ਤੇ ਪੂਰਬੀ ਕਮਾਂਡ ਵਿਚ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ ਹਨ।

ਉਧਰ ਸਾਬਕਾ ਸੈਨਾ ਮੁਖੀ ਜਨਰਲ ਵੀ.ਕੇ. ਸਿੰਘ ਨੇ ਲੈਫਟੀਨੈਂਟ ਜਨਰਲ ਦਲਬੀਰ ਸਿੰਘ ਸੁਹਾਗ ਦੀ ਅਗਲੇ ਸੈਨਾ ਮੁਖੀ ਵਜੋਂ ਨਿਯੁਕਤੀ ਦੇ ਫੈਸਲੇ 'ਤੇ ਸੁਆਲ ਖੜੇ ਕੀਤੇ ਹਨ। ਸਾਬਕਾ ਸੈਨਾ ਮੁਖੀ ਦਾ ਕਹਿਣਾ ਹੈ ਕਿ ਇਸ ਨਾਲ ਬੇਲੋੜਾ ਵਿਵਾਦ ਛਿੜ ਜਾਏਗਾ। ਸਿੰਘ ਜੋ ਭਾਜਪਾ ਦੇ ਲੋਕ ਸਭਾ ਚੋਣਾਂ ਲਈ ਗਾਜ਼ੀਆਬਾਦ ਤੋਂ ਉਮੀਦਵਾਰ ਹਨ, ਨੇ ਪੁੱਛਿਆ ਹੈ ਕਿ ਯੂਪੀਏ-99 ਸੁਹਾਗ ਦੀ ਨਿਯੁਕਤੀ ਲਈ ਇੰਨੀ ਕਾਹਲੀ ਕਿਉਂ ਕਰ ਰਹੀ ਹੈ। ਸਾਬਕਾ ਸੈਨਾ ਮੁਖੀ ਦਾ ਕਹਿਣਾ ਹੈ ਕਿ ਅਜਿਹਾ ਕਰਕੇ ਯੂਪੀਏ ਸਰਕਾਰ ਕਿਸ ਨੂੰ ਬਚਾਉਣ ਦਾ ਯਤਨ ਕਰ ਰਹੀ ਹੈ ਤੇ ਰੱਖਿਆ ਮੰਤਰਾਲਾ ਤੇ ਸਰਕਾਰ ਕਿਸ ਤੋਂ ਖੌਫਜ਼ਦਾ ਹਨ। ਜਨਰਲ ਸਿੰਘ ਨੇ ਸੈਨਾ ਮੁਖੀ ਹੁੰਦਿਆਂ, ਸੁਹਾਗ 'ਤੇ 'ਅਨੁਸ਼ਾਸਨੀ ਤੇ ਵਿਜੀਲੈਂਸ ਪਾਬੰਦੀ' ਲਾਈ ਹੋਈ ਸੀ। ਸੁਹਾਗ ਉਦੋਂ ਤੀਜੀ ਕੋਰ ਦੇ ਕਮਾਂਡਰ ਸਨ। ਇਸ ਪਾਬੰਦੀ ਤਹਿਤ ਤਰੱਕੀ ਨਹੀਂ ਹੋ ਸਕਦੀ।

# ਏਸ਼ਿਆਈ ਮੁਲਕਾਂ ਵਿਚ ਪੈ ਰਹੀ ਹੈ ਤਸ਼ੱਦਦ ਦੀ ਮਾਰ

**ਲੰਡਨ:** ਮਾਨਵੀ ਅਧਿਕਾਰਾਂ ਨਾਲ ਜੁੜੇ ਇਕ ਸੰਗਠਨ ਦਾ ਕਹਿਣਾ ਹੈ ਕਿ ਭਾਰਤ, ਪਾਕਿਸਤਾਨ ਤੇ ਚੀਨ ਸਮੇਤ ਏਸ਼ਿਆਈ ਮੁਲਕਾਂ ਵਿਚ ਤਸ਼ੱਦਦ ਜ਼ਿੰਦਗੀ ਦਾ ਵੱਡਾ ਸੱਚ ਹੈ ਤੇ ਇਸ ਗੰਭੀਰ ਮੁਸ਼ਕਿਲ ਵਿਰੁੱਧ ਠੋਸ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਅਮਨੈਸਟੀ ਇੰਟਰਨੈਸ਼ਨਲ ਏਸ਼ੀਆ-ਪ੍ਰਸ਼ਾਂਤ ਦੇ ਡਾਇਰੈਕਟਰ ਰਿਚਰਡ ਬੈਨੇਟ ਨੇ ਕਿਹਾ ਕਿ ਏਸ਼ਿਆਈ ਮੁਲਕਾਂ ਵਿਚ ਇਹ ਸੱਚਾਈ ਹੈ। ਇਹ ਅਲਾਮਤ ਸਿਰਫ ਕੁਝ ਸ਼ਰਾਰਤੀ ਦੇਸ਼ਾਂ ਤੱਕ ਸੀਮਤ ਨਹੀਂ ਹੈ, ਬਲਕਿ ਪੂਰੇ ਖਿੱਤੇ ਵਿਚ ਇਹ ਵਰਤਾਰਾ ਭਾਰੂ ਹੈ। ਸੰਗਠਨ ਦੀ 'ਤਸ਼ੱਦਦ ਰੋਕੋ' ਮੁਹਿੰਮ ਦੇ ਆਗਾਜ਼ ਮੌਕੇ ਉਨ੍ਹਾਂ ਕਿਹਾ ਕਿ ਏਸ਼ਿਆਈ ਮੁਲਕਾਂ ਨੂੰ ਜ਼ੁਬਾਨੀ-ਕਲਾਮੀ ਵਾਅਦੇ ਛੱਡ ਕੇ ਤਸ਼ੱਦਦ ਕੀਤੇ ਜਾਣ ਦਾ ਸਿਲਸਿਲਾ ਰੋਕਣ ਲਈ ਗੰਭੀਰ ਹੋਣਾ ਪੈਣਾ ਹੈ।

ਕੌਮਾਂਤਰੀ ਸਮਝੌਤੇ ਸਹੀਬੰਦ ਕਰਨੇ ਮਹੱਤਵਪੂਰਨ ਹਨ, ਪਰ ਸਿਰਫ ਦਸਤਖਤ ਕਾਫ਼ੀ ਨਹੀਂ ਹੁੰਦੇ। ਇਨ੍ਹਾਂ ਉਤੇ ਠੋਸ ਅਮਲ ਵੀ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ। ਚੀਨ, ਭਾਰਤ, ਇੰਡੋਨੇਸ਼ੀਆ, ਮਲੇਸ਼ੀਆ, ਪਾਕਿਸਤਾਨ, ਸ੍ਰੀਲੰਕਾ ਤੇ ਵੀਅਤਨਾਮ ਜਿਹੇ ਮੁਲਕਾਂ ਵਿਚ ਕਿਸੇ ਤੋਂ ਕੁਝ ਇਕਬਾਲ ਕਰਾਉਣ ਜਾਂ ਕਾਰਕੁਨਾਂ ਨੂੰ ਚੁੱਪ ਕਰਾਉਣ ਲਈ 'ਤਸ਼ੱਦਦ' ਕਰਨਾ ਆਮ ਹੈ। ਮਿਆਂਮਾਰ ਤੇ ਨੇਪਾਲ ਜਿਹੇ ਮੁਲਕਾਂ ਵਿਚ ਇਹ ਢੰਗ-ਤਰੀਕੇ ਧਨ ਬਟੋਰਨ ਲਈ ਕੀਤੇ ਜਾਂਦੇ ਹਨ, ਜਿਥੇ ਗਰੀਬ ਤੇ ਹਾਸ਼ੀਆਗਤ ਲੋਕ ਤਸ਼ੱਦਦ ਤੋਂ ਬਚਣ ਲਈ ਰਿਸ਼ਵਤਾਂ ਦੇਣ ਦੇ ਸਮਰੱਥ ਨਹੀਂ ਹਨ।

ਅਮਨੈਸਟੀ ਇੰਟਰਨੈਸ਼ਨਲ ਨੇ ਪਿਛਲੇ ਪੰਜ ਸਾਲਾਂ ਦੌਰਾਨ ਦੁਨੀਆਂ ਭਰ ਦੇ 141 ਮੁਲਕਾਂ ਵਿਚ ਤਸ਼ੱਦਦ ਤੇ ਦੁਰਵਿਹਾਰ ਦੇ ਹੋਰ ਢੰਗ-ਤਰੀਕਿਆਂ ਬਾਰੇ ਰਿਪੋਰਟ ਤਿਆਰ ਕੀਤੀ ਹੈ। ਸੰਗਠਨ ਅਨੁਸਾਰ ਏਸ਼ੀਆ ਪ੍ਰਸ਼ਾਂਤ ਦੇ ਬਹੁਤੇ ਮੁਲਕਾਂ ਵਿਚ ਤਾਂ ਤਸ਼ੱਦਦ ਜਾਂ ਜ਼ੁਲਮ ਭਰੇ ਗੈਰ-ਮਾਨਵੀ ਤਰੀਕਿਆਂ ਨਾਲ ਕਿਸੇ ਨੂੰ ਨੀਮ ਦਿਖਾਉਣ ਜਾਂ ਸਜ਼ਾ ਦੇਣਾ ਆਮ ਹੈ ਤੇ ਇਸ ਨੂੰ ਸਵੀਕਾਰ ਵੀ ਕੀਤਾ ਗਿਆ ਹੈ ਕਿ ਵੱਡੇ ਗੁਨਾਹਾਂ ਦੇ ਜਵਾਬ ਵਿਚ ਅਜਿਹਾ ਵਿਵਹਾਰ ਜਾਇਜ਼ ਹੈ।

ਸੰਯੁਕਤ ਰਾਸ਼ਟਰ ਨੇ 1984 ਵਿਚ ਤਸ਼ੱਦਦ ਵਿਰੁੱਧ ਕਨਵੈਨਸ਼ਨ ਗ੍ਰਹਿ ਕੀਤੀ ਸੀ, ਜਿਸ ਵਿਚ ਸਾਰੀਆਂ ਸਰਕਾਰਾਂ ਦੁਰਵਿਵਹਾਰ, ਤਸ਼ੱਦਦ ਨੂੰ ਰੋਕਣ ਲਈ ਵਚਨਬੱਧ ਹੋਈਆਂ ਸਨ। ਇਸ ਤੋਂ ਪੂਰੇ 30 ਸਾਲ ਮਗਰੋਂ 2014 ਵਿਚ ਅਮਨੈਸਟੀ ਦਾ ਦਾਅਵਾ ਹੈ ਕਿ ਏਸ਼ੀਆ ਪ੍ਰਸ਼ਾਂਤ ਦੇ ਘੱਟੋ-ਘੱਟ 23 ਮੁਲਕਾਂ ਵਿਚ ਇਹ ਪ੍ਰਥਾ ਤੇ ਢੰਗ-ਤਰੀਕੇ ਅਜੇ ਵੀ ਜਾਰੀ ਹਨ।

## ਡੇਰਾ ਸਿਰਸਾ ਮੁਖੀ ਬਣਿਆ ਪੌਪ ਸਿੰਗਰ!

**ਬਠਿੰਡਾ:** ਡੇਰਾ ਮੁਖੀ ਦੀ ਨਵੀਂ ਐਲਬਮ 'ਹਾਈਵੇ ਲਵ ਚਾਰਜਰ' ਹੁਣ ਰਿਲੀਜ਼ ਹੋਈ ਹੈ ਜਿਸ ਵਿਚ ਅੰਦਾਜ਼ ਵੀ ਪੱਛਮੀ ਹੈ ਤੇ ਧੁਨਾਂ ਵੀ। ਸਤਿਸੰਗ, ਪ੍ਰਵਚਨਾਂ ਤੇ ਭਜਨਾਂ ਮਗਰੋਂ ਰੂਹਾਨੀ ਮੁਖੀ ਦਾ ਇਹ ਨਵਾਂ ਰੂਪ ਹੈ। ਇਸ ਨੂੰ 'ਧਾਰਮਿਕ ਰੌਕ' ਦਾ ਨਾਂ ਦਿੱਤਾ ਗਿਆ ਹੈ। ਡੇਰਾ ਮੁਖੀ ਨੇ ਇਸ ਰਾਹੀਂ ਆਧੁਨਿਕ ਸੰਗੀਤ ਵਿਚ ਨਵੇਂ ਜੌਹਰ ਦਿਖਾਏ ਹਨ। ਯੂਨੀਵਰਸਲ ਮਿਊਜ਼ਿਕ ਗਰੁੱਪ ਨੇ ਡੇਰਾ ਮੁਖੀ ਦੀ ਐਲਬਮ 'ਹਾਈਵੇ ਲਵ ਚਾਰਜਰ' ਨੂੰ ਰਿਲੀਜ਼ ਕੀਤਾ ਹੈ। ਇਸ ਕੰਪਨੀ ਨੇ ਡੇਰਾ ਮੁਖੀ ਨੂੰ ਗਲੋਬਲ ਪਲਾਕ ਐਵਾਰਡ ਵੀ ਦਿੱਤਾ ਹੈ। ਇਹ ਮਿਊਜ਼ਿਕ ਕੰਪਨੀ ਦੇ ਵਰ੍ਹਿਆਂ ਦੌਰਾਨ ਡੇਰਾ ਮੁਖੀ ਦੀਆਂ ਛੇ ਐਲਬਮ ਰਿਲੀਜ਼ ਕਰ ਚੁੱਕੀ ਹੈ। ਕੰਪਨੀ ਦਾ ਦਾਅਵਾ ਹੈ ਕਿ ਨਵੀਂ ਐਲਬਮ ਇਕ ਕਰੋੜ ਵਿਕ ਚੁੱਕੀ ਹੈ।

ਨਵੀਂ ਐਲਬਮ ਅੰਗਰੇਜ਼ੀ ਭਾਸ਼ਾ ਵਿਚ ਹੈ ਜਿਸ ਵਿਚ ਡੇਰਾ ਮੁਖੀ ਦਾ ਲਿਬਾਸ ਵੀ ਪੱਛਮੀ ਲਹਿਜੇ ਵਾਲਾ ਹੈ ਤੇ ਗਾਣੇ ਵੀ ਪੱਛਮੀ ਤਰਜ਼ਾਂ ਵਾਲੇ ਹਨ। ਯੂਨੀਵਰਸਲ ਮਿਊਜ਼ਿਕ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਦੇਵ ਰਾਜ ਦਾ ਕਹਿਣਾ ਸੀ ਕਿ ਨਵੀਂ ਐਲਬਮ ਨੇ ਡੇਰਾ ਮੁਖੀ ਨੂੰ ਰਿਕਾਰਡ ਵਿਕਰੀ ਵਾਲੇ ਕੌਮਾਂਤਰੀ ਗਾਇਕਾਂ ਵਿਚ ਸ਼ੁਮਾਰ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਦੋ ਵਰ੍ਹਿਆਂ ਵਿਚ ਉਨ੍ਹਾਂ ਦੀ ਕੰਪਨੀ ਨੇ ਡੇਰਾ ਗੁਰੂ ਦੀਆਂ ਛੇ ਐਲਬਮਾਂ ਰਿਲੀਜ਼ ਕੀਤੀਆਂ ਜਿਨ੍ਹਾਂ ਦੀ ਦੁਨੀਆ ਭਰ ਵਿਚ ਤਕਰੀਬਨ 1.20 ਕਰੋੜ ਵਿਕਰੀ ਹੋਈ ਹੈ।

'ਲਵ ਰਬ ਸੇ' ਦੀ ਵਿਕਰੀ ਵੀ ਕਾਫੀ ਉਚੀ ਰਹੀ ਹੈ। ਡੇਰਾ ਸੂਤਰਾਂ ਦਾ ਦਾਅਵਾ ਹੈ ਕਿ ਯੂ ਟਿਊਬ 'ਤੇ ਡੇਰਾ ਮੁਖੀ ਦੀ ਨਵੀਂ ਐਲਬਮ ਨੂੰ 28 ਅਪਰੈਲ ਤੋਂ ਹੁਣ ਤੱਕ 4.50 ਲੱਖ ਲੋਕ ਵੇਖ ਚੁੱਕੇ ਹਨ। ਦੱਸਣਯੋਗ ਹੈ ਕਿ ਡੇਰਾ ਮੁਖੀ ਨੂੰ ਇਸ ਵੇਲੇ ਸੀ.ਬੀ.ਆਈ ਅਦਾਲਤ ਵਿਚ ਤਿੰਨ ਕੇਸਾਂ ਤੇ ਦੋ ਹੋਰ ਕਤਲ ਕੇਸਾਂ ਦੇ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਉਨ੍ਹਾਂ ਦੀ ਫੇਰੀ ਸਾਲ 2007 ਤੋਂ ਬੰਦ ਹੈ ਤੇ ਉਨ੍ਹਾਂ ਖਿਲਾਫ਼ ਬਠਿੰਡਾ ਅਦਾਲਤ ਵਿਚ ਵੀ ਕੇਸ ਵੀ ਸੁਣਵਾਈ ਅਧੀਨ ਹੈ। ਅਕਾਲ ਤਖਤ ਤੋਂ ਡੇਰਾ ਮੁਖੀ ਖਿਲਾਫ਼ ਹੁਕਮਨਾਮਾ ਜਾਰੀ ਹੋ ਚੁੱਕਾ ਹੈ। ਇਨ੍ਹਾਂ ਗੱਲਾਂ ਨੂੰ ਪਾਸੇ ਰੱਖੀਏ ਤਾਂ ਆਮ ਲੋਕ ਉਨ੍ਹਾਂ ਦੀ ਰੌਕ ਸਟਾਰ ਵਾਲੇ ਨਵੇਂ ਅਕਸ ਤੋਂ ਅਣਜਾਣ ਸਨ। ਉਨ੍ਹਾਂ ਦੀ ਇਸ ਐਲਬਮ ਦਾ ਵਿਸ਼ਾ ਵਸਤੂ ਤਾਂ ਧਾਰਮਿਕ ਹੈ ਪਰ ਸੰਗੀਤ ਪੱਛਮੀ ਹੈ।

## ਰਾਮਦੇਵ ਵਿਰੁਧ ਇਕ ਹਜ਼ਾਰ ਕਰੋੜ ਦੇ ਮਾਣਹਾਨੀ ਦਾ ਕੇਸ

**ਅਹਿਮਦਾਬਾਦ:** ਇਕ ਗ਼ੈਰ ਸਰਕਾਰੀ ਸੰਗਠਨ ਨੇ ਇਥੋਂ ਦੀ ਇਕ ਸਿਵਲ ਕੋਰਟ ਵਿਚ ਵਿਵਾਦਿਤ ਹਨੀਮੂਨ ਟਿੱਪਣੀ ਲਈ ਬਾਬਾ ਰਾਮਦੇਵ ਵਿਰੁਧ ਹਜ਼ਾਰ ਕਰੋੜ ਰੁਪਏ ਦੀ ਮਾਣਹਾਨੀ ਦਾ ਮੁਕੱਦਮਾ ਦਰਜ ਕਰਵਾਇਆ ਹੈ।

ਗ਼ੈਰ ਸਰਕਾਰੀ ਸੰਗਠਨ ਅੰਬੇਦਕਰ ਕਾਰਵਾਂ ਦੇ ਪ੍ਰਧਾਨ ਰਤਨਾ ਵੋਰਾ ਨੇ ਸਿਵਲ ਕੋਰਟ ਵਿਚ ਇਕ ਅਰਜ਼ੀ ਦਰਜ ਕਰਵਾਉਂਦਿਆਂ ਕਿਹਾ ਕਿ ਰਾਮਦੇਵ ਨੇ ਦਲਿਤ ਭਾਈਚਾਰੇ ਤੇ ਵਿਸ਼ੇਸ਼ ਕਰਕੇ ਦਲਿਤ ਔਰਤਾਂ ਦਾ ਨਿਰਾਦਰ ਕੀਤਾ ਹੈ।

# ਅਮਰੀਕਾ ਨਰਿੰਦਰ ਮੋਦੀ ਨੂੰ ਵੀਜ਼ਾ ਦੇਣ ਬਾਰੇ ਅਜੇ ਵੀ ਚੁੱਪ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਵੇਂ ਭਾਰਤ ਦੀ ਨਵੀਂ ਬਣਨ ਵਾਲੀ ਸਰਕਾਰ ਨਾਲ ਮਿਲ ਕੇ ਕੰਮ ਕਰਨ ਦੀ ਇੱਛਾ ਜਤਾਈ ਹੈ, ਪਰ ਅਮਰੀਕਾ ਨੇ ਭਾਜਪਾ ਆਗੂ ਨਰਿੰਦਰ ਮੋਦੀ ਨੂੰ ਵੀਜ਼ਾ ਦੇਣ ਬਾਰੇ ਅਜੇ ਤੱਕ ਚੁੱਪ ਵੱਟੀ ਹੋਈ ਹੈ।

ਐਗਜ਼ਿਟ ਪੋਲਾਂ ਵਿਚ ਦਰਸਾਇਆ ਗਿਆ ਹੈ ਕਿ ਭਾਜਪਾ ਦੀ ਅਗਵਾਈ ਵਾਲਾ ਐਨ.ਡੀ.ਏ ਅਗਲੀ ਸਰਕਾਰ ਬਣਾਉਣ ਜਾ ਰਿਹਾ ਹੈ। ਅਮਰੀਕਾ ਦੇ ਗ੍ਰਹਿ ਵਿਭਾਗ ਦੀ ਤਰਜਮਾਨ ਜੇਨ ਪਸਾਕੀ ਦਾ ਕਹਿਣਾ ਹੈ ਕਿ ਅਸੀਂ ਵੀਜ਼ੇ ਸਵੀਕਾਰੇ ਜਾਣ, ਅਰਜ਼ੀਆਂ ਆਦਿ ਬਾਰੇ ਕੁਝ ਨਹੀਂ ਬੋਲਦੇ। ਉਨ੍ਹਾਂ ਕਿਹਾ ਕਿ ਭਾਰਤ ਨਾਲ ਅਸੀਂ ਆਰਥਿਕ, ਰਣਨੀਤਕ ਜਿਹੇ ਅਹਿਮ ਮੁੱਦਿਆਂ ਉਤੇ ਸਬੰਧਾਂ ਨੂੰ ਦੇਖਦੇ ਹਾਂ, ਜੋ ਭਵਿੱਖ 'ਚ ਹੋਰ ਮਜ਼ਬੂਤ ਹੋਣ।

ਸਾਲ 2005 ਵਿਚ ਅਮਰੀਕੀ ਗ੍ਰਹਿ ਵਿਭਾਗ ਨੇ ਸ੍ਰੀ ਮੋਦੀ ਦੇ ਅਮਰੀਕੀ ਵੀਜ਼ੇ ਨੂੰ ਰੱਦ ਕਰ ਦਿੱਤਾ ਸੀ। ਅਮਰੀਕਾ ਵਾਰ-ਵਾਰ ਕਹਿੰਦਾ ਰਿਹਾ ਹੈ ਕਿ ਮੋਦੀ ਨੂੰ ਲੈ ਕੇ ਵੀਜ਼ਾ ਨੀਤੀ ਵਿਚ ਕੋਈ ਬਦਲਾਅ ਨਹੀਂ ਹੋਇਆ ਹੈ, ਪਰ ਉਹ ਦੁਬਾਰਾ ਵੀਜ਼ਾ ਲਾਉਣ ਨੂੰ ਆਜ਼ਾਦ ਹਨ, ਹਾਲਾਂਕਿ ਇਸ 'ਤੇ ਵਿਚਾਰ ਹੋਰਨਾਂ ਅਰਜ਼ੀਕਾਰਾਂ ਵਾਂਗ ਹੀ ਹੋਵੇਗਾ। ਅਮਰੀਕਾ ਨੇ ਇਸ ਸਾਲ 6 ਫਰਵਰੀ ਵਿਚ ਯੂ-ਟਰਨ ਲੈਂਦਿਆਂ ਸ੍ਰੀ ਮੋਦੀ ਦੇ ਬਾਈਕਾਟ ਨੂੰ ਖ਼ਤਮ ਕਰਨ ਦੇ ਸੰਕੇਤ ਦਿੱਤੇ ਸਨ, ਜਦੋਂ ਭਾਰਤ 'ਚ ਤਤਕਾਲੀ ਸਫੀਰ ਨੈਨਸੀ ਪਾਵੇਲ ਨੇ ਅਹਿਮਦਾਬਾਦ ਵਿਚ ਉਨ੍ਹਾਂ ਨਾਲ ਮੁਲਾਕਾਤ ਕੀਤੀ ਸੀ।

ਉਧਰ, ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਉਹ ਭਾਰਤ ਵਿਚ ਬਣਨ ਵਾਲੀ ਨਵੀਂ ਸਰਕਾਰ ਨਾਲ ਮਿਲ ਕੇ ਕੰਮ ਕਰਨ ਦੇ ਇੱਛੁਕ ਹਨ। ਉਨ੍ਹਾਂ ਕਿਹਾ ਕਿ ਅਮਰੀਕਾ ਤੇ ਭਾਰਤ ਨੇ ਪਿਛਲੇ ਦੋ ਦਹਾਕਿਆਂ ਦੌਰਾਨ ਚੰਗੀ ਦੋਸਤੀ ਤੇ ਸਾਂਝੇਦਾਰੀ ਨਿਭਾਈ ਹੈ।

ਇਸੇ ਦੌਰਾਨ ਸ੍ਰੀ ਓਬਾਮਾ ਨੇ ਲੋਕ ਸਭਾ ਚੋਣਾਂ ਦੇ ਸਫਲਤਾਪੂਰਬਕ ਨੇਪਰੇ ਚੜ੍ਹਨ 'ਤੇ ਭਾਰਤ ਦੇ ਲੋਕਾਂ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਇਤਿਹਾਸ ਵਿਚ ਸਭ ਤੋਂ ਵੱਡੀਆਂ ਲੋਕਤੰਤਰੀ ਚੋਣਾਂ ਕਰਵਾ ਕੇ ਦੁਨੀਆਂ ਲਈ ਮਿਸਾਲ ਪੇਸ਼ ਕਰ ਦਿੱਤੀ ਹੈ। ਅਮਰੀਕਾ ਦੇ ਗ੍ਰਹਿ ਵਿਭਾਗ ਨੇ ਵੀ ਵੱਖਰੇ ਤੌਰ 'ਤੇ ਭਾਰਤ ਦੇ ਲੋਕਾਂ ਨੂੰ ਵਧਾਈ ਦਿੱਤੀ ਹੈ। ਤਰਜਮਾਨ ਜੇਨ ਪਸਾਕੀ ਦਾ ਕਹਿਣਾ ਹੈ ਕਿ ਭਾਰਤ ਦੇ ਲੋਕਾਂ ਨੇ ਸਭ ਤੋਂ ਵੱਡੀਆਂ ਆਜ਼ਾਦ ਤੇ ਨਿਰਪੱਖ ਚੋਣਾਂ ਵਿਚ ਹਿੱਸਾ ਲੈ ਕੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ।

## ਵਾਈਟ ਹਾਊਸ ਵਿਚ ਵਸਤਾਂ ਸੁੱਟਣ ਦੇ ਦੋਸ਼ ਹੇਠ ਦੋ ਕਾਬੂ

**ਵਾਸ਼ਿੰਗਟਨ:** ਦੋ ਵਿਅਕਤੀਆਂ ਨੂੰ ਵਾਈਟ ਹਾਊਸ ਵਿਚ ਵਸਤਾਂ ਸੁੱਟਣ ਦੇ ਜੁਰਮ ਹੇਠ ਹਿਰਾਸਤ ਵਿਚ ਲਿਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਦੀ ਇਸ ਇਤਿਹਾਸਕ ਰਿਹਾਇਸ਼ ਨੂੰ ਦੂਜੀ ਵਾਰ ਆਰਜ਼ੀ ਤੌਰ 'ਤੇ ਬੰਦ ਕਰਨਾ ਪਿਆ। ਖੁਫੀਆ ਸੇਵਾ ਵਲੋਂ ਈਵਾਨ ਜੇ ਗ੍ਰਾਹਮ ਤੇ ਵਾਗਘਨ ਗ੍ਰੀਨਬ੍ਰੀਰ ਲੇਰੀਚ ਨੇ ਕੈਸਿਟ ਟੇਪ ਤੇ ਰੱਦੀ ਕਾਗਜ਼ ਦੀਵਾਰ ਉਪਰੋਂ ਵਾਈਟ ਹਾਊਸ ਅੰਦਰ ਸੁੱਟੇ ਸਨ। ਸੁਰੱਖਿਆ ਪੱਖੋਂ ਪੂਰੀ ਜਾਂਚ ਮਗਰੋਂ ਵਾਈਟ ਹਾਊਸ ਨੂੰ ਮੁੜ ਖੋਲ੍ਹ ਦਿੱਤਾ ਗਿਆ।

ਪਿਛਲੇ ਹਫਤੇ ਬਰਾਕ ਓਬਾਮਾ ਦੀਆਂ ਧੀਆਂ ਦੀ ਸਰਕਾਰੀ ਗੱਡੀ ਦਾ ਪਿੱਛਾ ਕਰ ਰਹੀ ਇਕ ਕਾਰ ਕਾਰਨ ਵਾਈਟ ਹਾਊਸ ਨੂੰ ਬੰਦ ਰੱਖਿਆ ਗਿਆ ਸੀ। ਇਸ ਕਾਰ ਦੀ ਤਲਾਸ਼ੀ ਲਈ ਗਈ ਪਰ ਉਸ ਵਿਚੋਂ ਕੋਈ ਇਤਰਾਜ਼ਯੋਗ ਵਸਤੂ ਨਹੀਂ ਮਿਲੀ।


## Matrimonial

### ਕੰਨਿਆ ਦੀ ਲੋੜ

Jatt Sikh boy, US citizen, Bsc, 24, 5'-10" looking girl MBBS /Eng/ BDS from Govt. College, 22-24, height 5'-5". Send photo & bio-data at kang929@hotmail.com, Cell: 608-347-6548

19 to 22

### ਵਰ ਦੀ ਲੋੜ

ਵਿਜ਼ਿਟਰ ਵੀਜ਼ੇ 'ਤੇ ਆਈ ਜੱਟ ਸਿੱਖ, ਉਮਰ 35 ਸਾਲ, ਕੱਦ 5'-5" ਕੁਆਰੀ ਲੜਕੀ ਲਈ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 510-305-4271, ਈਮੇਲ: dhaliwalrupinder18@yahoo.com

20 to 23


# ਪ੍ਰਸਿੱਧ ਕਬੱਡੀ ਖਿਡਾਰੀ ਸੀਤਲ ਸਿੰਘ ਰੌਣੀ ਦਾ ਦਿਹਾਂਤ

**ਨਿਊ ਯਾਰਕ (ਬਿਊਰੋ):** ਕਬੱਡੀ ਦੇ ਖੇਤਰ ਵਿਚ ਪ੍ਰਸਿੱਧੀ ਖੱਟਣ ਵਾਲੇ ਰਾਸ਼ਟਰੀ ਪੱਧਰ ਦੇ ਖਿਡਾਰੀ ਅਤੇ ਸਫਲ ਅਧਿਆਪਕ ਸ. ਸੀਤਲ ਸਿੰਘ (ਰੌਣੀ) ਸਰਾਓ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ। ਉਹ 74 ਸਾਲਾਂ ਦੇ ਸਨ ਅਤੇ ਪਿਛੇ ਪਤਨੀ ਦਲਬੀਰ ਕੌਰ, ਦੋ ਸਪੁੱਤਰ-ਬੀਰਦਵਿੰਦਰ ਸਿੰਘ ਸਰਾਓ ਤੇ ਕੰਵਰਜੀਤ ਸਿੰਘ, ਇੱਕ ਲੜਕੀ ਪ੍ਰਿਤਪਾਲ ਕੌਰ ਛੱਡ ਗਏ ਹਨ। ਸ. ਸੀਤਲ ਸਿੰਘ ਦਾ ਅੰਤਿਮ ਸਸਕਾਰ ਲੰਘੀ 11 ਮਈ ਨੂੰ ਬਫਲੋ ਈਵ, ਨਿਆਗਰਾ ਫਾਲਜ਼ ਵਿਚ ਕਰ ਦਿਤਾ ਗਿਆ।

ਸ. ਰੌਣੀ ਸਾਲ 2000 ਵਿਚ ਆਪਣੇ ਪਰਿਵਾਰ ਸਮੇਤ ਅਮਰੀਕਾ ਜਾ ਵਸੇ ਸਨ ਅਤੇ ਪਿਛੋਂ ਪੰਜਾਬ ਦੇ ਕਸਬਾ ਮੋਰਿੰਡਾ ਨੇੜਲੇ ਪਿੰਡ ਰੌਣੀ ਤੋਂ ਸਨ। ਉਨ੍ਹਾਂ ਕਬੱਡੀ ਦੇ ਨਾਲ-ਨਾਲ ਵਾਲੀਬਾਲ ਅਤੇ ਅਥਲੈਟਿਕਸ ਦੇ ਖੇਤਰ ਵਿਚ 9 ਵਰ੍ਹੇ ਆਪਣੇ ਸ਼ਾਨਦਾਰ ਖੇਡ ਪ੍ਰਦਰਸ਼ਨ ਰਾਹੀਂ ਦੁਨੀਆਂ ਭਰ 'ਚ ਵਿਲੱਖਣ ਪਛਾਣ ਸਥਾਪਤ ਕੀਤੀ। ਸਾਲ 1965 ਵਿਚ ਸਰਕਾਰੀ ਸਰੀਰਿਕ ਸਿੱਖਿਆ ਕਾਲਜ ਪਟਿਆਲਾ ਵਿਚ ਅਧਿਆਪਕ ਵਜੋਂ ਸੇਵਾ ਸ਼ੁਰੂ ਕੀਤੀ ਅਤੇ ਉਨ੍ਹਾਂ ਦੀ ਲਗਨ ਨੇ ਵੱਡੀ ਗਿਣਤੀ 'ਚ ਚੰਗੇ ਖਿਡਾਰੀ ਪੈਦਾ ਕੀਤੇ। ਸਾਲ 1975 'ਚ ਡੈਪੂਟੇਸ਼ਨ 'ਤੇ ਨਾਈਜੀਰੀਆ ਚਲੇ ਗਏ। 1996 ਵਿਚ ਮੁਹਾਲੀ ਦੇ ਪਿੰਡ ਭਾਗੋਮਾਜਰਾ ਦੇ ਖੇਡ ਕਾਲਜ ਵਿਚ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾਉਂਦਿਆਂ ਉਨ੍ਹਾਂ



*ਸੀਤਲ ਸਿੰਘ ਰੌਣੀ*

ਨੌਜਵਾਨਾਂ ਅੰਦਰ ਖੇਡ ਜਜ਼ਬੇ ਨੂੰ ਮਜ਼ਬੂਤ ਕੀਤਾ ਅਤੇ ਕਈ ਨਵੇਂ ਖਿਡਾਰੀ ਪੰਜਾਬ ਅਤੇ ਦੇਸ਼ ਨੂੰ ਸਮਰਪਿਤ ਕੀਤੇ।

## ਸ਼ਰਾਬ ਦੀ ਖਪਤ ਪੱਖੋਂ ਚਿਲੀ ਅੱਗੇ

**ਸਾਂਤਿਆਗੋ:** ਲਾਤੀਨੀ-ਅਮਰੀਕੀ ਮੁਲਕਾਂ ਵਿਚ ਸਭ ਤੋਂ ਵੱਧ ਸ਼ਰਾਬ ਦੀ ਖਪਤ ਵਾਲਾ ਮੁਲਕ ਚਿਲੀ ਹੈ। ਵਿਸ਼ਵ ਸਿਹਤ ਜਥੇਬੰਦੀ (ਡਬਲਿਊ.ਐਚ.ਓ.) ਮੁਤਾਬਕ ਚਿਲੀ ਵਿਚ ਸ਼ਰਾਬ ਦੀ ਔਸਤ ਖਪਤ 9.6 ਲਿਟਰ ਪ੍ਰਤੀ ਵਿਅਕਤੀ ਹੈ। ਹਾਲਾਂਕਿ ਲਾਤੀਨੀ-ਅਮਰੀਕੀ ਮੁਲਕਾਂ ਵਿਚ ਸ਼ਰਾਬ ਦੀ ਔਸਤ ਖਪਤ 8.4 ਲਿਟਰ ਪ੍ਰਤੀ ਵਿਅਕਤੀ ਹੈ।

ਸ਼ਰਾਬ ਤੇ ਸਿਹਤ ਬਾਰੇ ਆਲਮੀ ਰਿਪੋਰਟ ਮੁਤਾਬਕ ਚਿਲੀ ਵਿਚ ਇਕ ਮਰਦ ਸਾਲ ਅੰਦਰ 13.9 ਲਿਟਰ ਸ਼ਰਾਬ ਪੀ ਜਾਂਦਾ ਹੈ ਜਦਕਿ ਮਹਿਲਾਵਾਂ 5.5 ਲਿਟਰ ਸ਼ਰਾਬ ਪੀਂਦੀਆਂ ਹਨ। ਅਰਜਨਟੀਨਾ ਵਿਚ ਕੋਈ ਬਹੁਤਾ ਫਰਕ ਨਹੀਂ ਹੈ। ਉਥੇ ਮਰਦ 13.6 ਲਿਟਰ ਤੇ ਔਰਤਾਂ 5.2 ਲਿਟਰ ਸ਼ਰਾਬ ਪੀ ਜਾਂਦੀਆਂ ਹਨ। ਇੰਜ ਅਰਜਨਟੀਨਾ ਵਿਚ ਔਸਤ ਖਪਤ 9.3 ਲਿਟਰ ਪ੍ਰਤੀ ਵਿਅਕਤੀ ਹੈ। ਰਿਪੋਰਟ ਮੁਤਾਬਕ ਸ਼ਰਾਬ ਦੀ ਖਪਤ ਦੇ ਮਾਮਲੇ ਵਿਚ ਲਾਤੀਨੀ-ਅਮਰੀਕੀ ਮੁਲਕ ਯੂਰੋਪ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦੇ ਹਨ, ਜਿਥੇ ਔਸਤ ਖਪਤ 10.9 ਲਿਟਰ ਪ੍ਰਤੀ ਵਿਅਕਤੀ ਹੈ।


## 40 ਟਰੱਕ ਰਿਪੇਅਰ-ਓਕਲਹੋਮਾ

# ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ




ਹੋਰ ਜਾਣਕਾਰੀ ਲਈ ਸੰਪਰਕ ਕਰੋ

ਫੋਨ: 832-512-7172

# ਧੜੇਬੰਦੀ ਤੋਂ ਖਹਿੜਾ ਨਾ ਛੁਡਾ ਸਕੀ ਪੰਜਾਬ ਕਾਂਗਰਸ

**ਨਵੀਂ ਦਿੱਲੀ:** ਧੜੇਬੰਦੀ ਪੰਜਾਬ ਕਾਂਗਰਸ ਦਾ ਖਹਿੜਾ ਨਹੀਂ ਛੱਡ ਰਹੀ ਇਥੋਂ ਤੱਕ ਕਿ ਪਾਰਟੀ ਦੇ ਸੀਨੀਅਰ ਆਗੂ ਸਾਂਝੇ ਮਸਲੇ ਉਠਾਉਣ ਵਿਚ ਵੀ ਇਕ-ਦੂਜੇ ਤੋਂ ਉਹਲਾ ਰੱਖ ਰਹੇ ਹਨ। ਇਹ ਗੱਲ ਉਸ ਸਮੇਂ ਉੱਭਰ ਦੇ ਸਾਹਮਣੇ ਆਈ ਜਦੋਂ ਪਾਰਟੀ ਦੇ ਸੀਨੀਅਰ ਆਗੂਆਂ ਦੇ ਦੋ ਵੱਖਰੇ-ਵੱਖਰੇ ਵਫਦ ਇਥੇ ਚੋਣ ਕਮਿਸ਼ਨ ਨੂੰ ਮਿਲਣ ਗਏ। ਦੋਹਾਂ ਵਫਦਾਂ ਨੂੰ ਇਕ-ਦੂਜੇ ਦੇ ਚੋਣ ਕਮਿਸ਼ਨ ਦੇ ਦਫਤਰ ਪੁੱਜਣ ਬਾਰੇ ਕੋਈ ਇਲਮ ਨਹੀਂ ਸੀ।

ਮੁੱਖ ਚੋਣ ਕਮਿਸ਼ਨਰ ਕੋਲ ਪਹਿਲਾ ਵਫਦ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਗਿਆ ਜਦਕਿ ਦੂਜੇ ਵਫਦ ਦੀ ਅਗਵਾਈ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਕੀਤੀ। ਦੋਹਾਂ ਵਫਦਾਂ ਨੇ ਮੁੱਖ ਚੋਣ ਕਮਿਸ਼ਨਰ ਕੋਲ ਵੱਖ-ਵੱਖ ਮਸਲੇ ਉਠਾਏ। ਸ. ਬਾਜਵਾ ਨੇ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਤੁਰੰਤ ਬਾਅਦ ਨਤੀਜਿਆਂ ਦੇ ਐਲਾਨ ਦੀ ਮੰਗ ਕੀਤੀ ਤਾਂ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸੇ ਕਿਸਮ





ਦੀ ਬੇਨੇਮੀ ਦੀ ਕੋਈ ਗੁੰਜਾਇਸ਼ ਨਾ ਰਹੇ। ਉਨ੍ਹਾਂ ਆਪਣੇ ਹਲਕੇ ਗੁਰਦਾਸਪੁਰ ਵਿਚ 2009 ਦੌਰਾਨ ਵਾਪਰੀ ਇਕ ਘਟਨਾ ਦਾ ਹਵਾਲਾ ਦਿੱਤਾ, ਜਿਸ ਮੁਤਾਬਕ ਨਤੀਜੇ ਦਾ ਐਲਾਨ ਕਾਫੀ ਘੰਟਿਆਂ ਬਾਅਦ ਕੀਤਾ ਗਿਆ ਸੀ।

ਦੂਜੇ ਬੰਨੇ ਸ੍ਰੀ ਜਾਖੜ ਨੇ ਪੰਜਾਬ ਵਿਚ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਵੱਲੋਂ ਕਾਂਗਰਸੀ ਕਾਰਕੁਨਾਂ ਖ਼ਿਲਾਫ਼ ਕੀਤੇ ਝੂਠੇ ਕੇਸਾਂ ਦਾ ਮੁੱਦਾ ਕਮਿਸ਼ਨ ਅੱਗੇ ਰੱਖਿਆ। ਉਨ੍ਹਾਂ ਇਨ੍ਹਾਂ ਘਟਨਾਵਾਂ ਦੀ ਜਾਂਚ ਪੰਜਾਬ ਤੋਂ ਬਾਹਰਲੀ ਜਾਂਚ ਏਜੰਸੀ ਤੋਂ ਕਰਵਾਉਣ ਦੀ ਮੰਗ ਵੀ ਕੀਤੀ। ਇਸ ਮੌਕੇ ਉਨ੍ਹਾਂ ਨਾਲ ਉਹ ਆਦਮੀ ਵੀ ਸਨ ਜਿਨ੍ਹਾਂ ਖ਼ਿਲਾਫ਼ ਗੁਰਦਾਸਪੁਰ, ਮੋਗਾ, ਫਾਜ਼ਿਲਕਾ, ਬਠਿੰਡਾ ਤੇ ਮੁਕਤਸਰ ਦੇ ਵੱਖ-ਵੱਖ ਥਾਣਿਆਂ ਵਿਚ ਕੇਸ ਦਰਜ ਕੀਤੇ ਗਏ ਹਨ। ਉਨ੍ਹਾਂ ਨਾਲ ਗੁਰਦਾਸਪੁਰ ਲੋਕ ਸਭਾ ਹਲਕੇ ਵਿਚ ਪੈਂਦੇ ਵਿਧਾਨ ਸਭਾ ਹਲਕਿਆਂ ਦੇ ਦੋ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਤੇ ਤ੍ਰਿਪਤ ਬਾਜਵਾ ਵੀ ਸਨ।

ਪੰਜਾਬ ਕਾਂਗਰਸ ਵਿਚ ਤਾਲਮੇਲ ਦੀ ਘਾਟ ਬਾਰੇ ਸ੍ਰੀ ਜਾਖੜ ਦਾ ਕਹਿਣਾ ਹੈ ਕਿ ਸੂਬਾ ਪ੍ਰਧਾਨ ਨੂੰ ਸਾਡੇ ਨਾਲ ਗੱਲ ਕਰਨੀ ਚਾਹੀਦੀ ਸੀ। ਇਸ ਮਾਮਲੇ ਵਿਚ ਬਿਨਾਂ ਸ਼ੱਕ ਵਧੀਆ ਤਾਲਮੇਲ ਬਣ ਸਕਦਾ ਸੀ ਤੇ ਝੂਠੇ ਕੇਸਾਂ ਦਾ ਮਾਮਲਾ ਹੋਰ ਵੀ ਕਾਰਗਰ ਢੰਗ ਨਾਲ ਚੋਣ ਕਮਿਸ਼ਨ ਕੋਲ ਰੱਖਿਆ ਜਾ ਸਕਦਾ ਸੀ। ਇਸੇ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਤਾਲਮੇਲ ਵਿਚ ਘਾਟ ਤੋਂ ਸਾਫ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਤਾਂ ਚੋਣ ਕਮਿਸ਼ਨ ਤੋਂ ਪਹਿਲਾਂ ਹੀ ਸਮਾਂ ਮੰਗਿਆ ਹੋਇਆ ਸੀ। ਉਂਜ ਸ੍ਰੀ ਜਾਖੜ ਦੇ ਪੁੱਜਣ ਬਾਰੇ ਉਨ੍ਹਾਂ ਨੂੰ ਚੋਣ ਕਮਿਸ਼ਨ ਦੇ ਦਫਤਰ ਹੀ ਪਤਾ ਲੱਗਿਆ।

## ਮਾਲਟਾ ਦੁਰਘਟਨਾ ਬਾਰੇ ਡਾ. ਚੀਮਾ ਦੀ ਪਟੀਸ਼ਨ ਖਾਰਜ

**ਹੁਸ਼ਿਆਰਪੁਰ:** ਅਦਾਲਤ ਨੇ ਮਾਲਟਾ ਦੁਰਘਟਨਾ ਜਾਂਚ ਮਿਸ਼ਨ ਦੇ ਚੇਅਰਮੈਨ ਬਲਵੰਤ ਸਿੰਘ ਖੇੜਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਖ਼ਿਲਾਫ਼ ਦਾਇਰ ਕੀਤੀ ਗਈ ਧੋਖਾਧੜੀ ਦੀ ਸ਼ਿਕਾਇਤ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ ਵੱਲੋਂ ਪਾਈ ਗਈ ਅਪੀਲ ਨੂੰ ਖ਼ਾਰਜ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ 23 ਮਈ ਨੂੰ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਵਿਚ ਇਸ ਕੇਸ ਦੀ ਸੁਣਵਾਈ ਹੋਵੇਗੀ।

ਸ੍ਰੀ ਖੇੜਾ ਵੱਲੋਂ ਪਾਈ ਗਈ ਪਟੀਸ਼ਨ ਵਿਚ ਸ਼੍ਰੋਮਣੀ ਅਕਾਲੀ ਦਲ 'ਤੇ ਧੋਖਾਧੜੀ ਦਾ ਇਲਜ਼ਾਮ ਲਗਾਇਆ ਗਿਆ ਹੈ। ਪਟੀਸ਼ਨਰ ਮੁਤਾਬਕ ਇਸ ਪਾਰਟੀ ਨੇ ਸਿਆਸੀ ਪਾਰਟੀ ਵਜੋਂ ਮਾਨਤਾ ਲੈਣ ਲਈ ਚੋਣ ਕਮਿਸ਼ਨ ਕੋਲ ਆਪਣੇ ਆਪ ਨੂੰ ਧਰਮ ਨਿਰਪੱਖ ਦੱਸਿਆ ਹੈ ਪਰ ਦੂਜੇ ਪਾਸੇ ਗੁਰਦੁਆਰਾ ਕਮਿਸ਼ਨ ਕੋਲ ਇਸ ਦੀ ਮਾਨਤਾ ਇਕ ਧਾਰਮਿਕ ਸੰਸਥਾ ਦੀ ਹੈ ਤੇ ਇਹ ਖੁੱਲ੍ਹੇਆਮ ਗੁਰਦੁਆਰਾ ਚੋਣਾਂ ਵਿਚ ਹਿੱਸਾ ਲੈਂਦੀ ਹੈ। ਪਟੀਸ਼ਨਰ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਜਨਰਲ ਸਕੱਤਰ ਸੁਖਦੇਵ ਸਿੰਘ ਢੀਂਡਸਾ, ਡਾ. ਦਲਜੀਤ ਸਿੰਘ ਚੀਮਾ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਾਰਟੀ ਪ੍ਰਧਾਨ ਸੁਰਿੰਦਰ ਸਿੰਘ ਸ਼ਿੰਦਾ ਨੂੰ ਪਾਰਟੀ ਬਣਾਇਆ ਗਿਆ ਹੈ।

ਹੇਠਲੀ ਅਦਾਲਤ ਵਿਚ ਇਸ ਕੇਸ ਦੀ ਸੁਣਵਾਈ 2009 ਤੋਂ ਚੱਲ ਰਹੀ ਹੈ। ਇਸ ਦੌਰਾਨ ਭਾਰਤੀ ਚੋਣ ਕਮਿਸ਼ਨ ਤੇ ਗੁਰਦੁਆਰਾ ਚੋਣ ਕਮਿਸ਼ਨ ਦੇ ਨੁਮਾਇੰਦਿਆਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਬਾਰੇ ਰਿਕਾਰਡ ਅਦਾਲਤ ਵਿਚ ਪੇਸ਼ ਕੀਤਾ। ਸਾਲ 2011 ਵਿਚ ਸ. ਚੀਮਾ ਵੱਲੋਂ ਸੈਸ਼ਨ ਕੋਰਟ ਵਿਚ ਅਰਜ਼ੀ ਦਿੱਤੀ ਗਈ ਸੀ ਕਿ ਉਹ ਸਬੰਧਤ ਕੇਸ ਵਿਚ ਇਕ ਧਿਰ ਹਨ, ਇਸ ਕਰਕੇ ਉਨ੍ਹਾਂ ਨੂੰ ਰਿਕਾਰਡ ਪੇਸ਼ ਕਰਨ ਲਈ ਸੰਮਨ ਨਹੀਂ ਕੀਤਾ ਜਾ ਸਕਦਾ। ਅਦਾਲਤ ਨੇ ਇਸ ਅਰਜ਼ੀ ਨੂੰ ਖ਼ਾਰਜ ਕਰਕੇ ਹੇਠਲੀ ਅਦਾਲਤ ਵਿਚ ਕੇਸ ਦੀ ਸੁਣਵਾਈ 23 ਮਈ ਲਈ ਤੈਅ ਕਰ ਦਿੱਤੀ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਖੇੜਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਪਾਰਟੀ ਵਜੋਂ ਮਾਨਤਾ ਰੱਦ ਕਰਵਾਉਣ ਲਈ ਦਿੱਲੀ ਹਾਈ ਕੋਰਟ ਵਿਚ ਵੀ ਪਟੀਸ਼ਨ ਪਾਈ ਗਈ ਹੈ।

## ਬਾਦਲ ਨੂੰ ਖਾਲਸਾ ਕਾਲਜ ਦੇ ਮਾਮਲੇ ਵਿਚ ਦਖਲ ਦੀ ਅਪੀਲ

**ਅੰਮ੍ਰਿਤਸਰ:** ਮਹਾਰਾਸ਼ਟਰ ਸਿੱਖ ਐਸੋਸੀਏਸ਼ਨ ਨੇ ਮੁੰਬਈ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਗੁਰੂ ਨਾਨਕ ਖਾਲਸਾ ਕਾਲਜ ਦੇ ਪ੍ਰਿੰਸੀਪਲ 'ਤੇ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਦਖਲਅੰਦਾਜ਼ੀ ਕਰਦਿਆਂ ਇਸ ਸਿੱਖ ਸੰਸਥਾ ਦੀ ਸਾਖ ਬਚਾਉਣ ਲਈ ਯਤਨ ਕਰਨ। ਇਹ ਪੱਤਰ ਜਥੇਬੰਦੀ ਦੇ ਪ੍ਰਧਾਨ ਤੇ ਖਾਲਸਾ ਕਾਲਜ ਦੀ ਸਥਾਨਕ ਪ੍ਰਬੰਧਕੀ ਕਮੇਟੀ ਦੇ ਸਾਬਕਾ ਮੈਂਬਰ ਦਲਜੀਤ ਸਿੰਘ ਬੱਲ ਵੱਲੋਂ ਲਿਖਿਆ ਗਿਆ ਹੈ।

ਮੁੱਖ ਮੰਤਰੀ ਨੂੰ ਭੇਜੇ ਪੱਤਰ ਵਿਚ ਉਨ੍ਹਾਂ ਪਿਛਲੇ ਵਰ੍ਹੇ 24 ਜੂਨ 2013 ਨੂੰ ਭੇਜੇ ਗਏ ਇਕ ਪੱਤਰ ਦਾ ਹਵਾਲਾ ਵੀ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਸ ਕਾਲਜ ਵਿਚ ਸੱਤ ਹਜ਼ਾਰ ਵਿਦਿਆਰਥੀ ਪੜ੍ਹ ਰਹੇ ਹਨ ਤੇ ਇਹ ਕਾਲਜ 1937 ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਕੀਤਾ ਗਿਆ ਸੀ। ਇਸ ਕਾਲਜ ਦੀ ਸਾਖ ਦੇ ਨਾਲ ਸਿੱਖਾਂ ਦਾ ਮਾਣ ਸਤਿਕਾਰ ਵੀ ਜੁੜਿਆ ਹੋਇਆ ਹੈ। ਕਾਲਜ ਦਾ ਪ੍ਰਿੰਸੀਪਲ, ਜਿਸ ਉਪਰ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਹਨ ਤੇ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ, ਨੂੰ ਪਹਿਲਾਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਕੀਤਾ ਜਾ ਚੁੱਕਾ ਹੈ ਪਰ ਉਸ ਨੂੰ ਦੁਬਾਰਾ ਕਾਲਜ ਦਾ ਪ੍ਰਿੰਸੀਪਲ ਬਣਾ ਦਿੱਤਾ ਗਿਆ। ਇਸ ਪ੍ਰਿੰਸੀਪਲ ਉਪਰ ਪਹਿਲਾਂ ਵੀ ਗੰਭੀਰ ਦੋਸ਼ ਲੱਗੇ ਸਨ। ਉਨ੍ਹਾਂ ਮਹਾਰਾਸ਼ਟਰ ਦੇ ਕੁਝ ਹੋਰ ਸਿੱਖ ਆਗੂਆਂ ਦੇ ਨਾਵਾਂ 'ਤੇ ਵੀ ਪ੍ਰਸ਼ਨ ਚਿੰਨ੍ਹ ਲਾਇਆ ਹੈ, ਜੋ ਵੱਖ-ਵੱਖ ਸੰਸਥਾਵਾਂ ਦੇ ਪ੍ਰਧਾਨ ਤੇ ਹੋਰ ਅਹੁਦੇਦਾਰ ਬਣੇ ਹੋਏ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿਚ ਨਿੱਜੀ ਦਿਲਚਸਪੀ ਲੈਂਦਿਆਂ ਦਖਲਅੰਦਾਜ਼ੀ ਕਰਨ ਤਾਂ ਜੋ ਸਿੱਖ ਭਾਈਚਾਰੇ ਤੇ ਸਿੱਖ ਸੰਸਥਾ ਦੀ ਡਿੱਗ ਰਹੀ ਸਾਖ ਨੂੰ ਬਚਾਇਆ ਜਾ ਸਕੇ।

## ਜ਼ਮੀਨ ਕੇਸ: ਸ਼੍ਰੋਮਣੀ ਕਮੇਟੀ ਦੇ 10 ਮੈਂਬਰਾਂ ਵੱਲੋਂ ਅਸਤੀਫੇ

**ਤਲਵੰਡੀ ਸਾਬੋ:** ਬਠਿੰਡਾ ਜ਼ਿਲ੍ਹੇ ਦੇ ਪਿੰਡ ਭਾਈ ਰੂਪਾ ਵਿਖੇ ਲੰਗਰ ਦੀ ਜ਼ਮੀਨ ਦੇ ਮਾਮਲੇ ਵਿਚ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੀ ਭੂਮਿਕਾ 'ਤੇ ਸਵਾਲ ਖੜ੍ਹੇ ਕਰਦਿਆਂ ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਦੇ 10 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਆਪਣੇ ਅਸਤੀਫ਼ੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਸੌਂਪ ਦਿੱਤੇ ਹਨ।

ਅੰਤਰਿੰਗ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ, ਮੈਂਬਰ ਅਮਰੀਕ ਸਿੰਘ ਕੋਟ ਸ਼ਮੀਰ, ਸੁਰਜੀਤ ਸਿੰਘ ਰਾਏਪੁਰ, ਮਿੱਠੂ ਸਿੰਘ ਕਾਹਨੇ ਕੇ, ਜਸਪਾਲ ਕੌਰ ਮਹਿਰਾਜ, ਮੇਜਰ ਸਿੰਘ ਰਾਮਪੁਰਾ, ਗੁਰਤੇਜ ਸਿੰਘ ਢੱਡੇ, ਬੀਬੀ ਜੋਗਿੰਦਰ ਕੌਰ ਬੱਲੂਆਣਾ, ਸੁਖਚੈਨ ਸਿੰਘ ਧਰਮਪੁਰਾ ਤੇ ਗੁਰਪ੍ਰੀਤ ਸਿੰਘ ਝੱਬਰ ਨੇ ਦੋਸ਼ ਲਾਇਆ ਕਿ ਪਿੰਡ ਭਾਈ ਰੂਪਾ ਦੇ ਲੰਗਰ ਦੀ ਜ਼ਮੀਨ ਦਾ ਫ਼ੈਸਲਾ ਉੱਚ ਅਦਾਲਤ ਵੱਲੋਂ ਕਮੇਟੀ ਦੇ ਹੱਕ ਵਿਚ ਹੋ ਚੁੱਕਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਾਜ਼ਿਸ਼ ਤਹਿਤ ਉਨ੍ਹਾਂ ਉਪਰ ਹਮਲਾ ਕੀਤਾ ਗਿਆ। ਉਨ੍ਹਾਂ ਕੁਝ ਉੱਚ ਪੁਲਿਸ ਅਧਿਕਾਰੀਆਂ 'ਤੇ ਹਮਲਾਵਰਾਂ ਦੀ ਸ਼ਰੇਆਮ ਮੱਦਦ ਕਰਨ ਤੇ ਕਮੇਟੀ ਮੁਲਾਜ਼ਮਾਂ ਨੂੰ ਡਰਾਉਣ ਧਮਕਾਉਣ ਦੇ ਦੋਸ਼ ਵੀ ਲਾਏ। ਕਮੇਟੀ ਮੈਂਬਰਾਂ ਨੇ ਕਿਹਾ ਕਿ ਅਕਾਲੀ ਸਰਕਾਰ ਹੋਣ ਦੇ ਬਾਵਜੂਦ ਹਮਲਾਵਰਾਂ 'ਤੇ ਮਾਮਲਾ ਦਰਜ ਹੋਣ ਤੋਂ ਬਾਅਦ ਕੋਈ ਕਾਰਵਾਈ ਨਹੀਂ ਹੋਈ। ਕਿਸੇ ਮੁਲਜ਼ਮ ਨੂੰ ਹਾਲੇ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

ਕਮੇਟੀ ਪ੍ਰਧਾਨ ਨੇ ਅਸਤੀਫ਼ੇ ਲੈਣ ਤੋਂ ਬਾਅਦ ਡੀ.ਸੀ ਤੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਛੇਤੀ ਭਾਈ ਰੂਪਾ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਕਾਰਵਾਈ ਨਾ ਹੋਈ ਤਾਂ ਉਹ ਪ੍ਰਸ਼ਾਸਨ ਖ਼ਿਲਾਫ਼ ਧਰਨਾ ਦੇਣ ਲਈ ਮਜਬੂਰ ਹੋਣਗੇ। ਸਾਬਕਾ ਕਮੇਟੀ ਮੈਂਬਰ ਸਤਨਾਮ ਸਿੰਘ ਭਾਈ ਰੂਪਾ ਨੇ ਕਿਹਾ ਕਿ ਜੇਕਰ 16 ਮਈ ਤੱਕ ਦੋਸ਼ੀਆਂ ਦੀ ਗ੍ਰਿਫ਼ਤਾਰੀ ਨਾ ਕੀਤੀ ਗਈ ਤਾਂ ਸ਼੍ਰੋਮਣੀ ਅਕਾਲੀ ਦਲ ਦੀਆਂ ਅਹੁਦੇਦਾਰੀਆਂ ਤੋਂ ਅਸਤੀਫ਼ੇ ਦਿੱਤੇ ਜਾਣਗੇ।

ਜਥੇਦਾਰ ਅਵਤਾਰ ਸਿੰਘ ਨੇ ਕਿਹਾ ਹੈ ਕਿ ਗੁਰਦੁਆਰਾ ਭਾਈ ਰੂਪਾ ਪਾਤਸ਼ਾਹੀ ਛੇਵੀਂ ਬਠਿੰਡਾ ਦੀ 160 ਕਿੱਲੇ ਜ਼ਮੀਨ 'ਤੇ ਕਿਸੇ ਵੀ ਨਜਾਇਜ਼ ਧਿਰ ਦਾ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਇਤਿਹਾਸਕ ਗੁਰਦੁਆਰਿਆਂ ਦੇ ਸੁਚੱਜੇ ਪ੍ਰਬੰਧ ਤੋਂ ਇਲਾਵਾ ਗੁਰੂ-ਘਰਾਂ ਦੀਆਂ ਜਾਇਦਾਦਾਂ ਦੀ ਸਾਂਭ-ਸੰਭਾਲ ਪੂਰੀ ਤਨਦੇਹੀ ਨਾਲ ਕੀਤੀ ਜਾਂਦੀ ਹੈ। ਗੁਰਦੁਆਰਾ ਭਾਈ ਰੂਪਾ ਦੀ ਜ਼ਮੀਨ ਦਾ ਕੇਸ ਸ਼੍ਰੋਮਣੀ ਕਮੇਟੀ ਨੇ ਸਾਰੀਆਂ ਅਦਾਲਤਾਂ ਵਿਚੋਂ ਜਿੱਤਿਆ ਹੈ ਤੇ ਇਸ ਨਾਲ ਵਿਰੋਧੀ ਧਿਰ ਦੇ ਕੁਫਰ ਦਾ ਭਾਂਡਾ ਭੱਜਿਆ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਲਾਲਚ ਵੱਸ ਮਾਹੌਲ ਨੂੰ ਖ਼ਰਾਬ ਕਰਨ ਦੀ ਲਾਲਸਾ ਨਾਲ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨਾਲ ਆਢਾ ਲੈ ਰਹੇ ਹਨ। ਉਨ੍ਹਾਂ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਸ਼੍ਰੋਮਣੀ ਕਮੇਟੀ ਹਰਗਿਜ਼ ਬਰਦਾਸ਼ਤ ਨਹੀਂ ਕਰੇਗੀ। ਗੁਰਦੁਆਰਾ ਸਾਹਿਬ 'ਤੇ ਜਿਨ੍ਹਾਂ ਲੋਕਾਂ ਨੇ ਧਾੜਵੀਆਂ ਵਾਂਗ ਹਮਲਾ ਕਰਕੇ ਨੁਕਸਾਨ ਪਹੁੰਚਾਇਆ ਹੈ, ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਕੈਂਬਰਿਜ ਚੌਥੇ ਸਾਲ ਵੀ ਬਿਹਤਰੀਨ ਯੂਨੀਵਰਸਿਟੀ

**ਲੰਡਨ:** ਬਰਤਾਨੀਆ ਦੀ ਮਸ਼ਹੂਰ ਕੈਂਬਰਿਜ ਯੂਨੀਵਰਸਿਟੀ ਲਗਾਤਾਰ ਚੌਥੇ ਵਰ੍ਹੇ ਨੇੜਲੇ ਵਿਰੋਧੀ ਆਕਸਫੋਰਡ ਨੂੰ ਪਛਾੜ ਕੇ ਦੇਸ਼ ਦੀ ਬਿਹਤਰੀਨ ਯੂਨੀਵਰਸਿਟੀ ਬਣ ਗਈ ਹੈ। ਯੂਕੇ ਦੀਆਂ ਯੂਨੀਵਰਸਿਟੀਆਂ ਬਾਰੇ ਮੁਕੰਮਲ ਯੂਨੀਵਰਸਿਟੀ ਗਾਈਡ 2015 ਦੀ ਦਰਜਾਬੰਦੀ ਵਿਚ ਕੈਂਬਰਿਜ ਨੇ ਬਾਜ਼ੀ ਮਾਰੀ ਹੈ।

123 ਯੂਨੀਵਰਸਿਟੀਆਂ ਦੀ ਦਰਜਾਬੰਦੀ ਵਿਚ ਆਕਸਫੋਰਡ ਨੂੰ ਦੂਜਾ ਸਥਾਨ ਜਦਕਿ ਲੰਡਨ ਸਕੂਲ ਆਫ ਇਕਨਾਮਿਕਸ ਐਂਡ ਪਾਲੀਨਿਕਲ ਸਾਇੰਸ ਨੂੰ ਤੀਜਾ ਸਥਾਨ ਹਾਸਲ ਹੋਇਆ ਹੈ। ਪਹਿਲੀਆਂ 10 ਯੂਨੀਵਰਸਿਟੀਆਂ ਪਿਛਲੇ ਸਾਲ ਵਾਲੀਆਂ ਹੀ ਹਨ। 'ਦਿ ਸਟੂਡੈਂਟਸ ਟਾਈਮਸ' ਮੁਤਾਬਕ ਸਾਊਥੈਂਪਟਨ ਯੂਨੀਵਰਸਿਟੀ ਨੂੰ 16ਵਾਂ ਤੇ ਨਿਊ ਕੈਸਲ ਨੂੰ 20ਵਾਂ ਸਥਾਨ ਮਿਲਿਆ ਹੈ ਜਦਕਿ ਐਡਿਨਬਰਗ 21ਵੇਂ ਤੇ ਕਿੰਗਜ਼ 28ਵੇਂ ਸਥਾਨ 'ਤੇ ਪਹੁੰਚ ਗਏ। ਪਹਿਲੇ 10 ਸਥਾਨ 'ਤੇ ਰਹਿਣ ਵਾਲੀਆਂ ਯੂਨੀਵਰਸਿਟੀਆਂ ਵਿਚ ਕੈਂਬਰਿਜ, ਆਕਸਫੋਰਡ, ਐਲ.ਐਸ.ਈ., ਸੈਂਟ ਐਂਡਰਿਊਜ਼, ਡਰਹਮ, ਇੰਪੀਰੀਅਲ ਕਾਲਜ, ਵਾਰਵਿਕ, ਬੈਥ, ਯੂਨੀਵਰਸਿਟੀ ਕਾਲਜ ਲੰਡਨ ਤੇ ਐਗਜ਼ੀਟਰ ਸ਼ਾਮਲ ਹਨ। ਕਈ ਵਿਦਿਅਕ ਅਦਾਰਿਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਮੁਤਾਬਕ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਤੇ ਵਿਦਿਆਰਥੀਆਂ ਦੀਆਂ ਸਹੂਲਤਾਂ ਵਿਚ ਵੀ ਵਾਧਾ ਕੀਤਾ ਗਿਆ ਹੈ। ਗਾਈਡ ਮੁਤਾਬਕ ਕੈਂਬਰਿਜ ਵੱਲੋਂ ਪੇਸ਼ 46 ਕੋਰਸਾਂ ਵਿਚੋਂ 29 ਵਿਚ ਉਸ ਨੂੰ ਪਹਿਲਾ ਸਥਾਨ ਮਿਲਿਆ ਹੈ। ਆਕਸਫੋਰਡ ਦੇ 37 ਵਿਸ਼ਿਆਂ ਵਿਚੋਂ 34 ਨੂੰ ਪਹਿਲੀਆਂ 10 ਯੂਨੀਵਰਸਿਟੀਆਂ ਵਿਚ ਰੱਖਿਆ ਗਿਆ ਹੈ।

## ਸਿੱਖ ਅਮਰੀਕੀ ਜਾਗਰੂਕਤਾ ਮਹੀਨਾ ਮਨਾਉਣ ਲਈ ਮਤਾ ਪੇਸ਼

**ਸੈਕਰਾਮੈਂਟੋ:** ਕੈਲੀਫੋਰਨੀਆ ਵਿਚ ਨਵੰਬਰ ਮਹੀਨੇ ਨੂੰ ਸਿੱਖ ਅਮਰੀਕਨ ਜਾਗਰੂਕਤਾ ਤੇ ਮੁਲਾਂਕਣ ਮਹੀਨੇ ਵਜੋਂ ਮਨਾਏ ਜਾਣ ਲਈ ਅਸੈਂਬਲੀ ਮੈਂਬਰ ਰੋਜਰ ਡਿਕੀਨਸਨ ਨੇ ਮਤਾ ਪੇਸ਼ ਕੀਤਾ ਹੈ। ਸਿੱਖਾਂ ਵੱਲੋਂ ਕੈਲੀਫੋਰਨੀਆ ਦੇ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਦਿੱਤਾ ਗਿਆ ਹੈ ਤੇ ਇਹ ਤੱਥ ਮਤੇ ਤੋਂ ਸਪਸ਼ਟ ਹੋ ਜਾਂਦਾ ਹੈ। ਅਮਰੀਕੀ ਸਿੱਖਾਂ ਦੇ ਸਿਧਾਂਤਾਂ ਤੇ ਅਮੀਰ ਵਿਰਸੇ ਤੋਂ ਕੈਲੀਫੋਰਨੀਆ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਇਹ ਉਪਰਾਲਾ ਕੀਤਾ ਜਾ ਰਿਹਾ ਹੈ।

ਅਸੈਂਬਲੀ ਮੈਂਬਰ ਡਿਕੀਨਸਨ ਨੇ ਕਿਹਾ ਹੈ ਕਿ ਅਮਰੀਕੀ ਸਿੱਖ ਭਾਈਚਾਰਾ ਕੈਲੀਫੋਰਨੀਆ ਦੇ ਇਤਿਹਾਸ ਦਾ ਅਟੁੱਟ ਹਿੱਸਾ ਹੈ। ਅਮਰੀਕੀ ਸਿੱਖਾਂ ਵੱਲੋਂ ਦਿੱਤੇ ਗਏ ਯੋਗਦਾਨ ਪ੍ਰਤੀ ਧਿਆਨ ਦਿਵਾਉਣ ਲਈ ਇਹ ਮਤਾ ਪਾਇਆ ਗਿਆ ਹੈ। ਨਾਲ ਹੀ ਸਿੱਖਾਂ ਖ਼ਿਲਾਫ਼ ਹੁੰਦੇ ਵਿਤਕਰੇ ਨੂੰ ਵੀ ਠੱਲ ਪਏਗੀ। ਅਮਰੀਕੀ ਸਿੱਖ ਭਾਈਚਾਰੇ ਨੇ ਕੈਲੀਫੋਰਨੀਆ ਦੇ ਇਤਿਹਾਸ ਵਿਚ ਅਹਿਮ ਯੋਗਦਾਨ ਪਾਇਆ ਹੈ। ਸਿੱਖ 1899 ਵਿਚ ਕੈਲੀਫੋਰਨੀਆ ਪਹੁੰਚੇ ਸਨ ਤੇ 1946 ਵਿਚ ਸਿੱਖਾਂ ਨੂੰ ਅਮਰੀਕੀ ਨਾਗਰਿਕ ਦਾ ਦਰਜਾ ਮਿਲਿਆ ਸੀ।

ਅਮਰੀਕੀ ਸਿੱਖਾਂ ਨੇ ਖੇਤੀਬਾੜੀ, ਸੁਰੱਖਿਆ ਸੇਵਾਵਾਂ, ਉਸਾਰੀ, ਟਰਾਂਸਪੋਰਟੇਸ਼ਨ ਤੋਂ ਇਲਾਵਾ ਕਈ ਉਘੇ ਡਾਕਟਰ, ਅਟਾਰਨੀ, ਇੰਜਨੀਅਰ, ਅਧਿਆਪਕ ਤੇ ਹੋਰ ਅਹੁਦਿਆਂ 'ਤੇ ਨਾਮਣਾ ਖੱਟਿਆ ਹੈ। ਸਿੱਖ ਇਤਿਹਾਸ ਤੇ ਸੱਭਿਆਚਾਰ ਬਾਰੇ ਸਾਨ ਫਰਾਂਸਿਸਕੋ ਦੇ ਅਜਾਇਬਘਰ, ਵਾਸ਼ਿੰਗਟਨ 'ਚ ਸਮਿਥ ਸੋਨੀਅਨ ਅਜਾਇਬਘਰ, ਸਦਰ ਕਾਊਂਟੀ ਦੇ ਕਮਿਊਨਿਟੀ ਮੈਮੋਰੀਅਲ ਅਜਾਇਬਘਰ ਤੇ ਸਟਾਕਟਨ ਗੁਰਦੁਆਰੇ ਵਿਚ ਜਾਣਕਾਰੀ ਮਿਲਦੀ ਹੈ।

ਅਮਰੀਕਾ ਵਿਚ ਸਿੱਖਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਉਨ੍ਹਾਂ 'ਤੇ ਨਸਲੀ ਹਮਲਿਆਂ ਦੇ ਨਾਲ ਨਾਲ ਹੋਰ ਵਿਤਕਰੇ ਵੀ ਕੀਤੇ ਜਾ ਰਹੇ ਹਨ। ਦਸਤਾਰ ਤੇ ਦਾੜ੍ਹੀ ਕਾਰਨ ਸਿੱਖਾਂ ਨੂੰ ਦਹਿਸ਼ਤਗਰਦ ਸਮਝ ਲਿਆ ਜਾਂਦਾ ਹੈ। ਅੰਨ੍ਹੇਵਾਹ ਗੋਲੀਬਾਰੀ ਦੀ ਇਕ ਘਟਨਾ ਵਿਚ ਓਕ ਕਰੀਕ ਦੇ ਵਿਸਕਾਨਸਿਨ ਗੁਰਦੁਆਰੇ ਵਿਚ ਛੇ ਸਿੱਖਾਂ ਦਾ ਇਕ ਜਾਨੂਨੀ ਨੇ ਕਤਲ ਕਰ ਦਿੱਤਾ ਸੀ। ਇਸੇ ਤਰ੍ਹਾਂ ਸੁਰਿੰਦਰ ਸਿੰਘ ਤੇ ਗੁਰਮੇਜ ਅਟਵਾਲ ਦਾ ਕਤਲ ਕਰ ਦਿੱਤਾ ਗਿਆ ਸੀ।

## ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਹੋਵੇਗੀ ਸੋਨੇ ਦੀ ਮੀਨਾਕਾਰੀ

**ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਾਲਸਾ ਪੰਥ ਦੇ ਜਨਮ ਸਥਾਨ ਆਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਵੀ ਛੇਤੀ ਹੀ ਸੋਨੇ ਦੀ ਮੀਨਾਕਾਰੀ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਆਉਣ ਵਾਲੇ ਲੱਖਾਂ ਹੀ ਸ਼ਰਧਾਲੂਆਂ ਦੀ ਮੰਗ ਸੀ ਕਿ ਇਸ ਤਖ਼ਤ ਸਾਹਿਬ ਵਿਚ ਵੀ ਸੋਨੇ ਦਾ ਕੰਮ ਕਰਵਾਇਆ ਜਾਵੇ। ਇਸ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਲਿਆ ਕਿ ਛੇਤੀ ਹੀ ਤਖ਼ਤ ਸਾਹਿਬ ਵਿਖੇ ਸੋਨੇ ਦੀ ਮੀਨਾਕਾਰੀ ਦਾ ਕੰਮ ਸ਼ੁਰੂ ਕਰਵਾਇਆ ਜਾਵੇਗਾ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਸੰਗਤਾਂ ਦੀ ਸ਼ਰਧਾ ਨੂੰ ਧਿਆਨ ਵਿਚ ਰੱਖਦੇ ਹੋਏ ਛੇਤੀ ਸੋਨੇ



ਦੀ ਮੀਨਾਕਾਰੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਵਾਈ ਜਾ ਰਹੀ ਹੈ। ਇਹ ਸੇਵਾ ਬਾਬਾ ਮਹਿੰਦਰ ਸਿੰਘ ਯੂ.ਕੇ. ਵਾਲੇ ਕਰਨਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਆਨੰਦਪੁਰ ਸਾਹਿਬ ਵਿਖੇ ਸਥਿਤ ਗੁਰੂ ਸਾਹਿਬਾਨਾਂ ਨਾਲ ਸਬੰਧਤ ਸਾਰੀਆਂ ਥਾਵਾਂ ਦੇ ਸੁੰਦਰੀਕਰਨ ਤੇ ਉਨ੍ਹਾਂ ਦੀ ਪੁਰਾਤਨ ਦਿੱਖ ਸਾਂਭਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ। ਇਹੀ ਕਾਰਨ ਹੈ ਕਿ ਛੇਤੀ ਹੀ ਜਿਥੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਵਰਾਂਡੇ ਨੂੰ ਪਹਿਲਾਂ ਨਾਲੋਂ ਵੱਡਾ ਕੀਤਾ ਜਾ ਰਿਹਾ ਹੈ, ਉਥੇ ਹੀ ਗੁਰੂ ਸਾਹਿਬ ਦੇ ਕਿਲ੍ਹਿਆਂ ਦਾ ਵੀ ਨਵੀਨੀਕਰਨ ਪੁਰਾਤਨ ਦਿੱਖ ਮੁਤਾਬਕ ਹੀ ਕੀਤਾ ਜਾ ਰਿਹਾ ਹੈ।


ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ ਨੇ ਦੱਸਿਆ ਕਿ ਲੰਮੇ ਸਮੇਂ ਤੋਂ ਕੇਸਗੜ੍ਹ ਸਾਹਿਬ ਵਿਖੇ ਸੋਨੇ ਦਾ ਕੰਮ ਕਰਵਾਉਣ ਲਈ ਵਿਚਾਰਾਂ ਚੱਲ ਰਹੀਆਂ ਸਨ। ਤਖ਼ਤ ਸਾਹਿਬ ਅੰਦਰ ਦੀਆਂ ਛੱਤਾਂ 'ਤੇ ਸੋਨੇ ਦੀ ਮੀਨਾਕਾਰੀ ਤੋਂ ਇਲਾਵਾ, ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਦਾ ਕੰਮ ਤੇ ਤਖ਼ਤ ਸਾਹਿਬ ਨੂੰ ਤਿੰਨ ਪਾਸੇ ਤੋਂ ਚੌੜਾ ਕਰਨ ਦਾ ਕੰਮ ਬੁਹਤ ਛੇਤੀ ਸ਼ੁਰੂ ਕੀਤਾ ਜਾ ਰਿਹਾ ਹੈ।

# ਢੱਟ ਕਤਲ ਕੇਸ: 25 ਸਾਲ ਬਾਅਦ ਸਿਰਫ 5-5 ਸਾਲ ਕੈਦ

**ਹੁਸ਼ਿਆਰਪੁਰ (ਬਿਊਰੋ):** ਸ਼ਹੀਦ ਭਗਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਤੇ ਪਿੰਡ ਅੰਬਾਲਾ ਜੱਟਾਂ ਦੇ ਸਾਬਕਾ ਸਰਪੰਚ ਕੁਲਜੀਤ ਸਿੰਘ ਢੱਟ ਨੂੰ ਮਾਰਨ ਦੀ ਨੀਅਤ ਨਾਲ ਅਗਵਾ ਕਰਨ ਦੇ ਦੋਸ਼ ਹੇਠ ਜ਼ਿਲ੍ਹਾ ਅਦਾਲਤ ਨੇ ਪੰਜਾਬ ਪੁਲਿਸ ਦੇ ਤਿੰਨ ਸਾਬਕਾ ਅਧਿਕਾਰੀਆਂ ਨੂੰ 5-5 ਸਾਲ ਕੈਦ ਤੇ ਇਕ-ਇਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸ. ਢੱਟ ਨੂੰ ਹੁਸ਼ਿਆਰਪੁਰ ਪੁਲਿਸ ਨੇ 23 ਜੁਲਾਈ 1989 ਨੂੰ ਨਜ਼ਦੀਕੀ ਪਿੰਡ ਗੜ੍ਹੀ ਤੋਂ ਹਿਰਾਸਤ ਵਿਚ ਲਿਆ ਸੀ ਜਿਸ ਪਿੱਛੋਂ ਉਨ੍ਹਾਂ ਦਾ ਕੋਈ ਥਹੁ ਪਤਾ ਨਹੀਂ ਲੱਗਿਆ।

ਵਧੀਕ ਤੇ ਸੈਸ਼ਨ ਜੱਜ ਪੂਨਮ ਆਰ. ਜੋਸ਼ੀ ਨੇ ਪੰਜਾਬ ਪੁਲਿਸ ਦੇ ਸਾਬਕਾ ਡੀ.ਆਈ.ਜੀ. ਐਸ.ਪੀ.ਐਸ. ਬਸਰਾ, ਸਾਬਕਾ ਡੀ.ਐਸ.ਪੀ. ਜਸਪਾਲ ਸਿੰਘ ਤੇ ਸਾਬਕਾ ਐਸ.ਐਚ.ਓ. ਸੀਤਾ ਰਾਮ ਨੂੰ ਸਜ਼ਾ ਸੁਣਾਈ। ਐਫ਼.ਆਈ.ਆਰ. ਪੰਜ ਪੁਲਿਸ ਅਧਿਕਾਰੀਆਂ ਖਿਲਾਫ ਦਰਜ ਹੋਈ ਸੀ ਜਿਨ੍ਹਾਂ ਵਿਚੋਂ ਸਾਬਕਾ ਐਸ.ਐਸ.ਪੀ. ਸੁਰਜੀਤ ਸਿੰਘ ਸੰਧੂ ਤੇ ਸਰਦੂਲ ਸਿੰਘ ਦੀ ਮੌਤ ਹੋ ਚੁੱਕੀ ਹੈ। ਦਫ਼ਾ 364/346/466/201/218 ਤੇ 120-ਬੀ ਤਹਿਤ ਪੁਲਿਸ ਅਧਿਕਾਰੀਆਂ ਖ਼ਿਲਾਫ਼ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਅਦਾਲਤ ਨੇ ਦੋਸ਼ੀਆਂ ਨੂੰ ਕੇਵਲ 364/201 ਤੇ 120-ਬੀ ਤਹਿਤ ਸਜ਼ਾ ਸੁਣਾਈ ਹੈ। ਸਜ਼ਾ ਤੋਂ ਤੁਰੰਤ ਬਾਅਦ ਦੋਸ਼ੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਸ. ਕੁਲਜੀਤ ਸਿੰਘ ਢੱਟ ਸ਼ਹੀਦ ਭਗਤ ਸਿੰਘ ਦੀ ਭੈਣ ਪ੍ਰਕਾਸ਼ ਕੌਰ ਦੇ ਜਵਾਈ ਦੇ ਭਰਾ



ਸਨ। ਪੁਲਿਸ ਦੀ ਵਧੀਕੀ ਵਿਰੁਧ ਪ੍ਰਕਾਸ਼ ਕੌਰ ਤੇ ਕੁਲਜੀਤ ਸਿੰਘ ਢੱਟ ਦੀ ਵਿਧਵਾ ਗੁਰਮੀਤ ਕੌਰ ਨੇ ਸੁਪਰੀਮ ਕੋਰਟ ਵਿਚ ਰਿੱਟ ਕੀਤੀ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਸ. ਢੱਟ ਨੂੰ ਪੁਲਿਸ ਨੇ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਹੈ। ਉਨ੍ਹਾਂ ਤਤਕਾਲੀ ਐਸ.ਪੀ. (ਆਪਰੇਸ਼ਨ) ਐਸ.ਪੀ.ਐਸ. ਬਸਰਾ, ਡੀ.ਐਸ.ਪੀ. ਦਸੂਹਾ ਅਜੀਤ ਸਿੰਘ ਸੰਧੂ, ਟਾਂਡਾ ਐਸ.ਐਚ.ਓ. ਸਰਦੂਲ ਸਿੰਘ, ਦਸੂਹਾ ਐਸ.ਐਚ.ਓ. ਜਸਪਾਲ ਸਿੰਘ ਤੇ ਗੜ੍ਹਦੀਵਾਲਾ ਚੌਕੀ ਦੇ ਇੰਚਾਰਜ ਸੀਤਾ ਰਾਮ ਖਿਲਾਫ ਸ਼ਿਕਾਇਤ ਕੀਤੀ ਸੀ।

ਸੁਪਰੀਮ ਕੋਰਟ ਨੇ ਦੋਸ਼ਾਂ ਦੀ ਜਾਂਚ ਲਈ ਰਿਟਾਇਰਡ ਸੈਸ਼ਨ ਜੱਜ ਐਚ.ਐਲ. ਰਣਦੇਵ 'ਤੇ ਆਧਾਰਤ ਕਮਿਸ਼ਨ ਬਣਾਇਆ ਸੀ। ਕਮਿਸ਼ਨ ਨੇ ਸ. ਢੱਟ ਦੇ ਹਿਰਾਸਤ ਵਿਚੋਂ ਫਰਾਰ ਹੋ ਜਾਣ ਦੀ ਪੁਲਿਸ ਕਹਾਣੀ ਨੂੰ ਝੂਠਾ ਦੱਸਦਿਆਂ ਉਕਤ ਸਾਰੇ ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ। ਕਮਿਸ਼ਨ ਨੇ ਆਪਣੀ ਰਿਪੋਰਟ ਅਕਤੂਬਰ 1993 ਵਿਚ ਸੁਪਰੀਮ ਕੋਰਟ ਨੂੰ ਸੌਂਪ ਦਿੱਤੀ ਸੀ ਪਰ ਇਸ ਦੇ ਬਾਵਜੂਦ ਐਫ.ਆਈ.ਆਰ. 1996 ਵਿਚ ਦਰਜ ਹੋਈ।

ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਉਦੋਂ ਦੇ ਜਲੰਧਰ ਡਿਵੀਜ਼ਨ ਦੇ ਡੀ.ਆਈ.ਜੀ. ਜੇ.ਪੀ. ਵਿਰਦੀ ਨੂੰ ਮਾਮਲੇ ਦੀ ਜਾਂਚ ਸੌਂਪੀ ਗਈ। ਡੀ.ਆਈ.ਜੀ. ਨੇ ਐਫ.ਆਈ.ਆਰ. ਵਿਚ ਧਾਰਾ 364 ਦੀ ਬਜਾਏ 363 ਲਾ ਦਿੱਤੀ ਪਰ ਅਦਾਲਤ ਦੀ ਦਖਲਅੰਦਾਜ਼ੀ ਤੋਂ ਬਾਅਦ ਇਕ ਵਾਰ ਫਿਰ 364 ਤਹਿਤ ਮਾਮਲਾ ਦਰਜ ਕਰ ਲਿਆ।



ਐਸ.ਪੀ.ਐਸ. ਬਸਰਾ, ਜਸਪਾਲ ਸਿੰਘ ਤੇ ਸੀਤਾ ਰਾਮ ਜਿਨ੍ਹਾਂ ਨੂੰ ਸਜ਼ਾ ਸੁਣਾਈ ਗਈ

## ਹਾਈਕੋਰਟ 'ਚ 13 ਸਾਲ ਲਟਕਦਾ ਰਿਹਾ ਕੇਸ

**ਚੰਡੀਗੜ੍ਹ:** ਕੇਸ ਦੀ ਸੁਣਵਾਈ ਸ਼ੁਰੂ ਹੋਣ 'ਤੇ ਦੋਸ਼ੀਆਂ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਤੋਂ ਇਸ ਆਧਾਰ 'ਤੇ ਸਟੇਅ ਹਾਸਲ ਕਰ ਲਿਆ ਕਿ ਰਾਸ਼ਟਰਪਤੀ ਰਾਜ ਦੌਰਾਨ ਸਰਕਾਰੀ ਅਧਿਕਾਰੀਆਂ ਖਿਲਾਫ ਅਪਰਾਧਕ ਮਾਮਲਾ ਚਲਾਉਣ ਦੀ ਇਜਾਜ਼ਤ ਕੇਂਦਰ ਸਰਕਾਰ ਤੋਂ ਨਹੀਂ ਲਈ ਗਈ।

ਹਾਈਕੋਰਟ ਵਿਚ ਇਹ ਕੇਸ ਕਰੀਬ 13 ਸਾਲ ਲਟਕਦਾ ਰਿਹਾ। ਅਖੀਰ ਪੀੜਤ ਪਰਿਵਾਰ ਨੂੰ ਇਕ ਵਾਰ ਫਿਰ ਸੁਪਰੀਮ ਕੋਰਟ ਦੀ ਸ਼ਰਨ ਵਿਚ ਜਾਣਾ ਪਿਆ। ਸੁਪਰੀਮ ਕੋਰਟ ਦੀ ਸਖ਼ਤੀ ਤੋਂ ਬਾਅਦ ਆਖਰਕਾਰ ਸਟੇਅ ਸਬੰਧੀ ਫੈਸਲਾ ਹੋਇਆ ਤੇ ਹਾਈਕੋਰਟ ਨੇ ਸਟੇਅ ਤੋਂ ਰੋਕ ਹਟਾ ਦਿੱਤੀ। ਅਪਰੈਲ 2012 ਵਿਚ ਇਸ ਕੇਸ ਦੀ ਸੁਣਵਾਈ ਵਧੀਕ ਸੈਸ਼ਨ ਜੱਜ ਹੁਸ਼ਿਆਰਪੁਰ ਜੇ.ਐਸ. ਭਿੰਡਰ ਦੀ ਅਦਾਲਤ ਵਿਚ ਸ਼ੁਰੂ ਹੋਈ। ਇਸੇ ਸਾਲ ਮਾਰਚ ਵਿਚ ਅਦਾਲਤ ਨੇ ਤੇਜ਼ੀ ਨਾਲ ਕੇਸ ਚਲਾਉਂਦਿਆਂ ਸਾਰੀਆਂ ਗਵਾਹੀਆਂ ਮੁਕੰਮਲ ਕਰ ਲਈਆਂ।

## ਅਦਾਲਤੀ ਫੈਸਲੇ ਤੋਂ ਸੰਤੁਸ਼ਟ ਨਹੀਂ ਢੱਟ ਪਰਿਵਾਰ

**ਹੁਸ਼ਿਆਰਪੁਰ:** ਢੱਟ ਦੀ ਹਿਰਾਸਤੀ ਮੌਤ ਵਾਲੇ ਕੇਸ ਦੇ ਫੈਸਲੇ ਤੋਂ ਬਾਅਦ ਭਾਵੁਕ ਹੋਏ ਪੀੜਤ ਪਰਿਵਾਰ ਨੇ ਕੋਰਟ ਦੇ ਫੈਸਲੇ ਖਿਲਾਫ ਰੋਸ ਵਜੋਂ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਕੁਲਜੀਤ ਸਿੰਘ ਢੱਟ ਦੇ ਭਰਾ ਹਰਭਜਨ ਸਿੰਘ ਢੱਟ, ਪਤਨੀ ਗੁਰਮੀਤ ਕੌਰ, ਪੁੱਤਰ ਹਰਵੀਰ ਸਿੰਘ ਤੇ ਹੋਰਾਂ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਹ ਉਕਤ ਫੈਸਲੇ ਤੋਂ ਖੁਸ਼ ਨਹੀਂ ਹਨ ਕਿਉਂਕਿ ਉਨ੍ਹਾਂ ਨੂੰ 25 ਸਾਲ ਦੇ ਇੰਤਜਾਰ ਤੋਂ ਬਾਅਦ ਵੀ ਅਦਾਲਤ ਤੋਂ ਇਨਸਾਫ ਨਹੀਂ ਮਿਲਿਆ।

ਉਨ੍ਹਾਂ ਕਿਹਾ ਕਿ ਅਦਾਲਤ 'ਤੇ ਉਨ੍ਹਾਂ ਨੂੰ ਬਹੁਤ ਆਸਾਂ ਸਨ ਪਰ ਫੈਸਲੇ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਿਰਾਸ਼ ਕਰ ਦਿੱਤਾ ਹੈ। ਉਹ ਹਾਲੇ ਵੀ ਹਿੰਮਤ ਨਹੀਂ ਹਾਰੇ ਤੇ ਇਸ ਲਈ ਉਹ ਉਕਤ ਫੈਸਲੇ ਨੂੰ ਚੁਣੌਤੀ ਦੇਣਗੇ। ਉਨ੍ਹਾਂ ਹੀ ਇਹ ਇਨਸਾਫ ਦੀ ਲੜਾਈ ਸ਼ੁਰੂ ਕੀਤੀ ਸੀ। ਪਰਿਵਾਰ ਨੇ ਕਿਹਾ ਕਿ ਪੁਲਿਸ ਵਾਲਿਆਂ ਨੇ ਜੋ ਗੈਰ-ਜ਼ਿੰਮੇਵਾਰਾਨਾ ਰਵੱਈਆ ਦਿਖਾਇਆ ਹੈ, ਉਸ ਲਈ ਉਨ੍ਹਾਂ ਨੂੰ ਘੱਟੋ-ਘੱਟ ਉਮਰ ਕੈਦ ਹੋਣੀ ਚਾਹੀਦੀ ਸੀ ਤਾਂ ਜੋ ਮੁੜ ਤੋਂ ਕਿਸੇ ਪਰਿਵਾਰ ਨੂੰ ਇਹੋ ਜਿਹਾ ਕਾਲਾ ਦਿਨ ਦੇਖਣਾ ਨਾ ਪਵੇ।



ਢੱਟ ਪਰਿਵਾਰ ਦੇ ਜੀਅ ਅਦਾਲਤ ਦੇ ਬਾਹਰ ਨਾਅਰੇ ਮਾਰਦੇ ਹੋਏ

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦੇ ਖਾਲੜਾ ਕੇਸ ਵਿਚ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ ਪਰ ਅਦਾਲਤ ਵੱਲੋਂ ਇਨ੍ਹਾਂ ਦੋਸ਼ੀਆਂ ਨੂੰ ਸਜ਼ਾ ਘੱਟ ਦੇ ਕੇ ਪੀੜਤਾਂ ਨੂੰ ਨਿਰਾਸ਼ ਕੀਤਾ ਹੈ। ਇਸ ਮੌਕੇ ਕੁਲਜੀਤ ਸਿੰਘ ਢੱਟ ਦੀ ਪਤਨੀ ਗੁਰਮੀਤ ਕੌਰ ਭਾਵੁਕ ਗਈ ਤੇ ਉਨ੍ਹਾਂ ਕਿਹਾ ਕਿ ਉਹ ਆਪਣੇ ਪਤੀ ਦੇ ਹਥਿਆਰਿਆਂ ਨੂੰ ਸਜ਼ਾ ਦਿਵਾ ਕੇ ਹੀ ਸਾਹ ਲਵੇਗੀ।


ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।



*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ: ਪਾਲ ਫੋਨ 1-800-705-3863

Attention: Trucking Companies-Improve Your Cash Flow

*Low Rates
*One-Time Discounts
*No Minimums

Call Paul at 1-800-705-3863

Transportation Funding Group, Inc.

Minneapolis , MN 55426

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭਗਤ ਸਿੰਘ ਕੇਸ 'ਚ ਅੰਗਰੇਜ਼ਾਂ ਨੇ ਕੀਤੀ ਸੀ ਮਨਮਰਜ਼ੀ

**ਚੰਡੀਗੜ੍ਹ:** ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਦਾ ਕਹਿਣਾ ਹੈ ਕਿ ਦਸਤਾਵੇਜ਼ਾਂ ਦੇ ਆਧਾਰ ਦੇ ਇਸ ਸਿੱਟੇ 'ਤੇ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ ਕਿ ਲਾਹੌਰ ਸਾਜ਼ਿਸ਼ ਕੇਸ ਦੀ ਸੁਣਵਾਈ ਦੌਰਾਨ ਸਾਰੇ ਕਾਨੂੰਨੀ ਤੌਰ ਤਰੀਕਿਆਂ ਨੂੰ ਅਣਗੌਲੇ ਕੀਤਾ ਗਿਆ। ਆਮ ਕੇਸ ਵਿਚ ਮੈਜਿਸਟਰੇਟ ਦੀ ਇਨਕੁਆਰੀ ਹੁੰਦੀ ਹੈ, ਫਿਰ ਮੈਜਿਸਟਰੇਟ ਕੇਸ ਨੂੰ ਸੰਗੀਨ ਮੰਨ ਕੇ ਸੈਸ਼ਨ ਦੇ ਸਪੁਰਦ ਕਰਦਾ ਹੈ। ਸੈਸ਼ਨ ਕੋਰਟ ਫਿਰ ਸਾਰੀਆਂ ਗਵਾਹੀਆਂ ਤੇ ਸਬੂਤਾਂ ਦੀ ਘੋਖ ਕਰਨ ਤੇ ਸਾਰੇ ਪੱਖ ਸੁਣਨ ਮਗਰੋਂ ਸਜ਼ਾ ਤੈਅ ਕਰਦਾ ਹੈ। ਇਸ ਦੀ ਅਪੀਲ ਤੇ ਸਜ਼ਾ ਦੀ ਤਾਈਦ ਹਾਈ ਕੋਰਟ ਵੱਲੋਂ ਕੀਤੀ ਜਾਂਦੀ ਹੈ ਪਰ ਬ੍ਰਿਟਿਸ਼ ਸਾਮਰਾਜਵਾਦੀਆਂ ਨੇ ਪਹਿਲਾਂ ਇਹ ਕਾਨੂੰਨੀ ਤਾਕਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਕਿ ਮੁਲਜ਼ਮ ਦੀ ਗੈਰ-ਹਾਜ਼ਰੀ ਵਿਚ ਗਵਾਹੀਆਂ ਦਰਜ ਕੀਤੀਆਂ ਜਾਣ। ਇਹ ਬਿੱਲ ਸਤੰਬਰ 1929 ਨੂੰ ਕੇਂਦਰੀ ਅਸੈਂਬਲੀ ਵਿਚ ਪੇਸ਼ ਹੋਇਆ। ਭਾਰਤੀ ਲੀਡਰਸ਼ਿਪ ਵੱਲੋਂ ਮੁਹੰਮਦ ਅਲੀ ਜਿਨਾਹ ਨੇ ਇਸ ਦੀ ਸਖਤ ਨੁਕਤਾਚੀਨੀ ਕੀਤੀ। ਲਿਹਾਜ਼ਾ ਇਹ ਸਰਕਾਰੀ ਬਿਲ ਪਾਸ ਨਾ ਹੋ ਸਕਿਆ।

ਇਸ ਤੋਂ ਮਗਰੋਂ ਮੈਜਿਸਟਰੇਟੀ ਜਾਂਚ ਵਿਚਾਲੇ ਹੀ ਬੰਦ ਕਰ ਕੇ ਸਪੈਸ਼ਲ ਆਰਡੀਨੈਂਸ ਰਾਹੀਂ ਟ੍ਰਿਬਿਊਨਲ ਸਥਾਪਤ ਕੀਤਾ ਗਿਆ ਜਿਸ ਨੂੰ ਹਾਈ ਕੋਰਟ ਵਾਲੀਆਂ ਸ਼ਕਤੀਆਂ ਦਿੱਤੀਆਂ ਗਈਆਂ। ਇਹ ਆਰਡੀਨੈਂਸ ਨਾ ਕੇਂਦਰੀ ਅਸੈਂਬਲੀ ਅਤੇ ਨਾ ਹੀ ਬ੍ਰਿਟਿਸ਼ ਪਾਰਲੀਮੈਂਟ ਪੇਸ਼ ਕੀਤਾ ਗਿਆ। ਇਸ ਦੀ ਮਿਆਦ 6 ਮਹੀਨੇ ਉਪਰੰਤ 30 ਅਕਤੂਬਰ, 1930 ਨੂੰ ਖਤਮ ਹੋ ਜਾਣੀ ਸੀ। ਭਗਤ ਸਿੰਘ ਤੇ ਸਾਥੀਆਂ ਨੇ ਪਹਿਲੇ ਦਿਨ ਹੀ ਜਦੋਂ ਟ੍ਰਿਬਿਊਨਲ ਸਾਹਮਣੇ ਪੇਸ਼ ਹੋ ਕੇ ਕਹਿ ਦਿੱਤਾ ਕਿ ਟ੍ਰਿਬਿਊਨਲ ਸਿਰਫ ਅੱਖਾਂ ਪੂੰਝਣ ਲਈ ਹੈ ਜਿਸ ਨੇ ਸਜ਼ਾਵਾਂ ਦੇਣ ਦਾ ਫੈਸਲਾ ਪਹਿਲਾਂ ਹੀ ਕੀਤਾ ਹੋਇਆ ਹੈ। ਉਨ੍ਹਾਂ ਆਪਣੇ ਵਿਚਾਰਾਂ ਨੂੰ ਟ੍ਰਿਬਿਊਨਲ ਸਾਹਮਣੇ ਨਾਅਰੇ ਲਾ ਕੇ ਸਪਸ਼ਟ ਕੀਤਾ ਤਾਂ ਟ੍ਰਿਬਿਊਨਲ ਦੇ ਪ੍ਰਧਾਨ ਕੋਲਡ ਸਟਰੀਮ ਨੇ ਮੁਲਜ਼ਮਾਂ ਨੂੰ ਹੱਥਕੜੀਆਂ ਲਾਉਣ ਦਾ ਹੁਕਮ ਦਿੱਤਾ। ਇਸ ਹੁਕਮ ਉੱਤੇ ਟ੍ਰਿਬਿਊਨਲ ਦੇ ਤੀਜੇ (ਭਾਰਤੀ ਮੂਲ ਦੇ) ਜੱਜ ਆਗ਼ਾ ਹੈਦਰ ਨੇ ਇਤਰਾਜ਼ ਕੀਤਾ। ਮੁਲਜ਼ਮਾਂ ਦੀ ਗੈਰ-ਹਾਜ਼ਰੀ ਵਿਚ ਕੁਝ ਗਵਾਹੀਆਂ ਵੀ ਪੇਸ਼ ਕੀਤੀਆਂ ਗਈਆਂ। ਇਨ੍ਹਾਂ ਗਵਾਹੀਆਂ 'ਤੇ ਜਦੋਂ ਜੱਜ ਆਗਾ ਹੈਦਰ ਨੇ ਜਿਰ੍ਹਾ ਕਰਵਾਈ ਤਾਂ ਇਹ ਝੂਠੀਆਂ ਸਾਬਤ ਹੋਈਆਂ।

ਬ੍ਰਿਟਿਸ਼ ਸਾਮਰਾਜ ਨੂੰ ਜਦੋਂ ਸਾਜ਼ਿਸ਼ ਅਧੀਨ ਇਨਕਲਾਬੀਆਂ ਨੂੰ ਗਲੋਂ ਲਾਹੁਣ ਵਿਚ ਅਸਫਲਤਾ ਨਜ਼ਰ ਆਈ ਤਾਂ ਪਹਿਲੇ ਟ੍ਰਿਬਿਊਨਲ ਨੂੰ ਇਹ ਕਹਿ ਕੇ ਤੋੜ ਦਿੱਤਾ ਗਿਆ ਕਿ ਪ੍ਰਧਾਨ ਜੱਜ ਛੁੱਟੀ 'ਤੇ ਇੰਗਲੈਂਡ ਜਾ ਰਹੇ ਹਨ। ਜੱਜ ਆਗਾ ਹੈਦਰ ਨੂੰ ਟ੍ਰਿਬਿਊਨਲ ਤੋਂ ਜ਼ਬਰਦਸਤੀ ਹਟਾ ਦਿੱਤਾ। ਫਿਰ ਨਵਾਂ ਟ੍ਰਿਬਿਊਨਲ ਬਣਾਇਆ ਗਿਆ ਜਿਸ ਦੇ ਪ੍ਰਧਾਨ ਹੈਮਿਲਟਨ ਸਨ। ਉਨ੍ਹਾਂ ਨਾਲ ਅੰਗਰੇਜ਼ ਜੱਜ ਟਰੈਂਪ ਅਤੇ ਭਾਰਤੀ ਮੂਲ ਦੇ ਜੱਜ ਅਬਦੁਲ ਕਾਦਰ ਨੂੰ ਲਾਇਆ ਗਿਆ। ਅਬਦੁਲ ਇਕ ਰਾਜਨੀਤਕ ਵਿਅਕਤੀ ਸੀ ਤੇ ਪੰਜਾਬ ਅਸੈਂਬਲੀ ਦਾ ਵੀ ਚੇਅਰਮੈਨ ਰਹਿ ਚੁੱਕਾ ਸੀ। ਉਸ ਨੂੰ 14 ਫਰਵਰੀ, 1930 ਨੂੰ ਐਡੀਸ਼ਨਲ ਜੱਜ ਲਾਇਆ ਗਿਆ ਸੀ। ਸਾਜ਼ਿਸ਼ ਕੇਸ ਫਾਈਨਲ ਹੋਣ ਉਪਰੰਤ ਉਨ੍ਹਾਂ ਨੂੰ ਵਾਇਸਰਾਏ ਕੌਂਸਲ ਦਾ ਮੈਂਬਰ ਵੀ ਨਿਯੁਕਤ ਕੀਤਾ ਗਿਆ।

ਭਗਤ ਸਿੰਘ ਤੇ ਸਾਥੀਆਂ ਨੇ ਨਵੇਂ ਟ੍ਰਿਬਿਊਨਲ ਦਾ ਇਹ ਕਹਿੰਦੇ ਹੋਏ ਬਾਈਕਾਟ ਕਰ ਦਿੱਤਾ ਕਿ ਸਾਡਾ ਕਿਸੇ ਵਿਅਕਤੀ ਨਾਲ ਵਿਰੋਧ ਨਹੀਂ। ਸਾਡਾ ਉਸ ਗੈਰ-ਕਾਨੂੰਨੀ ਅਦਾਲਤੀ ਹੁਕਮ ਪ੍ਰਤੀ ਵਿਰੋਧ ਹੈ ਜਿਸ ਵਿਚ ਸਾਡੇ ਹੱਕਾਂ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਨਵੇਂ ਟ੍ਰਿਬਿਊਨਲ ਨੇ ਸਾਰੇ ਗਵਾਹ ਦੁਬਾਰਾ ਨਹੀਂ ਸੁਣੇ ਤੇ ਚੰਦ ਗਵਾਹਾਂ ਦੀਆਂ ਗਵਾਹੀਆਂ ਦੇ ਆਧਾਰ 'ਤੇ 7 ਅਕਤੂਬਰ, 1930 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਦੂਜੇ ਸਾਥੀਆਂ ਨੂੰ ਉਮਰ ਕੈਦ ਤੇ ਕੁਝ ਨੂੰ ਬਰੀ ਵੀ ਕਰ ਦਿੱਤਾ ਗਿਆ। ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਉਨ੍ਹਾਂ ਵਿਚ ਡਾ. ਗਯਾ ਪ੍ਰਸ਼ਾਦ, ਸ਼ਿਵ ਵਰਮਾ, ਜੈਦੇਵ ਕਪੂਰ, ਵਿਜੈ ਕੁਮਾਰ ਸਿਨਹਾ, ਮਹਾਂਵੀਰ ਸਿੰਘ ਤੇ ਪੰਡਤ ਕਿਸ਼ੋਰੀ ਲਾਲ ਦੇ ਨਾਂ ਸ਼ਾਮਲ ਸਨ। ਹੋਰਾਂ ਨੂੰ ਘੱਟ ਸਜ਼ਾਵਾਂ ਦਿੱਤੀਆਂ ਗਈਆਂ। ਸਾਜ਼ਿਸ਼ ਕੇਸ ਵਿਚ 26 ਦੇਸ਼ ਭਗਤ ਸ਼ਾਮਲ ਸਨ ਜਿਨ੍ਹਾਂ ਵਿਚੋਂ 16 ਨੂੰ ਸਜ਼ਾ ਹੋਈ ਤੇ 10 ਵਿਅਕਤੀਆਂ ਨੂੰ ਬਰੀ ਕਰ ਦਿੱਤਾ ਗਿਆ। ਬਰੀ ਹੋਣ ਵਾਲਿਆਂ ਵਿਚ ਵਾਅਦਾ-ਮੁਆਫ ਗਵਾਹ ਜੈ ਗੋਪਾਲ, ਹੰਸਰਾਜ ਵੋਹਰਾ, ਫਣਿੰਦਰ ਆਦਿ ਸ਼ਾਮਲ ਸਨ।



*ਭਗਤ ਸਿੰਘ ਦੀ ਪਹਿਲੀ ਗ੍ਰਿਫਤਾਰੀ ਵੇਲੇ ਦੀ ਤਸਵੀਰ।*

## ਭਗਤ ਸਿੰਘ ਨੇ ਫੈਸਲੇ ਨੂੰ ਵੰਗਾਰਿਆ ਸੀ...

**ਚੰਡੀਗੜ੍ਹ:** ਭਗਤ ਸਿੰਘ ਨੇ ਆਪਣੀ ਸ਼ਹਾਦਤ ਤੋਂ ਤਿੰਨ ਦਿਨ ਪਹਿਲਾਂ 20 ਮਾਰਚ, 1931 ਨੂੰ ਪੰਜਾਬ ਦੇ ਗਵਰਨਰ ਨੂੰ ਚਿੱਠੀ ਲਿਖ ਕੇ ਸੁਚੇਤ ਕੀਤਾ, "ਤੁਹਾਡੀ ਅਦਾਲਤ ਮੁਤਾਬਕ ਸਾਡੇ ਉੱਤੇ ਮੁੱਖ ਇਲਜ਼ਾਮ, ਅੰਗਰੇਜ਼ ਬਾਦਸ਼ਾਹ ਦੀ ਹਿੰਦੁਸਤਾਨ ਵਿਚੋਂ ਹਕੂਮਤ ਖਤਮ ਕਰਨ ਲਈ ਬਾਦਸ਼ਾਹ ਖ਼ਿਲਾਫ ਜੰਗ ਛੇੜਨ ਤੇ ਉਸ ਦੀ ਯੋਜਨਾ ਬਣਾਉਣ ਦਾ ਸੀ ਜਿਸ ਕਰ ਕੇ ਸਾਨੂੰ ਮੌਤ ਦੀ ਸਜ਼ਾ ਦਿੱਤੀ ਗਈ ਜਦੋਂਕਿ ਲੋਕਾਂ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਗਿਆ ਕਿ ਇਨ੍ਹਾਂ ਨੇ ਕਤਲ ਕੀਤਾ ਸੀ ਜਿਸ ਕਰ ਕੇ ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਹੈ। ਇਸ ਤੋਂ ਤੁਹਾਡੀ ਸਰਕਾਰ ਦੀ ਬਦਨੀਅਤੀ ਜ਼ਾਹਰ ਹੁੰਦੀ ਹੈ। ਭਗਤ ਸਿੰਘ ਤੇ ਸਾਥੀਆਂ ਨੇ ਟ੍ਰਿਬਿਊਨਲ ਦੀ ਗੈਰ-ਕਾਨੂੰਨੀ ਸਥਾਪਨਾ ਤੇ ਗੈਰਕਾਨੂੰਨੀ ਮੁਕੱਦਮਾ ਪ੍ਰਕਿਰਿਆ ਨੂੰ ਪ੍ਰੀਵੀਕੌਂਸਲ (ਯੂ.ਕੇ.) ਵਿਚ ਚੈਲਿੰਜ ਕਰਨ ਦੀ ਯੋਜਨਾ ਬਣਾਈ ਪਰ ਪ੍ਰੀਵੀ ਕੌਂਸਲ ਨੇ ਇਸ ਅਪੀਲ ਨੂੰ ਇਹ ਕਹਿ ਕੇ ਦਖਲ ਨਾ ਕੀਤਾ ਕਿ ਇਸ ਨਾਲ ਫਾਂਸੀ ਵਿਚ ਦੇਰੀ ਹੋਵੇਗੀ ਤੇ ਜਦੋਂਕਿ ਅਜਿਹੇ ਹੀ ਇਕ ਕੇਸ ਵਿਚ (ਜੋ ਮਿਸਰ ਦੇ ਇਨਕਲਾਬੀਆਂ ਦਾ ਸੀ) ਨੂੰ ਪ੍ਰੀਵੀਕੌਂਸਲ ਨੇ ਸੁਣਵਾਈ ਲਈ ਮਨਜ਼ੂਰੀ ਦੇ ਦਿੱਤੀ ਸੀ। ਜ਼ਾਹਿਰ ਹੈ ਕਿ ਬ੍ਰਿਟਿਸ਼ ਹਕੂਮਤ ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦੇਣ ਦੀ ਪੱਕੀ ਧਾਰੀ ਬੈਠੀ ਸੀ।


# ਸਰਕਾਰੀ ਖਜ਼ਾਨੇ ਨੂੰ 3426 ਕਰੋੜ ਵਿਚ ਪਈਆਂ ਲੋਕ ਸਭਾ ਚੋਣਾਂ

**ਨਵੀਂ ਦਿੱਲੀ:** ਇਸ ਵਾਰ ਦੀਆਂ ਲੋਕ ਸਭਾ ਚੋਣਾਂ 'ਤੇ ਸਰਕਾਰੀ ਖਜ਼ਾਨੇ ਵਿਚੋਂ 3426 ਕਰੋੜ ਰੁਪਏ ਖਰਚੇ ਗਏ ਹਨ ਜੋ 2009 ਵਿਚ ਚੋਣਾਂ ਵਿਚ ਆਏ ਖਰਚ ਤੋਂ 131 ਫ਼ੀਸਦੀ ਵੱਧ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਸਰਕਾਰੀ ਖਜ਼ਾਨੇ 'ਤੇ 1483 ਕਰੋੜ ਦਾ ਭਾਰ ਪਿਆ ਸੀ।

ਸਰਕਾਰੀ ਖਰਚੇ ਲੋਕ ਸਭਾ ਚੋਣਾਂ 'ਤੇ ਕੁਲ ਖਰਚੇ ਗਏ 30 ਹਜ਼ਾਰ ਕਰੋੜ ਦਾ ਹਿੱਸਾ ਹਨ ਜਿਸ ਬਾਰੇ ਸਰਕਾਰੀ, ਰਾਜਸੀ ਪਾਰਟੀਆਂ ਤੇ ਉਮੀਦਵਾਰਾਂ ਵੱਲੋਂ ਨੌਂ ਪੜਾਵੀ ਚੋਣਾਂ ਲਈ ਖਰਚ ਕੀਤੇ ਜਾਣ ਪੈਸੇ ਦਾ ਅਨੁਮਾਨ ਲਾਇਆ ਗਿਆ ਸੀ। ਚੋਣ ਕਮਿਸ਼ਨ ਮੁਤਾਬਕ ਸਰਕਾਰੀ ਖਰਚ ਮਹਿੰਗਾਈ ਤੋਂ ਇਲਾਵਾ ਵੋਟਾਂ ਪਾਉਣ ਦਾ ਅੰਕੜਾ ਵਧਾਉਣ ਲਈ ਚੁੱਕੇ ਗਏ ਕਈ ਕਦਮਾਂ ਕਾਰਨ ਵਧਿਆ ਹੈ। ਇਸ ਵਾਰ ਕਈ ਪਾਰਟੀਆਂ ਚੋਣ ਮੈਦਾਨ ਵਿਚ ਆਈਆਂ ਸਨ ਤੇ ਆਜ਼ਾਦ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਗਿਣਤੀ ਵੀ ਵਧੀ ਸੀ। ਵੋਟਰਾਂ ਨੂੰ ਜਾਗਰੂਕ ਕਰਨ ਲਈ ਕੀਤੇ ਪ੍ਰਚਾਰ, ਵੋਟਾਂ ਦੀ ਤਾਰੀਕ ਤੋਂ ਪਹਿਲਾਂ ਵੋਟਰ ਸਲਿਪਾਂ ਦੀ ਵੰਡ, ਇਨ੍ਹਾਂ ਚੋਣਾਂ ਵਿਚ ਪਹਿਲੀ ਵਾਰ ਵੋਟਰ ਤਸਦੀਕ ਪੇਪਰ ਆਡਿਟ ਟਰੇਲ ਵਰਤਣ ਨਾਲ ਖਰਚਾ ਵਧਿਆ ਹੈ। 1952 ਵਿਚ ਇਕ ਵੋਟਰ 'ਤੇ ਖਰਚ 60 ਪੈਸੇ ਸੀ ਜਿਹੜਾ 2009 ਵਿਚ 12 ਰੁਪਏ ਹੋ ਗਿਆ ਸੀ। 1952 ਦੀਆਂ ਚੋਣਾਂ ਵਿਚ ਸਰਕਾਰੀ ਖਜ਼ਾਨੇ ਵਿਚੋਂ 10.45 ਕਰੋੜ ਰੁਪਏ ਖਰਚ ਕੀਤੇ ਗਏ ਸਨ ਜਦਕਿ 2009 ਦੀਆਂ ਚੋਣਾਂ ਵਿਚ 1483 ਕਰੋੜ ਰੁਪਏ ਖਰਚ ਆਇਆ ਸੀ। 2004 ਦੀਆਂ ਚੋਣਾਂ ਵਿਚ ਸਰਕਾਰੀ ਖਜ਼ਾਨੇ 'ਤੇ 1114 ਕਰੋੜ ਦਾ ਬੋਝ ਪਿਆ ਸੀ।

# ਜਲੰਧਰੀਆ ਕੇਵਲ ਸਿੰਘ ਅਠਵਾਲ ਬਣਿਆ ਵਲੈਤ 'ਚ ਮੇਅਰ

**ਲੰਡਨ:** ਜਲੰਧਰ ਵਿਚ ਜਨਮੇ ਵਪਾਰੀ ਕੇਵਲ ਸਿੰਘ ਅਠਵਾਲ ਇੰਗਲੈਂਡ ਦੇ ਈਸਟ ਮਿਡਲੈਂਡਸ ਖੇਤਰ ਦੇ ਕਸਬੇ ਏਰੇਵਾਸ਼ (ਡਰਬੀਸ਼ਾਇਰ) ਦੇ ਮੇਅਰ ਚੁਣੇ ਗਏ ਹਨ। ਲੇਬਰ ਪਾਰਟੀ ਦੇ ਫਰੈਂਕ ਫਿਲਿਪਸ ਅਤੇ ਸ੍ਰੀ ਅਠਵਾਲ ਵਿਚਕਾਰ 25-25 ਵੋਟਾਂ ਨਾਲ ਮੁਕਾਬਲਾ ਬਰਾਬਰ ਦਾ ਹੋ ਗਿਆ ਸੀ ਪਰ ਸਾਬਕਾ ਮੇਅਰ ਵਾਲ ਕਲੇਅਰ ਦੀ ਵੋਟ ਫ਼ੈਸਲਾਕੁਨ ਸਾਬਤ ਹੋਈ ਅਤੇ ਉਨ੍ਹਾਂ ਕੰਜ਼ਰਵੇਟਿਵ ਪਾਰਟੀ ਦੇ ਅਠਵਾਲ ਨੂੰ ਤਰਜੀਹ ਦਿੱਤੀ। 1960 ਦੇ ਦਹਾਕੇ ਵਿਚ ਇੰਗਲੈਂਡ ਗਏ ਸ੍ਰੀ ਅਠਵਾਲ ਨੇ ਮੇਅਰ ਦਾ ਅਹੁਦਾ ਸੰਭਾਲਦਿਆਂ ਕਿਹਾ ਕਿ ਉਹ ਡਟ ਕੇ ਲੋਕਾਂ ਦੀ ਸੇਵਾ ਕਰਨਗੇ।



# ਬੇਖੌਫ ਨੇ ਬਾਦਲ ਦੇ ਵਜ਼ੀਰ !

*(ਸਫਾ ਇਕ ਦੀ ਬਾਕੀ)*

ਵਿਚ ਉਦਯੋਗ ਮੰਤਰੀ ਅਨਿਲ ਜੋਸ਼ੀ ਖ਼ਿਲਾਫ਼ ਤੁਰੰਤ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਇਹ ਮਾਮਲਾ ਹੀ ਨਹੀਂ, ਇਸ ਵਾਰ ਕਾਂਗਰਸ ਨੇ ਚੋਣਾਂ ਦੌਰਾਨ ਸੱਤਾ ਧਿਰ ਦੀ ਧੱਕੇਸ਼ਾਹੀ ਨੂੰ ਮੁੱਦਾ ਬਣਾਇਆ। ਵਿਰੋਧੀ ਸਿਆਸੀ ਧਿਰਾਂ ਨੇ ਪਿਛਲੇ ਸੱਤ ਸਾਲਾਂ ਦੌਰਾਨ ਵਾਪਰੀਆਂ ਹਿੰਸਕ ਤੇ ਗੁੰਡਾਗਰਦੀ ਦੀਆਂ ਘਟਨਾਵਾਂ ਨੂੰ ਮੰਤਰੀਆਂ ਨਾਲ ਜੋੜਿਆ। ਕਾਂਗਰਸ ਦੇ ਇਸ ਪੈਂਤੜੇ ਨੇ ਰੰਗ ਵੀ ਵਿਖਾਇਆ ਅਤੇ ਅਕਾਲੀ ਦਲ-ਭਾਜਪਾ ਅੰਦਰ ਇਸ ਵਿਸ਼ੇ 'ਤੇ ਚਰਚਾ ਸ਼ੁਰੂ ਹੋਈ ਕਿ ਅਜਿਹੀਆਂ ਘਟਨਾਵਾਂ ਨੇ ਸਰਕਾਰ ਦੇ ਅਕਸ ਨੂੰ ਢਾਹ ਲਾਈ ਹੈ। ਕਈ ਅਕਾਲੀ ਆਗੂ ਦੱਬੀ ਸੁਰ ਵਿਚ ਇਹ ਗੱਲ ਸਵੀਕਾਰ ਰਹੇ ਹਨ ਕਿ ਕਈ ਅਪਰਾਧੀ ਬਿਰਤੀ ਵਾਲੇ ਲੋਕਾਂ ਨਾਲ ਮੰਤਰੀਆਂ ਦੇ ਸਬੰਧ ਜੱਗ ਜ਼ਾਹਿਰ ਹੋਣ ਨਾਲ ਲੋਕਾਂ ਵਿਚ ਸਰਕਾਰ ਦੀ ਸਾਖ ਨੂੰ ਠੇਸ ਲੱਗੀ ਹੈ।

ਸੂਤਰਾਂ ਅਨੁਸਾਰ ਇਸ ਗੱਲ ਨੂੰ ਲੈ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਖਫਾ ਹਨ ਅਤੇ ਉਨ੍ਹਾਂ ਨੂੰ ਇਹ ਫਿਕਰ ਸਤਾ ਰਿਹਾ ਹੈ ਕਿ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਜਾਰੀ ਰਹੀਆਂ ਤਾਂ ਲੋਕ ਅਕਾਲੀ ਦਲ ਤੋਂ ਮੂੰਹ ਮੋੜ ਸਕਦੇ ਹਨ। ਇਸ ਵਾਰ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਕਾਫੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਸਿਆਸੀ ਮਾਹਿਰ ਇਸ ਸਾਰੇ ਵਰਤਾਰੇ ਨੂੰ ਸੱਤਾ ਵਿਰੋਧੀ ਲਹਿਰ, ਖਾਸਕਰ ਅਕਾਲੀ ਦਲ ਦੇ ਧੱਕੇਸ਼ਾਹੀ ਵਾਲੇ ਅਕਸ ਨੂੰ ਜ਼ਿੰਮੇਵਾਰ ਮੰਨਦੇ ਹਨ।

ਉਧਰ, ਕੈਬਨਿਟ ਮੰਤਰੀ ਅਨਿਲ ਜੋਸ਼ੀ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਾਜ਼ਿਸ਼ ਤਹਿਤ ਫਸਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਜਿਸ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਕਾਂਗਰਸੀ ਵਕੀਲ ਵਨੀਤ ਮਹਾਜਨ 'ਤੇ ਹੋਏ ਹਮਲੇ ਅਤੇ ਉਨ੍ਹਾਂ ਦੇ ਨਿੱਜੀ ਸਹਾਇਕ ਰਾਕੇਸ਼ ਭਾਰਦਵਾਜ 'ਤੇ ਕਾਂਗਰਸੀ ਵਕੀਲ ਸੰਦੀਪ ਗੋਰਸੀ ਤੇ ਕਾਂਗਰਸੀ ਕੌਂਸਲਰ ਗੁਰਿੰਦਰ ਰਿਸ਼ੀ ਵੱਲੋਂ ਕੀਤੇ ਗਏ ਹਮਲੇ ਦੇ ਮਾਮਲੇ ਵਿਚ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ।

# ਡੱਕਿਆ ਨਾ ਜਾ ਸਕਿਆ ਮੋਦੀ ਦਾ ਮਾਰਚ

*(ਸਫਾ ਇਕ ਦੀ ਬਾਕੀ)*

ਬਣੇਗੀ ਤਾਂ ਪੰਜਾਬ ਨਾਲ ਵਿਤਕਰਾ ਖਤਮ ਹੋਵੇਗਾ। ਵਿਕਾਸ ਲਈ ਵਿਸ਼ੇਸ਼ ਪੈਕੇਜ ਮਿਲਣਗੇ, ਬਾਦਲ ਤੇ ਮੋਦੀ ਦੀ ਯਾਰੀ ਦੇ ਸਹਾਰੇ ਪੰਜਾਬ ਮਾਲਾ-ਮਾਲ ਹੋਵੇਗਾ ਤੇ ਰਾਜ ਨੂੰ ਸਨਅਤੀ ਵਿਕਾਸ ਲਈ ਰਾਹਤ ਪੈਕੇਜ ਮਿਲੇਗਾ। ਪਿਛਲੇ ਕਰੀਬ ਡੇਢ ਦਹਾਕਿਆਂ ਦੌਰਾਨ ਪਹਿਲੀ ਵਾਰ ਹੋਇਆ ਕਿ ਅਕਾਲੀ ਦਲ ਨੂੰ ਚੋਣ ਲੜਨ ਲਈ ਭਾਜਪਾ ਦੀ ਡੰਗੋਰੀ ਫੜਨੀ ਪਈ ਤੇ ਚੋਣ ਮੁਹਿੰਮ ਵਿਚ ਹੀਰੋ ਪ੍ਰਕਾਸ਼ ਸਿੰਘ ਬਾਦਲ ਦੀ ਥਾਂ ਨਰੇਂਦਰ ਮੋਦੀ ਬਣਾਏ ਗਏ। ਇਸ ਤੋਂ ਪਹਿਲਾਂ ਹੁੰਦੀਆਂ ਸਾਰੀਆਂ ਚੋਣਾਂ ਵਿਚ ਅਕਾਲੀ ਦਲ ਆਪਣੇ ਮੁੱਦਿਆਂ ਦੇ ਜ਼ੋਰ ਚੋਣ ਲੜਦਾ ਆਇਆ ਹੈ। 1996 ਤੋਂ ਬਾਅਦ ਅੱਜ ਤੱਕ ਅਕਾਲੀ ਦਲ 6 ਲੋਕ ਸਭਾ ਚੋਣਾਂ ਲੜ ਚੁੱਕਾ ਹੈ। 1996 ਵਿਚ ਬਸਪਾ ਨਾਲ ਮਿਲ ਕੇ ਤੇ ਬਾਕੀ 5 ਭਾਜਪਾ ਨਾਲ ਗਠਜੋੜ ਕਰ ਕੇ ਚੋਣਾਂ ਲੜੀਆਂ ਸਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਤਖਤ ਪਟਨਾ ਸਾਹਿਬ ਵਿਖੇ ਟਕਰਾਅ ਵਾਲੀ ਹਾਲਤ ਬਰਕਰਾਰ

**ਚੰਡੀਗੜ੍ਹ:** ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਤੇ ਜਥੇਦਾਰ ਗਿਆਨੀ ਇਕਬਾਲ ਸਿੰਘ ਵਿਚਾਲੇ ਟਕਰਾਅ ਵਾਲੀ ਹਾਲਤ ਬਰਕਰਾਰ ਹੈ। ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ ਹੈ ਜਦੋਂਕਿ ਗਿਆਨੀ ਇਕਬਾਲ ਸਿੰਘ ਵੱਲੋਂ ਬਰਤਰਫੀ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਹੈ। ਜਨਵਰੀ 'ਚ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਮਨਾਇਆ ਗਿਆ ਸੀ। ਇਸ ਸਮਾਗਮ ਦੌਰਾਨ ਤਖ਼ਤ ਪਟਨਾ ਸਾਹਿਬ ਲਈ ਵਧੀਕ ਗ੍ਰੰਥੀ ਦੀ ਨਵੀਂ ਨਿਯੁਕਤੀ ਦੇ ਮਾਮਲੇ ਨੂੰ ਲੈ ਕੇ ਮੰਚ 'ਤੇ ਹੀ ਗਿਆਨੀ ਇਕਬਾਲ ਸਿੰਘ ਤੇ ਪ੍ਰਬੰਧਕੀ ਕਮੇਟੀ ਦੇ ਕਾਰਕੁਨਾਂ ਦਰਮਿਆਨ ਹਿੰਸਕ ਝੜੱਪ ਹੋ ਗਈ।

ਇਸ ਵਿਚ ਗਿਆਨੀ ਇਕਬਾਲ ਸਿੰਘ, ਉਨ੍ਹਾਂ ਦਾ ਬੇਟਾ ਤੇ ਕੁਝ ਹੋਰ ਲੋਕ ਜ਼ਖਮੀ ਹੋ ਗਏ ਸਨ। ਜ਼ਖਮੀ ਧਿਰ ਵੱਲੋਂ ਪ੍ਰਬੰਧਕੀ ਕਮੇਟੀ ਖਿਲਾਫ ਪੁਲਿਸ ਕੇਸ ਦਰਜ ਕਰਾਇਆ ਗਿਆ ਸੀ ਜਿਸ ਵਿਚ ਹੁਣ ਪ੍ਰਬੰਧਕਾਂ ਦੀਆਂ ਹਾਈ ਕੋਰਟ ਤੋਂ ਜ਼ਮਾਨਤਾਂ ਮਨਜ਼ੂਰ ਹੋਈਆਂ ਹਨ। ਦੂਜੇ ਪਾਸੇ ਪ੍ਰਬੰਧਕ ਕਮੇਟੀ ਵੱਲੋਂ ਗਿਆਨੀ ਇਕਬਾਲ ਸਿੰਘ ਨੂੰ ਜਥੇਦਾਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ ਤੇ ਵਾਪਰੀ ਘਟਨਾ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ। ਮਗਰੋਂ ਇਸ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਗਿਆਨੀ ਇਕਬਾਲ ਸਿੰਘ ਨੂੰ ਸਮੁੱਚੇ ਘਟਨਾਕ੍ਰਮ ਲਈ ਜ਼ਿੰਮੇਵਾਰ ਕਰਾਰ ਦਿੰਦਿਆਂ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ।

ਗਿਆਨੀ ਇਕਬਾਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜਥੇਦਾਰ ਦੇ ਅਹੁਦੇ ਤੋਂ ਫਾਰਗ ਕਰਨ ਵਾਲੇ ਆਦੇਸ਼ਾਂ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ। ਉਨ੍ਹਾਂ ਆਖਿਆ ਕਿ ਪ੍ਰਬੰਧਕੀ ਕਮੇਟੀ ਦੇ ਆਗੂਆਂ ਖਿਲਾਫ ਧਾਰਾ 302 ਤਹਿਤ ਜਾਨਲੇਵਾ ਹਮਲਾ ਕਰਨ ਦੇ ਦੋਸ਼ਾਂ ਹੇਠ ਕੇਸ ਦਰਜ ਹੋ ਚੁੱਕਾ ਹੈ। ਅਜਿਹੀ ਹਾਲਤ ਵਿਚ ਉਨ੍ਹਾਂ ਨੂੰ ਮੁਅੱਤਲ ਤੇ ਫਾਰਗ ਕਰਨ ਸਬੰਧੀ ਕਮੇਟੀ ਕੋਲ ਕੋਈ ਸੰਵਿਧਾਨਕ ਅਧਿਕਾਰ ਨਹੀਂ ਹੈ। ਇਸੇ ਲਈ ਉਹ ਲਗਾਤਾਰ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਬਤੌਰ ਜਥੇਦਾਰ ਆਪਣੇ ਫਰਜ਼ ਨੂੰ ਅੰਜਾਮ ਦੇ ਰਹੇ ਹਨ।

ਦੂਜੇ ਪਾਸੇ ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ ਦੇ ਸਮਰਥਕ ਪਰਮਜੀਤ ਸਿੰਘ ਸਰਨਾ ਨੇ ਆਖਿਆ ਕਿ ਪ੍ਰਬੰਧਕੀ ਕਮੇਟੀ ਨੇ ਆਪਣੇ ਅਧਿਕਾਰ ਖੇਤਰ ਤਹਿਤ ਕਾਰਵਾਈ ਕਰਦਿਆਂ ਗਿਆਨੀ ਇਕਬਾਲ ਸਿੰਘ ਨੂੰ ਅਹੁਦੇ ਤੋਂ ਫਾਰਗ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗਿਆਨੀ ਇਕਬਾਲ ਸਿੰਘ ਨੂੰ ਸੇਵਾਮੁਕਤ ਕਰਨ ਬਾਰੇ ਆਦੇਸ਼ਾਂ ਤੋਂ ਅਕਾਲ ਤਖਤ, ਸ਼੍ਰੋਮਣੀ ਕਮੇਟੀ ਤੇ ਹੋਰ ਤਖਤ ਸਾਹਿਬਾਨ ਤੇ ਪ੍ਰਬੰਧਕੀ ਕਮੇਟੀਆਂ ਨੂੰ ਵੀ ਜਾਣੂ ਕਰਵਾ ਦਿੱਤਾ ਗਿਆ ਹੈ। ਬੀਤੇ ਦਿਨੀਂ ਅਕਾਲ ਤਖਤ 'ਤੇ ਹੋਈ ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿਚ ਸ਼ਾਮਲ ਹੋਣ ਲਈ ਗਿਆਨੀ ਇਕਬਾਲ ਸਿੰਘ ਨੂੰ ਵੀ ਸੱਦਾ ਪੱਤਰ ਭੇਜਿਆ ਗਿਆ ਸੀ ਜਿਸ ਦੇ ਆਧਾਰ 'ਤੇ ਉਹ ਸ਼ਾਮਲ ਹੋਣ ਲਈ ਵੀ ਆਏ ਸਨ ਪਰ ਐਨ ਆਖਰੀ ਮੌਕੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਸੇਵਾਮੁਕਤ ਜਥੇਦਾਰ ਨੂੰ ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿਚ ਸ਼ਾਮਲ ਕੀਤੇ ਜਾਣ ਦਾ ਵਿਰੋਧ ਕੀਤਾ ਗਿਆ। ਇਸ ਦੇ ਸਿੱਟੇ ਵਜੋਂ ਗਿਆਨੀ ਇਕਬਾਲ ਸਿੰਘ ਮੀਟਿੰਗ ਵਿਚਾਲੇ ਛੱਡ ਕੇ ਚਲੇ ਗਏ ਸਨ।



## ਗਿਆਨੀ ਇਕਬਾਲ ਸਿੰਘ ਦਾ ਅਦਾਲਤ ਜਾਣਾ ਮੰਦਭਾਗਾ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬਰਖਾਸਤ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਵੱਲੋਂ ਉਚ ਅਦਾਲਤ ਵਿਚ ਆਪਣੀ ਬਰਖਾਸਤਗੀ ਬਾਰੇ ਕੇਸ ਦਾਇਰ ਕਰਨ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਇਸ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਤਖਤਾਂ ਦੇ ਜਥੇਦਾਰ ਕਿਸੇ ਵੀ ਦੁਨਿਆਵੀ ਅਦਾਲਤ ਦੇ ਅਧੀਨ ਨਹੀਂ ਹਨ। ਉਨ੍ਹਾਂ ਕਿਹਾ ਕਿ ਤਖਤਾਂ ਦੀ ਆਨ ਤੇ ਸ਼ਾਨ, ਮਾਣ-ਮਰਿਆਦਾ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਸਬੰਧਤ ਤਖਤ ਸਾਹਿਬ ਦੇ ਜਥੇਦਾਰ ਦੀ ਹੈ।

## ਗਿਆਨੀ ਇਕਬਾਲ ਸਿੰਘ ਆਪਣੇ ਪੈਂਤੜੇ 'ਤੇ ਅੜੇ

**ਅੰਮ੍ਰਿਤਸਰ:** ਤਖਤ ਪਟਨਾ ਸਾਹਿਬ ਵਿਖੇ ਜਥੇਦਾਰ ਦੀ ਬਰਖਾਸਤਗੀ ਤੇ ਹੋਰ ਨਿਯੁਕਤੀ ਬਾਰੇ ਚੱਲ ਰਹੇ ਵਿਵਾਦ ਦੌਰਾਨ ਗਿਆਨੀ ਇਕਬਾਲ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਹ ਨਿਰੰਤਰ ਤਖਤ ਸਾਹਿਬ ਵਿਖੇ ਬਤੌਰ ਜਥੇਦਾਰ ਸੇਵਾ ਨਿਭਾ ਰਹੇ ਹਨ ਜਦਕਿ ਗਿਆਨੀ ਬਲਦੇਵ ਸਿੰਘ ਬਤੌਰ ਸੀਨੀਅਰ ਮੀਤ ਗ੍ਰੰਥੀ ਹੀ ਸੇਵਾ ਨਿਭਾਉਣਗੇ।



ਗਿਆਨੀ ਇਕਬਾਲ ਸਿੰਘ ਦਾ ਕਹਿਣਾ ਹੈ ਕਿ ਤਖਤ ਪਟਨਾ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਇਕੱਤਰਤਾ ਹੋਈ ਸੀ ਜਿਸ ਵਿਚ ਉਨ੍ਹਾਂ ਤੋਂ ਇਲਾਵਾ ਹੈਡ ਗ੍ਰੰਥੀ ਗਿਆਨੀ ਰਜਿੰਦਰ ਸਿੰਘ, ਸੀਨੀਅਰ ਮੀਤ ਗ੍ਰੰਥੀ ਗਿਆਨੀ ਬਲਦੇਵ ਸਿੰਘ, ਮੀਤ ਗ੍ਰੰਥੀ ਦਲੀਪ ਸਿੰਘ ਤੇ ਗੁਰਦਿਆਲ ਸਿੰਘ ਸ਼ਾਮਲ ਹੋਏ। ਮੀਟਿੰਗ ਵਿਚ ਵਿਚਾਰ ਕਰਨ ਮਗਰੋਂ ਉਨ੍ਹਾਂ ਪੰਜਾਂ ਦੇ ਦਸਤਖਤਾਂ ਹੇਠ ਬਿਆਨ ਜਾਰੀ ਕੀਤਾ ਹੈ ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਗਿਆਨੀ ਇਕਬਾਲ ਸਿੰਘ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਮੁੱਖ ਗ੍ਰੰਥੀ ਗਿਆਨੀ ਰਜਿੰਦਰ ਸਿੰਘ ਬਤੌਰ ਮੁੱਖ ਗ੍ਰੰਥੀ ਤੇ ਸੀਨੀਅਰ ਮੀਤ ਗ੍ਰੰਥੀ ਗਿਆਨੀ ਬਲਦੇਵ ਸਿੰਘ ਵੀ ਸੀਨੀਅਰ ਮੀਤ ਗ੍ਰੰਥੀ ਵਜੋਂ ਹੀ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਕੋਈ ਵੀ ਗ੍ਰੰਥੀ ਬਤੌਰ ਕਾਰਜਕਾਰੀ ਜਥੇਦਾਰ ਸੇਵਾਵਾਂ ਨਹੀਂ ਨਿਭਾ ਰਿਹਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਬੰਧੀ ਗਲਤ ਪ੍ਰਚਾਰ ਕੀਤਾ ਜਾ ਰਿਹਾ ਹੈ।

## ਭਾਈ ਬਲਦੇਵ ਸਿੰਘ ਬਣੇ ਕਾਰਜਕਾਰੀ ਜਥੇਦਾਰ

**ਚੰਡੀਗੜ੍ਹ:** ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਗਿਆਨੀ ਇਕਬਾਲ ਸਿੰਘ ਨੂੰ ਬਰਖਾਸਤ ਕਰਨ ਦੇ ਪੁਰਾਣੇ ਫੈਸਲੇ ਮਗਰੋਂ 17 ਮਾਰਚ ਨੂੰ ਮੁੱਖ ਗ੍ਰੰਥੀ ਬਣਾਏ ਗਏ ਭਾਈ ਰਜਿੰਦਰ ਸਿੰਘ ਨੂੰ ਵੀ ਕਮੇਟੀ ਜ਼ਾਬਤੇ ਦੀ ਉਲੰਘਣਾ ਤਹਿਤ ਮੁਅੱਤਲ ਕਰਦਿਆਂ ਮੀਤ ਗ੍ਰੰਥੀ ਭਾਈ ਬਲਦੇਵ ਸਿੰਘ ਨੂੰ ਕਾਰਜਕਾਰੀ ਜਥੇਦਾਰ ਥਾਪ ਦਿੱਤਾ ਹੈ।

ਕਮੇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਨੇ ਦੱਸਿਆ ਕਿ 30 ਅਪਰੈਲ ਨੂੰ ਭਾਈ ਬਲਦੇਵ ਸਿੰਘ ਦੇ ਨਾਂ ਜਾਰੀ ਕੀਤੇ ਦਫ਼ਤਰੀ ਨੋਟਿਸ ਵਿਚ ਕਮੇਟੀ ਨੇ ਮੁੱਖ ਗ੍ਰੰਥੀ ਭਾਈ ਰਜਿੰਦਰ ਸਿੰਘ ਨੂੰ ਆਦੇਸ਼ਾਂ ਦੀ ਉਲੰਘਣਾ ਕਰਨ 'ਤੇ ਮੁਅੱਤਲ ਕਰਦਿਆਂ ਉਨ੍ਹਾਂ ਨੂੰ ਕਾਰਜਕਾਰੀ ਜਥੇਦਾਰ ਦਾ ਰੁਤਬਾ ਸੰਭਾਲਣ ਦੀ ਬੇਨਤੀ ਕੀਤੀ ਗਈ ਹੈ। ਉਨਾਂ ਦੱਸਿਆ ਕਿ ਕਮੇਟੀ ਵੱਲੋਂ ਗਿਆਨੀ ਇਕਬਾਲ ਸਿੰਘ ਦੀ ਕੀਤੀ ਬਰਖਾਸਤਗੀ ਮਗਰੋਂ ਭਾਈ ਰਜਿੰਦਰ ਸਿੰਘ ਨੂੰ ਜਥੇਦਾਰ ਐਲਾਨਿਆ ਤੇ ਹੁਣ ਉਨ੍ਹਾਂ ਦੀ ਮੁਅਤਲੀ ਕਰਕੇ ਭਾਈ ਬਲਦੇਵ ਸਿੰਘ ਨੂੰ ਪ੍ਰਬੰਧ ਚਲਾਉਣ ਲਈ ਕਾਰਜਕਾਰੀ ਜਥੇਦਾਰ ਬਣਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਗਿਆਨੀ ਇਕਬਾਲ ਸਿੰਘ ਨੇ ਪਟਨਾ ਉਚ ਅਦਾਲਤ ਵਿਚ 3 ਡਬਲਿਊ.ਸੀ.ਜੇ.ਸੀ. 8307-2014 ਨੰਬਰ ਤਹਿਤ ਜਸਟਿਸ ਕੇ.ਕੇ. ਮੰਡਲ ਕੋਲ ਆਪਣੀ ਬਰਖਾਸਤਗੀ ਵਿਰੁਧ ਕੇਸ ਕੀਤਾ ਹੋਇਆ ਹੈ। ਸਿੱਖ ਸੰਗਤਾਂ ਵਿਚ ਤਖਤ ਸਾਹਿਬ ਦੀ ਸ਼ਰਧਾ ਤੇ ਮਰਿਆਦਾ ਕਾਰਨ ਉਹ ਗਿਆਨੀ ਇਕਬਾਲ ਸਿੰਘ ਨੂੰ ਤਖਤ ਸਾਹਿਬ ਵਿਖੇ ਆਉਣ ਤੋਂ ਰੋਕਣਾ ਸਹੀ ਨਹੀਂ ਸਮਝਦੇ।

# ਜਥੇਦਾਰ ਗੁਰਬਚਨ ਸਿੰਘ ਵੱਲੋਂ ਸਿੱਖਾਂ ਨੂੰ ਆਬਾਦੀ ਵਧਾਉਣ ਦਾ ਸੱਦਾ

**ਪਟਿਆਲਾ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਨੂੰ ਮੁੜ ਸੱਦਾ ਦਿੱਤਾ ਹੈ ਕਿ ਉਹ ਕੌਮ ਦੇ ਵਡੇਰੇ ਹਿੱਤਾਂ ਲਈ ਆਪਣੀ ਆਬਾਦੀ ਵਿਚ ਵਾਧਾ ਬਣਾਉਣ। ਉਨ੍ਹਾਂ ਆਖਿਆ ਕਿ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਦੋ ਬੱਚਿਆਂ ਤੱਕ ਸੀਮਤ ਨਾ ਰਹਿਣ ਕਿਉਂਕਿ ਅਜਿਹੀ ਪਿਰਤ ਨਾਲ ਕੌਮ ਦੀ ਗਿਣਤੀ ਕਾਫੀ ਘਟ ਰਹੀ ਹੈ ਜੋ ਕਈ ਪਹਿਲੂਆਂ ਤੋਂ ਚਿੰਤਾਜਨਕ ਹੈ। ਉਨ੍ਹਾਂ ਪ੍ਰੈਸ ਮਿਲਣੀ ਦੌਰਾਨ ਆਖਿਆ ਕਿ ਕੌਮ ਦੀ ਆਬਾਦੀ ਦੇ ਵਾਧੇ ਬਾਰੇ ਕਿਸੇ ਧਿਰ ਵੱਲੋਂ ਉਨ੍ਹਾਂ ਦੀ ਨੁਕਤਾਚੀਨੀ ਨਹੀਂ ਕੀਤੀ ਗਈ ਬਲਕਿ ਦੇਸ਼ ਵਿਦੇਸ਼ ਦੀ ਸੰਗਤ ਨੇ ਇਸ ਫੁਰਮਾਨ 'ਤੇ ਪਹਿਰਾ ਦੇਣ ਦੀ ਵਕਾਲਤ ਕੀਤੀ ਹੈ।

ਉਹ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਦੀ ਸਰਪ੍ਰਸਤੀ ਹੇਠ ਕਰਵਾਏ ਬਰਸੀ ਸਮਾਗਮ ਵਿਚ ਪੁੱਜੇ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ ਗਿਆਨੀ ਗੁਰਬਚਨ ਸਿੰਘ ਨੇ ਸਿੱਖੀ ਮਰਿਆਦਾ ਦੀ ਬਹਾਲੀ 'ਤੇ ਜ਼ੋਰ ਦਿੰਦਿਆਂ ਸਮੂਹ ਨਾਨਕ ਲੇਵਾ ਸੰਗਤ ਨੂੰ ਆਖਿਆ ਕਿ ਪਹਿਲਾਂ ਉਹ ਸਿੱਖੀ ਰਹਿਤ, ਸਿਧਾਂਤ ਤੇ ਪ੍ਰੰਪਰਾਵਾਂ ਨੂੰ ਆਪਣੇ ਘਰਾਂ ਤੋਂ ਪੂਰਨ ਰੂਪ 'ਚ ਲਾਗੂ ਕਰਨ ਤੇ ਫਿਰ ਗੁਆਂਢੀਆਂ ਨੂੰ ਪ੍ਰੇਰਿਤ ਕਰਨ। ਇੰਜ ਸਿੱਖੀ ਦਾ ਪਸਾਰਾ ਸੰਸਾਰ ਪੱਧਰ 'ਤੇ ਹੋਵੇਗਾ।

ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਪੰਜਾਬ ਦੇ ਸੰਦਰਭ ਵਿਚ ਅਜੋਕੀਆਂ ਅਲਾਮਤਾਂ ਜਿਵੇਂ ਨਸ਼ਾ, ਭਰੂਣ ਹੱਤਿਆਵਾਂ, ਦਾਜ ਤੇ ਕੇਸਾਂ ਦੀ ਬੇਅਦਬੀ ਦਾ ਇਕੋ ਹੱਲ ਹੈ ਕਿ ਸਿੱਖ ਕੌਮ ਘੱਟ ਗਿਣਤੀ ਵਿਚ ਨਾ ਰਹੇ, ਬਲਕਿ ਸੰਸਾਰ ਦਾ ਹਰ ਪ੍ਰਾਣੀ ਸਿੱਖ ਹੋਵੇ। ਪ੍ਰੈਸ ਮਿਲਣੀ ਦੌਰਾਨ ਪੱਤਰਕਾਰਾਂ ਵੱਲੋਂ ਮਹਿੰਗਾਈ ਦੇ ਜ਼ਮਾਨੇ ਵਿਚ ਅਜਿਹੇ ਧਾਰਮਿਕ ਫੁਰਮਾਨ ਸਾਰਥਕ ਹੋਣ ਸਬੰਧੀ ਸਵਾਲ ਬਾਰੇ ਉਨ੍ਹਾਂ ਕਿਹਾ ਕਿ ਜੋ ਵੀ ਪ੍ਰਾਣੀ ਧਰਤੀ 'ਤੇ ਆਉਂਦਾ ਹੈ ਤਾਂ ਉਸ ਦੇ ਰਿਜਕ ਤੇ ਹੋਰ ਲੋੜਾਂ ਪਰਮਾਤਮਾ ਵੱਲੋਂ ਪਹਿਲਾਂ ਹੀ ਤੈਅ ਹੁੰਦੀਆਂ ਹਨ। ਇਹ ਚਿੰਤਾਵਾਂ ਕੌਮ ਨੂੰ ਪਰਮਾਤਮਾ 'ਤੇ ਛੱਡ ਦੇਣੀਆਂ ਚਾਹੀਦੀਆਂ ਹਨ।

# ਹਰਿਆਣੇ ਦੇ ਸਿੱਖ ਕਰਾ ਸਕਣਗੇ ਅਨੰਦ ਮੈਰਿਜ ਐਕਟ ਤਹਿਤ ਵਿਆਹ

**ਚੰਡੀਗੜ੍ਹ:** ਹਰਿਆਣਾ ਵਿਚ ਸਿੱਖਾਂ ਦੇ ਵਿਆਹ ਅਨੰਦ ਮੈਰਿਜ ਐਕਟ ਤਹਿਤ ਰਜਿਸਟਰ ਕਰਨ ਲਈ ਰਾਹ ਪੱਧਰਾ ਹੋ ਗਿਆ ਹੈ। ਸਰਕਾਰ ਨੇ ਬਾਕਾਇਦਾ ਹਰਿਆਣਾ ਅਨੰਦ ਵਿਆਹ ਨਿਯਮ, 2014 ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਹਰਿਆਣਾ ਦੇ ਸਿੱਖਾਂ ਤੇ ਪੰਜਾਬੀਆਂ ਨੇ ਸਰਕਾਰ ਦੇ ਫੈਸਲੇ ਦਾ ਨਿੱਘਾ ਸੁਆਗਤ ਕੀਤਾ ਹੈ। ਐਕਟ ਤਹਿਤ ਪਿੰਡਾਂ 'ਚ ਵਿਆਹ ਦੀ ਰਜਿਸਟਰੇਸ਼ਨ ਲਈ ਤਹਿਸੀਲਦਾਰ, ਸ਼ਹਿਰਾਂ ਵਿਚ ਨਗਰ ਨਿਗਮਾਂ ਦੇ ਸੰਯੁਕਤ ਕਮਿਸ਼ਨਰ, ਨਗਰ ਪਾਲਿਕਾਵਾਂ ਵਿਚ ਕਾਰਜਕਾਰੀ ਅਧਿਕਾਰੀ ਤੇ ਨਗਰ ਪ੍ਰੀਸ਼ਦਾਂ ਵਿਚ ਸਕੱਤਰਾਂ ਨੂੰ ਅਧਿਕਾਰ ਦਿੱਤੇ ਗਏ ਹਨ।

ਐਕਟ ਤਹਿਤ ਵਿਆਹ ਦੇ ਇਕ ਮਹੀਨੇ ਅੰਦਰ ਦੋਵੇਂ ਧਿਰਾਂ 50 ਰੁਪਏ ਦੀ ਫੀਸ ਸਮੇਤ ਦਸਤਾਵੇਜ਼ ਸਬੰਧਤ ਅਧਿਕਾਰੀਆਂ ਕੋਲ ਪੇਸ਼ ਕਰਨਗੀਆਂ। ਜਿਨ੍ਹਾਂ ਦੇ ਪਹਿਲਾਂ ਵਿਆਹ ਹੋਏ ਹਨ ਤੇ ਜੇ ਅਨੰਦ ਮੈਰਿਜ ਐਕਟ ਤਹਿਤ ਆਪਣੇ ਵਿਆਹਾਂ ਦੀ ਰਜਿਸਟਰੇਸ਼ਨ ਕਰਵਾਉਣਾ ਚਾਹੁੰਦੇ ਹਨ, ਉਹ ਵੀ ਇਕ ਸਾਲ ਦੇ ਅੰਦਰ ਵਿਆਹ ਦੇ ਦਸਤਾਵੇਜ਼ ਪੇਸ਼ ਕਰਕੇ ਰਜਿਸਟਰੇਸ਼ਨ ਕਰਵਾ ਸਕਦੇ ਹਨ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਇਕ ਧੜੇ ਦੇ ਪ੍ਰਧਾਨ ਜਥੇਦਾਰ ਦੀਦਾਰ ਸਿੰਘ ਨਲਵੀ ਨੇ ਹਰਿਆਣਾ ਸਰਕਾਰ ਦੇ ਇਸ ਫੈਸਲੇ ਦਾ ਸੁਆਗਤ ਕਰਦਿਆਂ ਕਿਹਾ ਹੈ ਕਿ ਭਾਵੇਂ ਸਰਕਾਰ ਨੇ ਦੇਰ ਨਾਲ ਹੀ ਸਹੀ ਪਰ ਬਹੁਤ ਵਧੀਆ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਭਾਵੇਂ ਇਹ ਕੰਮ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਕੀਤਾ ਹੈ ਪਰ ਫਿਰ ਵੀ ਸੁਆਗਤਯੋਗ ਕਦਮ ਹੈ।

ਹਰਿਆਣਾ ਸਰਕਾਰ ਵੱਲੋਂ ਅਨੰਦ ਮੈਰਿਜ ਐਕਟ ਲਾਗੂ ਕਰਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਪਾਸ ਕੀਤੇ ਐਕਟ ਵਿਚ ਕੁਝ ਖਾਮੀਆਂ ਸਨ। ਜੇ ਇਨ੍ਹਾਂ ਨੂੰ ਦੂਰ ਕਰਕੇ ਹਰਿਆਣਾ ਸਰਕਾਰ ਨੇ ਕਦਮ ਚੁੱਕਿਆ ਹੈ ਤਾਂ ਸੁਆਗਤਯੋਗ ਹੈ। ਗੁਆਂਢੀ ਮੁਲਕ ਪਾਕਿਸਤਾਨ ਨੇ ਕਾਫੀ ਪਹਿਲਾਂ ਹੀ ਅਨੰਦ ਮੈਰਿਜ ਐਕਟ ਨੂੰ ਪਾਸ ਕਰ ਦਿੱਤਾ ਸੀ ਤੇ ਉਥੇ ਪਿਛਲੇ ਕਈ ਸਾਲਾਂ ਤੋਂ ਵਿਆਹਾਂ ਦੀ ਰਜਿਸਟਰੇਸ਼ਨ ਅਨੰਦ ਮੈਰਿਜ ਐਕਟ ਅਧੀਨ ਹੁੰਦੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਅਨੰਦ ਮੈਰਿਜ ਐਕਟ ਸਮੁੱਚੇ ਦੇਸ਼ ਵਿਚ ਲਾਗੂ ਹੋਣਾ ਚਾਹੀਦਾ ਹੈ। ਇਸ ਐਕਟ ਦੇ ਲਾਗੂ ਹੋਣ ਨਾਲ ਸਿੱਖ ਆਪਣੇ ਵਿਆਹ ਨੂੰ ਆਪਣੇ ਧਰਮ ਮੁਤਾਬਕ ਦਰਜ ਕਰਵਾ ਸਕਣਗੇ। ਇਸ ਐਕਟ ਨੂੰ ਲਾਗੂ ਕਰਨ ਬਾਰੇ ਸ਼੍ਰੋਮਣੀ ਕਮੇਟੀ ਬੜੀ ਦੇਰ ਤੋਂ ਕੇਂਦਰ ਸਰਕਾਰ ਨਾਲ ਲਿਖਾ-ਪੜ੍ਹੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਐਕਟ ਤੋਂ ਵਿਰਵੇ ਸਿੱਖਾਂ ਨੂੰ ਵਿਦੇਸ਼ਾਂ ਵਿਚ ਵੀ ਹਿੰਦੂ ਮੈਰਿਜ ਐਕਟ ਤਹਿਤ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

# ਪੰਜ ਸਾਲਾਂ ਵਿਚ 25000 ਹਿੰਦੂਆਂ ਨੇ ਪਾਕਿਸਤਾਨ ਛੱਡਿਆ

**ਇਸਲਾਮਾਬਾਦ:** ਘੱਟ-ਗਿਣਤੀਆਂ 'ਤੇ ਲਗਾਤਾਰ ਹੋ ਰਹੇ ਹਮਲਿਆਂ ਕਾਰਨ ਪਿਛਲੇ ਪੰਜ ਸਾਲਾਂ ਦੌਰਾਨ ਤਕਰੀਬਨ 25000 ਹਿੰਦੂ ਪਾਕਿਸਤਾਨ ਛੱਡ ਕੇ ਭਾਰਤ ਆਏ। ਇਹ ਜਾਣਕਾਰੀ ਸੱਤਾਧਾਰੀ ਪਾਕਿਸਤਾਨ ਮੁਸਲਿਮ ਲੀਗ (ਐਨ) ਦੇ ਇਕ ਆਗੂ ਨੇ ਪਾਕਿਸਤਾਨ ਹਿੰਦੂ ਕੌਂਸਲ ਦੇ ਸਰਪ੍ਰਸਤ ਡਾ. ਰਾਮੇਸ਼ ਕੁਮਾਰ ਵਾਂਕਵਾਨੀ ਵੱਲੋਂ ਪੁੱਛੇ ਗਏ ਸਵਾਲ ਦੇ ਲਿਖਤੀ ਜਵਾਬ ਵਿਚ ਦਿੱਤੀ।

ਪਾਕਿਸਤਾਨ ਹਿੰਦੂ ਕੌਂਸਲ ਦੇ ਸਰਪ੍ਰਸਤ ਰਾਮੇਸ਼ ਕੁਮਾਰ ਵਾਂਕਵਾਨੀ ਨੇ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਨੂੰ ਇਕ ਚਿੱਠੀ ਲਿਖ ਕੇ ਪਿਛਲੇ ਪੰਜ ਸਾਲਾਂ ਵਿਚ ਦੇਸ਼ ਛੱਡ ਕੇ ਗਏ ਹਿੰਦੂਆਂ ਦੀ ਜਾਣਕਾਰੀ ਦੇਣ ਲਈ ਕਿਹਾ ਸੀ। ਡਾ. ਰਮੇਸ਼ ਦੀ ਚਿੱਠੀ ਦੇ ਜਵਾਬ ਵਿਚ ਪਾਕਿ ਨੈਸ਼ਨਲ ਅਸੈਂਬਲੀ ਨੇ ਦੱਸਿਆ ਕਿ ਪਿਛਲੇ ਪੰਜ ਸਾਲਾਂ ਦੌਰਾਨ 25000 ਹਿੰਦੂ ਪਾਕਿਸਤਾਨ ਛੱਡ ਕੇ ਭਾਰਤ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਦੋ ਮਹੀਨਿਆਂ ਵਿਚ ਸਿੰਧ ਪ੍ਰਾਂਤ ਵਿਚ ਫਿਰਕੂ ਹਿੰਸਾ ਦੀਆਂ ਛੇ ਘਟਨਾਵਾਂ ਵਾਪਰ ਚੁੱਕੀਆਂ ਹਨ, ਜਿਸ ਕਾਰਨ ਘੱਟ ਗਿਣਤੀਆਂ ਖਾਸ ਕਰਕੇ ਹਿੰਦੂ ਭਾਈਚਾਰੇ ਦੇ ਲੋਕ ਡਰੇ ਹੋਏ ਹਨ।

ਨੈਸ਼ਨਲ ਅਸੈਂਬਲੀ ਵਿਚ ਬੋਲਦਿਆਂ ਡਾ. ਰਮੇਸ਼ ਨੇ ਕਿਹਾ ਕਿ ਸਿੰਧ ਵਿਚ ਹਿੰਦੂਆਂ ਨੂੰ ਡਰਾ ਕੇ ਉਨ੍ਹਾਂ ਦੀਆਂ ਧੀਆਂ ਦਾ ਜ਼ਬਰਦਸਤੀ ਧਰਮ ਪਰਿਵਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਮੁਸਲਿਮ ਭਾਈਚਾਰੇ ਵੱਲੋਂ ਹਿੰਦੂਆਂ 'ਤੇ ਕੀਤੀਆਂ ਜਾ ਰਹੀਆਂ ਵਧੀਕੀਆਂ ਨੂੰ ਰੋਕਣ ਲਈ ਕਦਮ ਚੁੱਕੇ ਜਾਣ। ਇਸੇ ਦੌਰਾਨ ਪਾਕਿਸਤਾਨ ਪੀਪਲਜ਼ ਪਾਰਟੀ ਦੀ ਨੇਤਾ ਸ਼ਾਜ਼ੀਆ ਮਰੀ ਨੇ ਸਰਕਾਰ ਤੋਂ ਮੰਗ ਕੀਤੀ ਕਿ ਧਾਰਮਿਕ ਘੱਟ ਗਿਣਤੀਆਂ ਤੇ ਹੱਕਾਂ ਦੀ ਰਾਖੀ ਕੀਤੀ ਜਾਵੇ। ਪਾਕਿਸਤਾਨ ਦੀ ਸੰਸਦੀ ਮਾਮਲਿਆਂ ਦੇ ਰਾਜ ਮੰਤਰੀ ਸ਼ੇਖ ਆਫਤਾਬ ਅਹਿਮਦ ਨੇ ਭਰੋਸਾ ਦਿਵਾਇਆ ਕਿ ਸਰਕਾਰ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇਗੀ।

## ਤਲਾਕ, ਗੋਦ ਲੈਣ ਤੇ ਵੱਖ ਹੋਣ ਦੀ ਵਿਵਸਥਾ ਨਹੀਂ

**ਚੰਡੀਗੜ੍ਹ:** ਹਰਿਆਣਾ ਸਰਕਾਰ ਦੇ ਫੈਸਲੇ ਬਾਰੇ ਰਾਜ ਸਭਾ ਦੇ ਸਾਬਕਾ ਮੈਂਬਰ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਜਿਨ੍ਹਾਂ ਅਨੰਦ ਮੈਰਿਜ ਐਕਟ ਪਾਸ ਕਰਵਾਉਣ ਲਈ ਰਾਜ ਸਭਾ ਵਿਚ ਬਿਲ ਪੇਸ਼ ਕੀਤਾ ਸੀ, ਹਰਿਆਣਾ ਸਰਕਾਰ ਦੇ ਫੈਸਲੇ ਦਾ ਜ਼ੋਰਦਾਰ ਸੁਆਗਤ ਕਰਦਿਆਂ ਕਿਹਾ ਕਿ ਹਰੇਕ ਸੂਬਾ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਐਕਟ ਨੂੰ ਲਾਗੂ ਕਰਨ ਲਈ ਕਦਮ ਚੁੱਕੇ। ਕੇਂਦਰ ਸਰਕਾਰ ਵਲੋਂ ਦੋ ਸਾਲ ਪਹਿਲਾਂ ਪਾਸ ਕੀਤੇ ਅਨੰਦ ਮੈਰਿਜ ਐਕਟ ਵਿਚ ਕੀ ਖਾਮੀਆਂ ਸਨ ਤਾਂ ਉਨ੍ਹਾਂ ਕਿਹਾ ਕਿ ਇਸ ਵਿਚ ਤਲਾਕ, ਗੋਦ ਲੈਣ ਤੇ ਵੱਖ ਹੋਣ (ਸੈਪਰੇਸ਼ਨ) ਦੀ ਵਿਵਸਥਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਕਾਨੂੰਨ ਮੰਤਰੀ ਨੇ ਪਾਰਲੀਮੈਂਟ ਵਿਚ ਬਿੱਲ ਪਾਸ ਕਰਵਾਉਣ ਸਮੇਂ ਭਰੋਸਾ ਦਿੱਤਾ ਸੀ ਕਿ ਜੇ ਸਿੱਖ ਭਾਈਚਾਰਾ ਇਸ ਐਕਟ ਵਿਚ ਸੋਧ ਕਰਵਾਉਣਾ ਚਾਹੇਗਾ ਤਾਂ ਸਰਕਾਰ ਇਸ ਲਈ ਤਿਆਰ ਹੈ।

ਸ. ਤਰਲੋਚਨ ਸਿੰਘ ਨੇ ਕਿਹਾ ਕਿ ਸੋਧਾਂ ਸ਼੍ਰੋਮਣੀ ਕਮੇਟੀ ਨੇ ਭੇਜਣੀਆਂ ਸਨ ਜਾਂ ਫਿਰ ਅਕਾਲੀ ਦਲ ਦੇ ਸੰਸਦ ਮੈਂਬਰਾਂ ਨੇ ਪੇਸ਼ ਕਰਨੀਆਂ ਸਨ ਪਰ ਅੱਜ ਤੱਕ ਇਸ ਦਿਸ਼ਾ ਵਿਚ ਕੋਈ ਕਦਮ ਨਹੀਂ ਚੁੱਕਿਆ ਗਿਆ। ਇਸ ਵਿਚ ਕਿਸੇ ਹੋਰ ਦੀ ਨਹੀਂ ਸਗੋਂ ਸਾਡੀ ਹੀ ਕਮਜ਼ੋਰੀ ਹੈ।

# ਕਤਲ ਕੇਸ 'ਚ ਦਲਜੀਤ ਸਿੰਘ ਬਿੱਟੂ ਸਮੇਤ 11 ਜਣੇ ਬਰੀ

**ਮਾਨਸਾ:** ਡੇਰਾ ਸੱਚਾ ਸੌਦਾ ਸਿਰਸਾ ਦੇ ਮਰਹੂਮ ਸ਼ਰਧਾਲੂ ਲਿੱਲੀ ਸ਼ਰਮਾ ਕਤਲ ਕਾਂਡ ਵਿਚ ਮਾਨਸਾ ਦੇ ਵਧੀਕ ਸੈਸ਼ਨ ਜੱਜ ਰਾਜ ਕੁਮਾਰ ਗਰਗ ਦੀ ਅਦਾਲਤ ਨੇ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਚੇਅਰਮੈਨ ਦਲਜੀਤ ਸਿੰਘ ਬਿੱਟੂ, ਬਲਵੀਰ ਸਿੰਘ ਭੂਤਨਾ ਸਮੇਤ 10 ਵਿਅਕਤੀਆਂ ਨੂੰ ਬਰੀ ਕਰ ਦਿੱਤਾ ਹੈ। ਕਤਲ ਕਾਂਡ ਵਿਚ ਪਿੰਡ ਆਲਮਪੁਰ ਮੰਦਰਾਂ ਦੇ ਦਲਜੀਤ ਸਿੰਘ ਟੈਣੀ, ਡਾ. ਸ਼ਿੰਦਾ ਤੇ ਮਿੱਠੂ ਸਿੰਘ ਨੂੰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਤਿੰਨਾਂ ਨੂੰ ਪੁਲਿਸ ਨੇ ਤੁਰੰਤ ਹਿਰਾਸਤ ਵਿਚ ਲੈ ਕੇ ਜੇਲ੍ਹ ਭੇਜ ਦਿੱਤਾ।

ਜ਼ਿਕਰਯੋਗ ਹੈ ਕਿ 28 ਜੁਲਾਈ, 2009 ਨੂੰ ਮਾਨਸਾ ਤੋਂ ਬੁਢਲਾਡਾ ਜਾ ਰਹੇ ਡੇਰਾ ਸੱਚਾ ਸੌਦਾ ਸਿਰਸਾ ਦੇ ਪੈਰੋਕਾਰ ਤੇ ਪਿੰਡ ਆਲਮਪੁਰ ਮੰਦਰਾਂ ਦੇ ਵਾਸੀ ਲਿੱਲੀ ਕੁਮਾਰ ਦਾ ਕੁਝ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਥਾਣਾ ਸਦਰ ਮਾਨਸਾ ਦੀ ਪੁਲਿਸ ਨੇ ਉਸ ਸਮੇਂ ਟੈਣੀ, ਡਾ. ਸ਼ਿੰਦਾ ਤੇ ਮਿੱਠੂ ਸਿੰਘ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰਨ ਤੋਂ ਬਾਅਦ ਇਸ ਵਿਚ ਦਲਜੀਤ ਸਿੰਘ ਬਿੱਟੂ, ਭੂਤਨਾ, ਪ੍ਰੋ. ਗੁਰਵੀਰ ਸਿੰਘ ਤੇ ਹੋਰ ਸਿੱਖ ਨੌਜਵਾਨਾਂ ਦੇ ਨਾਂ ਸ਼ਾਮਲ ਕੀਤੇ ਸਨ। ਅਦਾਲਤ ਨੇ ਇਕ ਨੌਜਵਾਨ ਬਿੰਦਰ ਸਿੰਘ ਨੂੰ ਨਬਾਲਿਗ ਹੋਣ ਦੇ ਨਾਤੇ ਬਰੀ ਕਰ ਦਿੱਤਾ ਸੀ।



ਅਦਾਲਤ ਨੇ ਭਾਈ ਬਿੱਟੂ ਤੇ ਭਾਈ ਭੂਤਨਾ ਤੋਂ ਇਲਾਵਾ ਗੁਰਦੀਪ ਸਿੰਘ ਰਾਜੂ, ਮਨਧੀਰ ਸਿੰਘ ਲੁਧਿਆਣਾ, ਗਮਦੂਰ ਸਿੰਘ, ਰਾਜ ਸਿੰਘ ਵਾਸੀ ਕੋਟਧਰਮੂੰ, ਕਰਨ ਸਿੰਘ ਵਾਸੀ ਝੰਡੂਕੇ, ਮੱਖਣ ਸਿੰਘ ਵਾਸੀ ਸਰਦੂਲਗੜ੍ਹ, ਅੰਮ੍ਰਿਤਪਾਲ ਸਿੰਘ ਦੇ ਝੂਠੇ ਮੁਕਾਬਲੇ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਮਈ 1996 ਵਿਚ ਵਾਸੀ ਕੋਟਧਰਮੂੰ ਤੇ ਪ੍ਰੋ. ਗੁਰਵੀਰ ਸਿੰਘ ਵਾਸੀ ਮਾਨਸਾ ਨੂੰ ਇਸ ਮਾਮਲੇ ਵਿਚੋਂ ਬਾਇੱਜ਼ਤ ਬਰੀ ਕਰ ਦਿੱਤਾ।

ਲਿੱਲੀ ਸ਼ਰਮਾ ਪੇਸ਼ੇ ਵਜੋਂ ਨਹਿਰੀ ਮਹਿਕਮੇ ਦਾ ਪਟਵਾਰੀ ਸੀ। ਹਾਲਾਂਕਿ ਉਸ ਦਾ ਜੱਦੀ ਪਿੰਡ ਮੰਘਾਣੀਆਂ ਦੱਸਿਆ ਜਾਂਦਾ ਹੈ ਤੇ ਘਟਨਾ ਵਾਲੇ ਦਿਨਾਂ ਦੌਰਾਨ ਉਹ ਪਿੰਡ ਆਲਮਪੁਰ ਮੰਦਰਾਂ ਵਿਚ ਰਹਿੰਦਾ ਸੀ। ਏਕ ਨੂਰ ਖ਼ਾਲਸਾ ਫ਼ੌਜ ਦੇ ਆਗੂ ਭਾਈ ਬਲਜਿੰਦਰ ਸਿੰਘ ਖ਼ਾਲਸਾ ਨੇ ਕਿਹਾ ਹੈ ਕਿ ਉਹ ਸਜ਼ਾ ਦੇ ਫ਼ੈਸਲੇ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦੇਣਗੇ। ਉਨ੍ਹਾਂ ਦੱਸਿਆ ਕਿ ਪੁਲਿਸ ਦੀ ਮੁਢਲੀ ਤਫ਼ਤੀਸ਼ ਨੇ ਆਲਮਪੁਰ ਮੰਦਰਾਂ ਦੇ ਤਿੰਨ ਵਿਅਕਤੀਆਂ ਨੂੰ ਬੇਗੁਨਾਹ ਕਰਾਰ ਦਿੱਤਾ ਸੀ ਤੇ ਹੇਠਲੀ ਅਦਾਲਤ ਨੇ ਇਨ੍ਹਾਂ ਨੂੰ ਡਿਸਚਾਰਜ ਕਰ ਦਿੱਤਾ ਸੀ।

ਉਨ੍ਹਾਂ ਕਿਹਾ ਕਿ ਲਿੱਲੀ ਸ਼ਰਮਾ ਦੇ ਭਰਾ ਵੱਲੋਂ ਦਿੱਤੀਆਂ ਗਵਾਹੀਆਂ ਅਨੁਸਾਰ ਹੀ ਇਨ੍ਹਾਂ ਨੂੰ ਅਦਾਲਤ ਵੱਲੋਂ ਸੰਮਨ ਕੀਤਾ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਪਿੰਡ ਦੀ ਆਪਣੀ ਪਾਰਟੀਬਾਜ਼ੀ ਕਾਰਨ ਇਹ ਸਜ਼ਾ ਹੋਈ ਹੈ। ਭਾਈ ਦਲਜੀਤ ਸਿੰਘ ਬਿੱਟੂ ਨੇ ਬਰੀ ਹੋਣ ਤੋਂ ਬਾਅਦ ਕਿਹਾ ਕਿ ਉਨ੍ਹਾਂ ਨੂੰ ਸਾਜ਼ਿਸ਼ ਤਹਿਤ ਇਸ ਮਾਮਲੇ ਵਿਚ ਫਸਾਇਆ ਗਿਆ ਸੀ।

## ਸਿੱਖ ਕੈਦੀਆਂ ਦੀ ਰਿਹਾਈ ਹੁਣ ਨਵੀਂ ਕੇਂਦਰ ਸਰਕਾਰ ਦੇ ਹੱਥ

**ਚੰਡੀਗੜ੍ਹ:** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਡੇਢ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਬੰਦ ਸਿੱਖ ਕੈਦੀਆਂ ਦੀ ਰਿਹਾਈ ਕੇਂਦਰ ਵਿਚ 16 ਮਈ ਮਗਰੋਂ ਹੋਂਦ ਵਿਚ ਆਉਣ ਵਾਲੀ ਨਵੀਂ ਸਰਕਾਰ 'ਤੇ ਹੀ ਨਿਰਭਰ ਹੋ ਗਈ ਹੈ ਕਿਉਂਕਿ ਇਨ੍ਹਾਂ ਕੈਦੀਆਂ 'ਚੋਂ ਪੱਕੀ ਰਿਹਾਈ ਬਾਬਤ ਅਦਾਲਤ ਵਿਚ ਚੱਲ ਰਹੇ ਕੇਸ ਬੇਅੰਤ ਸਿੰਘ ਹੱਤਿਆ ਕਾਂਡ ਤਹਿਤ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਬੰਦ ਸਿੱਖ ਕੈਦੀ ਗੁਰਮੀਤ ਸਿੰਘ ਮੀਤਾ ਤੇ ਸ਼ਮਸ਼ੇਰ ਸਿੰਘ ਦੀ ਪੱਕੀ ਰਿਹਾਈ ਨੂੰ ਲੈ ਕੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਕ ਵਾਰ ਫਿਰ ਨਾਂਹਪੱਖੀ ਰਵੱਈਆ ਵਿਖਾਇਆ ਗਿਆ ਹੈ।

ਹਾਲਾਂਕਿ ਇਨ੍ਹਾਂ ਦੋਵਾਂ ਦੀਆਂ ਪਟੀਸ਼ਨਾਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਵਿਚਾਰ ਅਧੀਨ ਹਨ। ਚੰਡੀਗੜ੍ਹ ਪ੍ਰਸ਼ਾਸਨ ਹਾਈਕੋਰਟ ਨੂੰ ਅਜੇ ਤੱਕ ਇਸ ਮੁੱਦੇ 'ਤੇ ਕੋਈ ਸਪਸ਼ਟ ਜਵਾਬ ਦਾਇਰ ਨਹੀਂ ਕਰ ਸਕਿਆ। ਪਿਛਲੇ ਕਰੀਬ 18 ਸਾਲਾਂ ਤੋਂ ਸਲਾਖਾਂ ਪਿੱਛੇ ਬੰਦ ਇਨ੍ਹਾਂ ਦੋਵਾਂ ਸਿੱਖ ਕੈਦੀਆਂ ਵੱਲੋਂ ਪੇਸ਼ ਹੋਏ ਵਕੀਲ ਹਰਨਾਮ ਸਿੰਘ ਭੁੱਲਰ ਨੇ ਕਿਹਾ ਕਿ ਉਮਰ ਕੈਦ ਦੇ ਕੇਸਾਂ ਵਿਚ ਆਮ ਤੌਰ 'ਤੇ 14 ਸਾਲਾਂ ਮਗਰੋਂ ਤੇ ਕਈ ਵਾਰੀ ਇਸ ਤੋਂ ਵੀ ਅਗੇਤੇ ਤੌਰ 'ਤੇ ਹੀ ਅਗਾਊਂ ਰਿਹਾਈਆਂ ਹੁੰਦੀਆਂ ਆਈਆਂ ਹਨ।

ਇਸ ਤੱਥ ਨੂੰ ਲੈ ਕੇ 18 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਜੇਲ੍ਹ ਅੰਦਰ ਬੈਠੇ ਇਨ੍ਹਾਂ ਕੈਦੀਆਂ ਨਾਲ ਵਿਤਕਰਾ ਨਹੀਂ ਕੀਤਾ ਜਾਣਾ ਚਾਹੀਦਾ। ਹਾਈਕੋਰਟ ਵਿਚ ਜਾਰੀ ਇਸ ਕੇਸ 'ਤੇ ਅਗਲੀ ਸੁਣਵਾਈ ਵੀ ਹੁਣ 26 ਮਈ 'ਤੇ ਪੈ ਗਈ ਹੈ ਜਿਸ ਮੌਕੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਆਪਣੀ ਇੱਛਾ ਸਪਸ਼ਟ ਤੌਰ 'ਤੇ ਜ਼ਾਹਿਰ ਕੀਤੇ ਜਾਣ ਦੀ ਉਮੀਦ ਕੀਤੀ ਜਾ ਰਹੀ ਹੈ।

## ਭੂਆ ਤੇ ਦਾਦੀ ਨੇ ਬਾਲੜੀ ਨੂੰ ਗਟਰ ਵਿਚ ਸੁੱਟ ਕੇ ਮਾਰਿਆ

**ਬੇਗੋਵਾਲ:** ਪਿੰਡ ਚੋਗਾਵਾਂ ਵਿਚ ਦੁਖਦਾਈ ਘਟਨਾ ਉਦੋਂ ਵਾਪਰ ਗਈ ਜਦੋਂ ਦਾਦੀ ਤੇ ਭੂਆ ਨੇ ਮਿਲ ਕੇ ਇਕ 3 ਮਹੀਨਿਆਂ ਦੀ ਲੜਕੀ ਨੂੰ ਗਟਰ ਵਿਚ ਸੁੱਟ ਕੇ ਮਾਰ ਦਿੱਤਾ। ਪੁਲਿਸ ਨੇ ਮਾਮਲਾ ਦਰਜ ਕਰਕੇ ਬੱਚੀ ਦੀ ਦਾਦੀ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਜਦਕਿ ਭੂਆ ਫ਼ਰਾਰ ਹੋ ਗਈ। ਬੱਚੀ ਦੀ ਮਾਂ ਅਮਨਦੀਪ ਕੌਰ ਪਤਨੀ ਦਰਬਾਰਾ ਸਿੰਘ ਵਾਸੀ ਚੋਗਾਵਾਂ ਥਾਣਾ ਬੇਗੋਵਾਲ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਵਿਆਹ ਤਕਰੀਬਨ ਦੋ ਸਾਲ ਪਹਿਲਾਂ ਇਟਲੀ ਨਿਵਾਸੀ ਦਰਬਾਰਾ ਸਿੰਘ ਪੁੱਤਰ ਝਿਰਮਲ ਸਿੰਘ ਨਾਲ ਹੋਇਆ ਸੀ ਤੇ ਤਿੰਨ ਮਹੀਨੇ ਪਹਿਲਾਂ ਉਸ ਦੇ ਘਰ ਲੜਕੀ ਨੇ ਜਨਮ ਲਿਆ ਸੀ।

ਅਮਨਦੀਪ ਅਨੁਸਾਰ ਵਿਆਹ ਤੋਂ ਬਾਅਦ ਉਸ ਦੀ ਸੱਸ ਰਾਜਵਿੰਦਰ ਕੌਰ ਤੇ ਨਨਾਣ ਕਮਲਜੀਤ ਕੌਰ ਉਸ ਨੂੰ ਹਮੇਸ਼ਾਂ ਤਾਹਨੇ-ਮਿਹਣੇ ਮਾਰ ਕੇ ਤੰਗ ਪ੍ਰੇਸ਼ਾਨ ਕਰਦੀਆਂ ਰਹਿੰਦੀਆਂ ਸਨ ਪਰ ਉਸ ਨੇ ਇਹ ਦੁਖ ਕਦੇ ਕਿਸੇ ਨੂੰ ਨਹੀਂ ਦੱਸਿਆ ਸੀ। ਉਸ ਨੇ ਦੱਸਿਆ ਕਿ ਉਹ ਆਪਣੀ ਲੜਕੀ ਦੀ ਸਿਹਤ ਠੀਕ ਨਾ ਹੋਣ ਕਰਕੇ ਦਵਾਈ ਲੈਣ ਗਈ ਸੀ ਤੇ ਜਦੋਂ ਉਹ ਵਾਪਸ ਆਈ ਤਾਂ ਉਸ ਦੀ ਸੱਸ ਤੇ ਨਨਾਣ ਉਸ ਨਾਲ ਗਾਲੀ-ਗਲੋਚ ਕਰਨ ਲੱਗ ਪਈਆਂ।

ਉਹ ਆਪਣੀ ਲੜਕੀ ਦੀ ਦਵਾਈ ਲਈ ਗਰਮ ਪਾਣੀ ਲੈਣ ਲਈ ਰਸੋਈ ਵਿਚ ਗਈ ਤਾਂ ਇਕਦਮ ਉਸ ਦੀ ਸੱਸ ਨੇ ਰਸੋਈ ਦਾ ਦਰਵਾਜ਼ਾ ਬਾਹਰੋਂ ਬੰਦ ਕਰ ਦਿੱਤਾ ਤੇ ਉਸ ਦੀ ਨਨਾਣ ਨੇ ਉਸ ਦੀ ਲੜਕੀ ਨੂੰ ਚੁੱਕ ਕੇ ਉਸ ਦਾ ਮੂੰਹ ਘੁੱਟ ਕੇ ਲੌਬੀ ਅੰਦਰ ਬਣੇ ਗਟਰ ਵਿਚ ਸੁੱਟ ਦਿੱਤਾ।

ਉਸ ਅਨੁਸਾਰ ਉਸ ਨੇ ਬਹੁਤ ਰੌਲਾ ਪਾਇਆ ਪਰ ਕਿਸੇ ਨੇ ਨਾ ਸੁਣੀ ਤੇ ਉਹ ਰਸੋਈ ਵਿਚ ਪਏ ਚਾਕੂ ਦੀ ਮਦਦ ਨਾਲ ਰਸੋਈ ਦੇ ਦਰਵਾਜ਼ੇ ਦੀ ਜਾਲੀ ਤੋੜ ਕੇ ਬੜੀ ਮੁਸ਼ਕਲ ਨਾਲ ਬਾਹਰ ਨਿਕਲੀ। ਇੰਨੇ ਨੂੰ ਉਸ ਦੀ ਨਨਾਣ ਤੇ ਸੱਸ ਘਰੋਂ ਬਾਹਰ ਦੌੜ ਗਈਆਂ। ਉਸ ਨੇ ਰੋਂਦੀ ਕੁਰਲਾਉਂਦੀ ਨੇ ਆਪਣੀ ਲੜਕੀ ਨੂੰ ਗਟਰ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਮਾਮਾ ਜੋਗਾ ਸਿੰਘ ਮੌਕੇ 'ਤੇ ਪੁੱਜੇ ਤੇ ਨਾਲ ਹੀ ਸਾਡੇ ਆਸ-ਪਾਸ ਦੇ ਲੋਕ ਵੀ ਇਕੱਠੇ ਹੋ ਗਏ। ਉਨ੍ਹਾਂ ਲੜਕੀ ਨੂੰ ਗਟਰ ਵਿਚੋਂ ਬੇਹੋਸ਼ੀ ਦੀ ਹਾਲਤ ਵਿਚ ਕੱਢਿਆ ਤੇ ਹਸਪਤਾਲ ਲੈ ਗਏ ਜਿਥੇ ਡਾਕਟਰਾਂ ਨੇ ਲੜਕੀ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

## ਸਾਬਕਾ ਖਾੜਕੂ ਵਿਸਫੋਟਕ ਸਮਗਰੀ ਦੇ ਕੇਸ ਵਿਚੋਂ ਬਰੀ

**ਅੰਮ੍ਰਿਤਸਰ:** ਵਧੀਕ ਸੈਸ਼ਨ ਜੱਜ ਪ੍ਰੀਤੀ ਸਾਹਨੀ ਨੇ ਅਹਿਮ ਕੇਸ ਦਾ ਫੈਸਲਾ ਕਰਦਿਆਂ ਖਾੜਕੂ ਸੁਖਦੇਵ ਸਿੰਘ ਸੁੱਖਾ ਚਿੜਾ ਤੇ ਗੁਰਿੰਦਰ ਸਿੰਘ ਹੀਰਾ ਨੂੰ ਵਿਸਫੋਟਕ ਸਮਗਰੀ ਦੇ ਕੇਸ ਵਿਚੋਂ ਬਾਇਜ਼ਤ ਬਰੀ ਕਰ ਦਿੱਤਾ। ਸੀਨੀਅਰ ਐਡਵੋਕੇਟ ਵੀ.ਪੀ. ਸਿੰਘ ਨੇ ਦੱਸਿਆ ਕਿ ਉਕਤ ਖਿਲਾਫ਼ ਥਾਣਾ ਸਿਵਲ ਲਾਈਨ ਦੀ ਪੁਲਿਸ ਵੱਲੋਂ ਪਰਚਾ ਮੁਖਬਰੀ 'ਤੇ 2010 ਵਿਚ ਦਰਜ ਕੀਤਾ ਸੀ। ਉਸ ਸਮੇਂ ਸਥਾਨਕ ਦਫ਼ਤਰ ਨਹਿਰ ਨੇੜਿਓਂ ਇਕ ਲਾਵਾਰਸ ਕਾਰ ਬਰਾਮਦ ਕੀਤੀ ਸੀ ਜਿਸ ਵਿਚੋਂ ਵਿਸਫੋਟਕ ਸਮਗਰੀ ਮਿਲੀ ਸੀ। ਉਨ੍ਹਾਂ ਦੱਸਿਆ ਕਿ ਸਪੈਸ਼ਲ ਅਪਰੇਸ਼ਨ ਸੈੱਲ ਨੇ ਪ੍ਰੋਡੈਕਸ਼ਨ ਵਾਰੰਟ ਲਿਆ ਕੇ ਕੇਂਦਰੀ ਜੇਲ੍ਹ ਵਿਚ ਬੰਦ ਸੁਖਦੇਵ ਸਿੰਘ ਸੁੱਖਾ ਚਿੜ੍ਹਾ ਨੂੰ 30-06-2010 ਤੇ ਗੁਰਿੰਦਰ ਸਿੰਘ ਹੀਰਾ ਨੂੰ 15-7-2010 ਦੀ ਗ੍ਰਿਫ਼ਤਾਰੀ ਇਸ ਕੇਸ ਵਿਚ ਵੀ ਪਾਈ ਸੀ। ਇਨ੍ਹਾਂ ਦੇ ਇਸ ਮੁਕਦਮੇ 'ਚ ਕੋਈ 18 ਗਵਾਹ ਭੁਗਤੇ ਤੇ ਐਡਵੋਕੇਟ ਵੀ.ਪੀ. ਸਿੰਘ ਭਾਟੀਆ ਤੇ ਬੀ.ਐਸ. ਸੈਣੀ ਨੇ ਅਦਾਲਤ ਵਿਚ ਪੈਰਵੀ ਕੀਤੀ। ਉਕਤ ਵਕੀਲਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਜੱਜ ਪ੍ਰੀਤੀ ਸਾਹਨੀ ਨੇ ਸੁਖਦੇਵ ਸਿੰਘ ਸੁੱਖਾ ਚਿੜ੍ਹਾ ਤੇ ਗੁਰਿੰਦਰ ਸਿੰਘ ਹੀਰਾ ਨੂੰ ਬਰੀ ਕਰ ਦਿੱਤਾ।


## ਹਿੰਦੂਜਾ ਭਰਾ ਬਰਤਾਨੀਆ ਦੇ ਸਭ ਤੋਂ ਅਮੀਰ ਵਿਅਕਤੀ

**ਲੰਡਨ:** ਹਿੰਦੂਜਾ ਭਰਾ ਬਰਤਾਨੀਆ ਦੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਇਸ ਦੇਸ਼ ਵਿਚ 12 ਅਰਬਪਤੀ ਹਨ ਜਿਨ੍ਹਾਂ ਵਿਚ ਲਾਰਡ ਸਵਰਾਜ ਪਾਲ ਤੇ ਚਾਰ ਹੋਰ ਭਾਰਤੀ ਮੂਲ ਦੀਆਂ ਹਸਤੀਆਂ ਸ਼ੁਮਾਰ ਹਨ। ਲੰਡਨ ਰਹਿੰਦੇ ਸ੍ਰੀਚੰਦ ਤੇ ਗੋਪੀ ਚੰਦ ਹਿੰਦੂਜਾ ਇਸ ਵੇਲੇ 11.9 ਅਰਬ ਪੌਂਡ ਦੇ ਮਾਲਕ ਹਨ। ਇਨ੍ਹਾਂ ਦੀ ਸੰਪਤੀ ਵਿਚ ਇਕ ਸਾਲ ਵਿਚ 1.3 ਅਰਬ ਦਾ ਕਮਾਲ ਦਾ ਵਾਧਾ ਹੋਇਆ ਹੈ ਤੇ ਇਨ੍ਹਾਂ ਨੇ ਸਟੀਲ ਕਿੰਗ ਲਕਸ਼ਮੀ ਐਨ. ਮਿੱਤਲ ਤੇ ਰੂਸੀ ਥੰਮ ਅਲੀਸ਼ੇਰ ਉਸਮਾਨੋਵ ਨੂੰ ਵੀ ਪਛਾੜ ਦਿੱਤਾ ਹੈ।

'ਸੰਡੇ ਟਾਈਮਜ਼' ਵੱਲੋਂ ਛਾਪੀ ਗਈ 'ਸੁਪਰ ਰਿੱਚ ਲਿਸਟ' ਵਿਚ ਇਹ ਖੁਲਾਸਾ ਹੋਇਆ ਹੈ। ਬਹੁ-ਕੌਮੀ ਹਿੰਦੂਜਾ ਗਰੁਪ ਦਾ ਆਟੋਮੋਟਿਵ, ਰੀਅਲ ਅਸਟੇਟ ਤੇ ਤੇਲ ਦੇ ਕਾਰੋਬਾਰਾਂ ਵਿਚ ਦਬਦਬਾ ਹੈ ਤੇ ਪਿਛਲੇ ਸਾਲ ਯੂ.ਕੇ. ਚਾਰਟ ਵਿਚ ਇਹ ਦੋਵੇਂ ਭਰਾ ਤੀਜੇ ਸਥਾਨ 'ਤੇ ਸਨ। ਲੰਡਨ ਵਿਚ ਕੁੱਲ 72 ਅਰਬਪਤੀ ਵੱਸਦੇ ਹਨ।

## ਘੱਲੂਘਾਰਾ ਯਾਦਗਾਰੀ ਮਾਰਚ ਕੱਢਣ ਦਾ ਐਲਾਨ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਦੀ 6 ਜੂਨ ਨੂੰ ਮਨਾਈ ਜਾ ਰਹੀ 30ਵੀਂ ਸ਼ਹੀਦੀ ਯਾਦ ਮੌਕੇ ਦਲ ਖ਼ਾਲਸਾ ਵੱਲੋਂ 5 ਜੂਨ ਨੂੰ ਸ਼ਹਿਰ ਵਿਚ ਘੱਲੂਘਾਰਾ ਯਾਦਗਾਰੀ ਮਾਰਚ ਕੱਢੇ ਜਾਣ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ ਜਿਸ ਦੀ ਸਮਾਪਤੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਨਾਲ ਹੋਵੇਗੀ। ਦਲ ਦੇ ਸੀਨੀਅਰ ਆਗੂ ਭਾਈ ਕੰਵਰਪਾਲ ਸਿੰਘ ਬਿੱਟੂ ਤੇ ਸ. ਸਤਨਾਮ ਸਿੰਘ ਪਾਊਂਟਾ ਸਾਹਿਬ ਨੇ ਦੱਸਿਆ ਕਿ ਪਿਛਲੇ 30 ਵਰ੍ਹਿਆਂ ਵਿਚ ਇਸ ਘੱਲੂਘਾਰੇ ਦੀਆਂ ਉੱਘੜੀਆਂ ਸਮੂਹ ਕੜੀਆਂ ਦਾ ਲੇਖਾ-ਜੋਖਾ ਸੰਘਰਸ਼ ਦੇ ਪੜਾਅ ਤੇ ਭਵਿੱਖ ਦੀ ਯੋਜਨਾਬੰਧੀ ਬਾਰੇ ਦਲ ਖ਼ਾਲਸਾ ਵੱਲੋਂ ਵਿਚਾਰ ਚਰਚਾ ਕੀਤੀ ਗਈ।



ਸ਼ਹੀਦੀ ਸਮਾਰੋਹ ਦਾ ਮੰਤਵ ਸਿੱਖਾਂ ਅੰਦਰ ਸ਼ਹੀਦਾਂ ਪ੍ਰਤੀ ਸਤਿਕਾਰ ਪੈਦਾ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਮਿਸ਼ਨ ਨੂੰ ਅੱਗੇ ਲਿਜਾਣ ਦਾ ਅਹਿਦ ਕਰਨਾ ਵੀ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਕੇਂਦਰ ਨਾਲ ਰਾਬਤਾ ਕਰਦਿਆਂ ਸਾਕਾ ਨੀਲਾ ਤਾਰਾ ਮੌਕੇ ਸ਼ਹੀਦ ਹੋਏ ਸਮੂਹ ਬੇਗੁਨਾਹਾਂ, ਸ਼ਰਧਾਲੂਆਂ ਤੇ ਜੁਝਾਰੂਆਂ ਦੀ ਪਛਾਣ ਸਬੰਧੀ ਸੂਚੀ ਜਾਰੀ ਕੀਤੀ ਜਾਵੇ। ਉਨ੍ਹਾਂ ਸ਼੍ਰੋਮਣੀ ਕਮੇਟੀ ਕੋਲੋਂ ਮੰਗ ਕੀਤੀ ਕਿ ਹਰ ਸਾਲ ਕੁਝ ਚੋਣਵੇਂ ਸ਼ਹੀਦ ਪਰਿਵਾਰਾਂ ਨੂੰ ਸਨਮਾਨਤ ਕਰਨ ਦੀ ਥਾਂ ਦਲ ਖ਼ਾਲਸਾ ਦੀ ਸੂਚੀ ਮੁਤਾਬਕ ਸ਼ਹੀਦ ਹੋਏ 218 ਸਿੰਘਾਂ ਸਿੰਘਣੀਆਂ ਦੇ ਪਰਿਵਾਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਨਮਾਨਤ ਕੀਤਾ ਜਾਵੇ। ਇਸ ਮੌਕੇ ਆਗੂਆਂ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਪਾਕਿਸਤਾਨ ਜਾ ਕੇ ਨਾਨਕਸ਼ਾਹੀ ਕੈਲੰਡਰ ਨੂੰ ਆਪਣੀ ਮਰਜ਼ੀ ਅਨੁਸਾਰ ਠੋਸਣ ਦੀ ਕੋਸ਼ਿਸ਼ ਦਾ ਵਿਰੋਧ ਕਰਦਿਆਂ ਕਿਹਾ ਕਿ ਆਪਣੀ ਗੁਲਾਮ ਮਾਨਸਿਕਤਾ ਨੂੰ ਦੂਸਰਿਆਂ 'ਤੇ ਥੋਪਣ ਦੀ ਜਗ੍ਹਾ ਇਸ ਬਾਰੇ ਸਰਵਪ੍ਰਵਾਨਿਤ ਰਾਹ ਕੱਢਿਆ ਜਾਣਾ ਚਾਹੀਦਾ ਹੈ।

## ਦਿੱਲੀ ਵਿਸ਼ਵ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ

**ਨਵੀਂ ਦਿੱਲੀ:** ਵਿਸ਼ਵ ਸਿਹਤ ਸੰਗਠਨ ਨੇ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਤ ਸ਼ਹਿਰ ਕਰਾਰ ਦਿੱਤਾ ਹੈ। ਉਸ ਨੇ ਦਾਅਵਾ ਕੀਤਾ ਹੈ ਕਿ ਦੁਨੀਆਂ ਦੇ ਸਭ ਤੋਂ ਪ੍ਰਦੂਸ਼ਤ ਪਹਿਲੇ 20 ਸ਼ਹਿਰਾਂ ਵਿਚੋਂ 13 ਭਾਰਤ ਦੇ ਹਨ। ਸੰਸਥਾ ਵਲੋਂ ਦੁਨੀਆਂ ਦੇ 91 ਮੁਲਕਾਂ ਦੇ 1600 ਸ਼ਹਿਰਾਂ ਦੇ ਕੀਤੇ ਅਧਿਐਨ ਵਿਚ ਦਿੱਲੀ ਨੂੰ ਸਭ ਤੋਂ ਪ੍ਰਦੂਸ਼ਤ ਸ਼ਹਿਰ ਮੰਨਿਆ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪ੍ਰਦੂਸ਼ਣ ਦਿਨ-ਬ-ਦਿਨ ਵਧ ਰਿਹਾ ਹੈ ਜਿਸ ਕਾਰਨ ਕੈਂਸਰ, ਸਟਰੋਕ ਤੇ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਹੈ। ਸਰਵੇ ਮੁਤਾਬਕ ਦਿੱਲੀ ਦੀ ਹਵਾ ਸਭ ਤੋਂ ਗੰਦੀ ਹੈ। ਇਸ ਵਿਚ ਪਲੀਤ ਕਣਾਂ ਦੀ ਸਾਲਾਨਾ ਔਸਤ ਮਾਤਰਾ 153 ਮਾਈਕਰੋਗਰਾਮ ਹੈ। ਇਸ ਨੂੰ ਆਮ ਤੌਰ 'ਤੇ ਪੀ.ਐਮ 2.5 ਦੀ ਕਿਊਬਕ ਮੀਟਰ ਵਜੋਂ ਵੀ ਜਾਣਿਆ ਜਾਂਦਾ ਹੈ। ਚੀਨ ਦੀ ਰਾਜਧਾਨੀ ਪੇਈਚਿੰਗ ਜਿਸ ਦੀ ਹਵਾ ਕਦੇ ਸਭ ਤੋਂ ਦੂਸ਼ਿਤ ਮੰਨੀ ਜਾਂਦੀ ਸੀ, ਵਿਚ ਪਲੀਤ ਕਣਾਂ ਦੀ ਮਾਤਰਾ 56 ਮਾਈਕਰੋਗਰਾਮ ਹੈ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਮੈਂਬਰ ਸਕੱਤਰ ਏ.ਬੀ. ਅਕੋਲਕਰ ਨੇ ਰਿਪੋਰਟ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਨੇ ਰਿਪੋਰਟ ਵਿਚ ਦਾਅਵਾ ਵਧਾ ਚੜ੍ਹਾਅ ਕੇ ਕੀਤਾ ਹੈ।

# ਕਿਸਾਨ ਖੁਦਕੁਸ਼ੀਆਂ ਰੋਕਣ ਲਈ ਕਮੇਟੀ ਕਾਇਮ

**ਚੰਡੀਗੜ੍ਹ:** ਦੇਸ਼ ਦਾ ਅਨਾਜ ਭੰਡਾਰ ਬਣੇ ਪੰਜਾਬ ਦਾ ਖੇਤੀ ਸੈਕਟਰ ਖੁਦਕੁਸ਼ੀਆਂ ਦੇ ਦੌਰ ਵਿਚੋਂ ਲੰਘ ਰਿਹਾ ਹੈ। ਹਾਲ ਹੀ ਵਿਚ ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਸ਼ਹਿਰ ਦੇ ਪਿੰਡ ਹਸਨਪੁਰ ਵਿਚ ਨੌਜਵਾਨ ਕਿਸਾਨ ਜੁਗਰਾਜ ਸਿੰਘ ਵੱਲੋਂ ਖੁਦਕੁਸ਼ੀ ਕੀਤੀ ਗਈ ਹੈ। ਉਸ ਦੇ ਛੋਟੇ ਭਰਾ ਨੇ ਵੀ ਉਸ ਨਾਲ ਇਹੋ ਕਦਮ ਪੁੱਟਿਆ ਸੀ ਜੋ ਮਾਨਸਾ ਦੇ ਹਸਪਤਾਲ ਵਿਚ ਦਾਖਲ ਹੈ। 13 ਸਾਲ ਪਹਿਲਾਂ ਉਨ੍ਹਾਂ ਦਾ ਪਿਤਾ ਵੀ ਇਸੇ ਤਰ੍ਹਾਂ ਜਾਨ ਦੇ ਗਿਆ ਸੀ। ਪੰਜਾਬ ਵਿਚ ਇਹੋ ਜਿਹੀਆਂ ਹੋਰ ਬਹੁਤ ਸਾਰੀਆਂ ਕਹਾਣੀਆਂ ਮਿਲਦੀਆਂ ਹਨ।

2000 ਤੋਂ 2010 ਤੱਕ ਰਾਜ ਵਿਚ 6926 ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਇਹ ਅੰਕੜੇ ਪੇਸ਼ ਕੀਤੇ ਗਏ ਸਨ। ਪੰਜਾਬ ਸਰਕਾਰ ਨੇ ਇਸ ਵਰਤਾਰੇ ਨਾਲ ਨਜਿੱਠਣ ਲਈ ਇਸ ਵਾਸਤੇ ਨੀਤੀ ਘੜਨ ਲਈ ਕਮੇਟੀ ਕਾਇਮ ਕੀਤੀ ਹੈ।




ਰਾਜ ਸਰਕਾਰ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਨਿਰਦੇਸ਼ ਦਿੱਤੇ ਸਨ ਕਿ ਖੇਤੀ ਸੈਕਟਰ ਵਿਚ ਖੁਦਕੁਸ਼ੀਆਂ ਨੂੰ ਠੱਲ੍ਹਣ ਲਈ ਸਰਕਾਰ ਕੋਈ ਠੋਸ ਨੀਤੀ ਘੜੇ। ਬਹੁਤੇ ਕਿਸਾਨ ਜੋ ਪੰਜ ਏਕੜ ਤੱਕ ਦੇ ਮਾਲਕ ਹਨ ਜਾਂ ਖੇਤ ਮਜ਼ਦੂਰ ਹੀ ਖੁਦਕੁਸ਼ੀਆਂ ਕਰ ਰਹੇ ਹਨ। ਕਰਜ਼ਾ ਆਰਥਿਕ ਤਣਾਅ, ਵਧ ਰਹੇ ਸਮਾਜਿਕ ਖਰਚੇ ਇਸ ਵਰਤਾਰੇ ਦੇ ਮੁੱਖ ਕਾਰਨ ਬਣ ਰਹੇ ਹਨ।

ਪੰਜਾਬ ਖੇਤੀ ਸਕੱਤਰ ਕਾਹਨ ਸਿੰਘ ਪੰਨੂ ਨੇ ਆਸ ਪ੍ਰਗਟਾਈ ਹੈ ਕਿ ਇਹ ਕਮੇਟੀ ਅਗਸਤ ਦੇ ਅਖੀਰ ਤੱਕ ਨੀਤੀ ਦਾ ਖਰੜਾ ਤਿਆਰ ਕਰ ਲਏਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਆਂਧਰਾ ਪ੍ਰਦੇਸ਼ ਤੇ ਹੋਰ ਰਾਜ ਸਰਕਾਰਾਂ ਵੱਲੋਂ ਤਿਆਰ ਨੀਤੀਆਂ ਦਾ ਅਧਿਐਨ ਵੀ ਸ਼ੁਰੂ ਕਰ ਦਿੱਤਾ ਹੈ। ਸ. ਪੰਨੂ ਇਸ ਕਮੇਟੀ ਦੇ ਮੁਖੀ ਹਨ। ਇਸ ਕਮੇਟੀ ਵਿਚ ਇਕ ਮੈਂਬਰ ਪੰਜਾਬ ਫਾਰਮਰਜ਼ ਕਮਿਸ਼ਨ ਤੇ ਪੀ.ਏ.ਯੂ. ਲੁਧਿਆਣਾ ਤੋਂ ਹੋਏ ਹਨ। ਖਰੜਾ ਤਿਆਰ ਕਰਨ ਤੋਂ ਪਹਿਲਾਂ ਕਮੇਟੀ 'ਮੂਵਮੈਂਟ ਅਗੇਂਸਟ ਸਟੇਟ ਰਿਪਰੈਸ਼ਨ' 'ਤੇ ਵੱਖ-ਵੱਖ ਕਿਸਾਨ ਸੰਗਠਨਾਂ ਨੂੰ ਵੀ ਮਿਲੇਗੀ।

# ਜਲ ਵਿਵਾਦ: ਵਿਧਾਨ ਪਾਲਿਕਾ ਨਹੀਂ ਪਲਟਾ ਸਕੇਗੀ ਅਦਾਲਤੀ ਫੈਸਲੇ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਪਣੇ ਅਹਿਮ ਹੁਕਮ ਵਿਚ ਸਪਸ਼ਟ ਕੀਤਾ ਹੈ ਕਿ ਉਸ ਵੱਲੋਂ ਤੱਥਾਂ ਦੇ ਆਧਾਰ 'ਤੇ ਕੀਤੇ ਫੈਸਲਿਆਂ ਨੂੰ ਉਲਟਾਉਣ ਦਾ ਸੰਸਦ ਤੇ ਵਿਧਾਨ ਸਭਾਵਾਂ ਕੋਲ ਕੋਈ ਅਧਿਕਾਰ ਨਹੀਂ ਹੈ। ਸਰਵਉੱਚ ਅਦਾਲਤ ਦੇ ਇਸ ਹੁਕਮ ਦਾ ਅੰਤਰਰਾਜੀ ਜਲ ਵਿਵਾਦਾਂ 'ਤੇ ਸਿੱਧਾ ਅਸਰ ਪਵੇਗਾ।

ਚੀਫ ਜਸਟਿਸ ਆਰ.ਐਮ. ਲੋਧਾ ਦੀ ਅਗਵਾਈ ਹੇਠਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਮੁੱਲਾਪੇਰੀਯਾਰ ਬੰਨ੍ਹ ਬਾਰੇ ਸੁਣਾਏ ਫੈਸਲੇ ਮੌਕੇ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਤੱਥਾਂ ਦੇ ਅਧਾਰ 'ਤੇ ਕੀਤੇ ਗਏ ਫੈਸਲਿਆਂ ਨੂੰ ਉਲਟਾਉਣ ਦਾ ਸੰਸਦ ਤੇ ਵਿਧਾਨ ਸਭਾਵਾਂ ਕੋਲ ਕੋਈ ਅਧਿਕਾਰ ਨਹੀਂ, ਕਿਉਂਕਿ ਅਜਿਹੇ ਫੈਸਲੇ ਅਦਾਲਤ ਵੱਲੋਂ ਸਬੂਤਾਂ ਤੇ ਸਮੁੱਚੀ ਸਮੱਗਰੀ ਦੇ ਮੱਦੇਨਜ਼ਰ ਕੀਤੇ ਜਾਂਦੇ ਹਨ, ਜਿਹੜੇ ਵਿਵਾਦਾਂ ਵਿਚ ਫਸੀਆਂ ਧਿਰਾਂ ਵੱਲੋਂ ਉਸ ਅੱਗੇ ਰੱਖੇ ਜਾਂਦੇ ਹਨ।

ਬੈਂਚ ਨੇ ਇਹ ਸਾਫ ਕੀਤਾ ਕਿ ਅਦਾਲਤ ਵੱਲੋਂ ਦਿੱਤੇ ਅਜਿਹੇ ਫੈਸਲਿਆਂ ਨੂੰ ਰਾਜ ਵਿਧਾਨ ਸਭਾਵਾਂ ਜਨਤਕ ਹਿੱਤ, ਅਹਿਤਿਆਤ, ਵਿਆਪਕ ਸੁਰੱਖਿਆ ਤੇ ਦੋ ਸੂਬਿਆਂ ਦਾ ਮਾਮਲਾ ਕਹਿ ਕੇ ਉਲਝਾ ਨਹੀਂ ਸਕਦੀਆਂ। ਬੈਂਚ ਨੇ ਕਿਹਾ ਕਿ ਇਹ ਵੀ ਸੱਚ ਹੈ ਕਿ ਸੂਬਿਆਂ ਕੋਲ ਅਧਿਕਾਰ ਹਨ, ਪਰ ਅਦਾਲਤਾਂ ਵੀ ਵਿਸ਼ੇਸ਼ ਹਨ। ਸੁਪਰੀਮ ਕੋਰਟ ਨੇ ਕੇਰਲ ਨੂੰ ਝਟਕਾ ਦਿੰਦਿਆਂ ਮੁੱਲਾਪੇਰੀਯਾਰ ਨੂੰ ਖਤਰੇ ਵਾਲਾ ਕਰਾਰ ਦੇਣ ਵਾਲੇ ਵਿਧਾਨ ਸਭਾ ਵੱਲੋਂ ਬਣਾਏ ਕਾਨੂੰਨ ਨੂੰ ਰੱਦ ਕਰ ਦਿੱਤਾ ਤੇ ਬੰਨ੍ਹ ਵਿਚ ਪਾਣੀ ਦਾ ਪੱਧਰ ਵਧਾਉਣ ਦੇ ਤਾਮਿਲਨਾਡੂ ਸਰਕਾਰ ਦੇ ਕਦਮ ਨੂੰ ਸਹੀ ਕਰਾਰ ਦੇ ਦਿੱਤਾ। ਚੀਫ਼ ਜਸਟਿਸ ਆਰ.ਐਮ. ਲੋਧਾ ਦੀ ਅਗਵਾਈ ਵਾਲੇ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ ਕੇਰਲਾ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਕੇਰਲਾ ਸਿੰਜਾਈ ਤੇ ਜਲ ਸੰਭਾਲ ਐਕਟ 2006 ਨੂੰ ਲਾਗੂ ਨਹੀਂ ਕਰੇਗੀ। ਸੁਪਰੀਮ ਕੋਰਟ ਦੇ ਫੈਸਲੇ 'ਤੇ ਕੇਰਲ ਸਰਕਾਰ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਹੈ ਕਿ ਉਹ ਸਰਵਉੱਚ ਅਦਾਲਤ ਦੇ ਹੁਕਮ ਦੀ ਘੋਖ ਕਰਨ ਮਗਰੋਂ ਅਗਲਾ ਕਦਮ ਚੁੱਕੇਗੀ। ਮੁੱਖ ਮੰਤਰੀ ਓਮਨ ਚਾਂਡੀ ਨੇ ਕਿਹਾ ਹੈ ਕਿ ਸਰਕਾਰ ਦੀ ਚਿੰਤਾ ਬੰਨ੍ਹ ਦੀ ਸੁਰੱਖਿਆ ਬਾਰੇ ਹੈ। ਸੁਪਰੀਮ ਕੋਰਟ ਨੇ ਫ਼ੈਸਲੇ ਵਿਚ ਕਿਹਾ ਹੈ ਕਿ 120 ਸਾਲ ਪੁਰਾਣਾ ਡੈਮ ਸੁਰੱਖਿਅਤ ਹੈ। ਤਾਮਿਲਨਾਡੂ ਸਰਕਾਰ ਪਾਣੀ ਦਾ ਪੱਧਰ 142 ਫੁੱਟ ਤੱਕ ਵਧਾ ਸਕਦੀ ਹੈ। ਡੈਮ ਮੁਕੰਮਲ ਹੋਣ 'ਤੇ ਇਹ ਪੱਧਰ 152 ਫੁੱਟ ਕੀਤਾ ਜਾ ਸਕੇਗਾ।



## ਸੰਵਿਧਾਨਕ ਦਾਇਰੇ ਅੰਦਰ ਹੀ ਰਹਿਣ ਸੰਸਥਾਵਾਂ

ਸੁਪਰੀਮ ਕੋਰਟ ਨੇ ਫੈਸਲੇ ਵਿਚ ਕਿਹਾ ਹੈ ਕਿ ਸੰਵਿਧਾਨ ਵਿਚ ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਨੂੰ ਵੱਖੋ-ਵੱਖਰੀਆਂ ਤਾਕਤਾਂ ਦਿੱਤੀਆਂ ਹਨ। ਸਾਰੀਆਂ ਦੀਆਂ ਲਕਸ਼ਮਣ ਰੇਖਾਵਾਂ ਹਨ, ਕੋਈ ਜਦੋਂ ਇਨ੍ਹਾਂ ਦੀ ਉਲੰਘਣਾ ਕਰਦਾ ਹੈ ਤਾਂ ਉਹ ਸੰਵਿਧਾਨ ਦੀ ਧਾਰਾ 14 ਦਾ ਅਪਮਾਨ ਕਰਦਾ ਹੈ। ਕਾਰਜਪਾਲਿਕਾ ਤੇ ਵਿਧਾਨਪਾਲਿਕਾ ਤੋਂ ਵੱਧ ਸੁਤੰਤਰ ਨਿਆਂਪਾਲਿਕਾ ਦਾ ਗਠਨ ਸੰਵਿਧਾਨ ਦਾ ਆਧਾਰ ਹੈ।

## ਫੈਸਲੇ ਦਾ ਪੰਜਾਬ 'ਤੇ ਵੀ ਪਵੇਗਾ ਅਸਰ

ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਪੰਜਾਬ 'ਤੇ ਵੀ ਖਾਸਾ ਅਸਰ ਪਵੇਗਾ। ਸਾਲ 2002 ਵਿਚ ਸੁਪਰੀਮ ਕੋਰਟ ਨੇ ਰਾਵੀ ਤੇ ਬਿਆਸ ਦਰਿਆਵਾਂ ਦਾ ਵਾਧੂ ਪਾਣੀ ਹਰਿਆਣਾ ਤੇ ਰਾਜਸਥਾਨ ਨੂੰ ਦੇਣ ਲਈ ਸਤਲੁਜ-ਯਮੁਨਾ ਲਿੰਕ ਨਹਿਰ ਪੂਰੀ ਕਰਨ ਦਾ ਹੁਕਮ ਦਿੱਤਾ ਸੀ। 2004 ਵਿਚ ਤਤਕਾਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਪੰਜਾਬ ਪੁਨਰਗਠਨ ਵੇਲੇ ਹੋਏ ਦਰਿਆਵਾਂ ਦੇ ਪਾਣੀਆਂ ਦੀ ਵੰਡ ਬਾਰੇ ਸਮਝੌਤੇ ਨੂੰ ਰੱਦ ਕਰ ਦਿੱਤਾ ਸੀ। ਇਸ ਮਗਰੋਂ ਮਾਮਲਾ ਰਾਸ਼ਟਰਪਤੀ ਕੋਲ ਚਲਾ ਗਿਆ, ਜਿਨ੍ਹਾਂ ਨੇ ਇਸ ਨੂੰ ਸੁਪਰੀਮ ਕੋਰਟ ਕੋਲ ਭੇਜ ਦਿੱਤਾ। ਅਦਾਲਤ ਦੇ ਤਾਜ਼ਾ ਫੈਸਲੇ ਨਾਲ ਪੰਜਾਬ ਵਿਚ ਪਾਣੀ ਦੀ ਵੰਡ ਨੂੰ ਲੈ ਕੇ ਚੱਲ ਰਹੇ ਵਿਵਾਦ ਵਿਚ ਨਵਾਂ ਮੋੜ ਆਉਣ ਦੇ ਆਸਾਰ ਬਣ ਗਏ ਹਨ।

### ਅਮਰੀਕਾ ਦੀ ਪਾਕਿਸਤਾਨ ਨੂੰ ਸਲਾਹ

# ਅਤਿਵਾਦੀਆਂ ਦੇ ਟਿਕਾਣੇ ਨਸ਼ਟ ਕਰ ਕੇ ਹੀ ਖੁੱਲ੍ਹੇਗਾ ਅਮਨ ਤੇ ਖੁਸ਼ਹਾਲੀ ਦਾ ਰਾਹ

**ਇਸਲਾਮਾਬਾਦ:** ਅਮਰੀਕਾ ਦੇ ਉਪ ਵਿਦੇਸ਼ ਮੰਤਰੀ ਵਿਲੀਅਮ ਬਰਨਜ਼ ਨੇ ਪਾਕਿਸਤਾਨ ਨੂੰ ਗੜਬੜਗ੍ਰਸਤ ਉੱਤਰੀ ਵਜ਼ੀਰਸਤਾਨ ਵਿਚ ਅਤਿਵਾਦੀਆਂ ਦੇ ਟਿਕਾਣੇ ਨਸ਼ਟ ਕਰਨ ਲਈ ਕਿਹਾ ਹੈ। ਬਰਨਜ਼ ਨੇ ਕਿਹਾ ਕਿ ਇਹ ਨਾ ਸਿਰਫ ਪਾਕਿਸਤਾਨ ਦੇ ਆਪਣੇ ਹਿੱਤਾਂ ਵਿਚ ਹੋਏਗਾ, ਬਲਕਿ ਇਸ ਸਦਕਾ ਇਸ ਦੇ ਆਪਣੇ ਗੁਆਂਢੀ ਮੁਲਕਾਂ ਨਾਲ ਵੀ ਚੰਗੇ ਸਬੰਧ ਬਣਨਗੇ।

ਬਰਨਜ਼ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸਰਹੱਦ ਪਾਰਲੀ ਦਹਿਸ਼ਤਗਰਦੀ ਠੱਲ੍ਹਣਾ ਤੇ ਅਤਿਵਾਦੀਆਂ ਦੇ ਸੁਰੱਖਿਅਤ ਟਿਕਾਣੇ ਨਸ਼ਟ ਕਰਨਾ ਨਾ ਸਿਰਫ ਪਾਕਿਸਤਾਨ ਵਿਚ ਸਥਾਈ ਅਮਨ ਤੇ ਖੁਸ਼ਹਾਲੀ ਲਈ ਅਹਿਮ ਹੈ, ਬਲਕਿ ਇਸਲਾਮਾਬਾਦ ਦੇ ਗੁਆਂਢੀਆਂ (ਸਮੇਤ ਅਫਗਾਨਿਸਤਾਨ ਦੇ) ਨਾਲ ਚੰਗੇ ਸਬੰਧਾਂ ਲਈ ਵੀ ਲਾਜ਼ਮੀ ਹੈ।

ਉਪ ਵਿਦੇਸ਼ ਮੰਤਰੀ ਵਜੋਂ ਪਹਿਲੀ ਵਾਰ ਪਾਕਿਸਤਾਨ ਪੁੱਜੇ ਬਰਨਜ਼ ਨੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼, ਸੈਨਾ ਮੁਖੀ ਜਨਰਲ ਰਾਹੀਲ ਸ਼ਰੀਫ਼, ਗ੍ਰਹਿ ਮੰਤਰੀ ਚੌਧਰੀ ਨਿਸਾਰ ਅਲੀ ਖਾਨ, ਵਿਦੇਸ਼ ਮਾਮਲਿਆਂ ਲਈ ਪ੍ਰਧਾਨ ਮੰਤਰੀ ਦੇ ਸਲਾਹਕਾਰ ਸਰਤਾਜ ਅਜ਼ੀਜ਼ ਤੇ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਸਹਾਇਕ ਤਾਰਿਕ ਫਾਤਿਮੀ ਨਾਲ ਮੁਲਾਕਾਤ ਕੀਤੀ।

ਪਾਕਿਸਤਾਨੀ ਅਖ਼ਬਾਰ 'ਡਾਨ' ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਬਰਨਜ਼ ਨੇ ਪਾਕਿਸਤਾਨ ਦੇ ਸਿਖਰਲੇ ਸਿਵਲ ਤੇ ਫੌਜੀ ਅਧਿਕਾਰੀਆਂ ਨਾਲ ਮੀਟਿੰਗਾਂ ਦੌਰਾਨ ਅਮਰੀਕਾ ਵੱਲੋਂ ਇਹ ਜ਼ੋਰਦਾਰ ਸੁਨੇਹਾ ਦਿੰਦਿਆਂ ਉੱਤਰੀ ਵਜ਼ੀਰਸਤਾਨ ਵਿਚ ਬਣੇ ਅਤਿਵਾਦੀਆਂ ਦੇ ਟਿਕਾਣੇ ਨਸ਼ਟ ਕਰ ਲਈ ਕਿਹਾ ਹੈ। ਬਰਨਜ਼ ਨੇ ਅਮਰੀਕਾ ਵੱਲੋਂ ਇਹ ਵੀ ਬੇਨਤੀ ਕੀਤੀ ਹੈ ਕਿ ਇਹ ਕੰਮ ਅਫਗਾਨਿਸਤਾਨ ਵਿਚ ਨਵੀਂ ਸਰਕਾਰ ਬਣਨ ਤੋਂ ਪਹਿਲਾਂ-ਪਹਿਲਾਂ ਮੁਕੰਮਲ ਹੋ ਜਾਣਾ ਚਾਹੀਦਾ ਹੈ।

ਬਰਨਜ਼ ਨੇ ਕਿਹਾ ਹੈ ਕਿ ਅਫਗਾਨਿਸਤਾਨ ਦੀ ਅਗਵਾਈ ਵਿਚ ਸੁਲਾਹ-ਸਫਾਈ ਲਈ ਕੀਤੇ ਯਤਨਾਂ ਵਿਚ ਮਦਦ ਕਰਨ ਲਈ ਅਮਰੀਕਾ, ਪਾਕਿਸਤਾਨ ਦੀ ਸ਼ਲਾਘਾ ਕਰਦਾ ਹੈ ਤੇ ਇਸ ਗੱਲੋਂ ਆਸਵੰਦ ਹੈ ਕਿ ਇਸ ਸਾਲ ਦੇ ਅਖੀਰ ਵਿਚ 'ਦੁਵੱਲਾ' ਸੁਰੱਖਿਆ ਸਮਝੌਤਾ ਸਿਰੇ ਚੜ੍ਹ ਜਾਏਗਾ ਜਿਸ ਸਦਕਾ ਅਫਗਾਨਿਸਤਾਨ ਫੌਜਾਂ ਨੂੰ ਸਿਖਲਾਈ, ਸਲਾਹ ਤੇ ਸੇਧ ਦੇਣ ਦਾ ਸਿਲਸਿਲਾ ਤੇ ਬਚੇ-ਖੁਚੇ ਅਲਕਾਇਦਾ ਵਾਲਿਆਂ ਦਾ ਪਿੱਛਾ ਕਰਨ ਦਾ ਕੰਮ ਜਾਰੀ ਰੱਖਿਆ ਜਾ ਸਕੇਗਾ। ਉਨ੍ਹਾਂ ਨੇ ਪ੍ਰਧਾਨ ਮੰਤਰੀ ਵੱਲੋਂ ਆਪਣੇ ਢੰਗਾਂ ਨਾਲ ਦੇਸ਼ ਦੇ ਹਰ ਖਿੱਤੇ ਵਿਚ ਆਪਣਾ ਪ੍ਰਭਾਵ ਸਥਾਪਤ ਕਰਨ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਜ਼ੋਰ ਦੇ ਕੇ ਕਿਹਾ ਕਿ ਇਹ ਅਤਿਵਾਦੀ ਸਮੂਹਾਂ ਉਤੇ ਦਬਾਅ ਬਣਾਈ ਰੱਖੇ, ਉਨ੍ਹਾਂ ਦੇ ਟਿਕਾਣੇ ਨਸ਼ਟ ਕਰੇ ਤੇ ਸਰਹੱਦ ਪਾਰਲੀ ਦਹਿਸ਼ਤਗਰਦੀ ਸਖ਼ਤੀ ਨਾਲ ਰੋਕੇ।

# ਮੋਨਿਕਾ ਲੇਵਿੰਸਕੀ ਨੇ ਕਲਿੰਟਨ ਨਾਲ ਸਬੰਧਾਂ ਬਾਰੇ ਚੁੱਪ ਤੋੜੀ

**ਵਾਸ਼ਿੰਗਟਨ:** ਵ੍ਹਾਈਟ ਹਾਊਸ ਦੀ ਸਾਬਕਾ ਮੁਲਾਜ਼ਮ ਮੋਨਿਕਾ ਲੇਵਿੰਸਕੀ ਨੇ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਆਪਣੇ ਪ੍ਰੇਮ ਸਬੰਧਾਂ ਬਾਰੇ ਚੁੱਪ ਤੋੜਦਿਆਂ ਕਿਹਾ ਹੈ ਕਿ ਭਾਵੇਂ ਦੋਵਾਂ ਵਿਚਾਲੇ ਸਬੰਧ ਆਪਸੀ ਸਹਿਮਤੀ ਨਾਲ ਬਣੇ ਸਨ ਪਰ ਸਾਬਕਾ ਰਾਸ਼ਟਰਪਤੀ ਨੇ ਉਸ ਦਾ ਫਾਇਦਾ ਚੁੱਕਿਆ। ਮੋਨਿਕਾ ਨੇ 'ਵੈਨਿਟੀ ਫੇਅਰ' ਰਸਾਲੇ ਲਈ ਲਿਖੇ ਵਿਸ਼ੇਸ਼ ਲੇਖ ਵਿਚ ਕਿਹਾ ਹੈ ਕਿ ਮੇਰੇ ਤੇ ਰਾਸ਼ਟਰਪਤੀ ਕਲਿੰਟਨ ਵਿਚਾਲੇ ਜੋ ਕੁਝ ਹੋਇਆ, ਮੈਨੂੰ ਉਸ ਦਾ ਬਹੁਤ ਅਫਸੋਸ ਹੈ। 40 ਸਾਲਾ ਮੋਨਿਕਾ ਨੇ ਕਿਹਾ ਕਿ ਉਸ ਨੇ ਹੁਣ ਫੈਸਲਾ ਕੀਤਾ ਹੈ ਕਿ ਉਹ ਆਪਣੀ ਰਾਇ ਰੱਖੇਗੀ। ਉਸ ਨੇ ਲਿਖਿਆ ਹੈ ਕਿ ਬੇਸ਼ੱਕ ਮੇਰੇ ਬੌਸ ਨੇ ਮੇਰਾ ਫਾਇਦਾ ਚੁੱਕਿਆ, ਪਰ ਮੈਂ ਹਮੇਸ਼ਾ ਇਸ ਗੱਲ 'ਤੇ ਕਾਇਮ ਰਹਾਂਗੀ ਕਿ ਸਾਡੇ ਦੋਵਾਂ ਵਿਚਾਲੇ ਸਬੰਧ ਆਪਸੀ ਸਹਿਮਤੀ ਨਾਲ ਬਣੇ ਸਨ। ਕੁਝ ਲੋਕਾਂ ਵਿਚ ਚਰਚਾ ਸੀ ਕਿ ਕਲਿੰਟਨ ਨੇ ਮੈਨੂੰ ਪੈਸੇ ਦਿੱਤੇ ਹੋਣਗੇ, ਜਿਸ ਕਰਕੇ ਮੈਂ ਚੁੱਪ ਰਹੀ, ਪਰ ਇਹ ਝੂਠ ਹੈ।



ਉਸ ਨੇ ਕਿਹਾ ਕਿ ਜਦੋਂ 1998 ਵਿਚ ਕਲਿੰਟਨ ਨਾਲ ਉਸ ਦੇ ਪ੍ਰੇਮ ਸਬੰਧਾਂ ਦੀ ਖਬਰ ਸਾਹਮਣੇ ਆਈ ਤਾਂ ਉਹ ਦੁਨੀਆਂ ਦੀ ਸਭ ਤੋਂ ਮਾੜੀ ਔਰਤ ਬਣ ਗਈ, ਜਦਕਿ ਉਹ ਅਜਿਹੀ ਬਿਲਕੁਲ ਵੀ ਨਹੀਂ ਹੈ ਤੇ ਨਾ ਹੀ ਸੀ। ਉਸ ਵੇਲੇ ਇੰਟਰਨੈੱਟ 'ਤੇ ਮੈਨੂੰ ਦੁਨੀਆਂ ਭਰ ਵਿਚ ਬਦਨਾਮ ਕੀਤਾ ਗਿਆ। ਮੇਰਾ ਮੌਜੂਦਾ ਟੀਚਾ ਹੈ ਕਿ ਮੈਂ ਆਨਲਾਈਨ ਅਪਮਾਨ ਤੇ ਪੀੜਤਾਂ ਲਈ ਕੰਮ ਕਰਾਂ ਤੇ ਜਨਤਕ ਮੰਚਾਂ ਤੋਂ ਇਸ ਬਾਰੇ ਬੋਲਾਂ। ਮੋਨਿਕਾ ਨੇ ਦਾਅਵਾ ਕੀਤਾ ਕਿ ਮੈਨੂੰ ਅਜਿਹੀ ਮਾੜੀ ਔਰਤ ਬਣਾ ਕੇ ਪੇਸ਼ ਕਰਨ ਦਾ ਮੁੱਖ ਮਕਸਦ ਇਹੀ ਸੀ ਕਿ ਰਾਸ਼ਟਰਪਤੀ ਨੂੰ ਬਚਾਇਆ ਜਾ ਸਕੇ ਤੇ ਮੈਨੂੰ ਬਲੀ ਦੀ ਬੱਕਰੀ ਬਣਾਇਆ ਜਾ ਸਕੇ। ਉਸ ਵੇਲੇ ਸਿਆਸੀ, ਜਨਤਕ ਤੇ ਮੀਡੀਆ ਰਾਹੀਂ ਮੈਨੂੰ ਬਦਨਾਮ ਕਰ ਛੱਡਿਆ। ਇਹ ਕੁਝ ਸੱਤਾ ਦੀ ਦੁਰਵਰਤੋਂ ਕਰਕੇ ਕੀਤਾ ਗਿਆ।

## ਅਮਰੀਕਾ 'ਚ ਪੜ੍ਹਾਈ ਪੱਖੋਂ ਭਾਰਤ ਦੂਜੇ ਨੰਬਰ 'ਤੇ

**ਵਾਸ਼ਿੰਗਟਨ:** ਅਮਰੀਕਾ ਦੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿਚ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਵਿਚ ਭਾਰਤ ਦੂਜੇ ਨੰਬਰ 'ਤੇ ਹਨ। ਇਸ ਵੇਲੇ ਅਮਰੀਕਾ ਵਿਚ 113813 ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਅਮਰੀਕੀ ਅਵਾਸ ਤੇ ਕਸਟਮ ਐਨਫੋਰਸਮੈਂਟ ਮੁਤਾਬਕ ਮੁਲਕ ਵਿਚ ਪੜ੍ਹ ਰਹੇ ਵਿਦੇਸ਼ੀਆਂ ਵਿਚੋਂ ਭਾਰਤੀਆਂ ਦੀ ਗਿਣਤੀ ਦੂਜੇ ਨੰਬਰ 'ਤੇ ਹੈ ਤੇ ਪਹਿਲੇ ਨੰਬਰ 'ਤੇ ਚੀਨੀ ਹਨ। ਚੀਨ ਤੋਂ ਇਥੇ ਪੜ੍ਹਨ ਆਉਣ ਵਾਲਿਆਂ ਦੀ ਗਿਣਤੀ 290,133 ਹੈ। ਤਿੰਨ ਚੌਥਾਈ ਭਾਰਤੀ ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ ਤੇ ਹਿਸਾਬ ਵਿਚ ਪੜ੍ਹਾਈ ਕਰ ਰਹੇ ਹਨ। ਇਨ੍ਹਾਂ ਵਿਸ਼ਿਆਂ ਵਿਚ ਪੜ੍ਹਾਈ ਕਰਨ ਵਾਲੇ 78 ਫੀਸਦੀ ਭਾਰਤੀ ਹਨ, ਜਦਕਿ ਚੀਨੀਆਂ ਦੀ ਗਿਣਤੀ 37 ਫੀਸਦ ਹੈ।

ਰਿਪੋਰਟ ਮੁਤਾਬਕ ਅਮਰੀਕਾ ਵਿਚ ਇਸ ਵੇਲੇ 351,397 ਕੌਮਾਂਤਰੀ ਵਿਦਿਆਰਥੀ ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ ਤੇ ਹਿਸਾਬ ਵਿਚ ਪੜ੍ਹਾਈ ਕਰ ਰਹੇ ਹਨ। ਇਨ੍ਹਾਂ ਵਿਸ਼ਿਆਂ ਵਿਚ ਪੜ੍ਹਾਈ ਕਰਨ ਵਾਲੇ 78 ਫੀਸਦੀ ਏਸ਼ੀਆ ਵਿਚੋਂ ਹਨ। ਰਿਪੋਰਟ ਮੁਤਾਬਕ ਵਿਦੇਸ਼ੀ ਵਿਦਿਆਰਥੀਆਂ ਦੇ ਅੰਕੜੇ ਇਕ ਅਪਰੈਲ ਤੱਕ ਦੇ ਹਨ। ਇਸ ਸਾਲ ਅਮਰੀਕਾ ਵਿਚ ਪੜ੍ਹਨ ਦੇ ਇੱਛੁਕ ਭਾਰਤੀਆਂ ਦੀ ਗਿਣਤੀ ਵਿਚ ਅੱਠ ਫੀਸਦੀ ਦਾ ਵਾਧਾ ਹੋਇਆ ਹੈ। ਭਾਰਤ ਤੋਂ ਬਾਅਦ ਦੱਖਣੀ ਕੋਰੀਆ (91,538) ਤੇ ਸਾਊਦੀ ਅਰਬ (72,223) ਦਾ ਨੰਬਰ ਆਉਂਦਾ ਹੈ।

# ਆਲਮੀ ਭਾਈਚਾਰਾ 230 ਮੁਟਿਆਰਾਂ ਦੇ ਅਗਵਾ ਹੋਣ 'ਤੇ ਫਿਕਰਮੰਦ

**ਸੰਯੁਕਤ ਰਾਸ਼ਟਰ:** ਨਾਈਜੀਰੀਆ ਵਿਚ ਦੋ ਹਮਲਿਆਂ ਰਾਹੀਂ 230 ਸਕੂਲੀ ਲੜਕੀਆਂ ਨੂੰ ਅਗਵਾ ਕਰਕੇ ਸੰਘਣੇ ਜੰਗਲ ਵਿਚ ਲਿਜਾਣ ਤੇ ਉਨ੍ਹਾਂ ਨੂੰ ਲੱਭਣ ਲਈ ਵੱਡੀ ਕਾਰਵਾਈ ਨਾ ਕੀਤੇ ਜਾਣ ਉਪਰ ਸੰਯੁਕਤ ਰਾਸ਼ਟਰ, ਅਮਰੀਕਾ, ਵਿਸ਼ਵ ਦੇ ਹੋਰ ਦੇਸ਼ਾਂ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਚਿੰਤਾ ਪ੍ਰਗਟਾਈ ਹੈ।

ਕੱਟੜ ਇਸਲਾਮੀ ਦਹਿਸ਼ਤਗਰਦਾਂ ਦੀ ਇਸ ਜਥੇਬੰਦੀ ਨੇ ਇਨ੍ਹਾਂ ਲੜਕੀਆਂ ਨੂੰ ਅਗਵਾ ਕਰਨ ਦੀ ਜ਼ਿੰਮੇਵਾਰੀ ਲੈਂਦਿਆਂ ਅਜਿਹੇ ਹੋਰ ਹਮਲੇ ਕਰਨ ਦੀ ਚਿਤਾਵਨੀ ਦਿੱਤੀ ਹੈ। ਇਹ ਜਥੇਬੰਦੀ ਪੱਛਮੀ ਸਭਿਆਚਾਰ ਦੀ ਤਰਜ਼ 'ਤੇ ਪੜ੍ਹਾਈ, ਪਹਿਰਾਵੇ ਤੇ ਸੋਚ ਦੇ ਸਖਤ ਖ਼ਿਲਾਫ਼ ਹੈ ਤੇ ਹੁਣ ਤੱਕ ਵੱਡੇ ਫਿਦਾਇਨ ਹਮਲੇ ਕਰਕੇ ਹਜ਼ਾਰਾਂ ਦੇਸ਼ ਵਾਸੀਆਂ ਨੂੰ ਸਦਾ ਦੀ ਨੀਂਦ ਸੁਆ ਚੁੱਕੀ ਹੈ। ਇਨ੍ਹਾਂ ਲੜਕੀਆਂ ਦੀ ਰਿਹਾਈ ਲਈ ਚੱਲ ਰਹੇ ਅੰਦੋਲਨ ਵਿਚ ਅਮਰੀਕਾ ਦੀ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ ਤੇ ਪਾਕਿਸਤਾਨ ਵਿਚ ਤਾਲਿਬਾਨ ਦੇ ਹਮਲੇ ਵਿਚ ਸਖਤ ਜ਼ਖ਼ਮੀ ਹੋਈ ਮਲਾਲਾ ਵੀ ਸ਼ਾਮਲ ਹੈ।

ਨਾਈਜੀਰੀਆ ਦੇ ਉੱਤਰ-ਪੂਰਬੀ ਕਸਬੇ ਚਿਬੋਕ ਦੇ ਇਕ ਸਕੂਲ ਉਪਰ ਬੋਕੋ ਹਰਮ ਜਥੇਬੰਦੀ ਦੇ ਵੱਡੀ ਗਿਣਤੀ ਦਹਿਸ਼ਤਗਰਦਾਂ ਨੇ ਹਮਲਾ ਕਰਕੇ 200 ਲੜਕੀਆਂ ਨੂੰ ਅਗਵਾ ਕਰ ਲਿਆ ਸੀ। ਬੀਤੇ ਹਫਤੇ ਇਕ ਹੋਰ ਹਮਲੇ ਵਿਚ 30 ਲੜਕੀਆਂ ਨੂੰ ਆਪਣੇ ਨਾਲ ਲੈ ਗਏ। ਇਹ ਜਥੇਬੰਦੀ ਬਹੁਤ ਸੰਘਣੇ ਤੇ ਪੰਜਾਹ ਹਜ਼ਾਰ ਵਰਗ ਕਿਲੋਮੀਟਰ ਵਰਗ ਵਿਚ ਫੈਲੇ ਜੰਗਲ ਵਿਚੋਂ ਕਾਰਵਾਈਆਂ ਚਲਾਉਂਦੀ ਹੈ। ਇਨ੍ਹਾਂ ਖ਼ਿਲਾਫ਼ ਵੱਡੀ ਮੁਹਿੰਮ ਛੇੜਨਾ ਸਰਕਾਰ ਦੇ ਵੱਸ ਦੀ ਗੱਲ ਨਹੀਂ ਹੈ। ਉਂਜ ਵੀ ਇਹ ਜਥੇਬੰਦੀ ਕੁਝ ਸਾਲ ਪਹਿਲਾਂ ਸਰਕਾਰ ਵੱਲੋਂ ਚਲਾਏ ਅਪਰੇਸ਼ਨ ਵਿਚ ਵੱਡੀ ਗਿਣਤੀ ਸਾਥੀ ਤੇ ਮੁਖੀ ਗਵਾਉਣ ਬਾਅਦ ਪਹਿਲਾਂ ਨਾਲੋਂ ਮਜ਼ਬੂਤ ਬਣ ਕੇ ਉੱਭਰੀ ਹੈ। ਜਥੇਬੰਦੀ ਲੜਕੀਆਂ ਨੂੰ ਪੜ੍ਹਾਉਣ ਦਾ ਵਿਰੋਧ ਕਰ ਰਹੀ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਇਹ ਉਮਰ ਉਨ੍ਹਾਂ ਨੂੰ ਵਿਆਹੁਣ ਦੀ ਹੈ ਤੇ ਉਨ੍ਹਾਂ ਨੂੰ ਵੇਚ ਦੇਣਾ ਜਾਂ ਵਿਆਹ ਦੇਣਾ ਚਾਹੀਦਾ ਹੈ।

ਮਨੁੱਖੀ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਨਵੀ ਪਿਲੈ ਨੇ ਕਿਹਾ ਹੈ ਕਿ ਲੜਕੀਆਂ ਨੂੰ ਛੁਡਾਉਣ ਵਿਚ ਦੇਰੀ ਨਹੀਂ ਹੋਣੀ ਚਾਹੀਦੀ ਹੈ। ਉਨ੍ਹਾਂ ਘਟਨਾ ਦੀ ਨਿਖੇਧੀ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ। ਵਾਸ਼ਿੰਗਟਨ ਵਿਚ ਅਮਰੀਕਾ ਦੀ ਪ੍ਰਥਮ ਮਹਿਲਾ ਮਿਸ਼ੇਲ ਨੇ ਪ੍ਰਦਰਸ਼ਨ ਵਿਚ ਸ਼ਮੂਲੀਅਤ ਕੀਤੀ। ਪਾਕਿਸਤਾਨੀ ਲੜਕੀ ਮਲਾਲਾ ਨੇ ਵੀ ਲੜਕੀਆਂ ਨੂੰ ਛੁਡਾਉਣ ਤੇ ਦਹਿਸ਼ਤਗਰਦਾਂ ਖਿਲਾਫ਼ ਕਾਰਵਾਈ 'ਤੇ ਜ਼ੋਰ ਦਿੱਤਾ। ਉਸ ਨੇ ਕਿਹਾ ਕਿ ਜੇਕਰ ਇਨ੍ਹਾਂ ਕੁੜੀਆਂ ਨੂੰ ਦਹਿਸ਼ਤਗਰਦਾਂ ਦੇ ਕਬਜ਼ੇ ਵਿਚੋਂ ਰਿਹਾਅ ਨਾ ਕਰਵਾਇਆ ਗਿਆ ਤਾਂ ਅਜਿਹੇ ਹੋਰ ਕਾਂਡ ਵਾਪਰਨਗੇ। ਅਮਰੀਕਾ ਨੇ ਲੜਕੀਆਂ ਨੂੰ ਛੁਡਾਉਣ ਲਈ ਆਪਣੇ ਮਾਹਿਰਾਂ ਦੀ ਟੀਮ ਨਾਈਜੀਰੀਆ ਭੇਜੀ ਹੈ। ਹੋਰ ਯੂਰਪੀ ਦੇਸ਼ ਵੀ ਇਸ ਕਾਰਜ ਵਿਚ ਮਦਦ ਦੇਣ ਲਈ ਤਿਆਰ ਹਨ।



## ਅਮਰੀਕੀ ਟੀਮ ਨੇ ਕੁੜੀਆਂ ਦੀ ਭਾਲ ਨੂੰ ਚੁਣੌਤੀਪੂਰਨ ਦੱਸਿਆ

**ਵਾਸ਼ਿੰਗਟਨ:** ਬੋਕੋ ਹਰਮ ਬਾਗ਼ੀਆਂ ਵੱਲੋਂ ਅਗਵਾ ਕੀਤੀਆਂ 230 ਸਕੂਲੀ ਕੁੜੀਆਂ ਦੀ ਭਾਲ ਲਈ ਅਬੂਜਾ ਸਰਕਾਰ ਦੀ ਮਦਦ ਲਈ ਨਾਇਜੀਰੀਆ ਪੁੱਜੀ ਅਮਰੀਕੀ ਟੀਮ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਦੇਸ਼ ਵਿਭਾਗ ਦੀ ਤਰਜਮਾਨ ਜੇਨ ਸੈਕੀ ਨੇ ਆਖਿਆ ਕਿ ਇਹ ਚੁਣੌਤੀਪੂਰਨ ਕਾਰਜ ਹੈ। ਅੱਠ ਅਮਰੀਕੀ ਅਧਿਕਾਰੀਆਂ ਦੀ ਇਕ ਟੀਮ ਨਾਇਜੀਰੀਆ ਦੀ ਰਾਜਧਾਨੀ ਅਬੂਜਾ ਪੁੱਜੀ ਹੈ। ਇਸ ਵਿਚ ਅਫਰੀਕਾ ਦੀ ਅਮਰੀਕੀ ਕਮਾਂਡ ਤੋਂ ਸੱਤ ਤੇ ਵਿਦੇਸ਼ ਵਿਭਾਗ ਤੋਂ ਇਕ ਅਧਿਕਾਰੀ ਸ਼ਾਮਲ ਹਨ। ਬੀਬੀ ਸੈਕੀ ਨੇ ਕਿਹਾ ਕਿ ਉਹ ਅਧਿਕਾਰੀਆਂ ਤੇ ਮੁਕਾਮੀ ਲੋਕਾਂ ਨਾਲ ਮਿਲ ਕੇ ਕੰਮ ਕਰਨਗੇ। ਉਹ ਤਕਨੀਕੀ ਅਤੇ ਪੜਤਾਲੀਆ ਇਮਦਾਦ ਦੇਣਗੇ, ਅਗਵਾਕਾਰਾਂ ਨਾਲ ਗੱਲਬਾਤ, ਫ਼ੌਜੀ ਯੋਜਨਾਬੰਦੀ ਤੇ ਅਪਰੇਸ਼ਨ ਬਾਰੇ ਸਲਾਹ ਦੇਣਗੇ। ਪੈਂਟਾਗਨ ਦੇ ਪ੍ਰੈੱਸ ਸੈਕਟਰੀ ਰੀਅਰ ਐਡਮਿਰਲ ਜੌਨ੍ਹ ਕਿਰਬੀ ਨੇ ਦੱਸਿਆ ਕਿ ਰੱਖਿਆ ਮੰਤਰੀ ਵੱਲੋਂ ਘਟਨਾਕ੍ਰਮ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ।

# ਜੱਸੀ ਸਿੱਧੂ ਕਤਲ ਕੇਸ ਵਿਚ ਆਇਆ ਨਵਾਂ ਮੋੜ

## ਕੈਨੇਡਾ ਰਹਿੰਦੀ ਮਾਂ ਅਤੇ ਮਾਮੇ ਨੂੰ ਭਾਰਤ ਹਵਾਲੇ ਕਰਨ ਦੇ ਹੁਕਮ



**ਵੈਨਕੂਵਰ:** ਕੈਨੇਡਾ ਦੀ ਨਾਗਰਿਕ ਜਸਵਿੰਦਰ ਕੌਰ ਜੱਸੀ ਸਿੱਧੂ ਨੂੰ ਭਾੜੇ ਦੇ ਕਾਤਲਾਂ ਰਾਹੀਂ ਸੁਪਾਰੀ ਦੇ ਕੇ ਕਤਲ ਕਰਵਾਉਣ ਦੇ ਮਾਮਲੇ ਵਿਚ ਮ੍ਰਿਤਕਾ ਦੀ ਮਾਂ ਮਲਕੀਤ ਕੌਰ ਸਿੱਧੂ ਤੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਦੀ ਭਾਰਤ ਹਵਾਲਗੀ ਦੇ ਹੁਕਮ ਦਿੱਤੇ ਗਏ ਹਨ। ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਗਰੈਗਰੀ ਫਿੱਚ ਵੱਲੋਂ 25 ਸਾਲਾ ਮਰਹੂਮ ਜੱਸੀ ਸਿੱਧੂ ਦੀ ਹੱਤਿਆ ਕੇਸ ਸਬੰਧੀ ਅਹਿਮ ਫੈਸਲਾ ਸੁਣਾਇਆ ਗਿਆ। ਦੋਸ਼ੀ ਧਿਰ ਦਾ ਕਹਿਣਾ ਹੈ ਕਿ ਉਹ ਕੈਨੇਡਾ ਦੀ ਉਚ ਅਦਾਲਤ ਕੋਲ ਪਹੁੰਚ ਕਰਨਗੇ।

ਅਦਾਲਤੀ ਕਾਰਵਾਈ ਮੌਕੇ ਦੋਵੇਂ ਦੋਸ਼ੀ ਵੀਡੀਓ ਕੈਮਰੇ ਰਾਹੀਂ ਸ਼ਾਮਲ ਹੋਏ ਤੇ ਫੈਸਲਾ ਸੁਣਾਏ ਜਾਣ ਤੋਂ ਤੁਰੰਤ ਬਾਅਦ ਦੋਵਾਂ ਨੂੰ ਭਾਰਤ ਹਵਾਲਗੀ ਤੱਕ ਹਿਰਾਸਤ ਵਿਚ ਰੱਖਣ ਦਾ ਹੁਕਮ ਦਿੱਤਾ ਗਿਆ। ਕੈਨੇਡਾ ਦੇ ਕਾਨੂੰਨ ਅਨੁਸਾਰ ਅਗਲੇ 90 ਦਿਨਾਂ ਦੌਰਾਨ ਨਿਆਂ ਮੰਤਰਾਲਾ ਦੋਸ਼ੀਆਂ ਦੀ ਭਾਰਤ ਹਵਾਲਗੀ ਕਰੇਗਾ ਜਦਕਿ ਬਚਾਓ ਪੱਖ ਉਕਤ ਫੈਸਲੇ ਵਿਰੁਧ 30 ਦਿਨਾਂ ਦੇ ਅੰਦਰ ਅਪੀਲ ਕਰ ਸਕਦਾ ਹੈ।

ਕੈਨੇਡੀਅਨ ਜੰਮਪਲ ਜੱਸੀ ਸਿੱਧੂ ਵੱਲੋਂ ਆਪਣੇ ਮਾਪਿਆਂ ਦੀ ਮਰਜ਼ੀ ਖਿਲਾਫ ਪੰਜਾਬ ਜਾ ਕੇ ਮਿੱਠੂ ਨਾਮਕ ਰਿਕਸ਼ਾ ਚਾਲਕ ਨਾਲ ਪ੍ਰੇਮ ਵਿਆਹ ਕਰਵਾ ਲਿਆ ਗਿਆ ਸੀ। ਸਨ 2000 ਵਿਚ ਜੱਸੀ ਸਿੱਧੂ ਨੂੰ ਭਾੜੇ ਦੇ ਹਤਿਆਰਿਆਂ ਰਾਹੀਂ ਬੇਰਹਿਮੀ ਨਾਲ ਕਤਲ ਕਰਵਾ ਕੇ ਉਸ ਦੀ ਲਾਸ਼ ਨਹਿਰ ਵਿਚ ਸੁੱਟ ਦਿੱਤੀ ਗਈ ਸੀ। ਇਸ ਦੌਰਾਨ ਕਾਤਲਾਂ ਦੀ ਪੰਜਾਬ ਅੰਦਰ ਹੋਈ ਗ੍ਰਿਫਤਾਰੀ ਤੇ ਸਬੂਤਾਂ ਤੋਂ ਪਤਾ ਲੱਗਿਆ ਕਿ ਜੱਸੀ ਦੀ ਹੱਤਿਆ ਉਸ ਦੀ ਕੈਨੇਡਾ ਰਹਿੰਦੀ ਮਾਂ ਤੇ ਮਾਮੇ ਨੇ ਕਰਵਾਈ ਸੀ। ਦੋ ਸਾਲ ਪਹਿਲਾਂ ਕੈਨੇਡੀਅਨ ਪੁਲਿਸ ਵੱਲੋਂ ਮਲਕੀਤ ਕੌਰ ਸਿੱਧੂ ਤੇ ਸੁਰਜੀਤ ਸਿੰਘ ਬਦੇਸ਼ਾ ਨੂੰ ਗ੍ਰਿਫਤਾਰ ਕਰਕੇ ਭਾਰਤ ਹਵਾਲਗੀ ਦਾ ਮੁਕੱਦਮਾ ਚਲਾਇਆ ਗਿਆ। ਕੈਨੇਡਾ ਦੀ ਜੰਮਪਲ ਜਸਵਿੰਦਰ ਉਰਫ ਜੱਸੀ ਸਿੱਧੂ ਦੇ ਪਰਿਵਾਰ ਦਾ ਸਬੰਧ ਜ਼ਿਲ੍ਹਾ ਲੁਧਿਆਣਾ ਵਿਚ ਪੈਂਦੇ ਪਿੰਡ ਕਾਉਂਕੇ ਕਲਾਂ ਨਾਲ ਹੈ। ਦਸੰਬਰ 1994 ਵਿਚ ਜੱਸੀ ਪਰਿਵਾਰ ਸਮੇਤ ਕੈਨੇਡਾ ਤੋਂ ਪੰਜਾਬ ਗਈ ਜਿਥੇ ਉਸ ਦਾ ਸੰਪਰਕ ਸੁਖਵਿੰਦਰ ਉਰਫ ਮਿੱਠੂ ਨਾਲ ਹੋਇਆ ਤੇ ਦੋਵਾਂ ਨੇ ਪ੍ਰੇਮ ਸਬੰਧ ਬਣਾ ਲਏ।

15 ਮਾਰਚ 1999 ਨੂੰ ਜੱਸੀ ਮਿੱਠੂ ਨਾਲ ਵਿਆਹ ਵਾਸਤੇ ਮਾਪਿਆਂ ਨੂੰ ਦੱਸੇ ਬਗੈਰ ਪੰਜਾਬ ਚਲੀ ਗਈ ਤੇ ਦੋਵਾਂ ਨੇ 19 ਅਪਰੈਲ 1999 ਨੂੰ ਕੋਰਟ ਮੈਰਿਜ ਰਜਿਸਟਰ ਕਰਵਾਈ। ਜੂਨ 1999 ਵਿਚ ਕੈਨੇਡਾ ਵਾਪਸ ਆਉਣ ਮਗਰੋਂ ਪਰਿਵਾਰ ਨੂੰ ਜੱਸੀ ਦੇ ਵਿਆਹ ਬਾਰੇ ਪਤਾ ਲੱਗਣ 'ਤੇ ਹਾਲਾਤ ਵਿਗੜ ਗਏ। 9 ਮਾਰਚ 2000 ਨੂੰ ਜੱਸੀ ਦੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਨੇ ਪੰਜਾਬ ਵਿਚ ਜਗਰਾਓਂ ਪੁਲਿਸ ਥਾਣੇ ਵਿਚ ਮਿੱਠੂ ਉਪਰ ਉਸ ਦੀ ਭਾਣਜੀ ਨਾਲ ਜ਼ਬਰਦਸਤੀ ਵਿਆਹ ਕਰਨ ਦਾ ਕੇਸ ਦਰਜ ਕਰਵਾਇਆ।

ਇਧਰ ਕੈਨੇਡਾ ਵਿਚ 6 ਅਪਰੈਲ 2000 ਨੂੰ ਜੱਸੀ ਨੇ ਆਪਣੇ ਪਰਿਵਾਰ ਵੱਲੋਂ ਕੁੱਟਮਾਰ ਤੇ ਧਮਕੀਆਂ ਦੀ ਰਿਪੋਰਟ ਕਰਵਾ ਦਿੱਤੀ। ਉਹ ਪੁਲਿਸ ਦੀ ਨਿਗਰਾਨੀ ਵਿਚ ਘਰ ਛੱਡ ਕੇ ਆਪਣੀ ਇਕ ਸਹੇਲੀ ਕੋਲ ਚਲੀ ਗਈ। 12 ਮਈ 2000 ਨੂੰ ਜੱਸੀ ਕੈਨੇਡਾ ਤੋਂ ਭਾਰਤ ਲਈ ਰਵਾਨਾ ਹੋ ਗਈ। 13 ਮਈ 2000 ਨੂੰ ਉਸ ਨੇ ਮਿੱਠੂ 'ਤੇ ਪਾਏ ਜਬਰੀ ਵਿਆਹ ਦੇ ਮੁਕੱਦਮੇ ਨੂੰ ਝੂਠਾ ਕਰਾਰ ਦਿੱਤਾ। 8 ਜੂਨ 2000 ਨੂੰ ਜੱਸੀ ਤੇ ਮਿੱਠੂ 'ਤੇ ਅਣਪਛਾਤੇ ਵਿਅਕਤੀਆਂ ਨੇ ਹਮਲਾ ਕੀਤਾ।

ਮਿੱਠੂ ਗੰਭੀਰ ਜ਼ਖਮੀ ਹੋਇਆ ਤੇ ਜੱਸੀ ਨੂੰ ਅਗਵਾ ਕਰ ਲਿਆ ਗਿਆ। 9 ਜੂਨ ਨੂੰ ਜੱਸੀ ਦੀ ਲਾਸ਼ ਨਹਿਰ ਵਿਚੋਂ ਬਰਾਮਦ ਹੋਈ। ਉਸ ਦੀ ਗਰਦਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲੇ ਦੇ ਡੂੰਘੇ ਨਿਸ਼ਾਨ ਪਾਏ ਗਏ। ਅਕਤੂਬਰ 2005 ਨੂੰ ਜੱਸੀ ਕਤਲ ਕੇਸ ਵਿਚ 7 ਵਿਅਕਤੀ ਦੋਸ਼ੀ ਕਰਾਰ ਦਿੱਤੇ ਗਏ ਜਿਨ੍ਹਾਂ ਵਿਚ ਉਸ ਦੇ ਕੈਨੇਡਾ ਰਹਿੰਦੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਤੇ ਮਾਂ ਮਲਕੀਤ ਕੌਰ ਸਿੱਧੂ ਦਾ ਨਾਂ ਵੀ ਸ਼ਾਮਲ ਸੀ।

# ਮਲੇਸ਼ੀਆ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਬਰਨਾਲਾ:** ਜ਼ਿਲ੍ਹੇ ਦੇ ਪਿੰਡ ਭੋਤਨਾ ਵਾਸੀ ਪਰਮਿੰਦਰ ਸਿੰਘ ਹੈਪਾ ਜੋ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਕਰੀਬ ਦੋ ਮਹੀਨੇ ਪਹਿਲਾਂ ਹੀ ਮਲੇਸ਼ੀਆ ਗਿਆ ਸੀ, ਦੀ ਭੇਤਭਰੀ ਹਾਲਤ ਵਿਚ ਜਹਾਜ਼ ਤੋਂ ਸਮੁੰਦਰ ਵਿਚ ਡੁੱਬਣ ਕਾਰਨ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਭੋਤਨਾ ਵਾਸੀ ਪਰਮਿੰਦਰ ਸਿੰਘ ਉਰਫ਼ ਹੈਪਾ (22) ਕਰੀਬ ਦੋ ਮਹੀਨੇ ਪਹਿਲਾਂ ਆਪਣੇ ਰਿਸ਼ਤੇਦਾਰਾਂ ਦੇ ਸੱਦੇ 'ਤੇ ਕੰਪਨੀ ਰਾਹੀਂ ਸਮੁੰਦਰੀ ਜਹਾਜ਼ 'ਤੇ ਕੰਮ ਕਰਨ ਲਈ ਗਿਆ ਸੀ।

ਉਥੋਂ ਸੂਚਨਾ ਮਿਲੀ ਹੈ ਕਿ 3-4 ਦਿਨ ਪਹਿਲਾਂ ਮਲੇਸ਼ੀਆ ਵਿਚ ਸ਼ਿਪ 'ਤੇ ਨਹਾਉਂਦੇ ਸਮੇਂ ਪਰਮਿੰਦਰ ਸਿੰਘ ਦਾ ਪੈਰ ਤਿਲਕ ਜਾਣ ਕਾਰਨ ਉਹ ਸਮੁੰਦਰ ਵਿਚ ਡਿੱਗ ਗਿਆ ਸੀ। ਤਿੰਨ ਦਿਨਾਂ ਬਾਅਦ ਸਮੁੰਦਰ ਵਿਚੋਂ ਪਰਮਿੰਦਰ ਸਿੰਘ ਦੀ ਲਾਸ਼ ਮਿਲ ਗਈ। ਇਹ ਸੂਚਨਾ ਉਸ ਦੇ ਨਾਲ ਕੰਮ ਕਰਦੇ ਪੰਜਾਬੀ ਲੜਕਿਆਂ ਨੇ ਹੀ ਟੈਲੀਫੋਨ ਕਰਕੇ ਦਿੱਤੀ ਹੈ। ਪਰਮਿੰਦਰ ਸਿੰਘ ਦੇ ਪਿਤਾ ਦਰਸ਼ਨ ਸਿੰਘ ਦੀ ਦੋ ਸਾਲ ਪਹਿਲਾਂ ਮੌਤ ਹੋ ਗਈ ਸੀ। ਪਰਮਿੰਦਰ ਦੀ ਮੌਤ ਹੋਣ ਬਾਰੇ ਸੂਚਨਾ ਮਿਲਦੇ ਹੀ ਪਰਿਵਾਰ ਨੇ ਸਬੰਧਤ ਜਹਾਜ਼ ਕੰਪਨੀ ਨਾਲ ਰਾਬਤਾ ਕਰਕੇ ਹਕੀਕਤ ਜਾਣਨੀ ਚਾਹੀ ਤਾਂ ਵੀ ਉਨ੍ਹਾਂ ਨੂੰ ਘਟਨਾ ਬਾਰੇ ਵੱਖਰੇ ਜਵਾਬ ਮਿਲੇ। ਪੀੜਤ ਪਰਿਵਾਰ ਨੇ ਭਾਰਤ ਸਰਕਾਰ ਤੋਂ ਇਸ ਮਾਮਲੇ ਸਬੰਧੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

# ਸਿੱਖ ਬਜ਼ੁਰਗ ਨਾਲ ਬਦਸਲੂਕੀ ਕਰਨ ਵਾਲੀ ਕੁੜੀ ਨੂੰ ਕੈਦ

**ਲੰਡਨ:** ਬਰਤਾਨੀਆ ਦੇ ਕਾਵੈਂਟਰੀ ਇਲਾਕੇ ਦੇ ਸਿਟੀ ਸੈਂਟਰ ਵਿਚ ਸਿੱਖ ਪੈਨਸ਼ਨਰ 'ਤੇ ਹਮਲਾ ਕਰਨ ਵਾਲੀ 20 ਸਾਲਾ ਗੋਰੀ ਲੜਕੀ ਨੂੰ ਵਾਰਵਿਕ ਦੀ ਕ੍ਰਾਊਨ ਕੋਰਟ ਵੱਲੋਂ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਰਿਪੋਰਟ ਮੁਤਾਬਕ 20 ਸਾਲਾ ਕੋਰਲ ਮਿਲਰਚਿਪ ਨੇ ਪਿਛਲੇ ਸਾਲ ਅਗਸਤ ਮਹੀਨੇ ਸਿਟੀ ਸੈਂਟਰ ਵਿਚ ਬਜ਼ੁਰਗ ਸਿੱਖ ਜੋਗਿੰਦਰ ਸਿੰਘ 'ਤੇ ਹਮਲਾ ਕੀਤਾ ਸੀ। ਇਸ ਘਟਨਾ ਦੀਆਂ ਤਸਵੀਰਾਂ ਨਸ਼ਰ ਹੋਣ 'ਤੇ ਦੇਸ਼ ਦੇ ਸਿੱਖ ਭਾਈਚਾਰੇ ਨੇ ਸਖ਼ਤ ਪ੍ਰਤੀਕਿਰਿਆ ਦਿਖਾਈ ਸੀ। ਮਿਲਰਚਿਪ ਨੇ ਡਿੱਗੇ ਪਏ ਬਜ਼ੁਰਗ ਨੂੰ ਮੁੱਕੇ ਮਾਰਦੀ ਤੇ ਸਿੱਖ ਬਜ਼ੁਰਗ ਪੈਨਸ਼ਨਰ ਦੀ ਪੱਗ ਜ਼ਮੀਨ 'ਤੇ ਡਿੱਗੀ ਪਈ ਨਜ਼ਰ ਆਈ ਸੀ।



ਹਮਲਾਵਰ ਮੁਟਿਆਰ ਕੋਰਲ ਮਿਲਰਚਿਪ

ਇਸ ਕੇਸ ਵਿਚ ਜੱਜ ਨੇ ਫ਼ੈਸਲਾ ਸੁਣਾਇਆ ਕਿ ਲੜਕੀ ਨੇ ਜੋਗਿੰਦਰ ਸਿੰਘ ਨੂੰ ਬੇਇੱਜ਼ਤ ਕੀਤਾ ਸੀ ਤੇ ਉਸ ਨੂੰ ਦੋ ਸਾਲ ਦੀ ਕੈਦ ਤੇ ਚੋਰੀ ਦੇ ਇਕ ਵੱਖਰੇ ਕੇਸ ਵਿਚ 20 ਮਹੀਨਿਆਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਹਮਲੇ ਵਿਚ ਜੋਗਿੰਦਰ ਸਿੰਘ ਦੇ ਨੱਕ 'ਤੇ ਸੱਟ ਲੱਗੀ ਸੀ। ਉਹ ਵੈਸਟ ਮਿਡਲੈਂਡਜ਼ ਦੇ ਕੋਵੈਂਟਰੀ ਇਲਾਕੇ ਦੇ ਵਸਨੀਕ ਸਨ ਤੇ ਭੁੱਲਣ ਦੀ ਬਿਮਾਰੀ (ਡਿਮੈਂਸ਼ੀਆ) ਤੋਂ ਪੀੜਤ ਸੀ। ਤਿੰਨ ਕੁ ਮਹੀਨਿਆਂ ਬਾਅਦ ਸਿਹਤ ਖ਼ਰਾਬ ਹੋਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਸੀ।

ਰਿਪੋਰਟ ਮੁਤਾਬਕ ਮਿਲਰਚਿਪ ਨੇ ਕੁੱਟਮਾਰ ਦੇ ਦੋਸ਼ ਕਬੂਲ ਕਰ ਲਏ ਸਨ। ਜੱਜ ਨੇ ਹਮਲੇ ਨੂੰ ਸੰਗੀਨ ਅਪਰਾਧ ਕਰਾਰ ਦਿੰਦਿਆਂ ਕਿਹਾ ਕਿ ਇਹ ਵਿਅਕਤੀ (ਪੀੜਤ) ਆਪਣੀ ਵੱਡੀ ਉਮਰ ਤੇ ਬਿਮਾਰੀ ਕਰਕੇ ਬਹੁਤ ਨਿਤਾਣਾ ਸੀ। ਉਹ ਇਕ ਬਜ਼ੁਰਗ ਭੱਦਰ ਪੁਰਸ਼ ਸੀ ਜਿਸ ਦੇ ਕੋਲੋਂ ਤੁਸੀਂ ਉਂਜ ਹੀ ਲੰਘ ਸਕਦੇ ਹੋ ਪਰ ਤੁਸੀਂ ਉਸ ਉੱਪਰ ਹਮਲਾ ਕੀਤਾ ਤੇ ਉਸ ਦੀ ਬੇਇੱਜ਼ਤੀ ਕੀਤੀ। ਜੱਜ ਨੇ ਕਿਹਾ ਕਿ ਜੋਗਿੰਦਰ ਸਿੰਘ ਤੋਂ ਉਸ ਲੜਕੀ ਨੂੰ ਕੋਈ ਵੀ ਖ਼ਤਰਾ ਨਹੀਂ ਸੀ ਤੇ ਇਸ ਤਰ੍ਹਾਂ ਦੇ ਹਮਲੇ ਨੂੰ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

# ਪੰਜਾਬਣ ਦੇ ਅਗਵਾ ਕੇਸ 'ਚ ਵਕੀਲ ਹੀ ਆਇਆ ਅੜਿੱਕੇ

**ਟੋਰਾਂਟੋ:** ਇਥੇ ਦੋ ਪੰਜਾਬੀਆਂ ਸਣੇ ਤਿੰਨ ਨੌਜਵਾਨਾਂ 'ਤੇ ਚੱਲੇ ਅਗਵਾ ਕੇਸ ਵਿਚ ਉੱਚ ਅਦਾਲਤ ਦੇ ਜੱਜ ਨੇ ਉਲਟਾ ਵਕੀਲ ਨੂੰ 5.80 ਲੱਖ ਡਾਲਰ ਅਦਾ ਕਰਨ ਦਾ ਹੁਕਮ ਸੁਣਾਇਆ ਹੈ ਜੋ ਹੁਣ ਤੱਕ ਕਿਸੇ ਅਪਰਾਧਿਕ ਮਾਮਲੇ ਵਿਚ ਸਭ ਤੋਂ ਵੱਡੀ ਰਕਮ ਹੈ। ਜੱਜ ਮੁਤਾਬਕ ਕਰਾਊਨ ਪਰਾਸੀਕਿਊਟਰਾਂ ਨੇ ਬਚਾਅ ਪੱਖ ਦੇ ਵਕੀਲਾਂ ਤੋਂ ਇਹ ਗੱਲ ਲੁਕਾਈ ਰੱਖੀ ਕਿ ਉਨ੍ਹਾਂ ਕੋਲ ਅਪਰਾਧੀ ਦੇ ਮੋਬਾਈਲ ਦਾ ਰਿਕਾਰਡ ਮੌਜੂਦ ਸੀ। ਇਹ ਸਬੂਤ ਕੇਸ ਦੀ ਸੁਣਵਾਈ ਦੇ 18 ਮਹੀਨੇ ਤੱਕ ਗੁੱਝੇ ਰਹੇ। ਇਹ ਰਕਮ ਇਸ ਕੇਸ 'ਤੇ ਆਏ ਖਰਚੇ ਦੀ ਭਰਪਾਈ ਹੈ ਜੋ ਵਕੀਲਾਂ ਨੂੰ 400-700 ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਤਾਰੀ ਜਾਵੇਗੀ।

ਗੌਰਤਲਬ ਹੈ ਕਿ 2011 ਵਿਚ ਜਸਵਿੰਦਰ ਸਿੰਘ (27), ਅਸੋਗਿਆਨ ਗੁਨਾਲਿੰਗਮ(30) ਤੇ ਜੋਰਾ ਸਿੰਘ ਜੱਸਲ (28) ਨੇ ਬਰੈਂਪਟਨ ਦੀ 38 ਸਾਲਾ ਵੀਰਪਾਲ ਬਰਾੜ ਨੂੰ ਉਸ ਦੇ ਘਰੋਂ ਅਗਵਾ ਕਰਕੇ ਇਕ ਲੱਖ ਡਾਲਰ ਦੀ ਫਿਰੌਤੀ ਮੰਗੀ ਸੀ। ਪੁਲਿਸ ਮੁਤਾਬਕ ਪੀੜਤਾ ਨੂੰ ਕਿਸੇ ਅਣਪਛਾਤੀ ਥਾਂ 'ਤੇ ਦੋ ਦਿਨ ਤੱਕ ਬੰਦੀ ਬਣਾਈ ਰੱਖਿਆ ਤੇ ਮਾਰਿਆ ਕੁੱਟਿਆ ਗਿਆ। ਵੀਰਪਾਲ ਦੇ ਬੈਂਕ ਕਾਰਡ ਖੋਹ ਕੇ ਉਸ ਦੇ ਪਿੰਨ ਨੰਬਰ ਮੰਗੇ ਗਏ। ਸੂਹ ਮਿਲਣ 'ਤੇ ਤੀਜੇ ਦਿਨ ਪੁਲਿਸ ਨੇ ਉਸ ਨੂੰ ਛੁਡਾ ਲਿਆ ਤੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਸੀ।

ਉਦੋਂ ਪੁਲੀਸ ਨੇ ਇਕ ਮੁਲਜ਼ਮ ਦੀ ਪੈਂਟ 'ਚੋਂ ਬਟੂਆ ਤੇ ਔਰਤ ਦੇ ਲਾਇਸੈਂਸ, ਚੈੱਕ ਤੇ ਮੋਬਾਈਲ ਬਰਾਮਦ ਕੀਤੇ ਸਨ। ਮਗਰੋਂ ਕੇਸ ਚੱਲਣ ਦੌਰਾਨ ਪੁਲਿਸ ਵੀ ਇਹ ਦੱਸਣ ਵਿਚ ਢਿੱਲੀ ਰਹੀ ਕਿ ਉਨ੍ਹਾਂ ਕੋਲੋਂ ਬਟੂਆ ਤੇ ਨਿੱਕਸੁੱਕ ਗੁਆਚ ਗਿਆ ਸੀ। ਜੱਜ ਸਕਾਰਿਕਾ ਮੁਤਾਬਕ ਪੁਲਿਸ ਅਫਸਰ ਪੀਸੀ ਗੈਟੀ ਨੇ ਗਵਾਹੀ ਦੌਰਾਨ ਬਰਾਮਦ ਸਾਮਾਨ ਗੁਆਚਣ ਦੀ ਗੱਲ ਕਬੂਲੀ ਸੀ ਪਰ ਬਾਅਦ ਵਿਚ ਉਸ ਨੇ ਤਫਤੀਸ਼ ਵਿਚ ਕਿਸੇ ਨੂੰ ਵਿਸਥਾਰ ਨਾਲ ਨਹੀਂ ਦੱਸਿਆ।

ਇਸ ਕਚਿਘਰੜ ਜਾਂਚ ਦੇ ਸਿੱਟੇ ਵਜੋਂ ਜੱਜ ਵੱਲੋਂ ਇਸ ਕੇਸ ਨੂੰ ਮਿਸਟ੍ਰਾਇਲ ਐਲਾਨਣ ਕਰਕੇ ਸਾਰੇ ਮੁਲਜ਼ਮ ਜੇਲ੍ਹੋਂ ਛੁੱਟ ਗਏ ਹਨ। ਉਧਰ, ਜੱਸਲ ਦੇ ਵਕੀਲ ਦੀਪਕ ਪਰਾਦਕਰ ਨੇ ਇਸ ਫੈਸਲੇ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਪੁਲਿਸ ਤੇ ਕਰਾਊਨ ਨੂੰ ਵੀ ਅੱਗੇ ਤੋਂ ਕੰਨ ਹੋ ਗਏ ਹਨ। ਉਸ ਨੇ ਕਿਹਾ ਕਿ ਮੁਲਜ਼ਮ ਅਜੇ ਪੂਰੀ ਤਰ੍ਹਾਂ ਬਰੀ ਨਹੀਂ ਹੋਏ ਤੇ ਕਰਾਊਨ ਕੇਸ ਨੂੰ ਮੁੜ ਖੋਲ੍ਹਣ ਦੇ ਰੌਂਅ ਵਿਚ ਹੈ ਪਰ ਉਹ ਸਟੇਅ ਮੰਗੇਗਾ।

# ਦਲਿਤਾਂ ਨਾਲ ਭੇਦਭਾਵ ਖਿਲਾਫ ਅਮਰੀਕੀ ਕਾਂਗਰਸ 'ਚ ਮਤਾ ਪੇਸ਼

**ਵਾਸ਼ਿੰਗਟਨ:** ਅਮਰੀਕੀ ਕਾਂਗਰਸ ਦੇ ਪ੍ਰਭਾਵਸ਼ਾਲੀ ਮੈਂਬਰ ਨੇ ਦੇਸ਼ ਦੀ ਸੰਸਦ ਵਿਚ ਇਕ ਮਤਾ ਪੇਸ਼ ਕੀਤਾ ਹੈ ਜਿਸ ਵਿਚ ਭਾਰਤ, ਨੇਪਾਲ ਤੇ ਦੱਖਣੀ ਏਸ਼ੀਆ ਦੇ ਹੋਰ ਮੁਲਕਾਂ ਨੂੰ ਕਿਹਾ ਗਿਆ ਹੈ ਕਿ ਉਹ ਦਲਿਤਾਂ ਨਾਲ ਹੁੰਦੇ ਹਰ ਤਰ੍ਹਾਂ ਦੇ ਭੇਦਭਾਵ ਤੇ ਛੂਤਛਾਤ ਨੂੰ ਖਤਮ ਕਰਨ। ਅਮਰੀਕੀ ਸੰਸਦ ਦੇ ਪ੍ਰਤੀਨਿਧੀ ਸਦਨ ਦੇ ਮੈਂਬਰ ਐਲਨਰ ਹੋਮਸ ਨੋਰਦਨ ਨੇ ਮਤਾ ਨੰਬਰ 566 ਪੇਸ਼ ਕਰਦਿਆਂ ਦੱਖਣੀ ਏਸ਼ੀਆ ਤੇ ਏਸ਼ੀਆ ਵਿਚਲੀ ਛੂਤਛਾਤ ਦੀ ਨਿਖੇਧੀ ਕੀਤੀ ਤੇ ਨਾਲ ਹੀ ਦਲਿਤਾਂ ਨਾਲ ਕੀਤੇ ਜਾਂਦੇ ਭੇਦਭਾਵ ਨੂੰ ਮੰਦਭਾਗਾ ਕਰਾਰ ਦਿੱਤਾ।

ਮਤਾ ਸਦਨ ਦੀ ਵਿਦੇਸ਼ੀ ਮਾਮਲਿਆਂ ਬਾਰੇ ਕਮੇਟੀ ਕੋਲ ਭੇਜਦਿਆਂ ਸੰਸਦ ਮੈਂਬਰ ਨੇ ਭਾਰਤ, ਨੇਪਾਲ ਤੇ ਦੱਖਣੀ ਏਸ਼ੀਆ ਤੇ ਏਸ਼ਿਆਈ ਮੁਲਕਾਂ ਦੀਆਂ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਆਪਣੀ ਧਰਤੀ ਉਪਰੋਂ ਹਰ ਤਰ੍ਹਾਂ ਦੀ ਛੂਤਛਾਤ ਤੇ ਭੇਦਭਾਵ ਨੂੰ ਖਤਮ ਕਰਨ। ਇਹ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਮਤੇ ਵਿਚ ਮੰਗ ਕੀਤੀ ਗਈ ਹੈ ਕਿ ਕੌਮਾਂਤਰੀ ਭਾਈਚਾਰਾ ਉਨ੍ਹਾਂ ਮੁਲਕਾਂ 'ਤੇ ਦਬਾਅ ਪਾਏ ਜਿਹੜੇ ਮੁਲਕਾਂ ਵਿਚ ਛੂਤਛਾਤ ਤੇ ਭੇਦਭਾਵ ਹੁੰਦਾ ਹੈ। ਕੌਮਾਂਤਰੀ ਭਾਈਚਾਰਾ ਆਪਣੇ ਦਬਾਅ ਸਦਕਾ ਹੀ ਦਲਿਤਾਂ ਖ਼ਿਲਾਫ਼ ਕਾਰਵਾਈਆਂ ਨੂੰ ਰੋਕ ਸਕਦਾ ਹੈ।

## ਦੋ ਭਾਰਤੀਆਂ ਦਾ 'ਚੈਂਪੀਅਨ ਆਫ ਚੇਂਜ' ਵਜੋਂ ਸਨਮਾਨ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਲਾਗੂ ਕੀਤੇ ਸਿਹਤ ਬਾਰੇ ਐਕਟ ਲਈ ਏਸ਼ੀਅਨ ਅਮਰੀਕਨ ਤੇ ਪੈਸੀਫਿਕ ਆਈਲੈਂਡਰ (ਏ.ਏ.ਪੀ.ਆਈ) ਭਾਈਚਾਰੇ ਦੇ ਲੋਕਾਂ ਨੂੰ ਸਿੱਖਿਅਤ ਕਰਨ ਬਦਲੇ ਕੀਤੇ ਕੰਮਾਂ ਲਈ ਵਾਈਟ ਹਾਊਸ ਨੇ ਦੋ ਭਾਰਤੀ ਅਮਰੀਕੀਆਂ ਨੂੰ 'ਚੈਂਪੀਅਨ ਆਫ਼ ਚੇਂਜ' ਦਾ ਨਾਂ ਦੇ ਕੇ ਸਨਮਾਨ ਦਿੱਤਾ ਹੈ।

ਵਾਈਟ ਹਾਊਸ ਤੇ ਸਿਹਤ ਵਿਭਾਗ ਵੱਲੋਂ ਮੰਜੂਸ਼ਾਹ ਪੀ ਕੁਲਕਰਣੀ ਤੇ ਰੰਜਨਾ ਪੇਂਟਲ ਨੂੰ ਹੋਰਨਾਂ ਨੌਂ ਐਡਵੋਕੇਟਾਂ ਤੇ ਭਾਈਚਾਰੇ ਦੇ ਆਗੂਆਂ ਸਮੇਤ ਏ.ਏ.ਪੀ.ਆਈ. ਨੂੰ ਸਿਹਤ ਐਕਟ ਐਫੋਰਡੇਵਲ ਕੇਅਰ ਐਕਟ ਬਾਰੇ ਸਿੱਖਿਅਤ ਕਰਨ ਲਈ ਸਨਮਾਨਤ ਕੀਤਾ ਗਿਆ।

# ਅਧਿਆਪਕ ਕਰਨਗੇ ਸਰਕਾਰੀ ਖਰਚੇ 'ਤੇ ਟੋਰਾਂਟੋ ਦੀ ਸੈਰ

**ਜਲੰਧਰ (ਬਿਊਰੋ):** ਪੰਜਾਬ ਸਰਕਾਰ ਵੱਲੋਂ ਅਧਿਆਪਕਾਂ ਨੂੰ ਸਰਕਾਰੀ ਖ਼ਰਚੇ 'ਤੇ ਵਿਦੇਸ਼ ਜਾਣ ਦਾ ਮੌਕਾ ਦਿੱਤਾ ਜਾ ਰਿਹਾ ਹੈ। ਸਿੱਖਿਆ ਵਿਭਾਗ ਵੱਲੋਂ ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ, ਸਕੂਲ ਮੁਖੀਆਂ ਤੇ ਡਾਇਟਾਂ ਦੇ ਪ੍ਰਿੰਸੀਪਲਾਂ ਨੂੰ ਪੱਤਰ ਜਾਰੀ ਕਰ ਕੇ ਅਰਜ਼ੀਆਂ ਮੰਗੀਆਂ ਹਨ। ਸਿੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਪੱਤਰ ਦੇ ਮੁਤਾਬਕ ਅਕਾਦਮਿਕ ਸੈਸ਼ਨ 2014-15 ਦੌਰਾਨ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ 50 ਅਧਿਆਪਕਾਂ ਨੂੰ ਟੀਚਰ ਡਿਵੈਲਪਮੈਂਟ ਪ੍ਰੋਗਰਾਮ ਤਹਿਤ ਯੂਨੀਵਰਸਿਟੀ ਆਫ਼ ਟੋਰਾਂਟੋ, ਕੈਨੇਡਾ ਵਿਚ ਚਾਰ ਹਫ਼ਤਿਆਂ ਦੀ ਸਿਖਲਾਈ ਲਈ ਭੇਜਿਆ ਜਾਣਾ ਹੈ ਜਿਸ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾਵੇਗਾ।



ਇਸ ਦੇ ਨਾਲ ਇਹ ਵੀ ਕਿਹਾ ਗਿਆ ਹੈ ਕਿ ਟ੍ਰੇਨਿੰਗ ਲਈ ਜਾਣ ਵਾਲੇ ਅਧਿਆਪਕਾਂ ਦੀ ਚੋਣ ਉਨ੍ਹਾਂ ਦੀ ਸਿੱਖਿਆ ਵਿਭਾਗ ਵਿਚ ਸੇਵਾ ਤੇ ਪ੍ਰਾਪਤੀਆਂ ਦੇ ਆਧਾਰ 'ਤੇ ਕੀਤੀ ਜਾਵੇਗੀ। ਇਸ ਲਈ ਰਾਜ ਦੇ ਸਰਕਾਰੀ ਸਕੂਲਾਂ ਦੇ ਪ੍ਰਾਇਮਰੀ, ਮਿਡਲ, ਹਾਈ ਤੇ ਸੀਨੀਅਰ ਸੈਕੰਡਰੀ ਪੱਧਰ ਤੱਕ ਦੇ ਅਧਿਆਪਕ ਆਪਣੀਆਂ ਅਰਜ਼ੀਆਂ ਦੇ ਸਕਦੇ ਹਨ। ਅਪਲਾਈ ਕਰਨ ਲਈ ਅਧਿਆਪਕਾਂ ਦਾ ਸਿੱਖਿਆ ਵਿਭਾਗ ਵਿਚ ਤਜ਼ਰਬਾ ਘੱਟੋ-ਘੱਟ 10 ਸਾਲ ਤੇ ਘੱਟੋ-ਘੱਟ 10 ਸਾਲ ਦੀ ਸੇਵਾ ਵਿਭਾਗ ਵਿਚ ਹੋਰ ਬਾਕੀ ਹੋਣੀ ਚਾਹੀਦੀ ਹੈ।

ਅਪਲਾਈ ਕਰਨ ਵਾਲੇ ਉਮੀਦਵਾਰ ਵੱਲੋਂ 10 ਜੁਲਾਈ ਤੱਕ ਆਈਲੈਟ, ਪ੍ਰੀਖਿਆ ਵਿਚ ਘੱਟੋ-ਘੱਟ 6.5 ਬੈਂਡ ਜਾਂ ਟੋਫਲ ਵਿਚ 79-93 ਪੁਆਇੰਟ ਪ੍ਰਾਪਤ ਕਰਨੇ ਜ਼ਰੂਰੀ ਹਨ। ਇਸ ਆਈਲੈਟਸ ਤੇ ਟੋਫਲ ਦੀ ਪ੍ਰੀਖਿਆ ਦਾ ਖ਼ਰਚਾ ਅਧਿਆਪਕ ਨੂੰ ਖੁਦ ਕਰਨਾ ਪਵੇਗਾ। ਚਾਰ ਹਫ਼ਤਿਆਂ ਦੇ ਸਿਖਲਾਈ ਪ੍ਰੋਗਰਾਮ ਨੂੰ ਪੂਰਾ ਕਰਕੇ ਪਰਤਨ ਪਿੱਛੋ ਅਧਿਆਪਕ ਆਪਣੇ ਸਕੂਲਾਂ ਦੇ ਵਿਚ ਹੀ ਕੰਮ ਕਰਨਗੇ ਪਰ ਬਤੌਰ ਰਿਸੋਰਸ ਪਰਸਨ ਉਨ੍ਹਾਂ ਦੀਆਂ ਸੇਵਾਵਾਂ ਸੂਬੇ ਵਿਚ ਕਿਤੇ ਵੀ ਲਈਆਂ ਜਾ ਸਕਣਗੀਆਂ।

# ਭਾਰਤ ਦਾ ਸਿਆਸੀ ਲਾਣਾ ਤੇ ਲੋਕਾਂ ਦੀ ਮਾਨਸਿਕਤਾ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

*ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਭਾਰਤ। ਇਸ ਵਿਚ ਇਸ ਵਕਤ ਇੱਕ ਸੌ ਪੰਝੀ ਕਰੋੜ ਦੀ ਆਬਾਦੀ ਦੱਸੀ ਜਾਂਦੀ ਹੈ ਤੇ ਵੋਟਰਾਂ ਦੀ ਗਿਣਤੀ ਇਕਾਸੀ ਕਰੋੜ ਸਤਵੰਜਾ ਲੱਖ ਤੋਂ ਵੱਧ ਮੰਨੀ ਜਾਂਦੀ ਹੈ। ਯੂਰਪ ਦੇ ਸਾਰੇ ਦੇਸ਼ਾਂ ਦੀ ਆਬਾਦੀ ਪਝੱਤਰ ਕਰੋੜ ਤੋਂ ਘੱਟ ਹੈ, ਭਾਰਤ ਦੇ ਵੋਟਰ ਇਸ ਤੋਂ ਵੀ ਵੱਧ ਬਣ ਜਾਣਗੇ। ਅਸੀਂ ਇਨ੍ਹਾਂ ਨੂੰ ਵੋਟਰ ਕਹਿੰਦੇ ਹਾਂ। ਕਾਨੂੰਨੀ ਪੱਖ ਤੋਂ ਇਹ ਲੋਕ ਵੋਟਰ ਹਨ, ਪਰ ਰਾਜ ਵੋਟਰਾਂ ਨੇ ਆਪ ਨਹੀਂ ਕਰਨਾ, ਵੋਟਰਾਂ ਦੇ ਚੁਣੇ ਹੋਏ ਉਨ੍ਹਾਂ ਆਗੂਆਂ ਨੇ ਆਪੋ ਵਿਚ ਗਿੱਟਮਿਟ ਕਰ ਕੇ ਸਾਂਭਣਾ ਹੈ, ਜਿਹੜੇ ਬੰਦੇ ਨੂੰ ਬੰਦਾ ਨਹੀਂ ਸਮਝਦੇ। ਕੋਈ ਆਪਣੇ-ਆਪ ਨੂੰ ਸ਼ੇਰ ਆਖ ਕੇ ਆਮ ਲੋਕਾਂ ਨੂੰ ਭੇਡ-ਬੱਕਰੀਆਂ ਤੇ ਹਿਰਨੀਆਂ ਸਮਝਦਾ ਹੈ ਅਤੇ ਕੋਈ ਹੋਰ ਆਗੂ ਆਮ ਲੋਕਾਂ ਨੂੰ ਕੀੜੇ-ਮਕੌੜੇ ਆਖਦਾ ਅਤੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਕੀੜੇ-ਮਕੌੜੇ ਖਾ ਕੇ ਪਲਣ ਵਾਲੇ ਸੱਪ ਅਤੇ ਬਿੱਛੂ ਮੰਨ ਕੇ ਉਨ੍ਹਾਂ ਦੀ ਅਗਵਾਈ ਦਾ ਦਾਅਵਾ ਪੇਸ਼ ਕਰਨ ਲਈ ਕਮਰਕੱਸਾ ਕਰੀ ਬੈਠਾ ਹੈ।*

ਬਹੁਤ ਸਾਲ ਪਹਿਲਾਂ ਮਰਹੂਮ ਨਾਟਕਕਾਰ ਗੁਰਸ਼ਰਨ ਸਿੰਘ ਹੁਰਾਂ ਦਾ ਆਜ਼ਾਦੀ ਲਹਿਰ ਨਾਲ ਸਬੰਧਤ ਨਾਟਕ ਵੇਖਿਆ ਸੀ। ਉਸ ਵਿਚ ਇੱਕ ਡਾਇਲਾਗ ਸੀ ਕਿ ਮੁੱਠੀ ਭਰ ਬ੍ਰਿਟੇਨ ਵਾਸੀਆਂ ਨੇ ਜੇ ਤੀਹ ਕਰੋੜ ਤੋਂ ਵੱਧ ਭਾਰਤੀਆਂ ਨੂੰ ਗੁਲਾਮ ਬਣਾ ਲਿਆ ਹੈ ਤਾਂ ਇਹ ਭਾਰਤੀ ਬੰਦੇ ਹਨ ਕਿ ਭੇਡਾਂ-ਬੱਕਰੀਆਂ? ਇਹ ਡਾਇਲਾਗ ਸੁਣ ਕੇ ਸਾਨੂੰ ਗੁੱਸਾ ਆਉਂਦਾ ਸੀ ਕਿ ਭਾਰਤ ਦੇ ਕਰੋੜਾਂ ਲੋਕਾਂ ਨੇ ਬ੍ਰਿਟੇਨ ਦੇ ਮੁੱਠੀ ਭਰ ਲੋਕਾਂ ਅੱਗੇ ਹਾਰ ਮੰਨ ਲਈ ਤੇ ਗੁਲਾਮੀ ਦਾ ਜੂਲਾ ਆਪਣੇ ਗਲ ਪਵਾ ਕੇ ਬੈਠ ਗਏ ਸਨ। ਗੁੱਸਾ ਇਸ ਗੱਲੋਂ ਵੀ ਆਉਂਦਾ ਸੀ ਕਿ ਭਾਰਤ ਦੇ ਲੋਕਾਂ ਨੇ ਇਸ ਹਮਲਾਵਰੀ ਵਿਚੋਂ ਪੱਲੇ ਪਈ ਰਾਜਸੀ ਗੁਲਾਮੀ ਨੂੰ ਮਾਨਸਿਕ ਗੁਲਾਮੀ ਵੀ ਮੰਨ ਲਿਆ ਸੀ ਤੇ ਧਾਰਮਿਕ ਅਸਥਾਨਾਂ ਵਿਚ ਦੋਵੇਂ ਵੇਲੇ ਜਗਦੇ ਦੀਵੇ ਥਾਲੀਆਂ ਵਿਚ ਟਿਕਾ ਕੇ ਆਰਤੀ ਕਰਦਿਆਂ 'ਜੁੱਗ-ਜੁੱਗ ਰਾਜ ਸਵਾਇਆ ਟੋਪੀ ਵਾਲੇ ਦਾ' ਗਾਉਣ ਲੱਗ ਪਏ ਸਨ। ਉਦੋਂ ਲੋਕ ਸੱਚਮੁੱਚ ਭੇਡਾਂ-ਬੱਕਰੀਆਂ ਬਣ ਗਏ ਹੋਣਗੇ ਤੇ ਹਮਲਾਵਰ ਜੋ ਕੁਝ ਕਹਿੰਦੇ ਹੋਣਗੇ, ਖਾਮੋਸ਼ ਰਹਿ ਕੇ ਬਰਦਾਸ਼ਤ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਹੋਣਾ। ਹੁਣ ਹਾਲਤ ਇਹ ਹੈ ਕਿ ਭਾਰਤ ਦੇ ਲੋਕ ਰਾਜਸੀ ਪੱਖ ਤੋਂ ਗੁਲਾਮ ਨਾ ਹੁੰਦੇ ਹੋਏ ਵੀ ਮਾਨਸਿਕ ਗੁਲਾਮੀ ਅਜੇ ਤੱਕ ਹੰਢਾ ਰਹੇ ਜਾਪਦੇ ਹਨ। ਇਨ੍ਹਾਂ ਲੋਕਾਂ ਨੂੰ ਦੇਸ਼ ਦੀ ਲੀਡਰੀ ਦਾ ਦਾਅਵਾ ਕਰਨ ਵਾਲੇ ਚੁਸਤ ਘਾਗਾਂ ਨੇ ਏਦਾਂ ਦੀ ਚਾਟ ਲਾ ਦਿੱਤੀ ਹੈ ਕਿ ਸਧਾਰਨ ਲੋਕਾਂ ਦੇ ਮੂੰਹ ਉਤੇ ਕੋਈ ਉਨ੍ਹਾਂ ਨੂੰ ਭੇਡਾਂ-ਬੱਕਰੀਆਂ ਤੇ ਕੀੜੇ-ਮਕੌੜੇ ਆਖੀ ਜਾਵੇ ਤਾਂ ਇਹ ਗੁੱਸਾ ਕਰਨ ਦੀ ਲੋੜ ਵੀ ਨਹੀਂ ਸਮਝਦੇ।

ਜਦੋਂ ਹੱਥਲੀ ਲਿਖਤ ਲਿਖੀ ਜਾ ਰਹੀ ਹੈ, ਸਾਨੂੰ ਇਹ ਨਹੀਂ ਪਤਾ ਕਿ 'ਭਾਰਤ ਭਾਗ ਵਿਧਾਤਾ' ਵਾਲੀ ਕਿਸਮਤ ਦੀ ਪੁੜੀ ਵਿਚੋਂ ਕੀ ਨਿਕਲੇਗਾ, ਪਰ ਇਸ ਵਾਰੀ ਜਿਸ ਤਰ੍ਹਾਂ ਦੀ ਚੋਣ ਪ੍ਰਕ੍ਰਿਆ ਚੱਲੀ ਹੈ, ਉਸ ਦੇ ਆਖਰ ਵਿਚ ਆ ਕੇ ਇਹੋ ਜਿਹੀ ਬੋਲੀ ਸੁਣੀ ਗਈ ਹੈ ਕਿ ਮਨ ਦੁਖੀ ਹੋ ਗਿਆ ਹੈ। ਲੋਕ ਇਸ ਤੋਂ ਨਾਰਾਜ਼ ਨਹੀਂ ਹੁੰਦੇ, ਖੁਸ਼ੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਇਹੋ ਜਿਹੇ ਆਗੂ ਨਸੀਬ ਹੋ ਰਹੇ ਹਨ। ਵਿਰੋਧ ਆਪਣੇ ਜਾਂ ਦੂਸਰੀ ਧਿਰ ਦੇ ਲੀਡਰ ਦੇ ਲਈ ਹੋ ਸਕਦਾ ਹੈ, ਤੇ ਰਾਜਸੀ ਪੈਂਤੜਿਆਂ ਦੇ ਪੱਖ ਤੋਂ ਵੀ ਹੋ ਸਕਦਾ ਹੈ, ਪਰ ਲੀਡਰਾਂ ਦੀ ਉਸ ਮਾਨਸਿਕਤਾ ਲਈ ਵਿਰੋਧ ਨਹੀਂ ਹੁੰਦਾ, ਜਿਹੜੀ ਲੋਕਾਂ ਨੂੰ ਲੋਕ ਨਹੀਂ ਸਮਝਦੀ। ਇਸ ਮਾਨਸਿਕਤਾ ਨੂੰ ਕੋਈ ਗੌਲਦਾ ਵੀ ਨਹੀਂ ਹੈ।

ਪਹਿਲਾਂ ਅਸੀਂ ਇਹ ਸੁਣਿਆ ਕਰਦੇ ਸਾਂ ਕਿ ਫਲਾਣਾ ਲੀਡਰ ਜਾਂ ਲੀਡਰਨੀ ਆਵੇ ਤਾਂ ਉਸ ਇਕੱਲੇ ਵਿਅਕਤੀ ਦੇ ਆਉਣ ਨਾਲ ਹਨੇਰੀ ਜਿਹੀ ਆ ਜਾਂਦੀ ਹੈ। ਆਮ ਗੱਲਬਾਤ ਵਿਚ ਲੋਕ ਜਦੋਂ 'ਹਨੇਰ ਪੈ ਗਿਆ' ਕਹਿਣ ਤਾਂ ਇਸ ਦਾ ਭਾਵ ਕੋਈ ਮੰਦ-ਭਾਗੀ ਗੱਲ ਵਾਪਰ ਗਈ ਹੁੰਦਾ ਹੈ, ਪਰ ਹਨੇਰੀ ਆਈ ਦੀ ਗੱਲ ਕਿਸੇ ਲੀਡਰ ਦੇ ਚਹੇਤਿਆਂ ਦਾ ਮਨ ਖੁਸ਼ ਕਰ ਜਾਂਦੀ ਸੀ ਕਿ ਹੁਣ ਦੂਸਰੀ ਧਿਰ ਦਾ ਕੱਖ ਨਹੀਂ ਰਹਿਣਾ। ਜਦੋਂ ਕਿਤੇ ਹਨੇਰੀ ਆਵੇ, ਉਹ ਸੜਕ ਉਤੇ ਚੱਲਦੀ ਕਿਸੇ ਬੱਝੇ ਹੋਏ ਰੂਟ ਮੁਤਾਬਕ ਨਹੀਂ ਆਉਂਦੀ ਹੁੰਦੀ ਤੇ ਆਪਣੇ ਨਿਸ਼ਾਨੇ ਨੂੰ ਹੂੰਝਾ ਫੇਰਨ ਨਹੀਂ ਜਾਂਦੀ, ਰਾਹ ਵਿਚ ਆਏ ਹਰ ਮਾੜੇ-ਧੀੜੇ ਨੂੰ ਛਿੱਲ ਜਾਂਦੀ ਹੈ। ਲੋਕਾਂ ਨੂੰ ਫਿਰ ਵੀ ਹਨੇਰੀ ਸ਼ਬਦ ਦੀ ਵਰਤੋਂ ਕਦੇ ਮਾੜੀ ਨਹੀਂ ਸੀ ਲੱਗਦੀ। ਉਹ ਇਹ ਵੀ ਨਹੀਂ ਪੁੱਛਦੇ ਸਨ, ਉਨ੍ਹਾਂ ਨੂੰ ਪੁੱਛਣਾ ਸੁੱਝਦਾ ਨਹੀਂ ਸੀ ਜਾਂ ਪੁੱਛਣ ਦੀ ਜੁਰਅੱਤ ਨਹੀਂ ਸੀ ਕਰਦੇ ਕਿ ਆਉਣੀ ਹੈ ਤਾਂ ਤੁਹਾਡੀ ਰਾਜਨੀਤੀ ਦੀ ਬਹਾਰ ਆ ਜਾਵੇ, ਹਨੇਰੀ ਕਾਹਤੋਂ ਲਿਆਉਣ ਲੱਗੇ ਹੋ?

ਫਿਰ ਇਸ ਸ਼ਬਦ ਨੇ ਤਰੱਕੀ ਕਰ ਲਈ। ਹਨੇਰੀ ਦੀ ਥਾਂ ਸੁਨਾਮੀ ਦਾ ਸ਼ਬਦ ਵਰਤਿਆ ਜਾਣ ਲੱਗਾ। ਸੁਨਾਮੀ ਤਾਂ ਹਨੇਰੀ ਦੀ ਵੀ ਵੱਡੀ ਬੇਬੇ ਸੀ। ਹਨੇਰੀ ਜਦੋਂ ਆਉਂਦੀ ਹੈ ਤਾਂ ਇੱਕ ਖਾਸ ਇਲਾਕੇ ਵਿਚ ਕਹਿਰ ਵਰਤਾ ਜਾਂਦੀ ਹੈ, ਪਰ ਜਦੋਂ ਸੁਨਾਮੀ ਆਈ ਤਾਂ ਇੰਡੀਆ ਤੋਂ ਇੰਡੋਨੇਸ਼ੀਆ ਤੱਕ ਏਦਾਂ ਦਾ ਕਹਿਰ ਵਰਤਾ ਗਈ ਸੀ, ਜਿਸ ਦੀ ਮਾਰ ਹੇਠ ਲੰਕਾ ਵਰਗੇ ਕਈ ਦੇਸ਼ ਉਂਜ ਹੀ ਮਧੋਲੇ ਗਏ ਸਨ। ਇਸ ਵਾਰ ਇਹ ਸ਼ਬਦ ਭਾਰਤੀ ਪਾਰਲੀਮੈਂਟ ਦੀਆਂ ਚੋਣਾਂ ਵਿਚ ਆਮ ਵਰਤਿਆ ਗਿਆ ਹੈ। ਕਦੀ ਅਮੇਠੀ ਵਿਚ ਜਾ ਕੇ ਪ੍ਰਿਅੰਕਾ ਗਾਂਧੀ ਬਾਰੇ ਕਾਂਗਰਸੀ ਇਹ ਕਹਿੰਦੇ ਸੁਣੇ ਜਾਂਦੇ ਸਨ ਕਿ 'ਪਿਅੰਕਾ ਨਹੀਂ, ਯੇ ਆਂਧੀ ਹੈ, ਦੂਸਰੀ ਇੰਦਰਾ ਗਾਂਧੀ ਹੈ', ਇਸ ਵਾਰੀ ਭਾਜਪਾ ਤੇ ਸੰਘ ਪਰਿਵਾਰ ਦੇ ਢੰਡੋਰਚੀਆਂ ਨੇ ਕਹਿ ਦਿੱਤਾ ਕਿ ਨਰਿੰਦਰ ਮੋਦੀ ਦੀ ਸੁਨਾਮੀ ਆ ਰਹੀ ਹੈ, ਜਿਸ ਤੋਂ ਭਾਰਤ ਦਾ ਕੋਈ ਕੋਨਾ ਨਹੀਂ ਬਚੇਗਾ। ਪ੍ਰਿਅੰਕਾ ਹੋਵੇ ਜਾਂ ਨਰਿੰਦਰ ਮੋਦੀ-ਉਹ ਆਗੂ ਹਨ ਤਾਂ ਆਗੂ ਰਹਿਣ, ਉਨ੍ਹਾਂ ਵਿਚੋਂ ਇੱਕ ਆਗੂ ਨੂੰ ਆਂਧੀ (ਹਨੇਰੀ) ਤੇ ਦੂਸਰੇ ਨੂੰ ਸੁਨਾਮੀ (ਹਨੇਰੀ ਦੀ ਵੱਡੀ ਬੇਬੇ) ਬਣਾ ਕੇ ਪੇਸ਼ ਕਰਨ ਵਾਲਿਆਂ ਨੇ ਇਹ ਨਹੀਂ ਸੋਚਿਆ ਹੋਣਾ ਕਿ ਇਸ ਨਾਲ ਉਹ ਸੁਨਾਮੀ ਦੇ ਝੰਬੇ ਹੋਏ ਲੋਕਾਂ ਦੇ ਜ਼ਖਮ ਹਰੇ ਕਰ ਦੇਣਗੇ। ਇੱਕ ਟੀ.ਵੀ. ਪੱਤਰਕਾਰ ਨੇ ਇਹ ਕੰਮ ਕੀਤਾ ਕਿ ਤਾਮਿਲਨਾਡੂ ਦੇ ਸਮੁੰਦਰ ਕੰਢੇ ਵੱਸਦੇ ਅਨਪੜ੍ਹ ਮਛੇਰਿਆਂ ਨੂੰ ਜਾ ਪੁੱਛਿਆ ਕਿ 'ਕਹਿੰਦੇ ਹਨ ਕਿ ਚੋਣਾਂ ਵਿਚ ਨਰਿੰਦਰ ਮੋਦੀ ਦੀ ਸੁਨਾਮੀ ਆ ਰਹੀ ਹੈ, ਤੁਹਾਡਾ ਕੀ ਖਿਆਲ ਹੈ?' ਉਨ੍ਹਾਂ ਗਰੀਬਾਂ ਵਿਚੋਂ ਇੱਕ ਜਣੇ ਨੇ ਕਿਹਾ, 'ਸਾਨੂੰ ਕੀ ਪੁੱਛਦੇ ਹੋ, ਅਫਸਰ ਨੂੰ ਜਾ ਕੇ ਪੁੱਛੋ, ਸਾਨੂੰ ਤਾਂ ਹਾਲੇ ਪਿਛਲੀ ਸੁਨਾਮੀ ਦੇ ਖਰਾਬੇ ਦੇ ਪੈਸੇ ਨਹੀਂ ਮਿਲੇ, ਸਾਰੇ ਪੈਸੇ ਅਫਸਰ ਖਾ ਗਏ ਸਨ।' ਕੀ ਉਸ ਗਰੀਬ ਦੇ ਦਿੱਤੇ ਇਸ ਜਵਾਬ ਨੂੰ ਇਸ ਵਾਰ ਦੀ ਚੋਣ ਦਾ 'ਹਾਸਲ' ਮੰਨ ਲਿਆ ਜਾਵੇ?



ਦੂਸਰਾ ਮਾਮਲਾ ਹੈ ਆਗੂਆਂ ਦੀ ਵਡਿਆਈ ਜਾਂ ਬਦਖੋਈ ਲਈ ਵਰਤੇ ਜਾ ਰਹੇ ਸ਼ਬਦਾਂ ਦਾ। ਉਤਰ ਪ੍ਰਦੇਸ਼ ਵਿਚ ਇੱਕ ਥਾਂ ਮੁਲਾਇਮ ਸਿੰਘ ਯਾਦਵ ਦਾ ਹੈਲੀਕਾਪਟਰ ਉਤਰਨਾ ਸੀ, ਅੱਗੇ ਹੈਲੀਪੈਡ ਉਤੇ ਇੱਕ ਅਵਾਰਾ ਸਾਨ੍ਹ ਆ ਗਿਆ। ਹੈਲੀਕਾਪਟਰ ਉਪਰ ਉਡ ਗਿਆ ਤੇ ਪੁਲਿਸ ਵੱਲੋਂ ਸਾਨ੍ਹ ਭਜਾਏ ਜਾਣ ਪਿੱਛੋਂ ਉਤਰ ਗਿਆ। ਅਗਲੇ ਦਿਨ ਉਥੇ ਗੁਜਰਾਤ ਦਾ ਮੁੱਖ ਮੰਤਰੀ ਨਰਿੰਦਰ ਮੋਦੀ ਆ ਗਿਆ। ਉਸ ਨੇ ਜਲਸੇ ਵਿਚ ਕਿਹਾ, 'ਮੁਲਾਇਮ ਸਿੰਘ ਮੁਝੇ ਰੋਕਨੇ ਕੀ ਬਾਤ ਕਰਤੇ ਹੈਂ, ਹੈਲੀਪੈਡ ਪਰ ਆਇਆ ਸਾਂਡ ਤੋ ਸੰਭਾਲ ਨਹੀਂ ਪਾਏ, ਗੁਜਰਾਤ ਸੇ ਆਏ ਸ਼ੇਰ ਕੋ ਕੈਸੇ ਸੰਭਾਲ ਲੇਂਗੇ?' ਉਸ ਦੇ ਕਹਿਣ ਦਾ ਭਾਵ ਸੀ ਕਿ 'ਮੈਂ ਗੁਜਰਾਤ ਦਾ ਸ਼ੇਰ ਹਾਂ।' ਨਾ ਵਿਚਾਰੇ ਉਹ ਲੋਕ ਸ਼ੇਰ ਹੋਣ ਦਾ ਅਰਥ ਸਮਝ ਸਕੇ, ਜਿਹੜੇ ਉਥੇ ਤਾੜੀਆਂ ਮਾਰ ਰਹੇ ਸਨ ਤੇ ਨਾ ਗੁਜਰਾਤ ਦੇ ਲੋਕਾਂ ਨੂੰ ਸਮਝ ਆਈ ਕਿ ਲੀਡਰ ਦੇ ਸ਼ੇਰ ਹੋਣ ਦਾ ਅਰਥ ਕੀ ਹੈ? ਸ਼ੇਰ ਵੇਖਣ ਨੂੰ ਚੰਗਾ ਲੱਗਦਾ ਹੈ, ਜਿੱਥੇ ਉਸ ਨੇ ਵਸੇਬਾ ਕੀਤਾ ਹੁੰਦਾ ਹੈ, ਉਸ ਦੀ ਹੋਂਦ ਦਾ ਅਰਥ ਉਥੋਂ ਵਾਲਿਆਂ ਨੂੰ ਸਮਝ ਆਉਂਦਾ ਹੈ। ਸ਼ੇਰ ਮਾਸ ਖਾਣ ਵਾਲਾ ਜਾਨਵਰ ਹੁੰਦਾ ਹੈ ਤੇ ਉਸ ਦੇ ਖਾਣ ਲਈ ਨਿੱਤ ਦਿਨ ਕੁਝ ਨਾ ਕੁਝ ਭੇਡਾਂ-ਬੱਕਰੀਆਂ, ਗਾਂਵਾਂ ਤੋਂ ਲੈ ਕੇ ਹਿਰਨਾਂ ਤੇ ਖਰਗੋਸ਼ਾਂ ਤੱਕ ਨੂੰ ਆਪਣੀ ਜਾਨ ਗਵਾਉਣੀ ਪੈਂਦੀ ਹੈ, ਵਰਨਾ ਸ਼ੇਰ ਜਿੰਦਾ ਨਹੀਂ ਰਹਿ ਸਕਦਾ। ਕਿਸੇ ਆਗੂ ਨੂੰ ਸ਼ੇਰ ਕਹਿਣ ਦਾ ਅਰਥ ਇਹ ਹੈ ਕਿ ਬਾਕੀ ਜਨਤਾ ਦੀ ਹੈਸੀਅਤ ਉਸ ਆਗੂ ਦੇ ਮੁਕਾਬਲੇ ਗਾਂਵਾਂ, ਭੇਡਾਂ, ਬੱਕਰੀਆਂ ਤੇ ਖਰਗੋਸ਼ਾਂ ਤੋਂ ਵੱਧ ਨਹੀਂ ਹੈ। ਵਿਚਾਰੇ ਭਾਰਤ ਦੇ ਲੋਕ 'ਸ਼ੇਰਾਂ ਦੀ ਰੱਖ ਵਿਚ' ਭੇਡ-ਬੱਕਰੀਆਂ ਬਣ ਕੇ ਵੀ ਖੁਸ਼ ਹੋਈ ਜਾਂਦੇ ਹਨ। ਆਮੀਨ!

ਤੀਸਰਾ ਮਾਮਲਾ ਇਸ ਚੋਣ ਪ੍ਰਕ੍ਰਿਆ ਦੇ ਆਖਰੀ ਪੜਾਅ ਵਿਚ ਉਦੋਂ ਸਾਹਮਣੇ ਆਇਆ, ਜਦੋਂ ਨਤੀਜੇ ਤੋਂ ਬਾਅਦ ਦੇ ਗੱਠਜੋੜ ਦੀ ਗੱਲ ਚੱਲੀ। ਜਨਤਾ ਦਲ ਯੂਨਾਈਟਿਡ ਦਾ ਪ੍ਰਧਾਨ ਸ਼ਰਦ ਯਾਦਵ ਆਮ ਕਰ ਕੇ ਅਕਲ ਨਾਲ ਗੱਲ ਕਰਨ ਵਾਲਾ ਲੀਡਰ ਮੰਨਿਆ ਜਾਂਦਾ ਹੈ। ਇਸ ਵਾਰੀ ਵੀ ਉਸ ਨੇ ਗੱਲਾਂ ਦਲੀਲ ਨਾਲ ਹੀ ਕੀਤੀਆਂ। ਜਦੋਂ ਅਗਲੇ ਗੱਠਜੋੜ ਦੀ ਗੱਲ ਚੱਲੀ ਤਾਂ ਉਹ ਦੋ ਗੱਲਾਂ ਕਹਿ ਗਿਆ। ਪਹਿਲੀ ਇਹ ਕਿ ਨਾ ਭਾਰਤੀ ਜਨਤਾ ਪਾਰਟੀ ਵਾਲਿਆਂ ਦੀ ਵਾਰੀ ਆਉਣੀ ਹੈ ਅਤੇ ਨਾ ਕਾਂਗਰਸ ਪਾਰਟੀ ਵਾਲਿਆਂ ਦੀ ਰਹਿਣੀ ਹੈ, ਅਸੀਂ ਇਹੋ ਜਿਹਾ ਮਾਹੌਲ ਬਣਾ ਦਿਆਂਗੇ ਕਿ ਇਨ੍ਹਾਂ ਦੋਵਾਂ ਤੋਂ ਬਿਨਾਂ ਕਿਸੇ ਤੀਸਰੀ ਧਿਰ ਦੀ ਸਰਕਾਰ ਬਣ ਜਾਵੇ। ਇਥੋਂ ਤੱਕ ਉਹ ਠੀਕ ਚੱਲਿਆ, ਪਰ ਅਗਲੀ ਗੱਲ ਜਦੋਂ ਪੁੱਛੀ ਗਈ ਕਿ ਉਨ੍ਹਾਂ ਦੇ ਗੱਠਜੋੜ ਵਿਚ ਕਿਹੜੇ ਧੜੇ ਆਉਣਗੇ ਤਾਂ ਦਲੀਲ ਜਿਹੜੀ ਵਰਤਣ ਲੱਗ ਪਿਆ, ਉਹ ਸਿਰੇ ਦੀ ਨਾਕਸ ਸੀ। ਸ਼ਰਦ ਯਾਦਵ ਨੇ ਕਿਹਾ ਕਿ ਹੁਣੇ ਇਹ ਗੱਲ ਸੋਚਣ ਦੀ ਲੋੜ ਨਹੀਂ, ਇਹ ਮੌਕਾ ਬਣ ਲੈਣ ਦਿਓ, ਜਦੋਂ ਹੜ੍ਹ ਆ ਰਿਹਾ ਹੋਵੇ, ਉਦੋਂ ਸੱਪ ਤੇ ਬਿੱਛੂ ਸਭ ਇਹੋ ਜਿਹੇ ਇੱਕੋ ਰੁੱਖ ਦਾ ਆਸਰਾ ਲੈ ਲੈਂਦੇ ਹਨ, ਜਿਹੜਾ ਹੜ੍ਹ ਵਿਚ ਰੁੜ੍ਹਨ ਤੋਂ ਬਚਾ ਲਵੇ, ਤੇ ਜਨਤਾ ਦਲ ਯੂਨਾਈਟਿਡ ਇਸ ਰੁੱਖ ਦੀ ਇਹ ਭੂਮਿਕਾ ਨਿਭਾਉਣ ਲਈ ਤਿਆਰ ਹੈ, ਜਿਸ ਵਿਚ ਸਾਰੇ ਸੱਪ ਅਤੇ ਬਿੱਛੂ ਇਕੱਠੇ ਹੋ ਸਕਣ। ਰੁੱਖ ਦੀ ਭੂਮਿਕਾ ਜਨਤਾ ਦਲ ਯੂਨਾਈਟਿਡ ਨਿਭਾ ਲਵੇ ਜਾਂ ਮੁਲਾਇਮ ਸਿੰਘ ਯਾਦਵ ਦੀ ਸਮਾਜਵਾਦੀ ਪਾਰਟੀ ਜਾਂ ਕੋਈ ਹੋਰ, ਪਰ ਇੱਕ ਗੱਲ ਸਾਫ ਹੈ ਕਿ ਇਸ ਰੁੱਖ ਦੇ ਆਸਰੇ ਰਾਜ ਚਲਾਉਣ ਲਈ ਸੱਪ ਤੇ ਬਿੱਛੂ ਹੀ ਇਕੱਠੇ ਹੋਣਗੇ। ਇੱਕ ਸਵਾਲ ਇਹ ਸੀ, ਜਿਨ੍ਹਾਂ ਪਾਰਟੀਆਂ ਨੂੰ ਤੁਸੀਂ ਇਸ ਗੱਠਜੋੜ ਵਿਚ ਸ਼ਾਮਲ ਕਰਨਾ ਚਾਹੁੰਦੇ ਹੋ, ਉਨ੍ਹਾਂ ਨੂੰ ਵੋਟ ਕਿੰਨੇ ਕੁ ਪੈਣਗੇ? ਇਹਦਾ ਜਵਾਬ ਵੀ ਦਿਲਚਸਪ ਸੀ। ਸ਼ਰਦ ਯਾਦਵ ਨੇ ਕਿਹਾ ਕਿ ਹੜ੍ਹ ਦਾ ਵਧਦਾ ਰੋੜ੍ਹ ਵੇਖ ਕੇ ਸਭ ਕੀੜੇ-ਮਕੌੜੇ ਇਨ੍ਹਾਂ ਪਾਰਟੀਆਂ ਦੇ ਮਗਰ ਵੋਟ ਦੇ ਦੇਣਗੇ।

ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਭਾਰਤ। ਇਸ ਵਿਚ ਇਸ ਵਕਤ ਇੱਕ ਸੌ ਪੰਝੀ ਕਰੋੜ ਦੀ ਆਬਾਦੀ ਦੱਸੀ ਜਾਂਦੀ ਹੈ ਤੇ ਵੋਟਰਾਂ ਦੀ ਗਿਣਤੀ ਇਕਾਸੀ ਕਰੋੜ ਸਤਵੰਜਾ ਲੱਖ ਤੋਂ ਵੱਧ ਮੰਨੀ ਜਾਂਦੀ ਹੈ। ਯੂਰਪ ਦੇ ਸਾਰੇ ਦੇਸ਼ਾਂ ਦੀ ਆਬਾਦੀ ਪਝੱਤਰ ਕਰੋੜ ਤੋਂ ਘੱਟ ਹੈ, ਭਾਰਤ ਦੇ ਵੋਟਰ ਇਸ ਤੋਂ ਵੀ ਵੱਧ ਬਣ ਜਾਣਗੇ। ਅਸੀਂ ਇਨ੍ਹਾਂ ਨੂੰ ਵੋਟਰ ਕਹਿੰਦੇ ਹਾਂ। ਕਾਨੂੰਨੀ ਪੱਖ ਤੋਂ ਇਹ ਲੋਕ ਵੋਟਰ ਹਨ, ਪਰ ਰਾਜ ਵੋਟਰਾਂ ਨੇ ਆਪ ਨਹੀਂ ਕਰਨਾ, ਵੋਟਰਾਂ ਦੇ ਚੁਣੇ ਹੋਏ ਉਨ੍ਹਾਂ ਆਗੂਆਂ ਨੇ ਆਪੋ ਵਿਚ ਗਿੱਟਮਿਟ ਕਰ ਕੇ ਸਾਂਭਣਾ ਹੈ, ਜਿਹੜੇ ਬੰਦੇ ਨੂੰ ਬੰਦਾ ਨਹੀਂ ਸਮਝਦੇ। ਕੋਈ ਆਪਣੇ-ਆਪ ਨੂੰ ਸ਼ੇਰ ਆਖ ਕੇ ਆਮ ਲੋਕਾਂ ਨੂੰ ਭੇਡ-ਬੱਕਰੀਆਂ ਤੇ ਹਿਰਨੀਆਂ ਸਮਝਦਾ ਹੈ ਅਤੇ ਕੋਈ ਹੋਰ ਆਗੂ ਆਮ ਲੋਕਾਂ ਨੂੰ ਕੀੜੇ-ਮਕੌੜੇ ਆਖਦਾ ਅਤੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਕੀੜੇ-ਮਕੌੜੇ ਖਾ ਕੇ ਪਲਣ ਵਾਲੇ ਸੱਪ ਅਤੇ ਬਿੱਛੂ ਮੰਨ ਕੇ ਉਨ੍ਹਾਂ ਦੀ ਅਗਵਾਈ ਦਾ ਦਾਅਵਾ ਪੇਸ਼ ਕਰਨ ਲਈ ਕਮਰਕੱਸਾ ਕਰੀ ਬੈਠਾ ਹੈ।

ਭਾਰਤ ਦੇ ਲੋਕਾਂ ਦੀ ਕੁਝ ਬਦਕਿਸਮਤੀ ਹੈ ਤੇ ਕੁਝ ਮਾਨਸਿਕ ਗੁਲਾਮੀ ਕਿ ਆਜ਼ਾਦੀ ਦੇ ਸਤਾਹਠ ਸਾਲ ਹੰਢਾ ਕੇ ਵੀ ਉਹ ਇਹੋ ਜਿਹੇ ਆਗੂਆਂ ਦੀ ਧਾੜ ਨੂੰ ਬਰਦਾਸ਼ਤ ਕਰੀ ਜਾਂਦੇ ਹਨ, ਜਿਨ੍ਹਾਂ ਦੀ ਨਜ਼ਰ ਵਿਚ ਵੋਟਾਂ ਪਾਉਣ ਅਤੇ ਰਾਜ ਬਖਸ਼ਣ ਵਾਲੇ ਆਮ ਲੋਕ ਇੱਜ਼ਤਦਾਰ ਇਨਸਾਨ ਨਹੀਂ, ਕੀੜੇ-ਮਕੌੜੇ ਤੇ ਭੇਡ-ਬੱਕਰੀਆਂ ਹਨ। ਕੀੜੇ-ਮਕੌੜੇ ਮੰਨੇ ਜਾਂਦੇ ਲੋਕਾਂ ਦੇ ਇਸ ਦੇਸ਼ ਵਿਚ ਹਨੇਰੀ ਆਵੇ ਤੇ ਹਨੇਰ ਪਾ ਜਾਵੇ ਜਾਂ ਸੁਨਾਮੀ ਆ ਕੇ ਲੋਕਾਂ ਦੇ ਘਰ ਢਾਹ ਜਾਵੇ, ਰਾਜ ਚਲਾਉਂਦੀ ਜਮਾਤ ਨੂੰ ਕੋਈ ਫਰਕ ਨਹੀਂ ਪੈਂਦਾ ਹੁੰਦਾ। ਇਹੋ ਜਿਹੇ ਦੇਸ਼ ਦੇ ਇੱਕ ਸੌ ਪੰਝੀ ਕਰੋੜ ਆਮ ਲੋਕਾਂ ਨੂੰ ਫਿਰ ਕੀ ਕਿਹਾ ਜਾਵੇ? ਇਸ ਦੀ ਵਿਆਖਿਆ ਕਰਨ ਲਈ ਵੀ ਹੁਣ ਕੋਈ ਗੁਰਸ਼ਰਨ ਸਿੰਘ ਚਾਹੀਦਾ ਹੈ?

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 17 ਮਈ 2014*

## ਮੋਦੀ ਦੀ ਜਿੱਤ ਦਾ ਮਤਲਬ

ਭਾਰਤੀ ਲੋਕ ਸਭਾ ਚੋਣਾਂ ਦੇ ਇਤਿਹਾਸ ਨਾਲ ਇਕ ਪੰਨਾ ਹੋਰ ਜੁੜ ਗਿਆ ਹੈ। ਦੇਸ਼ ਉਤੇ ਛੇ ਦਹਾਕੇ ਰਾਜ ਕਰਨ ਵਾਲੀ ਪਾਰਟੀ ਕਾਂਗਰਸ ਦੀ ਕਾਰਗੁਜ਼ਾਰੀ ਇਸ ਵਾਰ ਹੁਣ ਤੱਕ ਦੀ ਸਭ ਤੋਂ ਮਾੜੀ ਰਹੀ ਹੈ। ਇਸ ਦੇ ਐਨ ਬਰਾਬਰ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸਿਰ ਉਤੇ ਸਭ ਤੋਂ ਵੱਧ ਸੀਟਾਂ ਜਿੱਤਣ ਵਾਲੀ ਪਾਰਟੀ ਦਾ ਸਿਹਰਾ ਸਜ ਗਿਆ ਹੈ। ਖੇਤਰੀ ਪਾਰਟੀਆਂ ਜੋ ਹੁਣ ਭਾਰਤੀ ਸਿਆਸਤ ਦੀ ਚੂਲ ਸਮਝੀਆਂ ਜਾਣ ਲੱਗੀਆਂ ਹਨ, ਦੀ ਕਾਰ-ਕਰਦਗੀ ਕਿਤੇ ਚੰਗੀ ਤੇ ਕਿਤੇ ਮਾੜੀ ਰਹੀ ਹੈ। ਹਾਂ, ਕਮਿਊਨਿਸਟ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਪਿਛਾਂਹ ਚਲੇ ਗਏ ਹਨ। ਇਨ੍ਹਾਂ ਦਾ ਸਿਧਾਂਤ ਭਾਵੇਂ ਅੱਜ ਵੀ ਸਰਬੱਤ ਦੇ ਭਲੇ ਦੇ ਹੱਕ ਵਿਚ ਡਟਦਾ ਹੈ ਪਰ ਇਨ੍ਹਾਂ ਪਾਰਟੀਆਂ ਦੇ ਅਮਲ ਵਿਚੋਂ ਹੁਣ ਸ਼ਾਇਦ ਉਹ ਬਿਜਲੀਆਂ ਨਹੀਂ ਫੁੱਟਦੀਆਂ ਜਿਹੜੀਆਂ ਅੱਜ ਦੇ ਸਮੇਂ ਨੂੰ ਅੱਖ ਮਾਰ ਸਕਣ। ਖੈਰ! ਸਰਕਾਰ ਬਣਾਉਣ ਦੀ ਕਵਾਇਦ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਗਈ ਹੈ। ਸਰਕਾਰ ਦੀ ਕਾਇਮੀ ਤੱਕ ਮੀਡੀਆ, ਖਾਸ ਕਰ ਕੇ ਇਲੈਕਟ੍ਰੌਨਿਕ ਮੀਡੀਆ ਨੂੰ ਵੀ ਵਾਹਵਾ ਕੰਮ ਮਿਲ ਗਿਆ ਹੈ। ਬਹਿਸਾਂ ਦੇ ਦੌਰ ਚੱਲ ਰਹੇ ਹਨ ਅਤੇ ਇਸ ਬਹਿਸ ਦੇ ਕੇਂਦਰ ਵਿਚ ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਪਹਿਲਾਂ ਹੀ ਐਲਾਨੇ ਉਮੀਦਵਾਰ ਨਰੇਂਦਰ ਮੋਦੀ ਹਨ। ਹੁਣ ਤੱਕ ਮੋਦੀ-ਵਿਰੋਧੀ ਪੂਰੇ ਅੰਕੜੇ ਦੇ-ਦੇ ਕੇ ਇਹ ਸਾਬਤ ਕਰਦੇ ਰਹੇ ਹਨ ਕਿ ਕਿਸੇ ਵੀ ਸੂਰਤ ਵਿਚ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਨਹੀਂ ਬੈਠ ਸਕਦਾ। ਇਹ ਅੰਕੜੇ ਇਕ ਵਾਰ ਤਾਂ ਝੂਠ ਪੈ ਗਏ ਜਾਪਦੇ ਹਨ। ਕੋਈ ਵੀ ਧਿਰ ਮੋਦੀ ਦੀ ਭਾਰਤੀ ਜਨਤਾ ਪਾਰਟੀ ਨੂੰ ਸਭ ਤੋਂ ਵੱਧ ਸੀਟਾਂ ਜਿੱਤਣ ਤੋਂ ਰੋਕ ਨਹੀਂ ਸਕੀ ਹੈ। ਇਸ ਹਿਸਾਬ ਨਾਲ ਇਸ ਪਾਰਟੀ ਦੀ ਰਣਨੀਤੀ ਬਹੁਤ ਹੱਦ ਤੱਕ ਸਫਲ ਰਹੀ ਹੈ। ਪਾਰਟੀ ਨੇ ਮੋਦੀ ਨੂੰ ਪਿਛਲੇ ਸਾਲ ਸਤੰਬਰ ਵਿਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਾਮਜ਼ਦ ਕੀਤਾ ਸੀ। ਉਦੋਂ ਤੋਂ ਹੀ ਉਹ ਦੇਸ਼ ਭਰ ਵਿਚ ਰੈਲੀਆਂ ਅਤੇ ਆਨਲਾਈਨ ਸਭਾਵਾਂ ਕਰ ਰਹੇ ਹਨ। ਉਸ ਦੀ ਚੋਣ ਮੁਹਿੰਮ ਦੇ ਪ੍ਰਬੰਧਕਾਂ ਦੀ ਪੂਰੀ ਟੀਮ ਨੇ ਮੁਹਿੰਮ ਵਿਚ ਦਿਸਦੀ ਹਰ ਮੋਰੀ ਨੂੰ ਮੁੰਦਣ ਦਾ ਹੀਲਾ-ਵਸੀਲਾ ਕੀਤਾ। ਹੁਣ ਨਤੀਜਾ ਸਭ ਦੇ ਸਾਹਮਣੇ ਹੈ।

ਦੇਸ਼ ਭਰ ਦੇ ਸਭ ਸੰਜੀਦਾ ਤਬਕਿਆਂ ਦੇ ਨਾ ਚਾਹੁਣ ਦੇ ਬਾਵਜੂਦ ਭਾਜਪਾ ਅਤੇ ਨਰਿੰਦਰ ਮੋਦੀ ਨੇ ਡਰਾਈਵਰ ਵਾਲੀ ਸੀਟ ਮੱਲ ਲਈ ਹੈ। ਇਸ ਵਿਚ ਕਾਂਗਰਸ, ਡਾ. ਮਨਮੋਹਨ ਸਿੰਘ ਅਤੇ ਕੁਝ ਹੋਰ ਧਿਰਾਂ ਦੀ ਕਮਜ਼ੋਰੀ ਦਾ ਕਿੰਨਾ ਯੋਗਦਾਨ ਹੈ, ਇਸ ਬਾਰੇ ਵਿਸਥਾਰ ਸਹਿਤ ਚਰਚਾ ਅਸੀਂ ਪਹਿਲਾਂ ਕਰਦੇ ਰਹੇ ਹਾਂ। ਨਹੀਂ ਤਾਂ ਨਰਿੰਦਰ ਮੋਦੀ ਵਰਗੇ ਸ਼ਖਸ ਦੀ ਇੰਨੀ ਮਜਾਲ ਕਿਥੇ ਸੀ ਕਿ ਉਹ ਪਹਿਲਾਂ ਗੁਜਰਾਤ ਅਤੇ ਫਿਰ ਦੇਸ਼ ਭਰ ਵਿਚ ਇਸ ਤਰ੍ਹਾਂ ਆਪਣੇ ਪੈਰ ਜਮਾ ਸਕਦਾ! ਬੇਸ਼ੱਕ, ਉਸ ਦੇ ਟਾਕਰੇ ਲਈ ਕੋਈ ਉਨੀ ਮਜ਼ਬੂਤ ਧਿਰ ਕਿਤੇ ਦਿਸੀ ਹੀ ਨਹੀਂ ਜਿਸ ਦੀ ਜ਼ਰੂਰਤ ਸੀ ਅਤੇ ਉਹਦੇ ਲਈ ਰਾਹ ਅਗਾਂਹ ਤੋਂ ਅਗਾਂਹ ਖੁੱਲ੍ਹਦੇ ਗਏ।

ਭਾਰਤ ਦਾ ਸ਼ੇਅਰ ਬਾਜ਼ਾਰ ਤਾਂ ਚੋਣ ਸਰਵੇਖਣ ਨਸ਼ਰ ਹੋਣ ਦੇ ਨਾਲ ਹੀ ਉਛਲਣਾ ਅਰੰਭ ਹੋ ਗਿਆ ਸੀ। ਰੁਪਏ ਨੇ ਵੀ ਅਮਰੀਕੀ ਡਾਲਰ ਦੇ ਮੁਕਾਬਲੇ ਕੁਝ ਮਜ਼ਬੂਤੀ ਫੜੀ ਹੈ। ਕਾਰਪੋਰੇਟ ਲਾਣਾ ਪਹਿਲਾਂ ਹੀ ਮੋਦੀ ਦੇ ਪਿਛੇ ਡਟ ਚੁੱਕਿਆ ਸੀ। ਇਸੇ ਕਰਕੇ ਭਾਜਪਾ ਨੂੰ ਆਪਣੀ ਸਮੁੱਚੀ ਚੋਣ ਮੁਹਿੰਮ ਉਤੇ ਹਜ਼ਾਰਾਂ ਕਰੋੜ ਰੁਪਏ ਖਰਚਣ ਵਿਚ ਕੋਈ ਔਖ ਨਹੀਂ ਆਈ। ਇਸ ਪਾਰਟੀ ਦੇ ਇਸ਼ਤਿਹਾਰਾਂ ਉਤੇ ਰੋੜ੍ਹੇ ਜਾ ਰਹੇ ਪੈਸੇ ਨੂੰ ਸਭ ਧਿਰਾਂ ਬੇਵਸੀ ਨਾਲ ਦੇਖਦੀਆਂ ਰਹਿ ਗਈਆਂ। ਅਸਲ ਵਿਚ ਭਾਜਪਾ ਅਤੇ ਇਸ ਦੀ ਮਾਂ ਪਾਰਟੀ- ਆਰ.ਐਸ.ਐਸ. ਨੇ ਇਨ੍ਹਾਂ ਚੋਣਾਂ ਦੌਰਾਨ ਜੋ ਚਾਹਿਆ, ਉਹ ਕੀਤਾ। ਕਾਂਗਰਸ ਦੀ ਆਪਣੀ ਮੁਹਿੰਮ ਵੀ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੀ ਨੁਕਤਾਚੀਨੀ ਤੱਕ ਸੀਮਤ ਹੋ ਕੇ ਰਹਿ ਗਈ। ਰਤਾ ਕੁ ਗਹਿਰਾਈ ਵਿਚ ਜਾ ਕੇ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਤੱਥ ਵੀ ਨਜ਼ਰੀਂ ਪੈਣ ਲਗਦਾ ਹੈ ਕਿ ਮੋਦੀ ਦੀ ਮੁਹਿੰਮ ਮਘਾਉਣ ਵਿਚ ਬਹੁਤਾ ਯੋਗਦਾਨ ਕਾਂਗਰਸ ਦਾ ਹੀ ਰਿਹਾ। ਕਾਂਗਰਸ ਨੇ ਇਨ੍ਹਾਂ ਚੋਣਾਂ ਦੌਰਾਨ ਫਿਰਕਾਪ੍ਰਸਤੀ ਨੂੰ ਮੁੱਖ ਮੁੱਦਾ ਬਣਾਉਣ ਦਾ ਪੂਰਾ ਯਤਨ ਕੀਤਾ ਅਤੇ ਯੋਜਨਾ ਤਹਿਤ ਮੋਦੀ ਨੂੰ ਵਾਰ-ਵਾਰ ਨਿਸ਼ਾਨਾ ਬਣਾਇਆ। ਭਾਜਪਾ ਨੇ ਕਾਂਗਰਸ ਦੇ ਇਸ ਹਮਲੇ ਨੂੰ ਆਪਣੇ ਹੱਕ ਵਿਚ ਬਦਲਣ ਵਿਚ ਕੋਈ ਗਲਤੀ ਨਹੀਂ ਕੀਤੀ। ਵਿਰੋਧੀਆਂ ਦਾ ਸਾਰਾ ਜ਼ੋਰ ਮੋਦੀ ਨੂੰ ਰੋਕਣ ਉਤੇ ਲੱਗ ਗਿਆ, ਆਪ ਕੀ ਕਰਨਾ ਹੈ ਜਾਂ ਕੀ ਏਜੰਡਾ ਰੱਖਣਾ ਹੈ, ਸ਼ਾਇਦ ਚੇਤੇ ਵਿਚੋਂ ਹੀ ਵਿਸਰ ਗਿਆ। ਇਹ ਤੱਥ ਇਨ੍ਹਾਂ ਚੋਣਾਂ ਦਾ ਅਹਿਮ ਬਿੰਦੂ ਹੈ ਜਿਸ ਉਤੇ ਘੱਟੋ-ਘੱਟ ਹੁਣ ਤਾਂ ਨਿੱਠ ਕੇ ਵਿਚਾਰ ਹੋਣੀ ਚਾਹੀਦੀ ਹੈ। ਡੇਢ ਦਹਾਕਾ ਪਹਿਲਾਂ ਵੀ ਭਾਜਪਾ ਨੂੰ ਸੱਤਾ ਵਿਚ ਆਉਣ ਤੋਂ ਰੋਕਣ ਲਈ ਅਜਿਹੀ ਹੀ ਮੁਹਿੰਮ ਚੱਲੀ ਸੀ ਪਰ ਸਭ ਕਾਸੇ ਦੇ ਬਾਵਜੂਦ ਇਸ ਨੂੰ ਰੋਕਿਆ ਨਹੀਂ ਸੀ ਜਾ ਸਕਿਆ। ਉਦੋਂ ਵੀ ਇਸ ਦਾ ਮੁੱਖ ਕਾਰਨ ਇਹੀ ਸੀ ਕਿ ਬਰਾਬਰ ਦੀ ਕੋਈ ਧਿਰ ਜੰਮ ਨਹੀਂ ਸੀ ਸਕੀ। ਹੁਣ ਵੀ ਹਾਲ ਉਹੀ ਹੈ।

ਇਸ ਮਾਮਲੇ ਵਿਚ ਆਮ ਆਦਮੀ ਪਾਰਟੀ (ਆਪ) ਦੀ ਚਰਚਾ ਕਰਨੀ ਬਣਦੀ ਹੈ, ਹਾਲਾਂਕਿ ਇਸ ਪਾਰਟੀ ਉਤੇ ਇਹ ਊਜਾਂ ਵੀ ਲੱਗਣੀਆਂ ਸ਼ੁਰੂ ਹੋ ਗਈਆਂ ਹਨ ਕਿ ਇਹਨੇ ਫਲਾਣੀ ਥਾਂ ਤੋਂ ਫਲਾਣੇ ਨੂੰ ਹਰਾਉਣ ਵਿਚ ਮਦਦ ਕੀਤੀ, ਤੇ ਫਲਾਣੇ ਨੂੰ ਫਲਾਣੇ ਥਾਂ ਤੋਂ; ਪਰ ਇਕ ਗੱਲ ਚਿੱਟੇ ਦਿਨ ਵਾਂਗ ਸਾਫ ਹੈ ਕਿ ਇਸ ਪਾਰਟੀ ਨੇ ਜੋ ਕੁਝ ਕੀਤਾ ਹੈ, ਆਪਣੇ ਬਲ ਉਤੇ ਕੀਤਾ ਅਤੇ ਪੂਰਾ ਠੋਕ-ਵਜਾ ਕੇ ਕੀਤਾ। ਭਾਰਤ ਦਾ ਢਾਂਚਾ ਅੱਜ ਜਿਸ ਤਰ੍ਹਾਂ ਦਾ ਰੂਪ ਅਖਤਿਆਰ ਕਰ ਗਿਆ ਹੈ, ਉਸ ਵਿਚ ਸੰਨ੍ਹ ਲਾਉਣ ਲਈ ਅਜਿਹੀ ਹੀ ਆਜ਼ਾਦ ਰਣਨੀਤੀ ਦੀ ਲੋੜ ਸੀ। ਅਜਿਹੀ ਹੀ ਰਣਨੀਤੀ ਵਿਚੋਂ ਭਵਿੱਖ ਦਾ ਰਾਹ ਲੱਭਣਾ ਹੈ। ਹੁਣ ਤਾਂ ਬੱਸ ਇਹ ਦੇਖਣਾ ਬਾਕੀ ਹੈ ਕਿ ਆਮ ਆਦਮੀ ਪਾਰਟੀ, ਭਾਰਤ ਦੇ ਆਮ ਆਦਮੀ ਦੀਆਂ ਚਾਹਤਾਂ ਨੂੰ ਜਰਬਾਂ ਦੇਣ ਲਈ ਅਗਾਂਹ ਕਿੰਨੀ ਕੁ ਉਚੀ ਅਤੇ ਕਿੰਨੀ ਕੁ ਦੂਰ ਛਾਲ ਮਾਰ ਸਕਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜਾਊ ਖਾਲੀ ਘੋੜੀ ਹਿਣਕਦੀ!*

ਬੋਲ ਬੋਲ ਕੇ ਜੀਭ ਥਥਲਾਉਣ ਲੱਗੀ, ਲੇਖ ਲਿਖਦਿਆਂ ਕਲਮਾਂ ਵੀ ਥੱਕੀਆਂ ਨੇ।
ਤਨੋ-ਮਨੋ ਸਚਿਆਰਾਂ ਨੇ ਤਾਣ ਲਾਇਆ, ਪੂਛਾਂ ਫੇਰ ਵੀ ਝੂਠਿਆਂ ਚੱਕੀਆਂ ਨੇ।
ਸੌ ਦਿਨ ਚੋਰ ਦਾ, ਆਵੇਗਾ ਸਾਧ ਵਾਲਾ, ਆਸਾਂ ਦਿਲਾਂ ਦੇ ਵਿਚ ਹੀ ਡੱਕੀਆਂ ਨੇ।
ਜ਼ੁਲਮੀ ਤਾਕਤਾਂ ਧੌਂਸ ਦੇ ਨਾਲ ਭਰੀਆਂ, ਸਮੇਂ, ਠੋਕ ਇਤਿਹਾਸ ਵਿਚ ਧੱਕੀਆਂ ਨੇ।
ਦੋਸ਼ ਆਪਣਾ ਆਖਰ ਨੂੰ ਪੁੱਛਣਾ ਸੀ, ਹੀਰਾਂ-ਸੱਸੀਆਂ-ਸੋਹਣੀਆਂ ਅੱਕੀਆਂ ਨੇ।
ਅੰਨ੍ਹਾ ਹੋਇਆ ਹੰਕਾਰ ਦੇ ਨਾਲ ਮਿਰਜ਼ਾ, ਮੁੜਨਾ ਖਾਲੀ ਹੀ ਘਰਾਂ ਨੂੰ ਬੱਕੀਆਂ ਨੇ!

# ਸ਼ਹੀਦ ਭਗਤ ਸਿੰਘ ਕੇਸ ਬਾਰੇ ਕੁਝ ਤੱਥ

***ਮੀਡੀਆ ਵਿਚ ਪਿਛਲੇ ਕੁਝ ਸਮੇਂ ਤੋਂ ਇਹ ਚਰਚਾ ਚੱਲ ਰਹੀ ਹੈ ਕਿ ਲਾਹੌਰ ਵਿਚ ਭਗਤ ਸਿੰਘ ਯਾਦਗਾਰੀ ਫਾਊਂਡੇਸ਼ਨ ਦੇ ਚੇਅਰਮੈਨ ਇਮਤਿਆਜ਼ ਕੁਰੈਸ਼ੀ ਨੇ ਸ਼ਹੀਦ ਭਗਤ ਸਿੰਘ ਨੂੰ ਬੇਗੁਨਾਹ ਸਾਬਤ ਕਰਨ ਲਈ ਲਾਹੌਰ ਹਾਈਕੋਰਟ ਵਿਚ ਰਿਟ ਦਾਖਲ ਕੀਤੀ ਹੈ। ਇਸ ਨਾਲ ਭਾਰਤ ਅਤੇ ਪਾਕਿਸਤਾਨ ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਅਤੇ ਉਨ੍ਹਾਂ ਦੇ ਹੋਰ ਸਾਥੀਆਂ ਉਤੇ ਅੰਗਰੇਜ਼ਾਂ ਵੱਲੋਂ ਚਲਾਏ ਕੇਸ ਅਤੇ ਸਮੁੱਚੇ ਤੌਰ 'ਤੇ ਦੇਸ਼ ਦੀ ਆਜ਼ਾਦੀ ਵਿਚ ਉਨ੍ਹਾਂ ਦੇ ਰੋਲ ਬਾਰੇ ਮੁੜ ਤੋਂ ਚਰਚਾ ਛਿੜ ਗਈ ਹੈ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ ਇਸ ਕੇਸ ਦੇ ਪ੍ਰਸੰਗ ਵਿਚ ਕੁਝ ਤੱਥ ਸਾਹਮਣੇ ਲਿਆਂਦੇ ਹਨ। 'ਗਦਰੀ ਬਾਬਿਆਂ ਦੇ ਮੁਨਸ਼ੀ' ਵਜੋਂ ਜਾਣੇ ਜਾਂਦੇ ਪ੍ਰੋ. ਵੜੈਚ ਨੇ ਗਦਰੀਆਂ ਅਤੇ ਹੋਰ ਦੇਸ਼ ਭਗਤਾਂ ਬਾਰੇ ਬੇਅੰਤ ਤੱਥ ਇਕੱਠੇ ਕੀਤੇ ਹਨ ਅਤੇ ਖੁਦ ਤਰੱਦਦ ਕਰ ਕੇ ਕਿਤਾਬਾਂ ਛਪਵਾਈਆਂ ਹਨ।***

**ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ**
**ਫੋਨ:+91-172-255-6314**

ਭਗਤ ਸਿੰਘ ਦੀਆਂ ਦਸੰਬਰ 1928, ਭਾਵ ਸਾਂਡਰਸ ਕਤਲ ਵੇਲੇ ਤੱਕ ਰਾਜਸੀ ਸਰਗਰਮੀਆਂ ਦੋਵੇਂ ਤਰ੍ਹਾਂ ਦੀਆਂ ਸਨ- ਖੁੱਲ੍ਹੀਆਂ ਅਤੇ ਖੁਫ਼ੀਆ। ਖੁੱਲ੍ਹੀਆਂ ਦਾ ਪਲੇਟਫਾਰਮ ਸੀ ਨੌਜਵਾਨ ਭਾਰਤ ਸਭਾ ਜੋ ਮਾਰਚ 1926 ਵਿਚ ਕਾਇਮ ਹੋਈ ਸੀ ਅਤੇ ਰਾਜਸੀ ਏਜੰਡੇ ਦੇ ਨਾਲ ਉਸ ਦੇ ਸਮਾਜਕ ਏਜੰਡੇ ਵੀ ਸਨ। ਭਗਤ ਸਿੰਘ ਅਤੇ ਸੁਖਦੇਵ ਦੀਆਂ ਖੁਫ਼ੀਆ ਸਰਗਰਮੀਆਂ ਦਾ ਖੇਤਰ 1923-24 ਤੋਂ ਲੈ ਕੇ ਲਗਭਗ ਸਤੰਬਰ 1928 ਤੱਕ ਉੱਤਰ ਪ੍ਰਦੇਸ਼ ਵਿਚ ਕੇਂਦਰਿਤ ਸੀ ਜੋ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਦੇ ਕਾਰਕੁਨਾਂ ਵਜੋਂ ਸੀ ਜੋ ਉਨ੍ਹੀਂ ਦਿਨੀਂ ਪਹਿਲਾਂ ਬਿਸਮਿਲ ਤੇ ਉਸ ਦੀ ਫਾਂਸੀ ਪਿੱਛੋਂ ਜੋਗੇਸ਼ ਚੈਟਰਜੀ ਨੂੰ ਜੇਲ੍ਹੋਂ ਛੁਡਾਉਣ ਸਬੰਧੀ ਸੀ।

ਹਾਲਾਂਕਿ ਪੰਜਾਬ ਦੀ ਸੀ.ਆਈ.ਡੀ. ਦੇ ਉੱਚ-ਅਧਿਕਾਰੀਆਂ ਨੂੰ ਭਗਤ ਸਿੰਘ ਦੀਆਂ ਖੁਫ਼ੀਆ ਸਰਗਰਮੀਆਂ ਬਾਰੇ ਜਾਣਕਾਰੀ ਸੀ, ਤਾਂ ਹੀ ਉਸ ਦੀ ਡਾਕ 1926 ਤੋਂ ਹੀ ਸੈਂਸਰ ਕੀਤੀ ਜਾ ਰਹੀ ਸੀ ਤੇ ਮਈ 1927 ਦੌਰਾਨ ਉਸ ਦੀ ਪਹਿਲੀ ਗ੍ਰਿਫ਼ਤਾਰੀ ਦਾ ਪਿਛੋਕੜ ਵੀ ਇਹੋ ਹੀ ਸੀ, ਪਰ ਪੰਜਾਬ ਪੁਲਿਸ ਕੋਲ ਸਮੁੱਚੇ ਰੂਪ ਵਿਚ ਭਗਤ ਸਿੰਘ ਦੀ ਪਛਾਣ ਕੇਵਲ 'ਨੌਜਵਾਨ ਭਾਰਤ ਸਭਾ' ਵਾਲੀ ਹੀ ਸੀ।

ਜਿਹੜੀ ਨਵੀਂ ਪਾਰਟੀ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਸਤੰਬਰ 1928 ਨੂੰ ਦਿੱਲੀ ਵਿਚ ਬਣੀ ਸੀ, ਉਸ ਦੀ ਜਾਣਕਾਰੀ ਬਹੁਤ ਪਿੱਛੋਂ ਜਾ ਕੇ ਵਾਅਦਾ ਮੁਆਫ਼ ਗਵਾਹਾਂ ਦੇ ਬਿਆਨਾਂ ਤੋਂ ਹੀ ਨਸ਼ਰ ਹੋਈ ਸੀ। ਇਸ ਨਵੀਂ ਪਾਰਟੀ ਦਾ ਵਿਧਾਨ ਸਮੂਹਿਕ ਲੀਡਰਸ਼ਿਪ ਦਾ ਸੀ। ਕੇਂਦਰੀ ਕਮੇਟੀ ਦੇ 7 ਮੈਂਬਰ ਸਨ ਜਿਨ੍ਹਾਂ ਵਿਚ ਪੰਜ ਵੱਖੋ-ਵੱਖ ਸੂਬਿਆਂ ਦੇ ਸਨ ਤੇ ਭਗਤ ਸਿੰਘ ਅਤੇ ਵਿਜੇ ਕੁਮਾਰ ਸਿਨ੍ਹਾ ਕੋਆਰਡੀਨੇਟਰ ਸਨ।

ਸਾਰੇ ਫੈਸਲੇ ਕੇਂਦਰੀ ਕਮੇਟੀ ਦੇ ਤਹਿਤ ਸਨ ਤੇ ਫੌਜੀ ਵਿੰਗ ਦਾ ਇੰਚਾਰਜ ਚੰਦਰ ਸ਼ੇਖਰ ਆਜ਼ਾਦ ਸੀ ਜਿਸ ਨੇ ਕਮੇਟੀ ਦੀ ਆਗਿਆ ਦਾ ਪਾਲਣ ਕਰਨਾ ਸੀ। ਇਹ ਪਹਿਲੀ ਵਾਰ ਸੀ ਕਿ ਕਿਸੇ ਇਨਕਲਾਬੀ ਗਰੁੱਪ ਦਾ ਕੋਈ ਮੁਖੀ ਨਹੀਂ ਸੀ ਥਾਪਿਆ ਗਿਆ।

ਭਗਤ ਸਿੰਘ ਨੇ ਕਿਉਂਕਿ ਸਾਰੇ ਦੇਸ਼ ਵਿਚ ਘੁੰਮਣਾ-ਫਿਰਨਾ ਸੀ, ਤੇ ਛੇਤੀ ਹੀ ਉਸ ਨੇ ਬਿਹਾਰ ਜਾਣਾ ਸੀ ਜਿਥੇ ਕੇਸਾਧਾਰੀ ਹੁੰਦਿਆਂ ਉਸ ਦੇ ਝੱਟ ਪਛਾਣੇ ਜਾਣ ਦਾ ਖਦਸ਼ਾ ਸੀ, ਇਸ ਲਈ ਦਿੱਲੀਉਂ ਲਾਹੌਰ ਜਾਂਦਿਆਂ ਉਸ ਨੇ ਅੱਧ ਸਤੰਬਰ 1928 ਵਿਚ ਫ਼ਿਰੋਜ਼ਪੁਰ ਵਿਖੇ ਆਪਣੇ ਵਾਲ ਕਟਵਾਏ ਸਨ।

17 ਨਵੰਬਰ ਨੂੰ ਲਾਲਾ ਲਾਜਪਤ ਰਾਏ ਦੀ ਮੌਤ ਹੋਈ। ਲੋਕੀਂ ਅੰਦਰੋ-ਅੰਦਰੀ ਭੁੱਜ ਰਹੇ ਸਨ। ਇਨ੍ਹਾਂ ਨੌਜਵਾਨਾਂ ਨੇ ਸਰਕਾਰ ਨੂੰ ਸਬਕ ਸਿਖਾਉਣ ਦਾ ਇਹ ਸੁਨਹਿਰੀ ਮੌਕਾ ਮੰਨ ਲਿਆ, ਹਾਲਾਂਕਿ ਉਹ ਲਾਲਾ ਜੀ ਦੀ ਸਿਆਸਤ ਦੇ ਕਈ ਪਹਿਲੂਆਂ ਨਾਲ ਸਹਿਮਤ ਨਹੀਂ ਸਨ।

17 ਦਸੰਬਰ ਵਾਲਾ 'ਐਕਸ਼ਨ' ਨਿਰੋਲ ਭਾਵੁਕ ਹੀ ਨਹੀਂ ਸੀ, ਬਲਕਿ ਸੋਚਿਆ-ਸਮਝਿਆ ਕਦਮ ਸੀ ਜਿਸ ਦੀ ਤਿਆਰੀ ਸ੍ਰੀ ਚੰਦਰ ਸ਼ੇਖਰ ਆਜ਼ਾਦ ਵਰਗੇ ਸੁਘੜ ਜਰਨੈਲ ਨੇ ਪੂਰੇ ਫੌਜੀ ਅੰਦਾਜ਼ ਨਾਲ ਕੀਤੀ ਹੋਈ ਸੀ। ਕਈ ਦਿਨ ਪਹਿਲਾਂ ਪੰਜਾਬੋਂ ਬਾਹਰਲੇ ਸਾਥੀ ਵੀ ਲਾਹੌਰ ਬੁਲਾ ਲਏ ਗਏ ਸਨ ਤੇ ਗੋਲੀ-ਗੱਟਾ ਸਭ ਜੁਟਾ ਲਿਆ ਗਿਆ ਸੀ।

### ਵਾਰਦਾਤ ਦੀ ਵਿਉਂਤ

ਸਾਰੀ ਹਾਲਤ ਨੂੰ ਵਾਚਣ ਉਪਰੰਤ 17 ਦਸੰਬਰ ਨੂੰ ਚਾਰ ਕੁ ਵਜੇ ਜੈ ਗੋਪਾਲ ਨੇ ਸਕਾਟ (ਐਸ.ਪੀ.) ਦੇ ਦਫ਼ਤਰ ਬਾਹਰ ਸਾਈਕਲ ਨਾਲ ਟਹਿਲਣਾ ਸੀ। ਰਾਜਗੁਰੂ ਅਤੇ ਭਗਤ ਸਿੰਘ ਨੇ ਰਿਵਾਲਵਰ ਅਤੇ ਪਿਸਟਲ ਨਾਲ ਸਾਹਮਣੇ ਹੀ ਰਹਿਣਾ ਸੀ, ਤੇ ਜੈ ਗੋਪਾਲ ਦੇ ਇਸ਼ਾਰੇ 'ਤੇ ਉਨ੍ਹਾਂ ਗੋਲੀ ਚਲਾਉਣੀ ਸੀ ਪਰ ਕੁਝ ਭੁਲੇਖੇ ਕਰ ਕੇ ਰਾਜਗੁਰੂ ਨੇ ਕਾਹਲੀ-ਕਾਹਲੀ ਵਿਚ ਉਸ ਮੌਕੇ ਮੋਟਰ ਸਾਈਕਲ 'ਤੇ ਬਾਹਰ ਨਿਕਲ ਰਹੇ ਏ.ਐਸ.ਪੀ. ਸਾਂਡਰਸ 'ਤੇ ਫਾਇਰ ਕਰ ਦਿੱਤਾ, ਤਾਂ ਫਿਰ ਭਗਤ ਸਿੰਘ ਨੂੰ ਵੀ ਪੂਰੀ ਮੈਗਜ਼ੀਨ ਖਾਲੀ ਕਰਨੀ ਪਈ ਕਿ ਕਿਤੇ ਬਚ ਨਾ ਜਾਏ।

ਇਸ ਘਟਨਾ ਦੌਰਾਨ ਇੰਸਪੈਕਟਰ ਫਰਨ ਜੋ ਮੌਕੇ 'ਤੇ ਮੌਜੂਦ ਸੀ, ਇਨ੍ਹਾਂ ਮਗਰ ਭੱਜਿਆ, ਪਰ ਅੱਗਿਉਂ ਰਾਜਗੂਰੂ ਦੇ ਫਾਇਰ ਕਰਨ ਤੋਂ ਬਚਦਾ-ਬਚਦਾ ਥਿੜਕ ਕੇ ਡਿਗ ਪਿਆ।

ਐਨੇ ਨੂੰ ਸਾਂਡਰਸ ਦਾ ਅਰਦਲੀ ਚੰਨਣ ਸਿੰਘ ਉਨ੍ਹਾਂ ਮਗਰ ਭੱਜਦਾ-ਭੱਜਦਾ ਡੀ.ਏ.ਵੀ. ਕਾਲਜ ਅੰਦਰ ਚਲਾ ਗਿਆ। ਆਜ਼ਾਦ ਦੀ ਚਿਤਾਵਨੀ ਦੇ ਬਾਵਜੂਦ ਜਦ ਉਹ ਪਿੱਛਾ ਕਰਨ ਤੋਂ ਨਾ



ਰੁਕਿਆ ਤਾਂ ਆਜ਼ਾਦ ਨੇ ਗਿਣ-ਮਿਥ ਕੇ ਉਸ ਦੇ ਪੱਟ 'ਤੇ ਗੋਲੀ ਮਾਰੀ ਜਿਸ ਨਾਲ ਉਹ ਉਥੇ ਹੀ ਡਿਗ ਪਿਆ।

ਵਾਰਦਾਤ ਵੇਲੇ ਭਗਤ ਸਿੰਘ ਅਤੇ ਰਾਜਗੁਰੂ ਨੇ ਸਿਰ 'ਤੇ ਕਾਲੀਆਂ ਟੋਪੀਆਂ ਪਾਈਆਂ ਹੋਈਆਂ ਸਨ। ਲਾਹੌਰ ਪੁਲਿਸ ਨੂੰ ਰਾਜਗੁਰੂ ਬਾਰੇ ਤਾਂ ਕੁਝ ਵੀ ਜਾਣਕਾਰੀ ਨਹੀਂ ਸੀ ਤੇ ਭਗਤ ਸਿੰਘ ਉਨ੍ਹਾਂ ਦੇ ਹਿਸਾਬ ਨਾਲ ਕੇਸਾਧਾਰੀ ਸੀ, ਇਸ ਲਈ ਭਗਤ ਸਿੰਘ ਵੱਲ ਸ਼ੱਕ ਦੀ ਸੂਈ ਜਾ ਹੀ ਨਹੀਂ ਸੀ ਸਕਦੀ।

ਜਥੇਬੰਦਕ ਪੱਧਰ 'ਤੇ ਪੁਲਿਸ ਨੂੰ ਅਜੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਤਾਂ ਪਤਾ ਹੀ ਨਹੀਂ ਸੀ, ਇਸ ਲਈ ਲੈ ਦੇ ਕੇ ਉਨ੍ਹਾਂ ਦਾ ਸ਼ੱਕ ਨੌਜਵਾਨ ਭਾਰਤ ਸਭਾ ਦੇ ਕਾਰਕੁਨਾਂ 'ਤੇ ਪਿਆ, ਤੇ ਉਸੇ ਰਾਤੀਂ ਛਾਪਿਆਂ ਦੌਰਾਨ ਜਿਹੜਾ ਕਾਬੂ ਆ ਗਿਆ, ਫੜ ਲਿਆ ਗਿਆ ਸੀ ਜਿਨ੍ਹਾਂ ਵਿਚ ਹੰਸ ਰਾਜ ਵੋਹਰਾ ਵੀ ਸ਼ਾਮਿਲ ਸੀ; ਇਨ੍ਹਾਂ ਸਾਰਿਆਂ ਨੂੰ ਹੀ ਕੁਝ ਦਿਨ ਪੁੱਛ-ਪੜਤਾਲ ਪਿੱਛੋਂ ਛੱਡ ਦਿੱਤਾ ਗਿਆ ਸੀ।

ਕਤਲ ਪਿੱਛੋਂ ਰਾਜਗੁਰੂ ਅਤੇ ਭਗਤ ਸਿੰਘ ਤਾਂ ਭੇਸ ਬਦਲ ਕੇ ਦੁਰਗਾ ਭਾਬੀ ਨਾਲ 20 ਦਸੰਬਰ ਸਵੇਰੇ ਕਲਕੱਤੇ ਵੱਲ ਚਲੇ ਗਏ ਅਤੇ ਚੰਦਰ ਸ਼ੇਖਰ ਆਜ਼ਾਦ 26 ਦਸੰਬਰ ਨੂੰ ਪੰਡਿਤ ਕਿਸ਼ੋਰੀ ਲਾਲ, ਸੁਖਦੇਵ ਦੀ ਭੈਣ ਅਤੇ ਮਾਤਾ ਜੀ ਨਾਲ ਦਿੱਲੀ ਚਲਾ ਗਿਆ।

ਸੋ ਐੱਫ.ਆਈ.ਆਰ. ਵਿਚ ਕਿਸੇ ਦਾ ਨਾਂਅ ਆਉਣਾ ਸੰਭਵ ਹੀ ਨਹੀਂ ਸੀ।

### ਭਗਤ ਸਿੰਘ ਵਿਰੁੱਧ ਕਤਲ ਦੇ ਸਬੂਤ

1. ਆਟੋਮੈਟਿਕ ਪਿਸਟਲ ਜਿਹੜਾ 8.4.1929 ਨੂੰ ਉਸ ਦੇ ਕੋਲੋਂ ਦਿੱਲੀ ਅਸੈਂਬਲੀ ਵਿਚ ਮਿਲਿਆ ਸੀ, ਉਹੀ ਪਿਸਟਲ ਸਾਂਡਰਸ ਦੇ ਕਤਲ ਵਿਚ ਵਰਤਿਆ ਸਾਬਿਤ ਹੋਇਆ ਸੀ।
2. ਉਸ ਦੇ ਹੱਥੀਂ ਲਿਖੇ ਹੋਏ ਪੋਸਟਰ ਜਿਨ੍ਹਾਂ ਵਿਚ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਨੇ ਸਾਂਡਰਸ ਨੂੰ ਮਾਰਨਾ ਕਬੂਲ ਕੀਤਾ ਸੀ।
3. ਕੇਂਦਰੀ ਕਮੇਟੀ ਦੀਆਂ ਮੀਟਿੰਗਾਂ ਵਿਚ ਹਾਜ਼ਰੀ ਜਿਨ੍ਹਾਂ ਵਿਚ ਸਾਂਡਰਸ ਨੂੰ ਮਾਰਨਾ ਮਿਥਿਆ ਗਿਆ।
4. ਕੁਝ ਮੌਕੇ ਦੇ ਗਵਾਹ ਜਿਵੇਂ ਕਾਰ ਡਰਾਈਵਰ ਅਬਦੁੱਲਾ ਵਗੈਰਾ।

ਰਾਜਗੁਰੂ ਨੂੰ ਵੀ ਕਤਲ ਵਜੋਂ ਫਾਂਸੀ ਦੀ ਸਜ਼ਾ ਹੋਈ ਸੀ।

ਸੁਖਦੇਵ ਦੀ ਭੂਮਿਕਾ ਸਾਜ਼ਿਸ਼ ਘੜਨ ਵਾਲੇ ਦਿਮਾਗ਼ ਵਜੋਂ ਮਿਥੀ ਗਈ ਸੀ, ਕਿਉਂਕਿ ਪੰਜਾਬ ਯੂਨਿਟ ਦਾ ਉਹ ਇੰਚਾਰਜ ਸੀ ਤੇ ਪਾਰਟੀ ਵਿਧਾਨ ਅਨੁਸਾਰ ਕਿਸੇ ਸੂਬੇ ਅੰਦਰ ਵਾਰਦਾਤ ਸੂਬੇ ਦੇ ਮੁਖੀ ਦੀ ਰਜ਼ਾਮੰਦੀ ਬਗੈਰ ਨਹੀਂ ਸੀ ਕੀਤੀ ਜਾ ਸਕਦੀ।

ਜਿੱਥੋਂ ਤੱਕ ਲਾਹੌਰ ਹਾਈਕੋਰਟ ਵਿਚ ਪਟੀਸ਼ਨਰ ਵੱਲੋਂ ਕੀਤਾ ਦਾਅਵਾ ਕਿ ਕਤਲ ਦੇ 450 ਗਵਾਹਾਂ ਨੂੰ ਸੁਣਿਆ ਹੀ ਨਹੀਂ ਗਿਆ, ਦਰੁਸਤ ਨਹੀਂ। ਅਸਲ ਵਿਚ ਟ੍ਰਿਬਿਊਨਲ ਸਾਹਮਣੇ ਕੁੱਲ 600 ਗਵਾਹਾਂ ਦੀ ਲਿਸਟ ਵਿਚੋਂ 457 ਦੀ ਗਵਾਹੀ ਹੋਈ ਸੀ। ਇਹ ਭਾਵੇਂ ਦਰੁਸਤ ਹੈ ਕਿ ਇਹ ਸਾਰੀ ਕਾਰਵਾਈ ਇਕਤਰਫਾ ਹੀ ਸੀ, ਕਿਉਂਕਿ ਟ੍ਰਿਬਿਊਨਲ ਨੂੰ ਇਹ ਇਖ਼ਤਿਆਰ ਹਾਸਲ ਸੀ ਕਿ ਜੇ ਮੁਲਜ਼ਮ ਜਾਣਬੁੱਝ ਕੇ ਅਦਾਲਤ ਵਿਚ ਨਾ ਵੀ ਆਉਣ, ਫਿਰ ਵੀ ਕਾਰਵਾਈ ਜਾਰੀ ਰਹੇਗੀ।

ਜਿੱਥੋਂ ਤੱਕ ਉਨ੍ਹਾਂ ਖ਼ਿਲਾਫ਼ ਸਾਂਡਰਸ ਦੇ ਕਤਲ ਦੇ ਦੋਸ਼ ਵਿਚ ਸੁਣਾਈ ਗਈ ਫਾਂਸੀ ਦੀ ਸਜ਼ਾ ਨੂੰ ਚੈਲੇਂਜ ਕਰਨ ਦਾ ਸਵਾਲ ਹੈ, ਉਹ ਕਦਾਚਿਤ ਇਸ ਦੇ ਹੱਕ ਵਿਚ ਨਹੀਂ ਸਨ। ਇਸ ਹਾਲਾਤ ਵਿਚ ਕੁਝ ਸੁਹਿਰਦ ਵਕੀਲਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਇਹ ਕਹਿ ਕੇ ਪ੍ਰਿਵੀ ਕੌਂਸਲ ਵਿਚ ਜਾਣ ਲਈ ਮਨਾ ਲਿਆ ਕਿ ਉਥੇ ਕੇਵਲ ਇਕੋ ਹੀ ਮੁੱਦੇ 'ਤੇ ਸੁਣਵਾਈ ਹੋਵੇਗੀ, ਕਿ ਕੀ ਉਹ ਪਹਿਲੀ ਮਈ 1930 ਵਾਲਾ ਆਰਡੀਨੈਂਸ ਜਿਸ ਦੇ ਤਹਿਤ ਇਹ ਟ੍ਰਿਬਿਊਨਲ ਕਾਇਮ ਕੀਤਾ ਗਿਆ ਸੀ, ਸੱਚਮੁੱਚ ਹਿੰਦੁਸਤਾਨ ਵਿਚ ਕੁਝ ਸੰਕਟਮਈ ਹਾਲਾਤ ਮੌਜੂਦ ਸਨ ਜਿਨ੍ਹਾਂ ਖਾਤਰ ਵਿਧਾਨ ਵਿਚ ਅਜਿਹੀ ਵਿਵਸਥਾ ਕੀਤੀ ਗਈ ਹੈ? ਅਸੀਂ ਜਾਣਦੇ ਹੀ ਹਾਂ ਕਿ ਇਹ ਅਪੀਲ ਖਾਰਜ ਹੋ ਗਈ ਸੀ।

# ਅਪਾਹਜ ਪ੍ਰੋਫੈਸਰ ਅਤੇ ਸਟੇਟ ਵਿਰੁਧ ਜੰਗ

***ਸੁਪਰੀਮ ਕੋਰਟ ਨੇ ਪੁਲਿਸ ਵਲੋਂ ਆਪ-ਹੁਦਰੀਆਂ ਗ੍ਰਿਫ਼ਤਾਰੀਆਂ ਦੇ ਮੱਦੇਨਜ਼ਰ ਗ੍ਰਿਫ਼ਤਾਰੀ ਸਬੰਧੀ ਉਚੇਚੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ ਜਿਨ੍ਹਾਂ ਦੀ ਪਾਲਣਾ ਕਿਸੇ ਬੰਦੇ ਨੂੰ ਗ੍ਰਿਫ਼ਤਾਰ ਕੀਤੇ ਜਾਣ ਵਕਤ ਲਾਜ਼ਮੀ ਕਰਾਰ ਦਿੱਤੀ ਗਈ ਹੈ। ਮਸਲਨ, ਗ੍ਰਿਫ਼ਤਾਰ ਬੰਦੇ ਨੂੰ ਆਪਣੇ ਪਰਿਵਾਰ, ਦੋਸਤਾਂ-ਮਿੱਤਰਾਂ ਨੂੰ ਗ੍ਰਿਫ਼ਤਾਰੀ ਦੀ ਜਾਣਕਾਰੀ ਦੇਣ ਦਾ ਇੰਤਜ਼ਾਮ ਕਰਨਾ, ਉਸ ਦਾ ਡਾਕਟਰੀ ਮੁਲਾਹਜ਼ਾ ਕਰਾਉਣਾ ਅਤੇ ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਵਕੀਲ ਦੀ ਸਹੂਲਤ ਮੁਹੱਈਆ ਕਰਾਉਣਾ। ਆਦਿਵਾਸੀ ਅਧਿਆਪਕਾ ਸੋਨੀ ਸੋਰੀ, ਡਾ. ਬਿਨਾਇਕ ਸੇਨ, ਪ੍ਰਸ਼ਾਂਤ ਰਾਹੀ ਤੋਂ ਲੈ ਕੇ ਡਾ. ਸਾਈਬਾਬਾ ਤਕ ਕਿਸੇ ਵੀ ਕੇਸ ਵਿਚ ਇਨ੍ਹਾਂ ਅਦਾਲਤੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਤੋਂ ਐਨ ਉਲਟ, ਪੁਲਿਸ ਅਧਿਕਾਰੀਆਂ ਵਲੋਂ ਪੂਰੀ ਤਰ੍ਹਾਂ ਬੇਖ਼ੌਫ਼ ਹੋ ਕੇ ਕੀਤੀਆਂ ਘੋਰ ਉਲੰਘਣਾਵਾਂ ਜੱਗ ਜ਼ਾਹਿਰ ਹਨ।***

**ਬੂਟਾ ਸਿੰਘ**
**ਫੋਨ: 91-94634-74342**

ਹਿੰਦੁਸਤਾਨੀ ਹੁਕਮਰਾਨ ਜਦੋਂ 16ਵੀਂ ਲੋਕ ਸਭਾ ਦੇ ਚੋਣ ਅਮਲ ਦੌਰਾਨ ਇਹ ਦਾਅਵੇ ਹੁੱਬ ਕੇ ਕਰ ਰਹੇ ਹਨ ਕਿ ਸਾਡਾ ਰਾਜ ਪ੍ਰਬੰਧ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੈ ਅਤੇ ਇਨ੍ਹਾਂ ਦਾਅਵਿਆਂ ਦੇ ਗ਼ਰਦ-ਗੁਬਾਰ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ 9 ਮਈ ਨੂੰ ਮਹਾਰਾਸ਼ਟਰ ਪੁਲਿਸ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਜੀ.ਐੱਨ. ਸਾਈਬਾਬਾ ਜੋ ਅਪਾਹਜ ਹੋਣ ਕਾਰਨ ਵ੍ਹੀਲ-ਚੇਅਰ 'ਤੇ ਹਨ, ਨੂੰ ਦੁਪਹਿਰ ਵਕਤ ਖਾਣਾ ਖਾਣ ਲਈ ਘਰ ਜਾਣ ਸਮੇਂ ਰਸਤੇ ਵਿਚੋਂ ਅਗਵਾ ਕਰ ਕੇ ਹਵਾਈ ਜਹਾਜ਼ ਰਾਹੀਂ ਨਾਗਪੁਰ ਲੈ ਜਾਂਦੀ ਹੈ ਅਤੇ ਫਿਰ ਕਈ ਘੰਟੇ ਪਿੱਛੋਂ ਉਸ ਦੀ ਪਤਨੀ ਨੂੰ ਪ੍ਰੋਫੈਸਰ ਨੂੰ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਗ੍ਰਿਫ਼ਤਾਰ ਕੀਤੇ ਜਾਣ ਦੀ ਇਤਲਾਹ ਮਿਲਦੀ ਹੈ, ਤਾਂ ਕੀ ਜਮਹੂਰੀਅਤ ਦੀ ਧਾਰਨਾ ਤੇ ਭਾਵਨਾ ਨਾਲ ਇਸ ਤੋਂ ਵੱਡਾ ਹੋਰ ਕੋਈ ਮਜ਼ਾਕ ਹੋ ਸਕਦਾ ਹੈ? ਬੇਸ਼ੱਕ ਡਾ. ਸਾਈਬਾਬਾ ਦੀ ਗ੍ਰਿਫ਼ਤਾਰੀ ਆਪਣੇ-ਆਪ ਵਿਚ ਅਜਿਹਾ ਪਹਿਲਾ ਮਾਮਲਾ ਨਹੀਂ ਹੈ, ਤੇ ਇਸ ਨੂੰ ਹਿੰਦੁਸਤਾਨੀ 'ਜਮਹੂਰੀਅਤ' ਦੇ ਘੁੰਡ ਵਿਚ ਇਕ ਹੋਰ ਵੱਡਾ ਲੰਗਾਰ ਹੀ ਮੰਨਿਆ ਜਾਣਾ ਚਾਹੀਦਾ ਹੈ ਜਿਸ ਰਾਹੀਂ ਇਸ ਦੇ ਅਸਲ ਫਾਸ਼ੀਵਾਦੀ ਚਿਹਰੇ ਦੇ ਦੀਦਾਰ ਕਰਨ ਵਿਚ ਉਨ੍ਹਾਂ ਨੂੰ ਕਾਫ਼ੀ ਸਹੂਲਤ ਹੋ ਸਕਦੀ ਹੈ ਜਿਹੜੇ ਅਜੇ ਵੀ ਇਸ ਨੂੰ ਮਹਾਂ-ਜਮਹੂਰੀਅਤ ਸਮਝੀ ਬੈਠੇ ਹਨ।

ਇਸ ਗ੍ਰਿਫ਼ਤਾਰੀ ਦੇ ਕਈ ਪਹਿਲੂ ਕਾਬਲੇ-ਗ਼ੌਰ ਹਨ। ਭਾਰਤ ਦੇ ਸੱਤਾਤੰਤਰ ਦੀਆਂ ਨਿੱਤ ਦੀਆਂ ਆਪ-ਹੁਦਰੀਆਂ ਦੇ ਮੱਦੇਨਜ਼ਰ, ਖ਼ਾਸ ਕਰ ਕੇ ਹਾਸ਼ੀਏ 'ਤੇ ਧੱਕੇ ਅਵਾਮ ਅਤੇ ਸਥਾਪਤੀ ਦਾ ਵਿਰੋਧ ਕਰਨ ਵਾਲੇ ਰੌਸ਼ਨ ਦਿਮਾਗ ਹਿੱਸਿਆਂ ਦੀਆਂ ਗ੍ਰਿਫ਼ਤਾਰੀਆਂ ਨੂੰ ਦੇਖਦਿਆਂ, ਸੁਪਰੀਮ ਕੋਰਟ ਵਾਰ-ਵਾਰ ਦਿਸ਼ਾ-ਨਿਰਦੇਸ਼ ਜਾਰੀ ਕਰ ਚੁੱਕੀ ਹੈ ਕਿ ਕਿਸੇ ਵਿਅਕਤੀ ਦਾ ਕਿਸੇ ਖ਼ਾਸ ਵਿਚਾਰਧਾਰਾ ਨੂੰ ਮੰਨਣਾ ਅਤੇ ਕਿਸੇ ਪਾਬੰਦੀਸ਼ੁਦਾ ਕਰਾਰ ਦਿੱਤੀ ਜਥੇਬੰਦੀ ਦਾ ਮੈਂਬਰ ਹੋਣਾ ਆਪਣੇ ਆਪ ਵਿਚ ਕੋਈ ਗੁਨਾਹ ਨਹੀਂ ਹੈ, ਜੇ ਉਹ ਕਿਸੇ ਕਾਤਲਾਨਾ ਜਾਂ ਭੰਨਤੋੜ ਦੇ ਹਿੰਸਕ ਜੁਰਮ ਵਿਚ ਸ਼ਾਮਲ ਨਹੀਂ। ਦਰਅਸਲ, ਹਿੰਦੁਸਤਾਨ ਕਹੇ ਜਾਂਦੇ ਇਸ ਵਿਆਪਕ ਭੂਗੋਲਿਕ ਖਿੱਤੇ ਵਿਚ ਅਜਿਹਾ ਕੋਈ ਇਲਾਕਾ ਖ਼ੁਰਦਬੀਨ ਨਾਲ ਲੱਭਣਾ ਵੀ ਸੰਭਵ ਨਹੀਂ ਹੈ ਜਿਥੇ ਹਕੂਮਤ ਖਿਲਾਫ ਕੋਈ ਵੱਡਾ ਸੰਘਰਸ਼ ਉਠ ਖੜ੍ਹਨ ਦੀ ਸੂਰਤ ਵਿਚ ਉੱਥੋਂ ਦੇ ਅਵਾਮ, ਇੱਥੋਂ ਤਕ ਕਿ ਉਸ ਸੰਘਰਸ਼ ਨਾਲ ਨਜਿੱਠਣ ਵਕਤ ਸਥਾਪਤੀ ਦੀਆਂ ਰਾਜਕੀ ਲਾ-ਕਾਨੂੰਨੀਆਂ ਦਾ ਵਿਰੋਧ ਕਰਨ ਵਾਲੇ ਜਮਹੂਰੀ ਕਾਰਕੁਨਾਂ ਉਪਰ ਵਹਿਸ਼ੀ ਜਬਰ ਦਾ ਝੱਖੜ ਨਾ ਝੁੱਲਿਆ ਹੋਵੇ। ਜੇ 'ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤਕ' ਨੂੰ ਇਸ ਮੁਲਕ ਦੀ ਭੂਗੋਲਿਕ ਵਿਆਪਕਤਾ ਅਤੇ ਸਭਿਆਚਾਰਕ ਵੰਨ-ਸੁਵੰਨਤਾ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਤਾਂ ਇਸ ਮਖੌਟੇ ਦੇ ਥੱਲੇ 'ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ' ਵਹਿਸ਼ਤ ਦੇ ਮੀਲ-ਪੱਥਰਾਂ ਵਿਚੋਂ ਉਭਰਦਾ ਇਸੇ ਦਾ ਦੂਜਾ ਕੁਹਜਾ ਤੇ ਘਿਨਾਉਣਾ ਚਿਹਰਾ ਵੀ ਹੈ। ਹਰ ਥਾਂ ਇਕੋ ਤਰਜ਼ ਉਤੇ 'ਰਾਜ (ਸਟੇਟ) ਵਿਰੁੱਧ ਜੰਗ ਛੇੜਨ' ਅਤੇ 'ਦੇਸ-ਧ੍ਰੋਹ' ਦੇ ਇਲਜ਼ਾਮਾਂ ਤਹਿਤ ਥੋਕ ਮੁਕੱਦਮੇ ਬਣਾ ਕੇ ਅਵਾਮ ਨੂੰ ਜੇਲ੍ਹਾਂ ਵਿਚ ਸਾੜਨ ਦਾ ਸਿਲਸਿਲਾ ਚਲਦਾ ਆ ਰਿਹਾ ਹੈ, ਅੰਗਰੇਜ਼ ਰਾਜ ਦੀ ਤਰ੍ਹਾਂ। ਅੰਗਰੇਜ਼ ਰਾਜ ਦੇ ਪੂਰੀ ਤਰ੍ਹਾਂ ਨਾਜਾਇਜ਼ ਰਾਜ ਦੀ ਸਲਾਮਤੀ ਲਈ ਬਣਾਏ ਜ਼ਾਲਮ ਕਾਨੂੰਨ ਅੱਜ 'ਆਜ਼ਾਦ' ਸਟੇਟ ਦੇ ਹੱਥ ਵਿਚ ਜਬਰ ਦਾ ਸੰਦ ਹਨ! ਜੇ ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਦੇ ਦੇਸ਼ ਭਗਤਾਂ ਵਿਰੁੱਧ ਐਫ.ਆਈ.ਆਰ. ਅਤੇ 1947 ਤੋਂ ਪਿੱਛੋਂ ਦੇ ਸਤਾਹਟ ਵਰ੍ਹਿਆਂ ਦੌਰਾਨ ਕਿਸੇ ਵੀ ਗੜਬੜਗ੍ਰਸਤ ਕਰਾਰ ਦਿੱਤੇ ਗਏ ਖਿੱਤੇ ਵਿਚ ਦਰਜ ਕੀਤੀਆਂ ਐਫ.ਆਈ.ਆਰ. ਦਾ ਮੁਕਾਬਲਾ ਕਰ ਕੇ ਦੇਖਿਆ ਜਾਵੇ ਤਾਂ ਸੰਘਰਸ਼ ਨਾਲ ਜੁੜੀਆਂ ਜਥੇਬੰਦੀਆਂ ਦੇ ਖ਼ਾਸ ਨਾਵਾਂ ਤੇ ਯੂ.ਏ.ਪੀ.ਏ. ਵਰਗੇ ਆਜ਼ਾਦ ਹਿੰਦੁਸਤਾਨ ਦੀ ਪੈਦਾਇਸ਼ ਖ਼ਾਸ ਕਾਨੂੰਨਾਂ ਦੇ ਵੱਖਰੇ ਜ਼ਿਕਰ ਨੂੰ ਛੱਡ ਕੇ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ। ਹੁਕਮਰਾਨ ਜਮਾਤਾਂ ਅਤੇ ਇਨ੍ਹਾਂ ਦਾ ਪੁਲਿਸ/ਫ਼ੌਜਤੰਤਰ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਨੂੰ ਟਿੱਚ ਸਮਝਦੇ ਹਨ। ਉਨ੍ਹਾਂ ਨੇ ਸੱਤਾ ਦੇ ਜ਼ੋਰ ਮਨਮਾਨੀਆਂ ਕਰਨ ਦੀ ਠਾਣ ਰੱਖੀ ਹੈ। ਇਹ ਵੀ ਕਾਬਲੇਗ਼ੌਰ ਹੈ ਕਿ ਅਦਾਲਤਾਂ ਦੇ ਜੱਜ ਵੀ ਦਿਸ਼ਾ-ਨਿਰਦੇਸ਼ ਹੀ ਦਿੰਦੇ ਹਨ, ਇਹ ਲਾਗੂ ਹੁੰਦੇ ਹਨ ਜਾਂ ਨਹੀਂ ਇਸ ਦੀ ਪ੍ਰਵਾਹ ਉਨ੍ਹਾਂ ਨੂੰ ਵੀ ਨਹੀਂ। ਰੋਜ਼ ਮੀਡੀਆ ਵਿਚ ਅਜਿਹੀਆਂ ਲਾ-ਕਾਨੂੰਨੀਆਂ ਅਤੇ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀਆਂ ਉਲੰਘਣਾਵਾਂ ਦੀ ਚਰਚਾ ਹੁੰਦੀ ਹੈ ਪਰ ਅੱਜ ਤਾਈਂ ਕਿਸੇ ਸੀਨੀਅਰ ਜੱਜ ਨੇ ਇਨ੍ਹਾਂ ਲਾ-ਕਾਨੂੰਨੀਆਂ ਦਾ ਖ਼ੁਦ ਨੋਟਿਸ ਲੈ ਕੇ ਪੁਲਿਸ/ਫ਼ੌਜਤੰਤਰ ਦੇ ਹੱਥ ਰੋਕਣ ਅਤੇ ਅਦਾਲਤ ਦੇ ਹੁਕਮਾਂ ਦੀ ਤੌਹੀਨ ਦਾ ਕੋਈ ਕੇਸ ਉਠਾ ਕੇ ਮਜ਼ਲੂਮਾਂ ਨੂੰ ਇਨਸਾਫ਼ ਦੇਣ ਦੀ ਪਹਿਲ ਨਹੀਂ ਕੀਤੀ।

ਇਹ ਵੀ ਚੇਤੇ ਰਹੇ ਕਿ ਸੁਪਰੀਮ ਕੋਰਟ ਨੇ ਪੁਲਿਸ ਵਲੋਂ ਅੰਨ੍ਹੇਵਾਹ ਆਪ-ਹੁਦਰੀਆਂ ਗ੍ਰਿਫ਼ਤਾਰੀਆਂ ਦੇ ਮੱਦੇਨਜ਼ਰ ਗ੍ਰਿਫ਼ਤਾਰੀ ਸਬੰਧੀ ਉਚੇਚੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ ਜਿਨ੍ਹਾਂ ਦੀ ਪਾਲਣਾ ਕਿਸੇ ਬੰਦੇ ਨੂੰ ਗ੍ਰਿਫ਼ਤਾਰ ਕੀਤੇ ਜਾਣ ਵਕਤ ਲਾਜ਼ਮੀ ਕਰਾਰ ਦਿੱਤੀ ਗਈ ਹੈ। ਮਸਲਨ, ਗ੍ਰਿਫ਼ਤਾਰ ਬੰਦੇ ਨੂੰ ਆਪਣੇ ਪਰਿਵਾਰ, ਦੋਸਤਾਂ-ਮਿੱਤਰਾਂ ਨੂੰ ਗ੍ਰਿਫ਼ਤਾਰੀ ਦੀ ਜਾਣਕਾਰੀ ਦੇਣ ਦਾ ਇੰਤਜ਼ਾਮ ਕਰਨਾ, ਉਸ ਦਾ ਡਾਕਟਰੀ ਮੁਲਾਹਜ਼ਾ ਕਰਾਉਣਾ ਅਤੇ ਉਸ ਨੂੰ ਆਪਣਾ ਪੱਖ ਪੇਸ਼ ਕਰਨ ਲਈ ਵਕੀਲ ਦੀ ਸਹੂਲਤ ਮੁਹੱਈਆ ਕਰਾਉਣਾ। ਆਦਿਵਾਸੀ ਅਧਿਆਪਕਾ ਸੋਨੀ ਸੋਰੀ, ਡਾ. ਬਿਨਾਇਕ ਸੇਨ, ਪ੍ਰਸ਼ਾਂਤ ਰਾਹੀ ਤੋਂ ਲੈ ਕੇ ਡਾ. ਸਾਈਬਾਬਾ ਤਕ ਕਿਸੇ ਵੀ ਕੇਸ ਵਿਚ ਇਨ੍ਹਾਂ ਅਦਾਲਤੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਤੋਂ ਐਨ ਉਲਟ, ਪੁਲਿਸ ਅਧਿਕਾਰੀਆਂ ਵਲੋਂ ਪੂਰੀ ਤਰ੍ਹਾਂ ਬੇਖ਼ੌਫ਼ ਹੋ ਕੇ ਕੀਤੀਆਂ ਘੋਰ ਉਲੰਘਣਾਵਾਂ ਜੱਗ ਜ਼ਾਹਿਰ ਹਨ। ਵਜ੍ਹਾ ਸਾਫ਼ ਹੈ ਕਿ ਅਜਿਹੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰ ਕੇ ਹੁਕਮਰਾਨਾਂ ਅਤੇ ਉਨ੍ਹਾਂ ਦੇ ਇਸ਼ਾਰੇ 'ਤੇ ਕੰਮ ਕਰਦੇ ਪੁਲਿਸ ਅਧਿਕਾਰੀਆਂ ਦਾ ਸਥਾਪਤੀ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਸਬਕ ਸਿਖਾਉਣ ਦਾ ਮਨੋਰਥ ਪੂਰਾ ਨਹੀਂ ਹੋ ਸਕਦਾ। ਇਸੇ ਵਿਚੋਂ ਸੋਚ-ਸਮਝ ਕੇ ਘੋਰ ਲਾ-ਕਾਨੂੰਨੀਆਂ ਕੀਤੀਆਂ ਜਾਂਦੀਆਂ ਹਨ।

ਡਾ. ਸਾਈਬਾਬਾ ਦੀ ਗ੍ਰਿਫ਼ਤਾਰੀ ਦਾ ਇਕ ਹੋਰ ਪਹਿਲੂ ਵੀ ਹੈ ਜੋ ਹਰ ਸਿਆਸੀ ਵੰਨਗੀ ਦੇ ਹੁਕਮਰਾਨਾਂ ਨੂੰ ਕੰਡੇ ਵਾਂਗ ਚੁਭਦਾ ਹੈ। ਉਹ ਜਿਸਮਾਨੀ ਪੱਖੋਂ ਅਪਾਹਜ ਜ਼ਰੂਰ ਹੈ ਪਰ ਇਸ ਮੁਲਕ ਦੇ ਬੁੱਧੀਜੀਵੀ ਲਾਣੇ ਵਾਂਗ ਜ਼ਿਹਨੀ ਪੱਖੋਂ ਅਪਾਹਜ ਨਹੀਂ ਹੈ। ਉਹ ਕਿਸੇ ਵੀ ਕੀਮਤ 'ਤੇ ਸਥਾਪਤੀ ਦੀ ਹਾਂ ਵਿਚ ਹਾਂ ਮਿਲਾਉਣ ਲਈ ਤਿਆਰ ਨਹੀਂ ਹੋਇਆ; ਉਸ ਨੂੰ ਭਾਵੇਂ ਫਾਸ਼ੀਵਾਦੀ ਰਾਜਤੰਤਰ ਵਲੋਂ ਵਾਰ-ਵਾਰ ਧਮਕਾਇਆ ਤੇ ਤੰਗ-ਪ੍ਰੇਸ਼ਾਨ ਕੀਤਾ ਜਾਂਦਾ ਰਿਹਾ ਹੈ। ਉਹ ਵਿਕਾਸ ਦੇ ਨਾਂ ਹੇਠ ਹੁਕਮਰਾਨਾਂ ਵਲੋਂ ਅਵਾਮ ਦੇ ਜੰਗਲ-ਜ਼ਮੀਨ-ਦਰਿਆਈ ਪਾਣੀ ਖੋਹ ਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ; ਓਪਰੇਸ਼ਨ ਗ੍ਰੀਨ ਹੰਟ, ਸਲਵਾ ਜੂਡਮ ਆਦਿ ਐਲਾਨੀਆਂ ਤੇ ਅਣ-ਐਲਾਨੀਆਂ ਪੁਲਿਸ/ਫ਼ੌਜੀ ਕਾਰਵਾਈਆਂ ਰਾਹੀਂ ਲੋਕਾਂ ਦੇ ਘਾਣ; ਜੇਲ੍ਹਾਂ ਵਿਚ ਸਿਆਸੀ ਕੈਦੀਆਂ ਉਪਰ ਜ਼ੁਲਮਾਂ ਦੇ ਖ਼ਿਲਾਫ਼ ਅਤੇ ਉਨ੍ਹਾਂ ਦੇ ਹੱਕਾਂ ਤੇ ਬੇ-ਸ਼ਰਤ ਰਿਹਾਈ ਲਈ ਆਵਾਜ਼ ਉਠਾਉਣ ਵਿਚ ਮੋਹਰੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਇਸੇ ਵਿਚੋਂ ਹੀ ਉਸ ਨੂੰ ਫਰਜ਼ੀ ਕੇਸਾਂ ਵਿਚ ਉਲਝਾਉਣ ਦਾ ਅਮੁੱਕ ਸਿਲਸਿਲਾ ਸ਼ੁਰੂ ਹੋਇਆ। ਚੇਤੇ ਰਹੇ ਕਿ ਕੇਂਦਰੀ ਗ੍ਰਹਿ ਮੰਤਰਾਲੇ ਵਲੋਂ ਰਚੀ ਡੂੰਘੀ ਸਾਜ਼ਿਸ਼ ਤਹਿਤ 128 ਜਥੇਬੰਦੀਆਂ ਨੂੰ ਮਾਓਵਾਦੀਆਂ ਦੀਆਂ ਫਰੰਟ ਜਥੇਬੰਦੀਆਂ ਕਰਾਰ ਦੇ ਕੇ ਇਸ ਆੜ ਹੇਠ ਜਮਹੂਰੀ ਸਰਗਰਮੀਆਂ ਨੂੰ ਨਿਸ਼ਾਨਾ ਬਣਾਉਣ ਅਤੇ ਹਕੂਮਤੀ ਦਹਿਸ਼ਤਗਰਦੀ ਜ਼ਰੀਏ ਸਮਾਜੀ ਨਿਆਂ ਦੇ ਹੱਕ 'ਚ ਬੋਲਣ ਵਾਲਿਆਂ ਦੀ ਆਵਾਜ਼ ਨੂੰ ਕੁਚਲਣ ਦਾ ਰਾਹ ਪਹਿਲਾਂ ਹੀ ਪੱਧਰਾ ਕੀਤਾ ਹੋਇਆ ਹੈ। ਮਨੁੱਖੀ/ਜਮਹੂਰੀ ਅਧਿਕਾਰ ਜਥੇਬੰਦੀਆਂ ਨੂੰ ਉਚੇਚਾ, ਜਾਣ-ਬੁੱਝ ਕੇ ਇਨ੍ਹਾਂ ਵਿਚ ਸ਼ੁਮਾਰ ਕੀਤਾ ਗਿਆ ਕਿਉਂਕਿ ਉਹ ਫਰਜ਼ੀ ਪੁਲਿਸ ਮੁਕਾਬਲਿਆਂ ਰਾਹੀਂ ਬੇਗੁਨਾਹਾਂ ਦੇ ਸੋਚੇ-ਸਮਝੇ ਕਤਲਾਂ, ਪੁਲਿਸੀ/ਫ਼ੌਜੀ ਕਾਰਵਾਈਆਂ ਦੌਰਾਨ ਬੇਗੁਨਾਹ ਅਵਾਮ ਉਪਰ ਬੇਤਹਾਸ਼ਾ ਤਸ਼ੱਦਦ, ਔਰਤਾਂ ਨਾਲ ਸਮੂਹਕ ਜਬਰ-ਜਨਾਹ ਦੇ ਵਿਆਪਕ ਵਰਤਾਰੇ ਤੇ ਹੋਰ ਹਕੂਮਤੀ ਜ਼ੁਲਮਾਂ ਦਾ ਮਹਿਜ਼ ਵਿਰੋਧ ਹੀ ਨਹੀਂ ਕਰਦੀਆਂ, ਸਗੋਂ ਮਜ਼ਲੂਮ ਅਵਾਮ ਲਈ ਕਾਨੂੰਨੀ ਢੋਈ ਵੀ ਬਣਦੀਆਂ ਹਨ, ਖ਼ਾਸ ਕਰ ਕੇ ਉਨ੍ਹਾਂ ਇਲਾਕਿਆਂ ਵਿਚ ਜਿਥੇ ਜਥੇਬੰਦੀਆਂ ਨੂੰ ਗ਼ੈਰ-ਕਾਨੂੰਨੀ ਐਲਾਨ ਕੇ ਅਵਾਮ ਦੇ ਆਪਣੀ ਜ਼ਿੰਦਗੀ ਦੀ ਬਿਹਤਰੀ ਲਈ ਜਥੇਬੰਦ ਹੋਣ ਤੇ ਜੱਦੋ-ਜਹਿਦ ਕਰਨ ਦੇ ਮੁੱਢਲੇ ਜਮਹੂਰੀ ਹੱਕ ਵੀ ਰਾਜਤੰਤਰ ਨੇ ਖੋਹ ਲਏ ਹਨ ਅਤੇ ਉਹ ਅਣ-ਐਲਾਨੀ ਐਮਰਜੈਂਸੀ ਹੇਠ ਪਲ-ਪਲ ਮੌਤ ਅਤੇ ਦਹਿਸ਼ਤ ਦੇ ਸਾਏ ਹੇਠ ਦਿਨ ਕੱਟ ਰਹੇ ਹਨ।

ਸਾਲ ਕੁ ਪਹਿਲਾਂ ਡਾ. ਸਾਈਬਾਬਾ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ ਗਿਆ। ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਸਭਿਆਚਾਰਕ ਕਾਰਕੁਨ ਹੇਮੰਤ ਮਿਸ਼ਰਾ ਅਤੇ ਛੱਤੀਸਗੜ੍ਹ-ਮਹਾਰਾਸ਼ਟਰ ਦੇ ਮਾਓਵਾਦੀਆਂ ਦੇ ਗੜ੍ਹ ਜ਼ਿਲ੍ਹਿਆਂ ਵਿਚੋਂ ਦੋ ਆਦਿਵਾਸੀਆਂ ਨੂੰ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਕੇ ਇਕ ਕਹਾਣੀ ਘੜੀ ਗਈ। ਹੇਮੰਤ ਮਿਸ਼ਰਾ ਦੀ ਤਫ਼ਤੀਸ਼ ਦੇ ਨਾਂ ਹੇਠ ਮੀਡੀਆ ਨੂੰ ਇਕ ਕਹਾਣੀ ਪਰੋਸੀ ਗਈ ਕਿ ਇਹ ਵਿਦਿਆਰਥੀ ਛੱਤੀਸਗੜ੍ਹ ਦੇ ਅਬੂਝਮਾੜ੍ਹ ਵਿਚ ਰੂਪੋਸ਼ ਮਾਓਵਾਦੀ ਲੀਡਰਸ਼ਿਪ ਅਤੇ ਉਨ੍ਹਾਂ ਦੇ ਖੁੱਲ੍ਹੇ ਫਰੰਟਾਂ ਜਿਸ ਦਾ ਸੂਤਰਧਾਰ ਡਾ. ਸਾਈਬਾਬਾ ਨੂੰ ਦੱਸਿਆ ਗਿਆ, ਦਰਮਿਆਨ ਹਰਕਾਰੇ ਦਾ ਕੰਮ ਕਰਦਾ ਹੈ; ਕਿ ਗ੍ਰਿਫ਼ਤਾਰ ਕੀਤੇ ਆਦਿਵਾਸੀ ਹੇਮੰਤ ਨੂੰ ਜੰਗਲਾਂ ਦੇ ਅੰਦਰ ਸੀਨੀਅਰ ਮਾਓਵਾਦੀ ਆਗੂਆਂ ਕੋਲ ਲੈ ਕੇ ਜਾ ਰਹੇ ਸਨ। ਜਦੋਂ ਕੁਝ ਦਿਨਾਂ ਬਾਅਦ ਪ੍ਰਸ਼ਾਂਤ ਰਾਹੀ ਆਪਣੇ ਉਪਰ ਦਰਜ ਸੰਗੀਨ ਮਾਮਲਿਆਂ ਦੇ ਸਿਲਸਿਲੇ ਵਿਚ ਲੋੜੀਂਦੇ ਕਾਗਜ਼ਾਤ ਲੈਣ ਲਈ ਰਾਏਪੁਰ ਗਿਆ *(ਤਫ਼ਸੀਲ ਪੰਜਾਬ ਟਾਈਮਜ਼ 23 ਅਪਰੈਲ 2014)* ਤਾਂ ਉਸ ਨੂੰ ਵੀ ਗ੍ਰਿਫ਼ਤਾਰ ਕਰ ਕੇ ਗੜ੍ਹਚਿਰੌਲੀ ਲਿਜਾ ਕੇ ਉਸ ਨਵੇਂ ਘੜੇ ਮੁਕੱਦਮੇ ਵਿਚ ਸ਼ੁਮਾਰ ਕਰ ਲਿਆ ਗਿਆ। ਇਸ ਫਰਜ਼ੀ ਕਹਾਣੀ ਦੇ ਆਧਾਰ 'ਤੇ ਡਾ. ਸਾਈਬਾਬਾ ਦੀ ਦਿੱਲੀ ਰਿਹਾਇਸ਼ ਉਪਰ ਛਾਪਾ ਮਾਰ ਕੇ ਉਸ ਦੇ ਪਰਿਵਾਰ 'ਤੇ ਦਹਿਸ਼ਤ ਪਾਈ ਗਈ। ਇਸ ਦਾ ਨਾ ਸਿਰਫ਼ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ, ਸਗੋਂ ਦਿੱਲੀ ਦੇ ਸਿੱਖਿਆ ਸ਼ਾਸਤਰੀ ਭਾਈਚਾਰੇ ਤੇ ਵਿਦਿਆਰਥੀਆਂ, ਖ਼ਾਸ ਕਰ ਕੇ ਦਿੱਲੀ ਯੂਨੀਵਰਸਿਟੀ ਦੇ ਕਾਲਜਾਂ ਦੇ ਬਹੁ-ਗਿਣਤੀ ਪ੍ਰੋਫੈਸਰਾਂ ਅਤੇ ਅਰੁੰਧਤੀ ਰਾਏ ਸਮੇਤ ਮੰਨੇ-ਪ੍ਰਮੰਨੇ ਬੁੱਧੀਜੀਵੀਆਂ ਵਲੋਂ ਤਿੱਖਾ ਵਿਰੋਧ ਕੀਤਾ ਗਿਆ। ਦੂਜੀ ਵਾਰ ਫਿਰ ਉਸ ਤੋਂ ਪੁੱਛ-ਗਿੱਛ ਦੇ ਬਹਾਨੇ ਉਸ ਦੇ ਘਰ ਉਪਰ ਹਮਲਾ ਕਰਨ ਦਾ ਯਤਨ ਕੀਤਾ ਗਿਆ। ਇਸ ਨੂੰ ਵੀ ਉਪਰੋਕਤ ਸਾਰਿਆਂ ਨੇ ਇਕੱਠੇ ਹੋ ਕੇ ਅਤੇ ਦਿਨ-ਰਾਤ ਪਹਿਰਾ ਦੇ ਕੇ ਅਸਫ਼ਲ ਬਣਾ ਦਿੱਤਾ। ਪੁਲਿਸ ਟੋਲੀ ਘਰ ਦੀ ਤਲਾਸ਼ੀ ਅਤੇ ਸਾਈਬਾਬਾ ਵਲੋਂ ਤਫ਼ਤੀਸ਼ ਦੌਰਾਨ ਦਿੱਤੇ ਮੁਕੰਮਲ ਸਹਿਯੋਗ ਦੇ ਸਿੱਟੇ ਵਜੋਂ ਕੁਛ ਵੀ ਅਜਿਹਾ ਪੇਸ਼ ਨਹੀਂ ਕਰ ਸਕੀ ਜਿਸ ਤੋਂ ਉਸ ਦੀ ਮਾਓਵਾਦੀ ਕਾਰਵਾਈਆਂ ਵਿਚ ਕੋਈ ਸ਼ਮੂਲੀਅਤ ਸਾਬਤ ਹੁੰਦੀ ਹੋਵੇ। ਆਪਣੇ ਖ਼ਿਲਾਫ਼ ਅਤੇ ਅਗਾਂਹਵਧੂ ਪ੍ਰੋਫੈਸਰ ਦੀ ਰਾਖੀ ਲਈ ਲੋਕ ਰਾਇ ਚੱਟਾਨ ਵਾਂਗ ਖੜ੍ਹੀ ਦੇਖ ਕੇ ਪੁਲਿਸ ਅਧਿਕਾਰੀ ਵਕਤੀ ਤੌਰ 'ਤੇ ਪਿੱਛੇ ਹਟ ਗਏ ਅਤੇ ਚੁੱਪ-ਚੁਪੀਤੇ ਉਸ ਨੂੰ ਘਰ ਤੋਂ ਬਾਹਰ ਅਗਵਾ ਕਰਨ ਦੇ ਢੁਕਵੇਂ ਮੌਕੇ 'ਤੇ ਦੀ ਇੰਤਜ਼ਾਰ ਕਰਨ ਲੱਗੇ ਜਿਸ ਨੂੰ ਆਖ਼ਿਰ ਉਹ 9 ਮਈ ਨੂੰ ਅੰਜ਼ਾਮ ਦੇਣ 'ਚ ਕਾਮਯਾਬ ਹੋ ਗਏ ਅਤੇ ਅਦਾਲਤ ਵਿਚੋਂ ਉਸ ਦਾ 14 ਦਿਨ ਦਾ ਰਿਮਾਂਡ ਲੈ ਲਿਆ। ਉਸ ਨੂੰ ਨਾਗਪੁਰ ਜੇਲ੍ਹ ਵਿਚ ਡੱਕ ਦਿੱਤਾ ਜਿਥੇ ਉਸ ਵਰਗੇ 90 ਫ਼ੀਸਦ ਅਪਾਹਜ ਨਜ਼ਰਬੰਦ ਨੂੰ ਸਾਂਭਣ ਦੇ ਕੋਈ ਇੰਤਜ਼ਾਮ ਹੀ ਨਹੀਂ ਹਨ। ਹਰ ਪਲ ਕਿਸੇ ਸਹਾਇਕ ਦੇ ਮੁਥਾਜ ਬੰਦੇ ਨੂੰ ਅਜਿਹੇ ਹਾਲਾਤ ਵਿਚ ਬੰਦ ਕਰਨ ਪਿੱਛੇ ਹੁਕਮਰਾਨਾਂ ਦੀ ਜ਼ਾਹਰਾ ਮਨਸ਼ਾ ਉਸ ਨੂੰ ਜਿਸਮਾਨੀ ਤੇ ਜ਼ਿਹਨੀ ਤਸੀਹੇ ਦੇਣ ਦੀ ਹੈ।

ਹਾਲੀਆ ਚੋਣਾਂ ਦੇ ਨਤੀਜੇ ਕੁਝ ਵੀ ਹੋਣ, ਜੇ ਰਾਜਸੀ ਬਦਲਾਅ ਰਾਹੀਂ ਦੋ ਮੁੱਖ ਪਾਰਟੀਆਂ ਨੂੰ ਛੱਡ ਕੇ ਕੋਈ ਨਵੇਂ ਹੁਕਮਰਾਨ ਸੱਤਾਧਾਰੀ ਹੁੰਦੇ ਹਨ, ਕੀ ਉਹ ਹਿੰਦੁਸਤਾਨੀ ਸਟੇਟ ਦੀ ਇਸ ਬੁਨਿਆਦੀ ਤਾਸੀਰ ਅਤੇ 'ਜਮਹੂਰੀਅਤ' ਦੇ ਇਸ ਘਿਨਾਉਣੇ ਚਿਹਰੇ ਨੂੰ ਬਦਲਣ ਦੇ ਸਮਰੱਥ ਹੋਣਗੇ ਜਿਥੇ ਰਾਜਕੀ ਮਸ਼ੀਨ ਦਾ ਹਰ ਪੁਰਜ਼ਾ ਸਾਢੇ ਛੇ ਦਹਾਕਿਆਂ ਤੋਂ ਇਕ ਖ਼ਾਸ ਵਰਗ ਦੇ ਹਿੱਤ ਹਰ ਹੀਲੇ ਮਹਿਫ਼ੂਜ਼ ਕਰਨ ਲਈ ਪੱਬਾਂ ਭਾਰ ਹੋਇਆ ਪਿਆ ਹੈ?






*ਪ੍ਰੋ. ਜੀ.ਐਨ. ਸਾਈਬਾਬਾ (ਖੱਬੇ) ਅਤੇ ਉਨ੍ਹਾਂ ਦੀ ਗ੍ਰਿਫਤਾਰੀ ਖਿਲਾਫ ਧਰਨਾ ਦੇ ਰਹੇ ਦਿੱਲੀ ਯੂਨੀਵਰਸਿਟੀ ਦੇ ਵਿਦਿਆਰਥੀ।*

# ਭਾਰਤ ਦੀ ਤਰੱਕੀ ਬਨਾਮ ਆਮ ਲੋਕ

**ਗਿਆਨ ਸਿੰਘ**

ਇੰਟਰਨੈਸ਼ਨਲ ਕੰਪੈਰੇਜ਼ਿਨ ਪ੍ਰੋਗਰਾਮ (ਆਈ.ਸੀ.ਪੀ.) ਦੁਆਰਾ ਦੀ ਰਿਪੋਰਟ ਵਿਚ ਸੰਨ 2005 ਅਤੇ 2011 ਦੌਰਾਨ ਵੱਖ-ਵੱਖ ਦੇਸ਼ਾਂ ਦੀ ਖ਼ਰੀਦ ਸਮਰੱਥਾ ਦੀ ਹਾਲਤ ਦੇ ਤੁਲਨਾਤਮਕ ਅੰਕੜੇ ਜਾਰੀ ਕੀਤੇ ਗਏ ਹਨ। ਇਨ੍ਹਾਂ ਅੰਕੜਿਆਂ ਅਨੁਸਾਰ ਦੁਨੀਆਂ ਦੇ ਜਿਹੜੇ 177 ਦੇਸ਼ਾਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ, ਉਨ੍ਹਾਂ ਵਿਚੋਂ 2005 ਦੌਰਾਨ ਭਾਰਤ 10ਵੇਂ ਸਥਾਨ 'ਤੇ ਸੀ, ਪਰ 2011 ਦੌਰਾਨ ਇਹ ਤੀਜੇ ਸਥਾਨ ਉੱਪਰ ਆ ਗਿਆ ਹੈ। ਅਮਰੀਕਾ ਤੇ ਚੀਨ ਪਹਿਲੇ ਤੇ ਦੂਜੇ ਸਥਾਨ 'ਤੇ ਹਨ। ਰਿਪੋਰਟ ਅਨੁਸਾਰ ਖ਼ਰੀਦ ਸਮਰੱਥਾ ਦੇ ਹਿਸਾਬ ਨਾਲ ਦੁਨੀਆਂ ਦੇ ਸਮੁੱਚੇ ਘਰੇਲੂ ਉਤਪਾਦ (ਜੀ.ਡੀ.ਪੀ.) ਵਿਚ ਅਮਰੀਕਾ, ਚੀਨ, ਭਾਰਤ ਅਤੇ ਜਾਪਾਨ ਦਾ ਕ੍ਰਮਵਾਰ ਪਹਿਲਾ (17.1 ਫ਼ੀਸਦੀ), ਦੂਜਾ (14.9 ਫ਼ੀਸਦੀ), ਤੀਜਾ (6.4 ਫ਼ੀਸਦੀ) ਤੇ ਚੌਥਾ (4.8 ਫ਼ੀਸਦੀ) ਸਥਾਨ ਬਣਦਾ ਹੈ।


ਆਈ.ਸੀ.ਪੀ. ਦੁਆਰਾ ਭਾਰਤ ਨੂੰ ਸੰਸਾਰ ਦੀ ਤੀਜੀ ਸਭ ਤੋਂ ਵੱਡੀ ਅਰਥ ਵਿਵਸਥਾ ਮੰਨਣ ਦੇ ਸਬੰਧ ਵਿਚ ਕੋਈ ਆਖ਼ਰੀ ਰਾਇ ਬਣਾਉਣ ਤੋਂ ਪਹਿਲਾਂ ਦੇਸ਼ ਦੀ ਅਰਥ ਵਿਵਸਥਾ ਦੇ ਕੁਝ ਪਹਿਲੂਆਂ ਬਾਰੇ ਜਾਣਨਾ ਜ਼ਰੂਰੀ ਹੋ ਜਾਂਦਾ ਹੈ। ਆਈ.ਸੀ.ਪੀ. ਦੀ ਰਿਪੋਰਟ ਦੇ ਇਕ ਪਹਿਲੂ ਅਨੁਸਾਰ ਪ੍ਰਤੀ ਜੀਅ ਕੁੱਲ ਘਰੇਲੂ ਉਤਪਾਦ ਦੇ ਮੁੱਲ ਅਨੁਸਾਰ 177 ਦੇਸ਼ਾਂ ਵਿਚੋਂ ਭਾਰਤ ਦੀ ਦਰਜਾਬੰਦੀ 127 ਵੀ ਬਣਦੀ ਹੈ ਜੋ ਬਹੁਤ ਨੀਵੀਂ ਹੈ। ਨੈਸ਼ਨਲ ਕੌਂਸਲ ਆਫ਼ ਅਪਲਾਇਡ ਇਕਨਾਮਿਕ ਰਿਸਰਚ ਅਤੇ ਯੂਨੀਵਰਸਿਟੀ ਆਫ਼ ਮੈਰੀਲੈਂਡ ਦੇ ਖੋਜਾਰਥੀਆਂ ਦੁਆਰਾ ਭਾਰਤ ਵਿਚ ਮਾਨਵੀ ਵਿਕਾਸ ਬਾਰੇ 2011-12 ਦੇ ਮੁੱਢਲੇ ਅੰਕੜੇ ਅਤੇ ਉਨ੍ਹਾਂ ਦਾ ਕੁਝ ਕੁ ਵਿਸ਼ਲੇਸ਼ਣ ਮਿਲਣਾ ਸ਼ੁਰੂ ਹੋ ਗਿਆ ਹੈ। ਇਹ ਅੰਕੜੇ ਭਾਰਤ ਦੇ ਵੱਖ-ਵੱਖ ਭਾਗਾਂ ਵਿਚੋਂ ਤਕਰੀਬਨ 42,000 ਪਰਿਵਾਰਾਂ ਦੇ ਸਰਵੇਖਣ ਉੱਪਰ ਆਧਾਰਤ ਹਨ। ਇਸ ਸਰਵੇਖਣ ਦੇ ਮੁਢਲੇ ਅੰਕੜਿਆਂ ਅਨੁਸਾਰ ਸਾਲ 2004-05 ਤੋਂ 2011-12 ਦੌਰਾਨ ਭਾਰਤ ਵਿਚ ਦਰਮਿਆਨਾ ਵਰਗ ਪਹਿਲਾਂ ਨਾਲੋਂ ਸੁਖੀ ਹੋਇਆ ਹੈ, ਪਰ ਖੁਸ਼ਹਾਲ ਨਹੀਂ।

ਉੱਨਤੀ ਕਰ ਰਹੇ ਦੇਸ਼ ਨੇਪਾਲ, ਬੰਗਲਾਦੇਸ਼, ਸ੍ਰੀਲੰਕਾ, ਮੈਕਸੀਕੋ, ਕੰਬੋਡੀਆ, ਬੋਲੀਵੀਆ, ਕਜ਼ਾਖਿਸਤਾਨ ਅਤੇ ਕਿੰਨੇ ਹੀ ਹੋਰ ਭਾਰਤ ਤੋਂ ਉੱਪਰ ਹਨ। ਦੇਸ਼ ਵਿਚ ਗ਼ਰੀਬੀ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਦੀ ਫ਼ੀਸਦੀ ਨੂੰ ਘਟਾਉਣ ਲਈ ਭਾਰਤ ਦੇ ਯੋਜਨਾ ਕਮਿਸ਼ਨ ਨੇ ਜਿਹੜਾ ਮੰਤਰ ਵਰਤਿਆ ਹੈ, ਉਸ ਅਨੁਸਾਰ ਸ਼ਹਿਰੀ ਇਲਾਕਿਆਂ ਵਿਚ 32 ਰੁਪਏ ਅਤੇ ਪੇਂਡੂ ਇਲਾਕਿਆਂ ਵਿਚ 26 ਰੁਪਏ ਪ੍ਰਤੀ ਜੀਅ ਰੋਜ਼ਾਨਾ ਖ਼ਰਚਣ ਵਾਲਿਆਂ ਨੂੰ ਗ਼ਰੀਬ ਨਹੀਂ ਮੰਨਿਆ ਗਿਆ। ਸਖ਼ਤ ਮਿਹਨਤ ਕਰਨ ਵਾਲੇ ਕਾਮਿਆਂ ਲਈ ਤਾਂ 32-26 ਰੁਪਏ ਵਿਚ ਸਿਰਫ਼ ਇਕ ਡੰਗ ਦਾ ਖਾਣਾ ਵੀ ਨਹੀਂ ਆ ਸਕਦਾ।

ਅਸਲ ਵਿਚ ਭਾਰਤ ਵਿਚ ਅਪਣਾਏ ਗਏ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਨੇ ਦੇਸ਼ ਦੀ ਚਾਦਰ ਦੀ ਗੋਟਾ-ਕਿਨਾਰੀ (ਆਰਥਿਕ ਵਿਕਾਸ ਦਰ) ਨੂੰ ਕੁਝ ਸਮੇਂ ਲਈ ਚਮਕਾਇਆ ਤਾਂ ਜ਼ਰੂਰ, ਪਰ ਇਸ ਮਾਡਲ ਵਿਚੋਂ ਉਪਜੇ ਅਸਾਵੇਂਪਣ ਨੇ ਵਿਚਾਰੀ ਚਾਦਰ (ਆਮ ਲੋਕ) ਵਿਚ ਵੱਡੇ-ਵੱਡੇ ਮਘੋਰੇ ਕਰ ਦਿੱਤੇ ਹਨ। ਭਾਰਤ ਦੇ ਉਦਯੋਗਿਕ ਵਿਕਾਸ ਵਿਚ ਛੋਟੇ/ਦਰਮਿਆਨੇ ਉਦਯੋਗਾਂ ਨੂੰ ਅਣਗੌਲਣ ਦੇ ਨਾਲ-ਨਾਲ ਸੇਵਾਵਾਂ ਦੇ ਖੇਤਰ ਵਿਚ ਵਿੱਦਿਆ ਅਤੇ ਸਿਹਤ ਸੇਵਾਵਾਂ ਨੂੰ ਵੱਡੇ ਪੱਧਰ ਉੱਪਰ ਸਰਮਾਏਦਾਰ/ਕਾਰਪੋਰੇਟ ਜਗਤ ਦੇ ਹਵਾਲੇ ਕਰ ਦਿੱਤਾ ਗਿਆ ਹੈ। ਨਤੀਜੇ ਵਜੋਂ ਇਨ੍ਹਾਂ ਸੇਵਾਵਾਂ ਤੱਕ ਪਹੁੰਚ ਨੂੰ ਸਿਰਫ਼ ਖੁਸ਼ਹਾਲ ਲੋਕਾਂ ਤੱਕ ਹੀ ਸੀਮਿਤ ਕਰ ਦਿੱਤਾ ਗਿਆ ਹੈ। ਇਸੇ ਕਰ ਕੇ ਆਜ਼ਾਦੀ ਦੇ ਤਕਰੀਬਨ 67 ਸਾਲਾਂ ਬਾਅਦ ਵੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਆਦਿਵਾਸੀਆਂ ਅਤੇ ਧਾਰਮਿਕ ਘੱਟ-ਗਿਣਤੀਆਂ, ਖ਼ਾਸ ਕਰ ਕੇ ਮੁਸਲਮਾਨਾਂ ਵਿਚੋਂ ਵੱਡੀ ਬਹੁ-ਗਿਣਤੀ ਲੋਕਾਂ ਦੀ ਸਿੱਖਿਆ, ਸਿਹਤ ਸੇਵਾਵਾਂ, ਰੁਜ਼ਗਾਰ ਅਤੇ ਜ਼ਿੰਦਗੀ ਦੀਆਂ ਹੋਰ ਮੁੱਢਲੀਆਂ ਲੋੜਾਂ ਦੇ ਪੱਖੋਂ ਮਾੜੀ ਹਾਲਤ ਵਿਚ ਹੈ।

# ਇਉਂ ਹੋਇਆ ਮੋਰਚਾ ਫਤਹਿ...

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਅਚਾਨਕ ਬਣਿਆ ਇਕ ਜ਼ਾਤੀ ਝਮੇਲਾ ਸਾਂਝਾ ਕਰਨ ਦੀ ਗੁਸਤਾਖੀ ਇਹ ਸੋਚ ਕੇ ਕਰ ਰਿਹਾਂ ਕਿ ਜ਼ਾਤੀ ਮਸਲੇ ਹੀ ਤਾਂ ਰਲ-ਮਿਲ ਕੇ ਜਮਾਤੀ ਸਮੱਸਿਆਵਾਂ ਬਣ ਜਾਂਦੇ ਹਨ। ਜ਼ਾਤੀ ਮਸਲਿਆਂ-ਸਮੱਸਿਆਵਾਂ ਦਾ ਕਲਾਮਈ ਪ੍ਰਗਟਾਵਾ ਹੀ ਸਾਹਿਤ ਦਾ ਰੂਪ ਧਾਰਦਾ ਹੈ। ਆਪੋ-ਆਪਣੇ ਹੁਨਰ ਜਾਂ ਸਮਰੱਥਾ ਮੁਤਾਬਕ ਕੋਈ ਆਪਣੇ ਨਾਲ ਵਾਪਰੀ ਘਟਨਾ ਦੀ ਕਵਿਤਾ ਜਾਂ ਗੀਤ ਬਣਾ ਕੇ ਸ਼ਾਇਰ ਅਖਵਾਉਂਦਾ ਹੈ; ਕੋਈ ਨਾਟਕ, ਕਹਾਣੀ, ਨਾਵਲ ਜਾਂ ਫਿਲਮ ਬਣ ਦਿੰਦਾ ਹੈ। ਇਹ ਗੱਲ ਜੁਦਾ ਹੈ ਕਿ ਕੋਈ ਇਨ੍ਹਾਂ ਕਲਾ ਕਿਰਤਾਂ ਤੋਂ ਸੇਧ-ਸਿੱਖਿਆ ਲੈਂਦਾ ਹੈ, ਤੇ ਕੋਈ ਇਨ੍ਹਾਂ ਨੂੰ ਮਹਿਜ਼ ਮਨੋਰੰਜਨ ਦਾ ਜ਼ਰੀਆ ਸਮਝ ਕੇ ਘੜੀ ਭਰ ਹੱਸ-ਤੁਸ ਲੈਂਦਾ ਹੈ। ਇਹ ਪਾਠਕਾਂ/ਦਰਸ਼ਕਾਂ ਦੀ ਆਪੋ-ਆਪਣੀ ਸੋਚ 'ਤੇ ਹੀ ਨਿਰਭਰ ਕਰਦਾ ਹੈ ਕਿ ਉਨ੍ਹਾਂ ਨੇ ਪੜ੍ਹੀ-ਸੁਣੀ ਸਾਹਿਤਕ ਸਮੱਗਰੀ ਦਾ ਕਿਹੋ ਜਿਹਾ ਪ੍ਰਭਾਵ ਕਬੂਲਣਾ ਹੈ।

ਇਸੇ 27 ਅਪਰੈਲ ਤੋਂ 8 ਮਈ ਤੱਕ ਜਿਵੇਂ ਅਸੀਂ ਬਾਰਾਂ ਦਿਨ ਭੰਬਲ ਭੂਸੇ 'ਚ ਪਏ ਰਹੇ, ਇਹ ਦਿਲਚਸਪ ਵਿਥਿਆ ਸੁਣਾਉਣ ਤੋਂ ਪਹਿਲਾਂ, ਇਸੇ ਵਿਸ਼ੇ-ਵਸਤੂ ਦੀਆਂ ਕੁਝ ਹੋਰ ਹੱਡ-ਬੀਤੀਆਂ ਵੀ ਵਰਨਣ ਕਰ ਦਿਆਂ ਤਾਂ ਕਿ ਪਾਠਕ-ਜਨਾਂ ਦੀ ਸਿਮ੍ਰਤੀ ਵਿਚ, ਉਪਰੋਕਤ ਝਮੇਲੇ ਦੀਆਂ ਗੁੰਝੀਆਂ ਰਮਜ਼ਾਂ ਸਮਝਣ ਲਈ ਅਗਾਊਂ ਜ਼ਮੀਨ ਤਿਆਰ ਹੋ ਜਾਵੇ!

ਸੰਨ 2004 ਵਿਚ ਅਮਰੀਕਾ ਪਧਾਰ ਕੇ ਹਾਲੇ ਅਸੀਂ ਵੱਡੀ ਭੈਣ ਦੇ ਘਰੇ ਪ੍ਰਾਹੁਣਿਆਂ ਵਾਂਗ ਹੀ ਪ੍ਰਸ਼ਾਦੇ ਛਕਦੇ ਸਾਂ। ਘਰਵਾਲੀ ਨੇ ਕੁਝ ਬੀਬੀਆਂ ਦੇ ਸੂਟ ਸਿਉਂ ਕੇ ਅਤੇ ਮੈਂ ਇਕ-ਦੋ ਅਖੰਡ ਪਾਠ ਕਰ ਕੇ ਨਵੇਂ-ਨਵੇਂ ਡਾਲਰ ਜੇਬਾਂ ਵਿਚ ਪਾਏ ਸਨ। ਇਕ ਦਿਨ ਆਪਣੇ ਪਿੰਡ ਦੇ ਇਕ ਦੋਸਤ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਪਤਾ ਲੱਗਾ ਕਿ ਉਸ ਦਾ ਅਮਰੀਕਾ ਰਹਿੰਦਾ ਸਾਲਾ ਪੰਜਾਬ ਜਾ ਰਿਹਾ ਹੈ। ਆਪਣੀ ਪਤਨੀ ਨੂੰ ਦੱਸਿਆ ਤਾਂ ਉਸ ਨੂੰ 'ਬਾਹਰਲਾ ਸਮਾਨ' ਪਿੰਡ ਭੇਜਣ ਦਾ ਚਾਅ ਚੜ੍ਹ ਗਿਆ। ਉਹ ਤਾਂ ਲੱਗ ਪਈ ਖਰੀਦੀਆਂ ਜਾਣ ਵਾਲੀਆਂ ਆਈਟਮਾਂ ਦੀ ਲਿਸਟ ਬਣਾਉਣ! ਭੈਣ ਦੇ ਕਹੇ ਤੋਂ ਅਸੀਂ ਦੁਬਾਰਾ ਪਿੰਡ ਵਾਲੇ ਦੋਸਤ ਨੂੰ ਫੋਨ ਕਰ ਕੇ ਉਸ ਦੇ ਸਾਲੇ ਦੇ ਸ਼ਹਿਰ ਦਾ ਨਾਂ ਪੁੱਛਿਆ। ਜਵਾਬ ਮਿਲਿਆ, ਕੈਲੀਫੋਰਨੀਆ! ਮੈਂ ਹਾਸਾ ਰੋਕਦਿਆਂ ਪੁੱਛਿਆ ਕਿ ਇਹ ਤਾਂ ਸੂਬੇ ਦਾ ਨਾਂ ਹੈ; ਜਿਸ 'ਸਿਟੀ' ਵਿਚ ਉਹ ਰਹਿੰਦਾ ਹੈ, ਉਹਦਾ ਨਾਂ ਦੱਸੋ। ਚਿੱਠੀਆਂ ਦੀ ਫੋਲਾ-ਫਾਲੀ ਕਰ ਕੇ ਉਸ ਨੇ 'ਰਿਚਮੰਡ' ਸ਼ਹਿਰ ਦੀ ਦੱਸ ਪਾਈ।

ਫੋਨ ਕਰ ਕੇ ਰਿਚਮੰਡ ਵਾਲੇ ਮੁੰਡੇ ਨਾਲ ਸੰਪਰਕ ਤਾਂ ਬਣਾ ਲਿਆ, ਪਰ ਸਮੱਸਿਆ ਇਹ ਆ ਗਈ ਕਿ ਕੰਮ ਛੱਡ ਕੇ ਸਾਨੂੰ ਲੈ ਕੇ ਉਥੇ ਕੌਣ ਜਾਵੇ? ਵੱਡੇ ਭਾਣਜੇ ਦੀ ਮਿੰਨਤ ਕੀਤੀ। ਉਸ ਨੇ ਸਾਡੇ ਲਈ ਸੰਡੇ ਦੀ ਛੁੱਟੀ 'ਕੁਰਬਾਨ ਕਰਨੀ' ਮੰਨ ਲਈ। ਰਾਤ ਦੀ ਜੌਬ ਕਰਦੇ ਰਿਚਮੰਡ ਵਾਲੇ ਮੁੰਡੇ ਨੂੰ ਅਸੀਂ ਸਿਖਰ ਦੁਪਹਿਰੇ ਜਾ ਉਠਾਲਿਆ। ਅੱਧ-ਨੀਂਦੀਆਂ ਲਾਲ ਸੁਰਖ ਅੱਖਾਂ ਮਲਦਿਆਂ, ਉਸ ਵਿਚਾਰੇ ਨੇ ਉਂਜ ਸਾਨੂੰ 'ਹੱਸ ਕੇ' ਮਿਲਣ ਦੀ ਕੋਸ਼ਿਸ਼ ਕੀਤੀ। ਲੰਬੀਆਂ-ਲੰਬੀਆਂ ਉਬਾਸੀਆਂ ਲੈਂਦਿਆਂ ਜਦ ਉਸ ਨੇ ਸਾਡੇ ਕੋਲ ਵੱਡੇ ਸਾਰੇ ਪੋਟਲੇ ਵੱਲ ਨਜ਼ਰ ਮਾਰੀ ਤਾਂ ਉਹਦੇ ਚਿਹਰੇ ਦਾ ਰੰਗ ਸਾਡੇ ਹੱਥਾਂ 'ਚ ਫੜੇ ਸੰਤਰੇ ਦੇ ਜੂਸ ਵਰਗਾ ਹੋ ਗਿਆ! ਤੁੰਨ-ਤੁੰਨ ਕੇ ਪੈਕ ਕੀਤੇ ਹੋਏ ਸਾਡੇ ਪੈਕਟ ਵਿਚੋਂ ਜਦ ਉਸ ਨੇ ਨਿੱਕੀਆਂ-ਨਿੱਕੀਆਂ ਦੋ ਕੁ ਚੀਜ਼ਾਂ ਕੱਢ ਕੇ ਇਕ ਪਾਸੇ ਰੱਖਦਿਆਂ, ਬਾਕੀ ਪੋਟਲਾ ਮੇਰੇ ਵੱਲ ਸਰਕਾਇਆ ਤਾਂ ਮੈਨੂੰ ਬੜਾ ਗੁੱਸਾ ਚੜ੍ਹਿਆ।

"ਭਾਅ ਜੀ, ਮੇਰੇ ਕੋਲ ਤਾਂ ਆਪਣਾ ਈ ਸਮਾਨ ਬਹੁਤ ਆ।" ਇਹ ਵਾਕ ਸੁਣ ਕੇ ਮੈਂ ਤਾਂ ਅੰਦਰੋ-ਅੰਦਰੀ ਲੋਹਾ-ਲਾਖਾ ਹੋ ਗਿਆ। ਉਸ ਨੂੰ 'ਥੈਂਕ ਯੂ' ਵੀ ਮੈਂ ਨਹੀਂ, ਮੇਰੇ ਭਾਣਜੇ ਨੇ ਹੀ ਕਿਹਾ। ਰਾਹ ਵਿਚ ਆਉਂਦਿਆਂ ਮੇਰਾ ਭਾਣਜਾ ਮੈਨੂੰ ਇਥੇ ਹਰ ਇਕ ਨੂੰ 'ਥੈਂਕ ਯੂ' ਕਹਿਣ ਦੀ ਨਸੀਹਤ ਦੇ ਰਿਹਾ ਸੀ ਪਰ ਮੈਨੂੰ ਮੁੜੇ ਸਮਾਨ ਦੀ ਗਠੜੀ ਦੇਖ ਦੇਖ ਕ੍ਰੋਧ ਚੜ੍ਹ ਰਿਹਾ ਸੀ। ਘਰੇ ਮੁੜਿਆਂ 'ਤੇ ਸਾਡੇ ਹੱਥਾਂ ਵਿਚ ਸਮਾਨ ਦਾ ਪੈਕਟ ਦੇਖ ਕੇ, ਘਰਵਾਲੀ ਦਾ ਚਿਹਰਾ-ਮੋਹਰਾ ਕਿਹੋ ਜਿਹਾ ਹੋ ਗਿਆ ਤੇ ਉਸ ਨੇ ਕੀ-ਕੀ ਵਚਨ ਬੋਲੇ, ਇਸ ਦਾ ਵੇਰਵਾ ਨਾ ਹੀ ਲਿਖਾਂ ਤਾਂ ਚੰਗਾ।

ਫਿਰ ਆ ਗਈ ਸਾਡੀ ਵਾਰੀ। ਮੇਰਾ ਪੰਜਾਬ ਜਾਣਾ ਸੁਣ ਕੇ ਇਕ ਦੋਸਤ ਥੋੜ੍ਹਾ ਜਿਹਾ ਸਮਾਨ ਸਾਡੇ ਘਰੇ ਦੇ ਗਿਆ। ਜਦੋਂ ਮੇਰੇ ਅਟੈਚੀ ਸਮਾਨ ਨਾਲ ਤੂਸੇ ਜਾ ਰਹੇ ਸਨ, ਤਾਂ ਦੋਸਤ ਦਾ ਪੈਕਟ ਇਕ ਪਾਸੇ ਇੰਜ ਪਿਆ ਸੀ ਜਿਵੇਂ ਇਹ ਅਤਿਵਾਦੀਆਂ ਕੋਲੋਂ ਬਰਾਮਦ ਹੋਇਆ ਕੋਈ 'ਸ਼ੱਕੀ' ਸਮਾਨ ਹੋਵੇ। ਕਹਿ-ਸੁਣ ਕੇ ਮੈਂ ਇਕ ਅਟੈਚੀ ਦੇ ਖੂੰਜੇ ਵਿਚ ਉਹ ਸਮਾਨ ਰਖਵਾ ਲਿਆ। ਮਾੜੀ ਕਿਸਮਤ ਨੂੰ ਸੈਨ ਫਰਾਂਸਿਸਕੋ ਏਅਰ ਪੋਰਟ 'ਤੇ ਜਾ ਕੇ ਉਹੀ ਅਟੈਚੀ ਵਾਧੂ ਭਾਰ ਵਾਲਾ ਨਿਕਲਿਆ। ਘਰਦਿਆਂ ਨੇ ਜਿੱਪਾਂ ਖੋਲ੍ਹ ਕੇ ਪਹਿਲਾਂ ਦੋਸਤ ਵਾਲੇ ਪੈਕਟ ਨੂੰ ਹੀ ਹੱਥ ਪਾਇਆ। 'ਲੁੱਟ ਪੈਣ' ਵਾਂਗ ਉਸ ਪੈਕਟ ਦਾ ਅੱਧਾ ਕੁ ਸਮਾਨ ਮੈਂ ਹੈਂਡ ਬੈਗ ਵਿਚ ਤੂਸ ਲਿਆ। ਇਕ-ਦੋ ਕੁ ਆਈਟਮਾਂ ਘਰ ਦੇ ਵਾਪਸ ਲੈ ਆਏ। 'ਧੋਲੇ ਦੀ ਬੁੜ੍ਹੀ, ਟਕਾ ਸਿਰ ਮੁਨਾਈ' ਵਾਲੀ ਗੱਲ ਉਦੋਂ ਹੋਈ ਜਦੋਂ ਇਹ ਸਮਾਨ ਲੈਣ ਵਾਸਤੇ ਫਰੀਦਕੋਟ ਕੋਲ ਦੇ ਸੱਜਣ, ਸਾਡੇ ਪਿੰਡ ਜ਼ਿਲ੍ਹਾ ਨਵਾਂ ਸ਼ਹਿਰ ਪਹੁੰਚੇ। ਸਮਾਨ ਪੂਰਾ ਨਾ ਦੇਖ ਕੇ ਉਹ ਡੌਰ-ਭੌਰ ਹੋਏ ਅਤੇ ਸਾਡੇ ਮੂੰਹਾਂ ਵੱਲ ਦੇਖਣ ਲੱਗੇ।

ਇਸੇ ਤਰ੍ਹਾਂ ਇਕ ਵਾਰ ਪੰਜਾਬ ਤੋਂ ਆਉਣ ਲੱਗਿਆਂ ਮੇਰੇ ਕੋਲ ਇਕ ਪਰਿਵਾਰ ਨੇ ਬਹੁੰ-ਬਹੁਤ ਕੁਝ ਦਵਾਈਆਂ ਫੜਾ ਦਿੱਤੀਆਂ; ਹਾਲਾਂਕਿ ਦਵਾਈਆਂ ਨਾਲ ਡਾਕਟਰ ਵੱਲੋਂ ਤਜਵੀਜ਼ਸ਼ੁਦਾ ਕਿਸੇ ਮਰੀਜ਼ ਦਾ ਨਾਂ ਕੋਈ ਨਹੀਂ ਸੀ। ਮੈਂ ਉਨ੍ਹਾਂ ਨੂੰ ਇਹ ਗੱਲ ਦੱਸੀ ਵੀ, ਪਰ ਉਹ ਆਪਣੀਆਂ ਹੀ ਮਾਰੀ ਗਏ। ਉਹੀ ਗੱਲ ਹੋਈ। ਦਿੱਲੀ ਵਾਲਿਆਂ ਨੇ ਤਾਂ ਦਵਾਈਆਂ ਲੰਘ ਲੈਣ ਦਿੱਤੀਆਂ ਪਰ ਸਿੰਘਾਪੁਰ ਵਾਲਿਆਂ ਨੇ ਰੋਕ ਲਈਆਂ। ਅਮਰੀਕਾ ਵਿਚ ਉਹ ਦਵਾਈਆਂ ਉਡੀਕ ਰਹੇ ਸੱਜਣਾਂ ਨੇ ਮੇਰੀ ਗੱਲ 'ਤੇ ਯਕੀਨ ਕੀਤਾ, ਖੋਰੇ ਨਹੀਂ! ਸਮਾਨ ਦੇ ਅਦਾਨ-ਪ੍ਰਦਾਨ ਨੇ ਹੀ ਇਕ ਵਾਰ ਸਾਡੇ ਪਰਿਵਾਰਕ ਰਿਸ਼ਤਿਆਂ ਵਿਚ ਸ਼ੱਕ ਦੇ ਉਹ ਪਾੜੇ ਪਾਏ ਜੋ ਹਾਲੇ ਤੱਕ ਵੀ ਮਿਟਾਏ ਨਹੀਂ ਜਾ ਸਕੇ। ਦਿੱਲੀ ਏਅਰ ਪੋਰਟ 'ਤੇ ਇਕ ਅਟੈਚੀ ਦੀ ਫੋਲਾ-ਫਾਲੀ ਸਮੇਂ ਕਿਸੇ ਵੱਲੋਂ ਭੇਜੇ ਲੇਡੀ ਸੂਟਾਂ ਨਾਲੋਂ ਕੁਝ ਚੁੰਨੀਆਂ ਆਸੇ-ਪਾਸੇ ਹੋ ਗਈਆਂ। ਇਨ੍ਹਾਂ ਬਾਰੇ ਫਿਰ ਕਿੰਨਾ ਚਿਰ ਰੌਲਾ ਪੈਂਦਾ ਰਿਹਾ।

ਵੈਸੇ ਜ਼ਰੂਰੀ ਨਹੀਂ ਕਿ ਸਾਰਿਆਂ ਨਾਲ ਹੀ ਇੰਜ ਹੋਵੇ। ਮੇਰੇ ਮਿੱਤਰ ਹਰਕਿਸ਼ਨ ਸਿੰਘ ਮੰਗੂਵਾਲੀਏ ਨੇ ਵੱਖਰੀ ਹੀ ਮਿਸਾਲ ਕਾਇਮ ਕਰ ਦਿੱਤੀ। ਪੰਜਾਬ ਤੋਂ ਲਿਆਂਦੀਆਂ ਕੁਝ ਕਿਤਾਬਾਂ ਤੇ ਦਵਾਈਆਂ ਲੈ ਕੇ ਸੈਨ ਫਰਾਂਸਿਸਕੋ ਏਅਰ ਪੋਰਟ ਤੋਂ ਉਹ ਸਿੱਧਾ ਮੇਰੇ ਘਰ ਆਇਆ, ਆਪਣੇ ਘਰੇ ਬਾਅਦ ਵਿਚ! ਹੈ ਨਾ ਸਿਰੇ ਦੀ ਕਮਾਲ।

ਹੁਣ ਸੁਣੋ ਮੰਗੂਵਾਲੀਏ ਵੀਰ ਤੋਂ ਇਕ ਦਮ ਉਲਟ ਕਹਾਣੀ! ਅਸੀਂ 2014 ਦੇ ਜਨਵਰੀ ਮਹੀਨੇ ਛੋਟੇ ਬੇਟੇ ਦਾ ਵਿਆਹ ਕਰਨ ਪੰਜਾਬ ਗਏ। ਫਰਵਰੀ ਦੇ ਅਖੀਰ ਅਸੀਂ ਵਾਪਸ ਆ ਗਏ। ਵਿਆਹ ਦੀ ਮੂਵੀ ਤਿਆਰ ਹੋਈ ਅਪਰੈਲ ਦੇ ਪਹਿਲੇ ਹਫਤੇ। ਇਹ ਮੂਵੀ ਬਣਾਉਣ ਵਾਲਾ ਫੋਟੋਗ੍ਰਾਫਰ ਜੋ ਸਾਡਾ ਚੰਗਾ ਨਿਕਟਵਰਤੀ ਜਾਣੂ ਹੈ, ਸਾਡੇ ਰਿਸ਼ਤੇਦਾਰ ਮੁੰਡੇ ਨੂੰ ਕਹਿਣ ਲੱਗਾ ਕਿ ਸੀਡੀਆਂ ਭੇਜਣ ਲਈ ਡਾਕ ਖਰਚਾ ਕਾਹਨੂੰ ਕਰਨਾ ਹੈ; ਮੇਰਾ ਇਕ ਹੋਰ ਜਾਣੂ ਪਰਿਵਾਰ ਅਮਰੀਕਾ ਤੋਂ ਵਿਆਹ ਕਰਨ ਪੰਜਾਬ ਆਇਆ ਹੋਇਐ। ਉਹ ਅਪਰੈਲ ਦੀ 27 ਤਾਰੀਖ ਨੂੰ ਵਾਪਸ ਜਾ ਰਹੇ ਨੇ। ਸੀਡੀਆਂ ਉਨ੍ਹਾਂ ਕੋਲ ਭੇਜ ਦਿਆਂਗੇ। ਰਿਸ਼ਤੇਦਾਰ ਮੁੰਡੇ ਨੇ ਜਦ ਸਾਨੂੰ ਇਹ ਗੱਲ ਦੱਸੀ, ਤਦ ਅਸੀਂ ਪੁੱਛਿਆ ਕਿ ਉਹ ਸੱਜਣ ਕਿਹੜੇ ਸ਼ਹਿਰ ਆ ਰਹੇ ਨੇ?

ਕੁਝ ਸ਼ਸ਼ੋਪੰਜ ਵਿਚ ਮੁੰਡਾ ਕਹਿੰਦਾ, "ਉਹ (ਭਾਵ ਫੋਟੋਗ੍ਰਾਫਰ) ... ਕੁਛ ਇੱਦਾਂ ਦਾ ਨਾਂ ਲੈ ਰਿਹਾ ਸੀ, ਜਿਵੇਂ ਕੋਈ ਖਾਣੇ ਵਾਲੀ ਚੀਜ਼ ਹੁੰਦੀ ਹੈ।"

ਚਾਣਚੱਕ ਚੇਤਾ ਆਉਣ 'ਤੇ ਮੈਂ ਕਿਹਾ, "ਬਰਗਰ ਤਾਂ ਨਹੀਂ?" ਉਹਦੇ 'ਹਾਂ ਹਾਂ' ਕਹਿਣ 'ਤੇ ਮੈਂ ਅੰਦਾਜ਼ਾ ਲਾਉਂਦਿਆਂ ਕਿਹਾ ਕਿ 'ਪਿਟਸਬਰਗ' ਹੋਣੈਂ। ਮੁੰਡੇ ਨੇ ਮੇਰੇ ਮੂੰਹੋਂ ਇਹ ਨਾਂ ਸੁਣ ਕੇ ਪੱਕਾ ਈ ਕਹਿ ਦਿੱਤਾ ਕਿ 'ਹਾਂ ਜੀ ਇਹੀ, ਪਿਟਸਬਰਗ ਹੀ ਹੈ।' ਅਸੀਂ ਸੈਨ ਹੋਜ਼ੇ ਤੋਂ ਇਹ ਸ਼ਹਿਰ ਬਹੁਤੀ ਦੂਰ ਨਾ ਹੋਣ ਕਾਰਨ 'ਹਰੀ ਝੰਡੀ' ਦੇ ਦਿੱਤੀ। ਮੁੰਡਾ ਸੀਡੀਆਂ ਤੇ ਦੋ-ਤਿੰਨ ਕੁ ਗੋਲੀਆਂ (ਦਵਾਈਆਂ) ਦੇ ਪੱਤੇ ਅਮਰੀਕਾ ਆਉਣ ਵਾਲਿਆਂ ਨੂੰ ਸੌਂਪ ਆਇਆ। ਨਾਲ ਹੀ ਸਾਡਾ ਐਡਰੈਸ ਤੇ ਸਾਡੇ ਫੋਨ ਨੰਬਰ ਵੀ।

ਫੋਟੋਗ੍ਰਾਫਰ ਦੇ ਦੱਸੇ ਮੁਤਾਬਿਕ ਅਮਰੀਕਾ ਆਉਣ ਵਾਲਿਆਂ ਨੇ 27 ਅਪਰੈਲ ਨੂੰ ਸਵੇਰੇ ਇਥੇ ਪਹੁੰਚਣਾ ਸੀ। ਇਸੇ ਦੌਰਾਨ ਜਦੋਂ ਸਾਨੂੰ ਪੰਜਾਬ ਵਾਲੇ ਮੁੰਡੇ ਨੇ ਐਸ.ਐਮ.ਐਸ. ਰਾਹੀਂ ਸੀਡੀਆਂ ਤੇ ਦਵਾਈ ਲਿਆਉਣ ਵਾਲਿਆਂ ਦਾ ਐਡਰੈਸ ਤੇ ਫੋਨ ਨੰਬਰ ਭੇਜਿਆ, ਅਸੀਂ ਇਹ ਦੇਖ ਕੇ ਹੈਰਾਨ ਹੀ ਰਹਿ ਗਏ! ਸਾਡਾ ਸਮਾਨ ਲਿਆਉਣ ਵਾਲੇ ਸੱਜਣ ਪਿਟਸਬਰਗ ਨਹੀਂ, ਸਗੋਂ ਸਾਥੋਂ 9-10 ਘੰਟੇ ਦੀ ਡਰਾਈਵ 'ਤੇ ਸਥਿਤ ਸ਼ਹਿਰ ਬੇਕਰਜ਼ਫੀਲਡ ਦੇ ਨਿਵਾਸੀ ਸਨ। ਇਹ ਮਾਜਰਾ ਦੇਖ ਕੇ ਮੈਨੂੰ ਬੜਾ ਗੁੱਸਾ ਆਇਆ ਕਿ ਫੋਟੋਗ੍ਰਾਫਰ ਤੇ ਸਮਾਨ ਭੇਜਣ ਵਾਲਾ ਮੁੰਡਾ-ਦੋਵੇਂ ਯੂਨੀਵਰਸਿਟੀ ਦੇ ਪੜ੍ਹੇ ਹੋਏ ਆਪਸੀ ਗੂੜ੍ਹੇ ਦੋਸਤ, ਦੋਹਾਂ ਕੋਲ ਹੀ ਮਹਿੰਗੇ ਮੋਬਾਈਲ ਫੋਨ-ਜਿਨ੍ਹਾਂ 'ਤੇ ਪਲਾਂ ਵਿਚ ਹੀ ਲਿਖਤੀ ਸੁਨੇਹਿਆਂ ਦਾ ਅਦਾਨ-ਪ੍ਰਦਾਨ ਹੋ ਸਕਦਾ ਹੈ। ਉਨ੍ਹਾਂ ਦੋਹਾਂ 'ਪਾੜ੍ਹਿਆਂ' ਨੇ ਅਨਪੜ੍ਹਾਂ ਵਾਲਾ ਚੰਦ ਚਾੜ੍ਹ ਦਿੱਤਾ। ਖਾਣੇ ਵਾਲੀ ਚੀਜ਼ ਪਿਟਸਬਰਗ ਤੇ ਬੇਕਰਜ਼ਫੀਲਡ!

ਖੈਰ! ਮੈਂ 27 ਅਪਰੈਲ ਤੋਂ ਦੂਜੇ ਦਿਨ ਬੇਕਰਜ਼ਫੀਲਡ ਫੋਨ ਕੀਤਾ। ਅੱਗਿਉਂ ਬੋਲ ਰਹੇ ਬੀਬੀ ਜੀ ਨੂੰ ਮੈਂ ਰਾਜ਼ੀ-ਖੁਸ਼ੀ ਪੁੱਛ ਕੇ ਬੇਨਤੀ ਕੀਤੀ ਕਿ ਅਗਰ ਤੁਸੀਂ ਸਾਡਾ ਸਮਾਨ ਡਾਕ ਰਾਹੀਂ ਭੇਜ ਦੇਵੋਂ ਤਾਂ ਅਤਿਅੰਤ ਮਿਹਰਬਾਨੀ ਹੋਵੇਗੀ। ਬੀਬੀ ਜੀ ਨੇ ਬੜੇ ਖੁਸ਼ ਮੂਡ ਵਿਚ ਮੈਥੋਂ ਸਾਡਾ ਪੋਸਟਲ ਐਡਰੈਸ ਮੰਗਿਆ ਜੋ ਮੈਂ ਉਸੇ ਵਕਤ ਐਸ.ਐਮ.ਐਸ. ਰਾਹੀਂ ਭੇਜ ਦਿੱਤਾ। ਜਕਦਿਆਂ-ਜਕਦਿਆਂ ਮੈਂ ਇਹ ਪੇਸ਼ਕਸ਼ ਵੀ ਕਰ ਦਿੱਤੀ ਕਿ ਜੇ ਖਰਚਾ ਜ਼ਿਆਦਾ ਆ ਗਿਆ ਤਾਂ ਅਸੀਂ ਤੁਹਾਨੂੰ ਚੈਕ ਭੇਜ ਦਿਆਂਗੇ, ਪਰ ਉਨ੍ਹਾਂ ਕਿਹਾ ਕਿ ਅਸੀਂ ਕੱਲ੍ਹ ਤੁਹਾਡਾ ਸਮਾਨ 'ਮੇਲ' ਕਰ ਦਿਆਂਗੇ।

ਲਓ ਜੀ, ਹੁਣ ਸ਼ੁਰੂ ਹੋ ਗਈ ਚੂਹਾ ਬਿੱਲੀ ਵਾਲੀ ਖੇਡ! ਅਸੀਂ ਅਟ-ਸਟਾ ਹਿਸਾਬ ਲਾ ਕੇ ਪਹਿਲੀ ਮਈ ਤੋਂ ਆਪਣਾ 'ਮੇਲ ਬਾਕਸ' ਚਾਈਂ-ਚਾਈਂ ਖੋਲ੍ਹਣਾ ਸ਼ੁਰੂ ਕਰ ਦਿੱਤਾ। ਕੰਮਾਂ 'ਤੇ ਗਏ ਹੋਏ ਘਰ ਦੇ ਜੀਅ, ਘਰੇ ਫੋਨ ਕਰ-ਕਰ ਪੁੱਛਦੇ, "ਮੂਵੀਆਂ ਆ ਗਈਆਂ?" ਅੱਗਿਉਂ ਮਾਯੂਸ ਆਵਾਜ਼ 'ਚ 'ਨਹੀਂ' ਦਾ ਜਵਾਬ ਸੁਣ ਕੇ, ਪੁੱਛਣ ਵਾਲੇ ਵੀ ਛਿੱਥੇ ਜਿਹੇ ਪੈ ਜਾਂਦੇ। ਸਭ ਤੋਂ ਵੱਧ ਚਾਅ ਭਰੀ ਉਡੀਕ ਸਾਡੇ ਬੇਟੇ ਨੂੰ ਸੀ ਜੋ ਵਿਆਹ ਤੋਂ ਬਾਅਦ ਆਪਣੀ ਨਵ-ਵਿਆਹੀ ਪਤਨੀ ਕੋਲ ਸਿਰਫ਼ ਇਕ ਮਹੀਨਾ ਰਹਿ ਕੇ ਹੀ ਅਮਰੀਕਾ ਪਹੁੰਚ ਕੰਮ 'ਤੇ ਆ ਲੱਗਾ ਸੀ। ਉਹ ਰੋਜ਼ ਦਾਈ-ਤਿੰਨ ਕੁ ਵਜੇ ਆਪਣੀ ਮੰਮੀ ਨੂੰ ਉਤਸੁਕਤਾ ਨਾਲ ਫੋਨ ਕਰ ਕੇ ਸੀਡੀਆਂ ਬਾਰੇ ਪੁੱਛ ਲੈਂਦਾ ਪਰ ਕੋਈ ਡਾਕਖਾਨੇ ਜਾ ਕੇ ਸੀਡੀਆਂ 'ਮੇਲ' ਕਰਦਾ, ਤਾਂ ਹੀ ਸਾਡੇ 'ਡਾਕ ਡੱਬੇ' ਵਿਚੋਂ ਨਿਕਲਦੀਆਂ। ਕੁਝ ਦਿਨ ਹੋਰ ਉਡੀਕ ਕੇ ਅਸੀਂ ਬੇਕਰਜ਼ਫੀਲਡ ਵਾਲਿਆਂ ਨੂੰ ਫੋਨ ਕੀਤਾ। ਫੋਨ ਬੰਦ ਆਉਣ 'ਤੇ ਸਵੇਰੇ ਸ਼ਾਮ ਮੈਸਿਜ ਛੱਡੇ। ਕੋਈ ਪਤਾ ਸੁਰ ਨਾ ਲੱਗਾ ਕਿ ਸਮਾਨ ਮੇਲ ਕਰ ਦਿੱਤਾ ਹੈ ਕਿ ਨਹੀਂ।

ਆਖਰ ਹਫਤਾ ਬੀਤ ਜਾਣ ਬਾਅਦ ਜਦੋਂ ਮੇਰੀ ਬੇਟੀ ਨੇ ਇਕ ਸ਼ਾਮ ਫੋਨ ਕੀਤਾ ਤਾਂ ਬੇਕਰਜ਼ਫੀਲਡ ਵਾਲੇ ਬੀਬੀ ਜੀ ਫਰਮਾਉਣ ਲੱਗੇ ਕਿ ਮੈਂ ਬਾਰਾਂ-ਬਾਰਾਂ ਘੰਟੇ ਜੌਬ ਕਰਦੀ ਹਾਂ। ਮੇਰੇ ਕੋਲ ਟਾਈਮ ਨਹੀਂ ਪੋਸਟ ਆਫਿਸ ਜਾਣ ਦਾ। ਕਈ ਤਰ੍ਹਾਂ ਦੇ ਵਾਦ-ਵਿਵਾਦ ਤੋਂ ਬਾਅਦ ਬੀਬੀ ਜੀ ਕਹਿੰਦੇ ਕਿ ਮੈਨੂੰ ਟਿਕਟਾਂ ਲੱਗਿਆ ਲਿਫ਼ਾਫ਼ਾ ਭੇਜੋ, ਫਿਰ ਮੈਂ ਮੇਲ ਕਰਾਂਗੀ।

ਜਦੋਂ ਬੇਟੀ ਸਮਾਨ ਦਾ 'ਵੇਟ' ਪੁੱਛ ਰਹੀ ਸੀ, ਉਸੇ ਵਕਤ ਮੈਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਬੇਕਰਜ਼ੀਫੀਲਡ ਰਹਿੰਦੇ ਆਪਣੇ ਪਰਮ ਮਿੱਤਰ ਭਾਈ ਬਲਕਾਰ ਸਿੰਘ ਮਿਸ਼ਨਰੀ ਜ਼ਿੰਮੇ ਇਹ 'ਸੇਵਾ' ਲਾਈ ਜਾਵੇ। ਬੇਟੀ ਦਾ ਫੋਨ ਬੰਦ ਕਰਵਾ ਕੇ ਭਾਈ ਮਿਸ਼ਨਰੀ ਨੂੰ ਸਾਰਾ ਕਿੱਸਾ ਕਹਿ ਸੁਣਾਇਆ। ਗੁਰਮੁਖ ਪਿਆਰੇ ਭਾਈ ਸਾਹਿਬ ਨੇ ਵੱਡੀ ਪ੍ਰਸੰਨਤਾ ਨਾਲ ਇਹ ਕੰਮ ਨੇਪਰੇ ਚਾੜ੍ਹਨ ਦਾ ਭਰੋਸਾ ਦਿਵਾਇਆ। ਘਰ ਤੋਂ ਕਾਫੀ ਦੂਰ ਬਾਹਰ ਗਏ ਹੋਣ ਦੇ ਬਾਵਜੂਦ ਉਨ੍ਹਾਂ ਆਪਣੇ ਬੇਟੇ ਨੂੰ ਉਸ ਬੀਬੀ ਦੇ ਘਰੇ ਜਾਣ ਲਈ ਫੋਨ ਕੀਤਾ।

'ਬੇਟਾ ਵੱਖ-ਵੱਖ ਟਾਈਮ 'ਤੇ ਉਸ ਬੀਬੀ ਦੇ ਘਰੇ ਗਿਆ, ਪਰ ਉਹ ਘਰ ਨਹੀਂ ਮਿਲਦੇ... ਕੋਸ਼ਿਸ਼ ਜਾਰੀ ਹੈ।' ਸੱਤ ਮਈ ਨੂੰ ਆਏ ਇਸ ਨਿਰਾਸ਼ਾਜਨਕ ਸੁਨੇਹੇ ਤੋਂ ਬਾਅਦ 8 ਮਈ ਸ਼ਾਮ ਨੂੰ ਭਾਈ ਬਲਕਾਰ ਸਿੰਘ ਵੱਲੋਂ ਆਇਆ ਮੈਸਿਜ ਪੜ੍ਹ ਕੇ ਸਾਡੀਆਂ ਰੂਹਾਂ ਖਿੜ ਗਈਆਂ,

"ਸਾਰਾ ਸਮਾਨ ਬੇਟਾ ਲੈ ਆਇਆ ਏ, ਮੋਰਚਾ ਫਤਹਿ ਹੋ ਗਿਆ ਹੈ।"

---

## ਮਾਂਵਾਂ ਦਾ ਦਿਨ

ਬੱਚਿਆਂ ਲਈ ਸੁੱਖਾਂ ਸੁੱਖਣ ਮਾਂਵਾਂ।
ਆਪੂੰ ਤਿਲ-ਤਿਲ ਮੁੱਕਣ ਮਾਂਵਾਂ।
ਜੇ ਇਕ ਹੀ ਦਿਨ ਹੈ ਮਾਂਵਾਂ ਦਾ,
ਨਾ ਮੁੱਲ ਉਨ੍ਹਾਂ ਦੇ ਚਾਵਾਂ ਦਾ।

ਮਾਂ ਨੂੰ ਰੱਬ ਦਾ, ਰੂਪ ਨੇ ਕਹਿੰਦੇ।
ਪਰ ਬੱਚੇ ਮਾਂ ਕੋਲ ਨ੍ਹੀਂ ਬਹਿੰਦੇ।
ਮਾਂ ਉਨ੍ਹਾਂ ਲਈ ਸੁੱਖਾਂ ਸੁੱਖਦੀ,
ਰਹੇ ਆਪਣੇ ਅੰਦਰ ਧੁਖਦੀ।

ਫਿਰ ਮਾਂ ਜਦੋਂ ਹੈ ਬੁੱਢੀ ਹੋ ਜਾਏ।
ਟੱਬਰ ਪਾਲਦੀ, ਕੁੱਬੀ ਹੋ ਜਾਏ।
ਉਸ ਦੇ ਨੇੜ ਨਾ ਆਵਣ ਬੱਚੇ,
ਸਾਰਾ ਕੁਝ ਭੁੱਲ ਜਾਵਣ ਬੱਚੇ।

ਸਭਨਾਂ ਦੇ ਨਾਲ ਲਾਡ ਲਡਾਈਏ।
ਪਰ ਮਾਂਵਾਂ ਨੂੰ ਨਾ ਭੁੱਲ ਜਾਈਏ।
ਮਾਂ ਦੀ ਵੱਖਰੀ ਥਾਂ ਹੁੰਦੀ ਆ,
ਸਭ ਤੋਂ ਉਚੀ ਮਾਂ ਹੁੰਦੀ ਆ!

ਮਾਂਵਾਂ ਨੂੰ ਬੱਚੜੇ ਹਨ ਛੱਡ ਜਾਂਦੇ।
ਦੂਰ ਕਿਤੇ ਜਾ ਆਲ੍ਹਣਾ ਪਾਂਦੇ।
ਕਦੇ-ਕਦੇ ਉਹ ਫੇਰਾ ਪਾਵਣ,
ਦੋ ਛਿੱਲੜ ਮਾਂ ਹੱਥ ਫੜਾਵਣ।

ਏਦਾਂ ਉਹ ਫਰਜ਼ ਨਿਭਾ ਨ੍ਹੀਂ ਸਕਦੇ
ਮਾਂ ਦਾ ਕਰਜ਼ਾ ਲਾਹ ਨ੍ਹੀਂ ਸਕਦੇ।
ਮਾਂਵਾਂ ਨੂੰ ਸਤਿਕਾਰ ਚਾਹੀਦਾ।
ਸਭਨਾਂ ਦਾ ਪਿਆਰ ਚਾਹੀਦਾ।

ਮਾਂਵਾਂ ਨੂੰ ਖੁਸ਼ ਰੱਖੀਏ ਯਾਰੋ।
ਇੰਜ ਉਨ੍ਹਾਂ ਦਾ ਕਰਜ਼ ਉਤਾਰੋ।
ਮਾਂ ਦੀ ਕਰਨੀ ਬਣਦੀ ਪੂਜਾ,
ਮਾਂ ਦੇ ਤੁੱਲ ਨਾ ਕੋਈ ਦੂਜਾ।

ਸਭ ਹੋ ਜਾਣ ਤਾਂ ਮਾਂਵਾਂ ਦੇ ਦਿਨ।
ਮਾਂਵਾਂ ਠੰਡੀਆਂ ਛਾਂਵਾਂ ਦੇ ਦਿਨ।
ਆਵੋ! ਆਪਾਂ ਫਰਜ਼ ਨਿਭਾਈਏ,
ਮਾਂਵਾਂ ਦੇ ਦਿਨ ਰੋਜ਼ ਮਨਾਈਏ।

*-ਰਾਜੇਸ਼ਵਰ ਸਿੰਘ ਸੁਰਾਪੁਰੀ*
*ਫੋਨ: 916-969-9337*

---

## ਮਾਂ

ਮਾਂ ਵਰਗਾ ਨਾ ਗੂੜ੍ਹਾ ਰਿਸ਼ਤਾ
ਬੋਹੜ ਜਿਹੀ ਨਾ ਛਾਂ,
ਮਾਂ ਦੀ ਗੋਦ ਦਾ ਨਿੱਘ ਨਿਆਰਾ
ਬੋਹੜ ਦੀ ਗੂੜ੍ਹੀ ਛਾਂ।
ਹਰ ਠੋਕਰ ਤੋਂ ਆਪ ਮੁਹਾਰੇ
ਮੂੰਹ 'ਚੋਂ ਮਾਂ ਹੀ ਨਿਕਲੇ,
ਤਾਪ ਚੜ੍ਹੇ ਤਾਂ ਹਰ ਹੂੰਗੇ ਨਾਲ
ਮੁੱਖੋਂ ਮਾਂ ਹੀ ਨਿਕਲੇ।
ਮਾਂ ਨੂੰ ਰੱਬ ਦਾ ਰੂਪ ਹੈ ਕਹਿੰਦੇ
ਰੱਬ ਨਾ ਕਿਸੇ ਵੀ ਡਿੱਠਾ,
ਬੱਚਿਆਂ ਉਤੇ ਸਦਕੇ ਜਾਵੇ
ਧਰਤੀ ਉਤੇ ਮਾਂ।...

ਦਿਨ ਟਪਦਿਆਂ ਹਰ ਔਰਤ ਨੂੰ
ਜਦ ਇਹ ਸੋਝੀ ਆਈ,
ਇਕੱਲੀ ਨਹੀਂ ਹੁਣ, ਗਰਭ 'ਚ
ਇਕ ਆਤਮਾ ਲੈ ਰਹੀ ਅੰਗੜਾਈ।
ਖਾਣਾ-ਪੀਣਾ, ਪਹਿਨਣ ਬਦਲਿਆ
ਨੌਂ ਮਹੀਨੇ ਦਾ ਸ਼ਿਲਾ ਕਮਾ ਕੇ,
ਜੀਵਨ-ਮਰਨ ਦਾ ਖੇਲ ਖੇਲ ਕੇ
ਮਾਂ ਦੀ ਪਦਵੀ ਪਾਈ।
ਕਾਲਾ ਟਿੱਕਾ ਬਾਲ ਨੂੰ ਲਾਵੇ
ਨਜ਼ਰ ਨਾ ਕੋਈ ਲੱਗੇ,
ਵੇਖ ਵੇਖ ਕੇ ਰੂਪ ਉਸ ਦਾ
ਕਦੇ ਨਾ ਰੱਜੇ ਮਾਂ।...

ਤੋਤਲੀ ਬੋਲੀ ਲੋਰੀਆਂ ਦੇ ਕੇ
ਮਾਂ ਬੋਲੀ ਸਮਝਾਉਂਦੀ,
ਲੋੜ ਪਵੇ ਤਾਂ ਝਿੜਕ ਵੀ ਲੈਂਦੀ
ਪਿਆਰ ਨਾਲ ਮਨਾਉਂਦੀ।
ਦੇਸ਼ ਕੌਮ 'ਤੇ ਜਦ ਕਦੇ ਵੀ
ਕੋਈ ਆਫਤ ਆਵੇ,
ਦੁੱਧ ਦੀ ਲਾਜ ਦਾ ਵਾਸਤਾ ਦੇ ਕੇ
ਹੱਥੀਂ ਤੇਗ ਫੜਾਉਂਦੀ।
ਮਾਂ ਗੁਜਰੀ, ਮਾਂ ਸਾਹਿਬ ਦੇਵਾਂ ਦੀ
ਪੁਤਰੀ ਭਾਗੋ ਬਣ ਕੇ,
ਜ਼ਾਲਮ ਦੇ ਨਾਲ ਮੱਥਾ
ਲਾਉਣ ਲਈ ਥਾਪੀ ਦਿੰਦੀ ਮਾਂ।...

ਯੁਗ ਬਦਲਿਆ ਦੁਧ ਬਦਲਿਆ
ਫਾਰਮੂਲੇ ਹੁਣ ਆਏ,
ਮਾਂ ਦੀ ਗੋਦ ਥਾਂ ਪਏ ਪੰਘੂੜੇ
ਬੋਤਲ ਨਾਲ ਪਤਿਆਏ।
ਲਾ ਬਕਸੂਏ ਪੈਂਪਰ ਲਾ ਕੇ
ਮਾਂ ਨੇ ਫਿਕਰ ਮੁਕਾਏ।
ਗਿੱਲਾ ਸੁੱਕਾ ਆਪੇ ਹੋ ਲਈਂ
ਵਿਚ ਪੰਘੂੜੇ ਪਾਏ,
ਫਿੱਕੇ ਪੈਂਦੇ ਜਾਂਦੇ ਰਿਸ਼ਤੇ
ਪੇਸ਼ ਕੋਈ ਨਾ ਜਾਏ।
ਪੁੱਤ ਕਪੁੱਤ ਨੇ ਹੋਈ ਜਾਂਦੇ
ਮਾਂ ਰਹਿੰਦੀ ਹੈ ਮਾਂ।...

ਮਾਂ ਦਾ ਦਿਨ ਤਾਂ ਕੰਮ 'ਚ ਲੰਘੇ
ਕੈਸਾ ਸਮਾਂ ਹੈ ਆਇਆ,
ਬੱਚਿਆਂ ਨੂੰ ਹੁਣ ਦਿਨ ਭਰ ਸਾਂਭੇ
ਕਿਰਾਏ 'ਤੇ ਰੱਖੀ ਆਇਆ।
ਇਲੈਕਟ੍ਰਾਨਿਕ ਖੇਡਾਂ ਦੇ ਨਾਲ
ਦਿਨ ਭਰ ਠਾਹ ਠੂਹ ਕਰਦੇ,
ਚੱਜ ਬਿਹਾਰ ਸਭ ਭੁਲ ਭੁਲਾ ਕੇ
ਗੈਂਗਾਂ ਦੇ ਵਿਚ ਰਲਦੇ।
ਦਾਦੀ, ਨਾਨੀ, ਭੂਆ-ਫੂਫੀ
ਸਾਰੇ ਰਿਸ਼ਤੇ ਭੁੱਲੇ,
ਸਭ ਤੋਂ ਹੁਣ ਕੰਨੀ ਕਤਰਾਉਂਦੇ
ਬਸ ਟੀ ਵੀ ਬਣ ਗਈ ਮਾਂ।...

*-ਮਹਿੰਦਰ ਸਿੰਘ ਘੱਗ*
*ਕੈਲੀਫੋਰਨੀਆ।*
*ਫੋਨ: 530-695-1318*

---

## ਕਾਵਿ-ਜਗਤ

### ਗਜ਼ਲ

ਧੁੱਪ 'ਚ ਸੜਦੇ ਨੂੰ ਜਦੋਂ ਅੱਜ ਛਾਂ ਮਿਲੀ, ਮੈਂ ਰੋ ਪਿਆ।
ਬਾਅਦ ਮੁੱਦਤ ਦੇ ਸੀ ਮੈਨੂੰ ਮਾਂ ਮਿਲੀ, ਮੈਂ ਰੋ ਪਿਆ।

ਉਹੀ ਗਲਵੱਕੜੀ ਦੀ ਖੁਸ਼ਬੀ ਉਹੀ ਤ੍ਰਿਪਤਾ ਦੀ ਝਲਕ
ਰੋਣ ਨੂੰ ਸੀ ਜਦ ਮੁਨਾਸਿਬ ਥਾਂ ਮਿਲੀ, ਮੈਂ ਰੋ ਪਿਆ।

ਪੀਂਘ ਸੰਧੂਰੀ ਉਦ੍ਹੇ ਵਾਲਾਂ 'ਚ ਨਾ ਆਈ ਨਜ਼ਰ,
ਉਸ ਦੀਆਂ ਬਾਹਾਂ 'ਚ ਛਣ-ਛਣ ਨਾ ਮਿਲੀ, ਮੈਂ ਰੋ ਪਿਆ।

ਸੀ ਉਦ੍ਹੇ ਨੈਣਾਂ 'ਚ ਚਿੰਤਾ ਝੋਰਿਆਂ ਦਾ ਮੋਤੀਆ,
ਉਸ ਦੇ ਮੁੱਖ 'ਤੇ ਸਦਮਿਆਂ ਦੀ ਛਾਂ ਮਿਲੀ, ਮੈਂ ਰੋ ਪਿਆ।

ਜੋ ਕਦੇ ਮੁਸਕਾਨ ਦੇ ਫੁੱਲਾਂ ਦੀ ਵਾਦੀ ਵਾਂਗ ਸਨ,
ਹੁਣ ਉਨ੍ਹਾਂ ਬੁੱਲਾਂ 'ਤੇ ਜਦ ਚੁਪ-ਚਾਂ ਮਿਲੀ, ਮੈਂ ਰੋ ਪਿਆ।

ਹੁਣ ਨਹੀਂ ਬਚਦਾ ਸਮਝ ਕੇ, ਹੱਸ ਪਿਆ ਕਰਮਾਂ 'ਤੇ ਮੈਂ,
ਡੁੱਬ ਰਹੇ ਨੂੰ ਆਸਰੇ ਦੀ ਬਾਂਹ ਮਿਲੀ, ਮੈਂ ਰੋ ਪਿਆ।

ਭੋਗਦਾ ਬੇਗਾਨਗੀ ਪੱਥਰ ਜਿਹਾ ਸਾਂ ਹੋ ਗਿਆ,
ਅਜਨਬੀ ਰਾਹਾਂ 'ਚ ਮੇਰੀ ਮਾਂ ਮਿਲੀ, ਮੈਂ ਰੋ ਪਿਆ।

*-ਸੁਰਿੰਦਰ ਸੋਹਲ, ਨਿਊ ਯਾਰਕ*

# ਪੰਜਾਬੀ ਸਾਹਿਤ ਸਭਾ ਵਲੋਂ ਮਾਂ ਦਿਵਸ ਨੂੰ ਸਮਰਪਿਤ ਸਾਹਿਤਕ ਮਿਲਣੀ

**ਨਿਊ ਜਰਸੀ (ਬਿਊਰੋ):** ਪੰਜਾਬੀ ਸਾਹਿਤ ਸਭਾ-ਨਿਊ ਯਾਰਕ ਦੀ ਲੰਘੀ 10 ਮਈ ਨੂੰ ਨਿਊ ਜਰਸੀ ਵਿਖੇ ਹੋਈ ਮੀਟਿੰਗ ਮਾਂ ਦਿਵਸ ਨੂੰ ਸਮਰਪਿਤ ਸੀ ਅਤੇ ਇਸ ਮੀਟਿੰਗ ਵਿਚ ਮਾਂਵਾਂ ਬਾਰੇ ਅਤੇ ਮਾਂਵਾਂ ਦੇ ਆਪਣੇ ਬੱਚਿਆਂ ਲਈ ਮੋਹ ਬਾਰੇ ਗੱਲਾਂ ਹੋਈਆਂ। ਮੀਟਿੰਗ ਚੇਤਨ ਸੋਢੀ ਦੇ ਘਰ ਹੋਈ।

ਫਿਰ ਅਜਾਇਬ ਸਿੰਘ ਨੇ 'ਹੋਰ ਕਿਹੜੇ ਮੂਰਖਾਂ ਦੇ ਸਿੰਗ ਹੁੰਦੇ ਨੇ' ਵੀ ਗਾਇਆ। ਵਿਜੇ ਕੁਮਾਰ ਨੇ ਇਕ ਗੀਤ 'ਜੇ ਕੋਈ ਤੀਰਥਾਂ 'ਤੇ ਨਾਵ੍ਹੇ ਨਾਲੇ ਨਾਮ ਜਪੀ ਜਾਵੇ' ਦੇ ਨਾਲ ਨਾਲ ਦੋ ਕਵਿਤਾਵਾਂ 'ਡਾਲਰ' ਅਤੇ 'ਪੱਥਰ' ਪੜ੍ਹੀਆਂ। ਵਿਨੋਦ ਸਿੱਬਲ ਨੇ ਹਰੀਵੰਸ਼ ਰਾਏ ਬਚਨ ਦੀ ਮਧੂਸ਼ਾਲਾ ਆਪਣੇ ਵੱਖਰੇ ਅੰਦਾਜ਼ ਵਿਚ ਗਾ ਕੇ ਵਾਹ ਵਾਹ ਖੱਟੀ। ਪਿੰਕੀ ਢੀਂਗਰਾ ਨੇ ਇਕ ਧਾਰਮਿਕ ਗੀਤ ਅਤੇ ਸਤਵੰਤ ਸਿੰਘ ਨੇ ਦੋ ਹਿੰਦੀ ਗੀਤ ਗਾ ਕੇ ਹਾਜ਼ਰੀ ਲੁਆਈ। ਰਾਜ ਅਟਵਾਲ ਨੇ ਪੰਜਾਬੀ ਦੇ ਕਵੀ ਪਿਸ਼ੌਰਾ ਸਿੰਘ ਢਿੱਲੋਂ ਦੀ ਮਾਂ ਬਾਰੇ ਲਿਖੀ ਕਵਿਤਾ 'ਮਾਂ ਹੀ ਰੱਬ ਦੀ ਮੂਰਤ ਹੈ' ਪੜ੍ਹੀ। ਪੋਲੀ ਜੱਸਲ ਨੇ ਕੁਝ ਉਰਦੂ ਦੇ ਸ਼ੇਅਰ ਸੁਣਾਏ ਅਤੇ ਫਿਰ ਮਾਂ ਬਾਰੇ ਇਕ ਕਵਿਤਾ ਪੜ੍ਹੀ।



ਸਾਹਿਤਕ ਦੌਰ ਵਿਚ ਪ੍ਰੇਮ ਮਾਨ ਨੇ ਸਭਾ ਦੇ ਕੁਝ ਨਵੇਂ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਦਾ ਤੁਆਰਫ ਕਰਾਇਆ ਅਤੇ ਮਾਂ ਬਾਰੇ ਪ੍ਰੋ. ਮੋਹਨ ਸਿੰਘ ਦੀ ਲਿਖੀ ਰੁਬਾਈ 'ਮਾਂ ਵਰਗਾ ਘਣ ਛਾਂਵਾਂ ਬੂਟਾ ਮੈਨੂੰ ਨਜ਼ਰ ਨਾ ਆਵੇ' ਤੇ ਸ਼ਿਵ ਕੁਮਾਰ ਦੀ ਕਵਿਤਾ 'ਮਾਂ, ਹੇ ਮੇਰੀ ਮਾਂ, ਤੇਰੇ ਆਪਣੇ ਦੁੱਧ ਵਰਗਾ ਹੀ ਤੇਰਾ ਸੁੱਚਾ ਨਾਂ' ਸੁਣਾਈ। ਰਮਨਦੀਪ ਕਲਸੀ ਨੇ 'ਕਦੇ ਪਿੰਡ ਯਾਦ ਆਉਂਦਾ, ਕਦੇ ਮਾਂ ਯਾਦ ਆਉਂਦੀ' ਗੀਤ ਗਾ ਕੇ ਸਭ ਮਾਂਵਾਂ ਨੂੰ ਪਿਆਰ-ਸਤਿਕਾਰ ਭੇਟ ਕੀਤਾ। ਰਮਨਦੀਪ ਨੇ 'ਅੱਜ ਵੀ ਨਹੀਂ ਨੱਚਣਾ ਤਾਂ ਕਦੋਂ ਨੱਚਣਾ' ਅਤੇ 'ਪੁਕਾਰੇ ਮੇਰੇ ਵਤਨਾਂ ਦੀ ਮਿੱਟੀ' ਗੀਤਾਂ ਦੇ ਨਾਲ ਨਾਲ ਬੋਲੀਆਂ ਦਾ ਪਿੜ ਭਖਾ ਕੇ ਸਭ ਨੂੰ ਗਿੱਧਾ ਤੇ ਭੰਗੜਾ ਪਾਉਣ ਲਾ ਦਿਤਾ।

ਅਜਾਇਬ ਸਿੰਘ ਨੇ ਮਾਂ ਬਾਰੇ ਇਕ ਗੀਤ 'ਇਕੋ ਮਾਂ ਦੇ ਜਾਏ ਵੱਖਰੇ ਹੋ ਜਦ ਬਹਿੰਦੇ ਨੇ, ਵੇਖ ਵੇਖ ਕੇ ਮਾਂ ਦੇ ਦਿਲ ਨੂੰ ਹੌਲ ਪੈਂਦੇ ਨੇ' ਗਾ ਕੇ ਮਾਂ ਦੇ ਹਾਵ-ਭਾਵਾਂ ਨੂੰ ਪ੍ਰਗਟ ਕੀਤਾ।

ਕਵੀ ਦਲਜੀਤ ਮੋਖਾ ਨੇ ਮਾਂ-ਦਿਵਸ ਦੇ ਸੰਦਰਭ ਵਿਚ ਆਪਣੀ ਪਤਨੀ ਅਤੇ ਧੀਆਂ ਬਾਰੇ ਲਿਖੀ ਕਵਿਤਾ ਪੜ੍ਹੀ। ਪੁਨੀਤ ਵੋਹਰਾ ਨੇ ਹਾਸ-ਰਸ ਦੀਆਂ ਗੱਲਾਂ ਸੁਣਾ ਕੇ ਮੈਂਬਰਾਂ ਦਾ ਦਿਲ ਬਹਿਲਾਇਆ। ਚੇਤਨ ਸੋਢੀ ਨੇ ਪਰਿਵਾਰਾਂ ਵਿਚ ਬਦਲਦੇ ਵਿਹਾਰਾਂ ਬਾਰੇ ਅਤੇ ਮਾਂ ਬਾਰੇ ਗੱਲਾਂ ਕੀਤੀਆਂ। ਮੀਟਿੰਗ ਵਿਚ ਰਾਜਵੰਤ ਮੋਖਾ, ਨੀਲਮ ਸਿੱਬਲ, ਰਾਜਿੰਦਰ ਕੌਰ, ਸਰਬਜੀਤ ਮਾਨ, ਪ੍ਰਕਾਸ਼ ਕੌਰ, ਹਰਜੀਤ ਸਿੰਘ ਜੱਸਲ ਅਤੇ ਸ਼ੀਨਮ ਵੋਹਰਾ ਵੀ ਹਾਜ਼ਰੀ ਸਨ।



*ਮਲਕੀਤ ਸਿੰਘ ਦੀ ਸੀ ਡੀ ਜਾਰੀ ਕਰਦੇ ਹੋਏ ਗੁਰੂ ਘਰ ਦੇ ਪ੍ਰਬੰਧਕ*

# ਗਾਇਕ ਮਲਕੀਤ ਸਿੰਘ ਦੀ ਧਾਰਮਿਕ ਸੀ.ਡੀ. ਸਿੱਖ ਕਲਚਰਲ ਸੁਸਾਇਟੀ ਵਿਖੇ ਰਿਲੀਜ਼

**ਨਿਊ ਯਾਰਕ (ਬਿਊਰੋ):** ਪੰਜਾਬੀ ਦੇ ਪ੍ਰਸਿੱਧ ਗਾਇਕ ਮਲਕੀਤ ਸਿੰਘ ਦੀ ਸੱਜਰੀ ਧਾਰਮਿਕ ਸੀ.ਡੀ. 'ਸਿੱਖ ਹੋਣ ਦਾ ਮਾਣ' ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਰਿਲੀਜ਼ ਕੀਤੀ ਗਈ। ਇਹ ਸੀ.ਡੀ. ਗੁਰੂ ਘਰ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ ਨੇ ਰਲੀਜ਼ ਕੀਤੀ। ਇਸ ਮੌਕੇ ਗੁਰੂ ਘਰ ਦੇ ਚੇਅਰਮੈਨ-ਮੋਹਣ ਸਿੰਘ ਖੱਟੜਾ, ਸਪੋਰਟਸ ਚੇਅਰਮੈਨ-ਹਰਬੰਸ ਸਿੰਘ ਢਿੱਲੋਂ, ਸਕੱਤਰ ਬੋਰਡ ਆਫ ਟਰੱਸਟ-ਸੁਰਜੀਤ ਸਿੰਘ ਮੂਧਲ, ਸਕੱਤਰ-ਜਗੀਰ ਸਿੰਘ, ਕੁਲਬੀਰ ਸਿੰਘ ਪ੍ਰੇਮਪੁਰੀ, ਬਲਕਾਰ ਸਿੰਘ ਸੱਲ੍ਹਾਂ, ਹੈਡਗ੍ਰੰਥੀ ਭਾਈ ਭੁਪਿੰਦਰ ਸਿੰਘ ਅਤੇ ਗਿਆਨੀ ਧਰਮਵੀਰ ਸਿੰਘ ਨੇ ਗਾਇਕ ਮਲਕੀਤ ਸਿੰਘ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ।

ਇਸ ਮੌਕੇ ਮਲਕੀਤ ਸਿੰਘ ਨੇ ਗੁਰੂ ਘਰ ਦੀ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਸੰਗਤ ਦਾ ਧੰਨਵਾਦ ਕੀਤਾ। ਮਲਕੀਤ ਸਿੰਘ ਨੂੰ ਟਰਾਫੀ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

# ਕਥਾਵਾਚਕ ਗਿਆਨੀ ਧਰਮਵੀਰ ਸਿੰਘ ਦੀਆਂ ਦੋ ਧਾਰਮਿਕ ਪੁਸਤਕਾਂ ਰਿਲੀਜ਼

**ਨਿਊ ਯਾਰਕ (ਬਿਊਰੋ):** ਪੰਥ ਪ੍ਰਸਿਧ ਕਥਾਵਾਚਕ ਗਿਆਨੀ ਧਰਮਵੀਰ ਸਿੰਘ ਲੁਧਿਆਣਾ ਵਾਲਿਆਂ ਦੀਆਂ ਦੋ ਧਾਰਮਿਕ ਪੁਸਤਕਾਂ 'ਨਿਆਰਾ ਖਾਲਸਾ' ਅਤੇ 'ਜੀਵਨਾ ਸਫਲ ਜੀਵਨ' ਲੰਘੇ ਐਤਵਾਰ ਨੂੰ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿੱਚਮੰਡ ਹਿੱਲ ਵਿਖੇ ਰਿਲੀਜ਼ ਕੀਤੀਆਂ ਗਈਆਂ।

ਜ਼ਿਕਰਯੋਗ ਹੈ ਕਿ ਗਿਆਨੀ ਧਰਮਵੀਰ ਸਿੰਘ ਅੱਜ ਕੱਲ੍ਹ ਅਮਰੀਕਾ ਦੌਰੇ 'ਤੇ ਹਨ ਅਤੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇ ਰੋਜ਼ਾਨਾ ਸਵੇਰੇ-ਸ਼ਾਮ ਕਥਾ ਰਾਹੀਂ ਸੇਵਾ ਨਿਭਾ ਰਹੇ ਹਨ। ਪੁਸਤਕਾਂ ਦੇ ਰਿਲੀਜ਼ ਸਮਾਗਮ ਮੌਕੇ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਭੁਪਿੰਦਰ ਸਿੰਘ, ਪ੍ਰਧਾਨ ਗੁਰਦੇਵ ਸਿੰਘ ਕੰਗ, ਚੇਅਰਮੈਨ ਮੋਹਨ ਸਿੰਘ ਖੱਟੜਾ, ਸਕੱਤਰ ਕੁਲਦੀਪ ਸਿੰਘ ਢਿੱਲੋ, ਜਗੀਰ ਸਿੰਘ ਖਲੀਲ, ਹਰਬੰਸ ਸਿੰਘ ਢਿੱਲੋਂ ਸਮੇਤ ਹੋਰ ਭਾਈਚਾਰੇ ਦੇ ਪਤਵੰਤੇ ਹਾਜ਼ਰ ਸਨ।



*ਨਿਊ ਯਾਰਕ: ਵਿਧਾਇਕ ਸੋਹਨ ਸਿੰਘ ਠੰਡਲ ਦਾ ਇਥੇ ਪਹੁੰਚਣ 'ਤੇ ਅਕਾਲੀ ਦਲ ਵਲੋਂ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਹ ਸਨਮਾਨ ਯੂਥ ਅਕਾਲੀ ਦਲ ਦੇ ਪ੍ਰਧਾਨ ਬਲਵਿੰਦਰ ਸਿੰਘ ਅਤੇ ਹੋਰ ਅਹੁਦੇਦਰਾਂ ਵਲੋਂ ਕੀਤਾ ਗਿਆ। ਇਸ ਮੌਕੇ ਨਿਊ ਯਾਰਕ ਅਕਾਲੀ ਦਲ ਦੇ ਪ੍ਰਧਾਨ ਰਘਬੀਰ ਸਿੰਘ ਸੁਭਾਨਪੁਰ ਅਤੇ ਅਕਾਲੀ ਆਗੂ ਪ੍ਰੀਤਮ ਸਿੰਘ ਗਿਜਲੀਆਂ ਵੀ ਹਾਜ਼ਰ ਸਨ। ਸਨਮਾਨ ਮੌਕੇ ਸਥਾਨਕ ਅਕਾਲੀ ਆਗੂ ਅਤੇ ਪਤਵੰਤੇ ਵਿਧਾਇਕ ਸੋਹਨ ਸਿੰਘ ਠੰਡਲ ਨਾਲ (ਤਸਵੀਰ: ਬੀ ਜੇ ਸਟੂਡੀਓ)*







H K TRANSPORT INC

Division of HK Incorporated

1401 West Ray St, Indianapolis, IN 46221

Ph: 317-408-3211, web: www.hktransportinc.com



ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਨਵੇਂ ਨਕੋਰ ਟਰੇਲਰ ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰ ਲਈ |
| --- | --- |
| 92% ਫਲੈਟ ਡਿਸਪੈਚ<br>30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ<br>ਨਵੇਂ ਨਕੋਰ ਟਰੇਲਰ<br>ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ<br>ਹਰ 15 ਦਿਨ ਬਾਅਦ ਅਦਾਇਗੀ | 42 ਸੈਂਟ ਤੱਕ ਪ੍ਰਤੀ ਮੀਲ<br>95% ਲੋਡ ਯਾਰਡ 'ਚ ਹੁੱਕ ਐਂਡ ਡਰਾਪ<br>ਨਵੇਂ ਨਕੋਰ ਟਰੇਲਰ<br>ਵਧੀਆ ਅਤੇ ਸਾਫ ਸੁਥਰੇ ਟਰੱਕ<br>ਹਰ 15 ਦਿਨ ਪਿਛੋਂ ਤਨਖਾਹ |

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ ■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ

ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ


ਸੰਪਰਕ ਕਰੋ: ਫੋਨ 317-408-3211

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# ਯਾਦਗਾਰੀ ਹੋ ਨਿਬੜਿਆ ਸ਼ੇਰ-ਏ-ਪੰਜਾਬ ਸੁਸਾਇਟੀ ਦਾ ਵਿਸਾਖੀ ਮੇਲਾ

**ਸਿਨਸਿਨੈਟੀ, ਓਹਾਇਓ (ਪੰਜਾਬ ਟਾਈਮਜ਼ ਬਿਊਰੋ):** ਸਥਾਨਕ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਵਲੋਂ ਇਥੇ ਲੰਘੀ 3 ਮਈ ਨੂੰ ਮਨਰੋ ਹਾਈ ਸਕੂਲ ਦੇ ਆਡੀਟੋਰੀਅਮ ਵਿਚ ਕਰਵਾਏ ਗਏ ਇਸ ਦੇ ਤੀਜੇ ਵਿਸਾਖੀ ਮੇਲੇ ਵਿਚ ਵਖ ਵਖ ਉਮਰ ਦੇ ਕਲਾਕਾਰਾਂ ਵਲੋਂ ਗੀਤ-ਸੰਗੀਤ, ਗਿੱਧੇ-ਭੰਗੜੇ, ਨ੍ਰਿਤ ਦੀਆਂ






ਪੇਸ਼ ਕੀਤੀਆਂ ਵਖ ਵਖ ਆਈਟਮਾਂ ਅਤੇ ਵਿਅੰਗਾਤਮਕ ਸਕਿੱਟਾਂ ਨੇ ਸਭਿਆਚਾਰ ਦੇ ਵੰਨ-ਸਵੰਨ ਰੰਗ ਤਾਂ ਪੇਸ਼ ਕੀਤੇ ਹੀ, ਸਗੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਉਸ ਦੀ ਭੈਣ ਦੀ ਆਖਰੀ ਮੁਲਕਾਤ ਦੀ ਪੇਸ਼ਕਾਰੀ ਵੀ ਕਮਾਲ ਦੀ ਸੀ। ਮੇਲੇ ਦੀ ਖਾਸੀਅਤ ਇਹ ਸੀ ਕਿ ਰੰਗਾਂ ਰੰਗ ਆਈਟਮਾਂ ਦੇ ਨਾਲ ਨਾਲ ਛੋਟੀਆਂ ਛੋਟੀਆਂ ਸਕਿੱਟਾਂ ਰਾਹੀਂ ਦਰਸ਼ਕਾਂ ਨੂੰ ਸਮਾਜਿਕ ਤੇ



ਧਾਰਮਿਕ ਤੌਰ 'ਤੇ ਚੇਤੰਨ ਵੀ ਕੀਤਾ ਗਿਆ। ਲੋਕਾਂ ਨੂੰ ਸ਼ਰਾਬ ਵਰਗੇ ਨਸ਼ਿਆਂ ਪ੍ਰਤੀ ਜਾਗਰੂਕ ਅਤੇ ਧਰਮ ਦੇ ਨਾਂ 'ਤੇ ਪਾਖੰਡ ਕਰਨ ਵਾਲੇ ਬਾਬਿਆਂ ਦਾ ਬਾਈਕਟ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਸਿੱਖੀ ਪਰੰਪਰਾ ਅਨੁਸਾਰ ਸ਼ਬਦ 'ਦੇਹ ਸਿਵਾ ਬਰ ਮੋਹਿ ਇਹੈ...' ਨਾਲ ਹੋਈ। ਉਪਰੰਤ ਛੋਟੇ ਬੱਚਿਆਂ ਦੀਆਂ ਨ੍ਰਿਤ ਆਈਟਮਾਂ ਦੀ ਝੜੀ ਹੀ ਲੱਗ ਗਈ। ਗੱਭਰੂਆਂ ਤੇ ਮੁਟਿਆਰਾਂ ਨੇ ਭੰਗੜੇ ਅਤੇ ਗਿੱਧੇ ਦੀ ਅਜਿਹੀ ਧਮਾਲ ਪਾਈ ਕਿ ਦਰਸ਼ਕ ਵਾਹ ਵਾਹ ਕਰ ਉਠੇ। ਬੱਚਿਆਂ ਨੇ ਬਾਲੀਵੁੱਡ ਸਟਾਈਲ ਡਾਂਸ ਵੀ ਕੀਤਾ।


ਮਿਸ਼ੀਗਨ ਤੋਂ ਉਚੇਚਾ ਪਹੁੰਚੇ ਲੇਖਕ ਤੇ ਫਿਲਮਸਾਜ਼ ਬੌਬ ਖਹਿਰਾ ਨੇ 'ਤਰਕ ਦੀ ਲੋਅ' ਨਾਂ ਹੇਠ ਇਕ ਛੋਟਾ ਜਿਹਾ ਨਾਟਕ ਪੇਸ਼ ਕਰਕੇ ਲੋਕਾਂ ਨੂੰ ਬਾਬਿਆਂ ਦੇ ਚੁੰਗਲ ਤੋਂ ਨਿਕਲ ਲਈ ਜਾਗਰੂਕ ਕੀਤਾ। ਨਾਟਕ ਵਿਚ ਦੱਸਿਆ ਗਿਆ ਕਿ ਕਿੰਜ ਅਖੌਤੀ ਅਨਪੜ੍ਹ ਬਾਬੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚ ਪਾ ਕੇ ਉਨ੍ਹਾਂ ਦੀ ਲੁੱਟ ਕਰਦੇ ਹਨ। ਇਸ ਨਾਟਕ ਵਿਚ ਬੌਬ ਖਹਿਰਾ ਨੇ ਪਾਖੰਡੀ ਸਾਧ ਦਾ ਰੋਲ ਅਦਾ ਕੀਤਾ ਜਦੋਂਕਿ ਹੋਰ ਕਿਰਦਾਰਾਂ ਵਿਚ ਕੁਮਾਰ ਪਵਨਦੀਪ, ਜਗਤਾਰ ਫੰਟੂ, ਬਲਵਿੰਦਰ ਫੰਟੂ, ਸੋਨੂੰ ਵਾਲੀਆ, ਅਨਮੋਲ ਮਾਵੀ,



ਦਲਜੀਤ ਦੱਲੀ, ਅਮਨ ਮੁਲਤਾਨੀ ਤੇ ਰਾਜੀਵ ਨੇ ਹਿੱਸਾ ਲਿਆ।

ਇਸੇ ਦੌਰਾਨ ਵਿੱਕੀ ਮਜੀਠੀਆ ਨੇ 'ਮੇਰਾ ਪੰਜਾਬ ਬਚਾਓ' ਸਕਿੱਟ ਦੀ ਪੇਸ਼ਕਾਰੀ ਕਰਕੇ ਦਰਸ਼ਕਾਂ ਦੀ ਖੂਬ ਵਾਹ ਵਾਹ ਖੱਟੀ। ਇਸ ਪੇਸ਼ਕਾਰੀ ਵਿਚ ਅੰਮ੍ਰਿਤਪਾਲ ਕੌਰ, ਬਲਵਿੰਦਰ ਫੰਟੂ, ਜਗਤਾਰ ਫੰਟੂ, ਦਲਜੀਤ ਦੱਲੀ, ਦਲਵੀਰ ਗਿੱਲ, ਰਾਜੀਵ, ਅਨਮੋਲ ਮਾਵੀ ਅਤੇ ਸੋਨੂੰ ਵਾਲੀਆਂ ਨੇ ਹਿੱਸਾ ਲਿਆ। ਇਨ੍ਹਾਂ ਨਾਟਕਾਂ ਦੇ ਪਾਤਰਾਂ ਨੇ ਆਪਣੇ ਕਿਰਦਾਰ ਬਾਖੂਬੀ ਨਿਭਾਏ ਤੇ ਦਰਸ਼ਕਾਂ ਨੇ ਵੀ ਭਰਵੀਆਂ ਤਾੜੀਆਂ ਨਾਲ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।

ਸ਼ਹੀਦ ਭਗਤ ਸਿੰਘ ਦੀ ਆਪਣੀ ਭੈਣ ਨਾਲ ਆਖਰੀ ਮੁਲਾਕਾਤ ਦੀ ਪੇਸ਼ਕਾਰੀ ਦੌਰਾਨ ਅਨਮੋਲ ਮਾਵੀ ਤੇ ਹਰਮਨ ਕੌਰ ਬੁੱਟਰ ਦੀ ਅਦਾਕਾਰੀ ਵੀ ਬਾਕਮਾਲ ਸੀ। ਇਸ ਪੇਸ਼ਕਾਰੀ ਰਾਹੀਂ ਸ਼ਹੀਦ ਭਗਤ ਸਿੰਘ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਭੇਟ ਕਰਦਿਆਂ ਅੱਜ ਦੀ ਪੀੜ੍ਹੀ ਵਿਚ ਦੇਸ਼ ਭਗਤੀ ਦਾ ਜਜ਼ਬਾ ਭਰਨ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਅਦਾਕਾਰਾਂ ਨੇ ਹੋਰਨਾਂ ਸਾਥੀਆਂ ਸਮੇਤ ਪੇਸ਼ ਕੀਤੀ ਇਸ ਆਈਟਮ ਦੌਰਾਨ ਸ਼ਹੀਦ ਭਗਤ ਸਿੰਘ ਦੀ ਆਪਣੀ ਭੈਣ ਨਾਲ ਆਖਰੀ ਮਿਲਣੀ ਯਾਦ ਕਰਕੇ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ। ਰਾਜਗੁਰੂ ਅਤੇ ਸੁਖਦੇਵ ਦਾ ਕਿਰਦਾਰ ਸੋਨੂੰ ਵਾਲੀਆਂ ਅਤੇ ਹਰਸਿਮਰਨ ਭੱਟੀ ਦੇ ਨਿਭਾਇਆ।



ਇਸ ਤੋਂ ਇਲਾਵਾ ਗਾਇਕ ਗੁਰਦਾਸ ਮਾਨ ਦੇ ਗੀਤ 'ਰੋਟੀ' ਉਤੇ ਮੁੰਡੇ-ਕੁੜੀਆਂ ਦੇ ਰਲ ਕੇ ਵਧੀਆ ਤਰੀਕੇ ਨਾਲ ਕੋਰੀਓਗ੍ਰਾਫੀ ਕੀਤੀ ਅਤੇ ਨਾਚ ਦੇ ਰੂਪ ਵਿਚ ਇਸ ਗੀਤ ਨੂੰ ਗੁਰਦਾਸ ਸਟਾਈਲ ਵਿਚ ਪੇਸ਼ ਕੀਤਾ। ਨਵਨੀਤ ਬਾਸੀ ਅਤੇ ਜੋਤੀ ਮਹਾਰਾਜਾ ਨੇ ਫੋਕ ਡਾਂਸ ਕੀਤਾ ਜਦਕਿ ਹਰਮਨ ਸਿੱਧੂ ਤੇ ਸੂ ਕੌਰ ਨੇ ਸੋਲੋ ਡਾਂਸ ਕਰਕੇ ਦਰਸ਼ਕਾਂ ਦੇ ਮਨ ਮੋਹੇ। ਵੱਖ ਵੱਖ ਗਰੁਪਾਂ ਦੇ ਬੱਚਿਆਂ ਦੀ ਤਿਆਰੀ ਵਿਚ ਹੈਪੀ ਮਤੋਤ, ਹਰਸਿਮਰਨ ਭੱਟੀ, ਨਵਦੀਪ ਸਿੰਘ, ਅਨਮੋਲ ਮਾਵੀ, ਰਵਨੀਤ ਕੌਰ, ਜੋਤੀ ਮਹਾਰਾਜਾ, ਲਵੀ ਮੁੰਡੀ, ਸੁਖਵਿੰਦਰ ਕੌਰ, ਪ੍ਰਭਜੋਤ ਕਲੇਰ ਅਤੇ ਨਵਨੀਤ ਭੱਟੀ ਨੇ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਸੁਸਾਇਟੀ ਨੇ ਇਨ੍ਹਾਂ ਸਭ ਕੋਆਰਡੀਨੇਟਰਾਂ ਦਾ ਉਚੇਚਾ ਧੰਨਵਾਦ ਕੀਤਾ।

ਇਸ ਦੇ ਨਾਲ ਹੀ ਸਥਾਨਕ ਗਾਇਕਾਂ-ਨਿੰਮਾ ਡੱਲੇਵਾਲਾ ਅਤੇ ਲਖਵਿੰਦਰ ਸਿੰਘ ਮਾਵੀ ਨੇ ਆਪਣੀ ਸਭਿਆਚਾਰਕ ਗਾਇਕੀ ਰਾਹੀਂ ਦਰਸ਼ਕਾਂ ਦਾ ਮਨੋਰੰਜਨ ਕੀਤਾ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਆਗਿਆਪਾਲ ਸਿੰਘ ਬਾਠ, ਕੁਮਾਰ ਪਵਨਦੀਪ ਤੇ ਭੁਪਿੰਦਰ ਮਾਵੀ ਨੇ ਨਿਭਾਈ।

ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਬੱਚਿਆਂ



ਨੂੰ ਮੈਡਲਾਂ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਵੱਖ ਵੱਖ ਗਰੁਪਾਂ ਦਾ ਸਨਮਾਨ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਪਲਾਟੀਨਮ ਸਪਾਂਸਰਾਂ ਅਤੇ ਮੈਂਬਰਾਂ ਵੱਲੋਂ ਕੀਤਾ ਗਿਆ। ਬੱਚਿਆਂ ਨੂੰ ਡਰੈਸਾਂ ਵੀ ਸੁਸਾਇਟੀ ਵਲੋਂ ਮੁਫਤ ਦਿੱਤੀਆਂ ਗਈਆਂ। ਦਰਸ਼ਕਾਂ ਲਈ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਸੀ। ਸੋਮਾ ਸਿੰਘ ਤੇ ਰਾਜੇਸ਼ ਰਾਵਲ ਵਲੋਂ ਸਵਾਦੀ ਖਾਣਾ ਤਿਆਰ ਕਰਨ ਦੀ ਸੇਵਾ ਕੀਤੀ ਗਈ।

ਮੇਲੇ ਦੇ ਪ੍ਰਬੰਧਕਾਂ ਨੇ ਸਥਾਨਕ ਭਾਈਚਾਰੇ ਵਲੋਂ ਮਿਲੇ ਸਹਿਯੋਗ ਲਈ ਧੰਨਵਾਦ ਕਰਦਿਆਂ ਮੇਲੇ ਦੀ ਸਫਲਤਾ ਲਈ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਕਲੱਬ ਦੇ ਪ੍ਰੋਗਰਾਮਾਂ ਨੂੰ ਹੋਰ ਵੀ ਵਧੀਆ ਬਣਾਉਣ ਲਈ ਭਰਪੂਰ ਯਤਨ ਕੀਤੇ ਜਾਣਗੇ। ਸਾਰੇ ਸਪਾਂਸਰਾਂ ਅਤੇ ਮਹਿਮਾਨ ਦਰਸ਼ਕਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਮੇਲੇ ਦੌਰਾਨ ਹਾਲ ਖਚਾ-ਖਚ ਭਰਿਆ ਹੋਇਆ ਸੀ ਅਤੇ ਕਈ ਦਰਸ਼ਕਾਂ ਨੂੰ ਸਾਰਾ ਪ੍ਰੋਗਰਾਮ ਪਿੱਛੇ ਖੜ੍ਹ ਕੇ ਹੀ ਵੇਖਣਾ ਪਿਆ।


ਮੇਲੇ ਦੇ ਪਲਾਟੀਨਮ ਸਪਾਂਸਰਾਂ-ਅਮਰਜੀਤ ਅਗਰਵਾਲ, ਅਮਰਜੀਤ ਤੱਖਰ, ਹਰਿੰਦਰ ਸਿੰਘ ਕੰਗ, ਅਮਰੀਕ ਟਿਵਾਣਾ ਅਤੇ ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਪ੍ਰਧਾਨ ਹਰਵਿੰਦਰ ਵਾਲੀਆ ਨੇ ਪਰਿਵਾਰਾਂ ਸਮੇਤ ਪਹੁੰਚ ਕੇ ਮੇਲੇ ਦੀ ਰੌਣਕ ਵਧਾਈ। ਇਸ ਤੋਂ ਇਲਾਵਾ ਮੇਲੇ ਵੇਖਣ ਸਵਰਨ ਸਿੰਘ ਟਿਵਾਣਾ (ਰੇਡੀਓ ਚੰਨ ਪ੍ਰਦੇਸੀ), ਦਵਿੰਦਰ ਕਾਹਲੋਂ, ਸੋਨੂੰ ਔਜਲਾ, ਜੌਲੀ ਬਾਠ ਅਤੇ ਓਂਕਾਰ ਨਾਗਰਾ ਉਚੇਚਾ ਪਹੁੰਚੇ।

ਮੇਲੇ ਨੂੰ ਕਾਮਯਾਬ ਕਰਨ ਲਈ ਪ੍ਰਧਾਨ ਹਰਵਿੰਦਰ ਸਿੰਘ ਵਾਲੀਆ, ਜਸਵੰਤ ਜੱਸੀ, ਸੁਰਿੰਦਰ ਚੀਮਾ, ਸੁਰਜੀਤ ਸਿੰਘ ਮਾਵੀ, ਪਰਮਿੰਦਰ ਤੱਖਰ, ਗੁਰਮਿੰਦਰ ਸੰਧੂ, ਚਰਨਜੀਤ ਬਰਾੜ, ਜਸਦੇਵ ਗਿੱਲ, ਸੁਸ਼ੀਲ ਅਗਰਵਾਲ, ਬਲਬੀਰ ਬਾਠ, ਬਲਜੀਤ ਸਿੰਘ, ਕੁਮਾਰ ਪਵਨਦੀਪ ਅਤੇ ਬੌਬੀ ਸਿੱਧੂ ਨੇ ਵੀ ਦਿਨ-ਰਾਤ ਇਕ ਕਰੀ ਰਖਿਆ।

***(ਹੋਰ ਤਸਵੀਰਾਂ ਅਗਲੇ ਸਫੇ 'ਤੇ ਦੇਖੋ)***



**ਤਸਵੀਰਾਂ: ਸੋਨੂੰ ਖਹਿਰਾ, ਮਿਸ਼ੀਗਨ**






# ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ, ਸਿਨਸਿਨੈਟੀ (ਓਹਾਇਓ)

## ਵਿਸਾਖੀ ਮੇਲਾ-2014: ਤਸਵੀਰਾਂ ਦੀ ਜ਼ੁਬਾਨੀ





































# ਅੱਖਰਾਂ ਦਾ ਨਾਚ

ਕਲਾ ਪਰਿਕਰਮਾ

## ਕਮਲਜੀਤ ਨੇ ਲਾਇਆ ਰੰਗਾਂ ਤੇ ਸ਼ਬਦਾਂ ਦਾ ਮੇਲਾ

*ਲੁਧਿਆਣੇ ਵੱਸਦੀ ਖੁਸ਼ਨਵੀਸ (ਕੈਲੀਗ੍ਰਾਫਰ) ਕਮਲਜੀਤ ਕੌਰ ਦੇ ਹੱਥਾਂ ਅਤੇ ਦਿਲ-ਓ-ਦਿਮਾਗ ਵਿਚ ਕਲਾ ਦਾ ਵਾਸਾ ਹੈ। ਉਹਦੇ ਹੱਥਾਂ ਦੀ ਛੋਹ ਨਾਲ ਅੱਖਰ ਨੱਚਣ ਲੱਗਦੇ ਹਨ ਅਤੇ ਦੇਖਣ ਵਾਲੇ ਨੂੰ ਇਹ ਕੈਨਵਸ ਉਤੇ ਨਾਗ ਵਾਂਗ ਮੇਲਦੇ ਦਿਸਦੇ ਹਨ। ਉਹ ਇਨ੍ਹਾਂ ਅੱਖਰਾਂ ਵਿਚ ਅਜਿਹੇ ਰੰਗ ਭਰਦੀ ਹੈ ਕਿ ਇਹ ਬੋਲਦੇ ਪ੍ਰਤੀਤ ਹੁੰਦੇ ਹਨ। ਇਹ ਅਸਲ ਵਿਚ ਉਸ ਨੂੰ ਮਿਲੀ ਕਲਾ ਦੀ ਦਾਤ ਹੈ। ਆਪਣੀ ਮਿਹਨਤ ਅਤੇ ਲਗਨ ਸਦਕਾ ਉਹਨੇ ਖੁਸ਼ਨਵੀਸੀ (ਕੈਲੀਗ੍ਰਾਫੀ) ਨੂੰ ਨਵਾਂ ਆਯਾਮ ਦਿੱਤਾ ਹੈ। ਇਸ ਲੇਖ ਵਿਚ ਸੰਜਮਪ੍ਰੀਤ ਸਿੰਘ ਨੇ ਉਹਦੀ ਇਸ ਕਲਾ ਬਾਰੇ ਕੁਝ ਕੁ ਗੱਲਾਂ ਸਾਂਝੀਆਂ ਕੀਤੀ ਹਨ।*



ਕਮਲਜੀਤ ਕੌਰ



ਕਮਲਜੀਤ ਕੌਰ ਅਜੇ ਛੋਟੀ ਹੀ ਸੀ ਜਦੋਂ ਉਸ ਨੇ ਕਾਗਜ਼ ਉਤੇ 'ੳ' 'ਅ' ਲਿਖਣਾ ਸ਼ੁਰੂ ਕਰ ਦਿੱਤਾ। ਉਸ ਨੂੰ ਨਹੀਂ ਸੀ ਪਤਾ ਕਿ ਉਸ ਦਾ ਇਹ ਯਤਨ ਰੰਗਾਂ ਵਿਚ ਘੁਲ ਕੇ ਖੂਬਸੂਰਤ ਕਲਾ ਦਾ ਰੂਪ ਅਖ਼ਤਿਆਰ ਕਰ ਲਵੇਗਾ। 12ਵੀਂ ਵਿਚ ਜਦੋਂ ਉਹਨੂੰ ਦੋ ਬੁਰਸ਼ ਤੋਹਫ਼ੇ ਵਜੋਂ ਮਿਲੇ ਤਾਂ ਉਸ ਨੇ ਅੱਖਰਕਾਰੀ ਵੱਲ ਉਚੇਚਾ ਧਿਆਨ ਦੇਣਾ ਸ਼ੁਰੂ ਕੀਤਾ।



ਸੰਜਮਪ੍ਰੀਤ ਸਿੰਘ
ਫੋਨ: +91-98720-21979


ਉਂਝ ਇਸ ਕਲਾ ਬਾਰੇ ਦੱਸਣ ਵਾਲਾ ਉਹਨੂੰ ਕੋਈ ਨਹੀਂ ਸੀ, ਇਸ ਲਈ ਉਹ ਇਕੱਲੀ ਹੀ ਇਸ ਪੈਂਡੇ ਉਤੇ ਤੁਰ ਪਈ ਅਤੇ ਖੁਸ਼ਨਵੀਸਾਂ (ਕੈਲੀਗ੍ਰਾਫਰਾਂ-ਲਿਪੀਕਾਰਾਂ) ਬਾਰੇ ਪੜ੍ਹਨ ਲੱਗ ਪਈ।... ਤੇ ਅੱਜ ਕਮਲਜੀਤ ਉਮਦਾ ਖੁਸ਼ਨਵੀਸ ਵਜੋਂ ਆਪਣਾ ਨਾਂ ਬਣਾ ਚੁੱਕੀ ਹੈ। 2011 ਅਤੇ 2012 ਵਿਚ ਗੁਰਮੁਖੀ ਖੁਸ਼ਨਵੀਸੀ ਬਾਰੇ ਉਹਦੀਆਂ ਦੋ ਨੁਮਾਇਸ਼ਾਂ ਲੱਗ ਚੁੱਕੀਆਂ ਹਨ। ਜਦੋਂ ਉਹ ਇਹ ਅੱਖਰ ਵਾਹ ਰਹੀ ਹੁੰਦੀ ਹੈ ਤਾਂ ਬੁਰਸ਼ ਹੀ ਨਹੀਂ, ਬਲਕਿ ਉਸ ਦੀਆਂ ਅੱਖਾਂ ਅਤੇ ਹੱਥ ਵੀ ਕੈਨਵਸ ਉਤੇ ਮਾਨੋ ਉਡਾਰੀਆਂ ਭਰ ਰਹੇ ਹੁੰਦੇ ਹਨ।

ਗੁਰਮੁਖੀ ਅਤੇ ਗੁਰਬਾਣੀ ਵੱਲ ਕਮਲਜੀਤ ਦਾ ਮੋੜ ਵੀ ਇਤਫਾਕ ਹੀ ਸੀ। ਉਸ ਦਾ ਜਨਮ ਅਤੇ ਪਾਲਣ-ਪੋਸ਼ਣ ਉਤਰ ਪ੍ਰਦੇਸ਼ ਦੇ ਮੇਰਠ ਸ਼ਹਿਰ ਦਾ ਹੈ। ਉਥੇ ਪੰਜਾਬੀ/ਗੁਰਮੁਖੀ ਉਸ ਦੀ ਪੜ੍ਹਾਈ ਦਾ ਹਿੱਸਾ ਨਹੀਂ ਸੀ। ਉਹ ਤਾਂ ਪੰਜਾਬੀ ਬੋਲਣ ਤੋਂ ਵੀ ਸੰਗਦੀ ਹੁੰਦੀ ਸੀ। ਉਸ ਦੇ ਮਾਤਾ-ਪਿਤਾ ਉਸ ਨੂੰ ਘਰੇ ਪੰਜਾਬੀ ਸਿੱਖਣ ਲਈ ਕਹਿੰਦੇ ਰਹਿੰਦੇ, ਤੇ ਉਹ ਹਰ ਵਾਰ ਘੇਸਲ ਮਾਰ ਜਾਂਦੀ, ਪਰ ਜਦੋਂ ਉਸ ਦਾ ਵਿਆਹ ਲੁਧਿਆਣੇ ਹੋਇਆ ਤਾਂ ਪੰਜਾਬੀ ਤੋਂ ਬਚਣਾ ਮੁਸ਼ਕਿਲ ਹੀ ਨਹੀਂ, ਅਸੰਭਵ ਹੀ ਸੀ। ਫਿਰ ਉਸ ਨੇ ਪੰਜਾਬੀ ਪੜ੍ਹਨੀ ਅਤੇ ਲਿਖਣੀ ਸਿੱਖੀ; ਇਸ ਤੋਂ ਬਾਅਦ ਪੰਜਾਬੀ ਖੁਸ਼ਨਵੀਸੀ ਵੱਲ ਰੁਖ ਕੀਤਾ। ਪੰਜਾਬੀ ਹੋਣ ਦੇ ਨਾਤੇ ਉਸ ਨੂੰ ਜਾਪਦਾ ਸੀ ਕਿ ਉਹ ਗੁਰਮੁਖੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਵਧੇਰੇ ਨੇੜੇ ਹੈ। ਉਹ ਦੱਸਦੀ ਹੈ, "ਪੰਜਾਬੀ ਹੋਣ ਦੇ ਨਾਤੇ ਇਹ ਮੇਰੀ ਜ਼ਿੰਮੇਵਾਰੀ ਸੀ ਕਿ ਮੈਂ ਪੰਜਾਬੀ ਵਿਚ ਹੀ ਖੁਸ਼ਨਵੀਸੀ ਸ਼ੁਰੂ ਕਰਦੀ। ਮੈਨੂੰ ਪੰਜਾਬੀ ਨਾਲੋਂ ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਕਿਤੇ ਵੱਧ ਚੰਗੀ ਤਰ੍ਹਾਂ ਆਉਂਦੀਆਂ ਸਨ, ਪਰ ਜੇ ਮੈਂ ਹਿੰਦੀ ਅਤੇ ਅੰਗਰੇਜ਼ੀ 'ਚ ਕੰਮ ਕਰਦੀ ਤਾਂ ਮੈਨੂੰ ਸਦਾ ਇਹੀ ਪਛਤਾਵਾ ਰਹਿਣਾ ਸੀ ਕਿ ਮੈਂ ਮੌਕਾ ਮਿਲਣ ਦੇ ਬਾਵਜੂਦ ਪੰਜਾਬੀ ਨੂੰ ਪਿੱਠ ਦਿਖਾ ਦਿੱਤੀ ਹੈ।" ਇਸ ਤਰ੍ਹਾਂ ਕਮਲਜੀਤ ਨੇ ਆਪਣਾ ਰਾਹ ਆਪ ਚੁਣਿਆ। ਉਹਦੇ ਲਈ ਪੰਜਾਬੀ ਵੱਲ ਮੁੜਨਾ ਬਹੁਤ ਔਖਾ ਤਾਂ ਸੀ ਪਰ ਉਸ ਦੀ ਮਿਹਨਤ ਅਤੇ ਲਗਨ ਰੰਗ ਲਿਆਈ। ਇਸ ਮਾਮਲੇ ਬਾਰੇ ਉਹ ਸ਼ਾਇਰ ਰੌਬਰਟ ਫਰੌਸਟ ਨੂੰ ਸਦਾ ਯਾਦ ਰੱਖਦੀ ਹੈ ਜਿਸ ਦੀਆਂ ਇਹ ਸਤਰਾਂ ਉਹਨੂੰ ਅਕਸਰ ਯਾਦ ਆ ਜਾਂਦੀਆਂ ਹਨ:


*ਉਹ ਪੈਂਡਾ ਫੜੋ*
*ਜਿਹੜਾ ਜਾਪਦਾ ਏ ਚੌਥੀ ਕੂਟ,*
*ਜਣਾ-ਖਣਾ ਕਰਦਾ ਨਹੀਂ*
*ਜੇਰਾ ਜਿੱਥੋਂ ਜਾਣ ਦਾ।*
*ਗੱਲ ਤਾਂ ਹੀ ਬਣਦੀ ਹੈ*
*ਸਫਰਾਂ 'ਤੇ ਜਾਣ ਦੀ।*

ਖੁਸ਼ਨਵੀਸੀ ਦੇ ਭਵਿੱਖ ਬਾਰੇ ਕਮਲਜੀਤ ਕੌਰ ਬਹੁਤ ਸਪਸ਼ਟ ਹੈ। ਉਸ ਨੂੰ ਯਕੀਨ ਸੀ ਕਿ ਉਸ ਦਾ ਕੀਤਾ ਕੰਮ ਖੁਦ ਬੋਲੇਗਾ ਅਤੇ ਲੋਕਾਂ ਵਿਚ ਉਸ ਦੀ ਪਛਾਣ ਬਣਾਏਗਾ; ਤੇ ਹੋਇਆ ਵੀ ਇਸੇ ਤਰ੍ਹਾਂ ਹੈ। ਉਸ ਵੱਲੋਂ ਵਾਹੇ ਅੱਖਰ ਕੈਨਵਸ ਤੋਂ ਉਠ ਕੇ ਪਹਿਲਾਂ ਲੋਕਾਂ ਦੇ ਦਿਲਾਂ ਵਿਚ ਵੱਸੇ ਅਤੇ ਹੁਣ ਕੁੜਤੀਆਂ, ਮੱਘਾਂ, ਲੈਂਪਸ਼ੇਡ ਤੋਂ ਇਲਾਵਾ ਸਾਹੇ ਦੀਆਂ ਚਿੱਠੀਆਂ ਉਤੇ ਵੀ ਆਣ ਟਿਕੇ ਹਨ। ਇਸ ਤਰ੍ਹਾਂ ਆਮ ਘਰਾਂ ਵਿਚ ਪੁੱਜ ਕੇ ਖੁਸ਼ਨਵੀਸੀ ਨੂੰ ਨਵਾਂ ਰਾਹ ਮਿਲਿਆ। ਕੰਪਿਊਟਰ ਤੋਂ ਪੈ ਰਹੀਆਂ ਵੰਗਾਰਾਂ ਬਾਰੇ ਪੁੱਛਣ 'ਤੇ ਉਹ ਆਖਦੀ ਹੈ- "ਮਨੁੱਖ ਦੇ ਸਾਜੇ-ਨਿਵਾਜੇ ਹੱਥਾਂ ਦਾ ਮੁਕਾਬਲਾ ਕੰਪਿਊਟਰ ਕੀ ਕਰੇਗਾ ਭਲਾ? ਕੰਪਿਊਟਰ ਦਾ ਦਿਲ ਨਹੀਂ ਨਾ ਹੁੰਦਾ...।"

ਖੁਸ਼ਨਵੀਸੀ ਅਸਲ ਵਿਚ ਅੱਖਰਾਂ ਦਾ ਨਾਚ ਹੈ ਜਿਸ ਲਈ ਕਲਾਕਾਰ ਨੇ ਖੁਦ ਹੱਥਾਂ, ਅੱਖਾਂ ਅਤੇ ਦਿਲ ਦਾ ਸਾਜ਼ ਵਜਾਇਆ ਹੁੰਦਾ ਹੈ। ਕਿਸੇ ਨੇ ਠੀਕ ਹੀ ਲਿਖਿਆ ਹੈ ਕਿ ਖੁਸ਼ਨਵੀਸੀ ਅਸਲ ਵਿਚ ਅੱਖਰਾਂ ਦਾ ਸੰਗੀਤ ਹੈ। ਕੈਲੀਗ੍ਰਾਫੀ ਗਰੀਕ ਸ਼ਬਦ ਤੋਂ ਬਣਿਆ ਹੈ। ਇਸ ਦਾ ਮਤਲਬ ਖੁਸ਼ ਖ਼ਤ ਹੱਥ-ਲਿਖਤ ਹੈ, ਪਰ ਕੈਲੀਗ੍ਰਾਫੀ ਇਕੱਲੀ ਖੁਸ਼ ਖ਼ਤ ਹੱਥ-ਲਿਖਤ ਹੀ ਨਹੀਂ ਹੁੰਦੀ। ਇਸ ਦੀ ਅੱਜ ਦੀ ਸਭ ਤੋਂ ਉਮਦਾ ਮਿਸਾਲ ਕਮਲਜੀਤ ਕੌਰ ਹੈ।







# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ **ਕਵਿਤਾ ਦੀਆਂ ਇਕ-ਦੋ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਮਈ 2014 ਹੈ। -ਸੰਪਾਦਕ


## ਕੈਪਸ਼ਨ ਮੁਕਾਬਲਾ-117



ਤਸਵੀਰ: ਜਸਦੀਪ ਸਿੰਘ ਖੰਨਾ

*ਪੜ੍ਹ ਕੇ ਮੁੜੇ ਸਕੂਲੋਂ ਬੀਬੇ ਰਾਣੇ,*
*ਇਕ ਸਿਖਰ ਦੁਪਹਿਰਾ, ਉਤੋਂ ਦੂਰ ਗਰਾਂ।*
*ਇਕੱਠੇ ਹੋ ਕੇ ਜੁਗਤ ਬਣਾਈ,*
*ਪੱਤਿਆਂ ਦੀ ਤਾਣ ਛਤਰੀ, ਕਰ ਲਈਏ ਛਾਂ।*

## ਕੈਪਸ਼ਨ ਮੁਕਾਬਲਾ-115



ਹਾਸੇ ਹਾਸੇ ਦੇ ਵਿਚ ਨਿੱਕੀ
ਛੱਲੀਆਂ ਵਿਚ ਲਕੋਈ।
ਬਾਹਰ ਆਉਣ ਲਈ ਜੋਰ ਲਗਾਵੇ
ਪਰ ਵੱਸ ਨਾ ਚਲਦਾ ਕੋਈ।
ਕੂਲੀਆਂ ਛੱਲੀਆਂ ਤਿਲਕੀ ਜਾਵਣ
ਬੱਸ, ਮਜਬੂਰਨ ਜਾਵੇ ਰੋਈ।

***-ਜਗਮੀਤ ਸਿੰਘ ਪੰਧੇਰ***

---

ਖੇਡਦੀ ਖੇਡਦੀ ਕਰਦੀ ਬੱਚੀ
ਛੱਲੀਆਂ ਨਾਲ ਪਿਆਰ।
ਕਿਸਮਤ ਵਾਲੀ ਏਂ ਧੀਏ,
ਨਹੀਂ ਤਾਂ ਦਿੰਦੇ ਕੁੱਖ 'ਚ ਮਾਰ।
ਹੱਸਣ ਅਤੇ ਖੇਡਣ ਲਈ
ਸੋਚਣ ਇਸ ਉਮਰੇ ਨਿਆਣੇ,
ਮਿਲ ਜੁਲ ਕੇ ਰਹਿਣਾ ਸਿੱਖ ਲੈ
ਧੀਏ, ਜਿਵੇਂ ਛੱਲੀ ਦੇ ਦਾਣੇ।
ਵੱਡੀ ਹੋ ਕੇ ਸਹੁਰੇ ਘਰ
ਨੀ ਤੂੰ ਸੁੱਖ ਹਜ਼ਾਰਾਂ ਮਾਣੇਂ।

***-ਗੌਰਾ ਪ੍ਰਜਾਪਤ, ਨਿਊ ਯਾਰਕ***

---

ਗੁੱਡੀ ਵੀ ਕੁਝ ਕਰਨਾ ਚਾਹੁੰਦੀ
ਜਦੋਂ ਸਭ ਲੱਗੇ ਕੱਢਣ ਛੱਲੀਆਂ।
ਆਪਣੇ ਦੁਆਲੇ ਢੇਰ ਬਣਾਂਦੀ
ਚੁੱਕ ਚੁੱਕ ਰੰਗ-ਬਰੰਗੀਆਂ ਛੱਲੀਆਂ।
ਵਿਚ ਬੈਠੀ ਆਪਣਾ ਮਨ ਪ੍ਰਚਾਉਂਦੀ
ਤੱਕ ਤੱਕ ਸੰਤਰੀ-ਪੀਲੀਆਂ ਛੱਲੀਆਂ।
ਖੁਸ਼ੀ ਵਿਚ ਉਹ ਫੁੱਲੀ ਨਾ ਸਮਾਵੇ
ਜਾਪਣ ਉਸ ਨੂੰ ਹੱਸਦੀਆਂ ਛੱਲੀਆਂ।

***-ਸੇਵਾ ਸਿੰਘ ਨੂਰਪੁਰੀ***

---

ਛੱਲੀਆਂ ਨਾਲ ਭਰਿਆ ਵਿਹੜਾ
ਵਿਚ ਖੇਡੇ ਲਾਡੋ ਰਾਣੀ।
ਧੀਆਂ ਨੂੰ ਕਿਉਂ ਨਿੰਦਣ ਲੋਕੀਂ
ਧੀਆਂ ਬਰਕਤ ਦੀ ਨਿਸ਼ਾਨੀ।
ਧੀਆਂ ਧਿਰ ਹਨ ਮਾਪਿਆਂ ਦੀ
ਧੀਆਂ ਦਾ ਨਾ ਕੋਈ ਸਾਨੀ।

***-ਗੁਰਦੇਵ ਸਿੰਘ ਵਿਰਦੀ***

---

ਜਿਸ ਘਰ ਮੈਂ ਜੰਮੀ ਜਾਈ
ਉਸ ਘਰ ਭਰ ਭਰ ਅਨਾਜ।
ਛੱਲੀਆਂ ਸੰਗ ਛੱਲੀ ਹੋਈ
ਦੱਸੋ ਕੀ ਇਹਦੇ 'ਚ ਰਾਜ਼।
ਮੈਂ ਦੱਸਾਂ ਜੇ ਬੁੱਝ ਨ੍ਹੀਂ ਸਕਦੇ
ਇਸ ਘਰੇ ਧੀਆਂ ਦਾ ਸਤਿਕਾਰ।
ਕਹਿਣ, ਧੀ ਤੇ ਪੁੱਤ ਇਕੋ ਜਿਹੇ
ਇਹ ਦਾਤੇ ਦੀ ਦਾਤਾਰ।

***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

# ਕੈਨੇਡਾ ਵੱਲੋਂ ਸਾਕਾ ਕਾਮਾਗਾਟਾ ਮਾਰੂ ਬਾਰੇ ਡਾਕ ਟਿਕਟ ਜਾਰੀ

**ਵੈਨਕੂਵਰ (ਪੰਜਾਬ ਟਾਈਮਜ਼ ਬਿਊਰੋ):** ਕੈਨੇਡਾ ਦੀ ਧਰਤੀ ਤੋਂ 100 ਸਾਲ ਪਹਿਲਾਂ ਭਾਰਤ ਵਾਪਸ ਮੋੜੇ ਗਏ ਸਮੁੰਦਰੀ ਬੇੜੇ 'ਗੁਰੂ ਨਾਨਕ ਜਹਾਜ਼' ਜਿਸ ਨੂੰ ਕਾਮਾਗਾਟਾਮਾਰੂ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੇ ਸ਼ਤਾਬਦੀ ਵਰ੍ਹੇ 'ਤੇ ਕੈਨੇਡਾ ਪੋਸਟ ਵੱਲੋਂ ਡਾਕ ਟਿਕਟ ਜਾਰੀ ਕੀਤੀ ਗਈ।

ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਨੇ ਰਸਮੀ ਤੌਰ 'ਤੇ ਢਾਈ ਡਾਲਰ ਦੀ ਉਕਤ ਡਾਕ ਟਿਕਟ ਜਾਰੀ ਕਰਦਿਆਂ ਕੈਨੇਡਾ ਦੇ ਇਤਿਹਾਸ ਵਿਚ ਕਾਮਾਗਾਟਾਮਾਰੂ ਦੁਖਾਂਤ ਦੀ ਮਹੱਤਤਾ ਦੀ ਪ੍ਰੋੜਤਾ ਕੀਤੀ।

ਕੈਨੇਡਾ ਪੋਸਟ ਦੇ ਮੁਖੀ ਦੀਪਕ ਚੋਪੜਾ ਨੇ ਕਿਹਾ ਕਿ ਇਹ ਡਾਕ ਟਿਕਟ ਜਿਥੇ ਕਾਮਾਗਾਟਾਮਾਰੂ ਦੇ ਮੁਸਾਫ਼ਰਾਂ ਨੂੰ ਸ਼ਰਧਾਂਜਲੀ ਹੈ, ਉਥੇ ਬੀਤੇ ਸਮੇਂ ਵਿਚ ਹੋਈਆਂ ਗ਼ਲਤੀਆਂ ਦਾ ਅਹਿਸਾਸ ਵੀ ਕਰਵਾਉਂਦੀ ਹੈ।

ਇਸ ਦੌਰਾਨ ਕੈਨੇਡਾ ਦੀ ਸੰਸਦ ਵਿਚ ਵਿਰੋਧੀ ਧਿਰ ਨਿਊ ਡੈਮੋਕਰੇਟਿਕ ਪਾਰਟੀ ਦੇ ਐਮ.ਪੀ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਕਾਮਾਗਾਟਾਮਾਰੂ ਦੁਖਾਂਤ ਪ੍ਰਤੀ ਸੁਹਿਰਦਤਾ ਨਾਲ ਸ਼ਰਧਾਂਜਲੀ ਕੈਨੇਡਾ ਦੀ ਸੰਸਦ ਵਿਚ ਮੁਆਫੀ ਮੰਗੀ ਜਾਣੀ ਹੋਵੇਗੀ।

ਉਧਰ, ਕੈਨੇਡਾ ਦੀ ਟਰਾਂਸਪੋਰਟ ਤੇ ਕੈਨੇਡਾ ਪੋਸਟ ਬਾਰੇ ਮਾਮਲਿਆਂ ਦੀ ਮੰਤਰੀ ਲੀਜ਼ਾ ਰੇਅਤ ਨੇ ਕਿਹਾ ਹੈ ਕਿ ਡਾਕ ਟਿਕਟ ਕੈਨੇਡਾ ਦੇ ਦੁਖਾਂਤਕ ਇਤਿਹਾਸ ਨੂੰ ਬਿਆਨਦੀ ਹੈ ਕਿ ਕੈਨੇਡਾ ਕਿਵੇਂ ਇਕ ਵਿਭਿੰਨਤਾ ਤੇ ਬਹੁਸੱਭਿਆਚਾਰਤਾ ਦੇ ਮੁਕਾਮ 'ਤੇ ਪੁੱਜਿਆ।

ਇਹ ਟਿਕਟ ਡਾਕ ਘਰਾਂ ਤੇ ਆਨਲਾਈਨ ਉਪਲਬਧ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ 23 ਮਈ 1914 ਤੇ ਕਾਮਾਗਾਟਾਮਾਰੂ ਜਹਾਜ਼ 376 ਮੁਸਾਫ਼ਰਾਂ ਸਮੇਤ ਵੈਨਕੂਵਰ ਬੰਦਰਗਾਹ 'ਤੇ ਪੁੱਜਿਆ ਸੀ ਜਿਸ ਦੇ ਮੁਸਾਫ਼ਰਾਂ 'ਤੇ 21 ਜੁਲਾਈ, 1914 ਨੂੰ ਅਣਮਨੁੱਖੀ ਤਸ਼ੱਦਦ ਕਰਕੇ ਵਾਪਸ ਭਾਰਤ ਮੋੜ



ਦਿੱਤਾ ਗਿਆ ਸੀ। ਜਹਾਜ਼ ਦੇ ਕਲਕੱਤਾ ਬੰਦਰਗਾਹ 'ਤੇ ਪੁੱਜਣ 'ਤੇ 29 ਸਤੰਬਰ ਨੂੰ ਗੋਲੀਆਂ ਮਾਰ ਕੇ 20 ਮੁਸਾਫ਼ਰਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ।

## ਪਿੰਡ ਠੱਕਰ ਵਿਚ ਸੂਬੇਦਾਰ ਦੀ ਹੱਤਿਆ

**ਦਸੂਹਾ:** ਗੁਰਦੁਆਰਾ ਸਿੰਘ ਸਭਾ ਠੱਕਰ ਵਿਚ ਪਾਠ ਕਰਨ ਗਏ ਗੁਰਦੁਆਰੇ ਦੇ ਪ੍ਰਧਾਨ ਸੂਬੇਦਾਰ ਸੰਤੋਖ ਸਿੰਘ (68) ਦਾ ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਸੂਤਰਾਂ ਅਨੁਸਾਰ ਸੂਬੇਦਾਰ ਸੰਤੋਖ ਸਿੰਘ ਪੁੱਤਰ ਬਸੰਤ ਸਿੰਘ ਰੋਜ਼ਾਨਾ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਗਿਆ। ਉਹ ਜਦੋਂ ਬਾਹਰਲਾ ਗੇਟ ਖੋਲ੍ਹ ਰਿਹਾ ਸੀ ਤਾਂ ਪਿੱਛੋਂ ਧਰਮਿੰਦਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਪਿੰਡ ਮਾਂਗਾਂ ਨੇ ਉਸ ਦੇ ਸਿਰ ਵਿਚ ਇੱਟ ਮਾਰੀ ਤੇ ਉਸ ਨੂੰ ਅੰਦਰ ਹਾਲ ਦੇ ਦਰਵਾਜ਼ੇ ਕੋਲ ਲਿਜਾ ਕੇ ਉਸ ਦੇ ਵਾਲ ਪੌੜੀ ਦੀ ਬਣੀ ਰੇਲਿੰਗ ਨਾਲ ਬੰਨ ਦਿੱਤੇ ਤੇ ਉਸ ਦੀ ਕਿਰਪਾਨ ਨਾਲ ਹੀ ਉਸ ਦੇ ਢਿੱਡ 'ਤੇ ਅਨੇਕਾਂ ਵਾਰ ਕਰਕੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ।

ਜਦੋਂ ਉਹ ਸੰਤੋਖ ਸਿੰਘ ਨਾਲ ਹੱਥੋਪਾਈ ਹੋ ਰਿਹਾ ਸੀ ਤਾਂ ਮੱਥਾ ਟੇਕਣ ਆਈ ਔਰਤ ਨੇ ਸਮਝਿਆ ਕਿ ਭਈਏ ਆਪਸ ਵਿਚ ਲੜ ਰਹੇ ਹਨ ਤੇ ਉਹ ਪ੍ਰਧਾਨ ਸੰਤੋਖ ਸਿੰਘ ਦੇ ਘਰ ਜਦੋਂ ਇਸ ਬਾਰੇ ਦੱਸਣ ਗਈ ਤਾਂ ਅੱਗੋਂ ਉਸ ਦੀ ਪਤਨੀ ਪਰਮਜੀਤ ਕੌਰ ਨੇ ਦੱਸਿਆ ਕਿ ਸੰਤੋਖ ਸਿੰਘ ਤਾਂ ਕਦੋਂ ਦੇ ਗੁਰਦੁਆਰੇ ਜਾ ਚੁੱਕੇ ਹਨ। ਉਸ ਨੇ ਜਦੋਂ ਦੁਬਾਰਾ ਗੁਰਦੁਆਰੇ ਆ ਕੇ ਦੇਖਿਆ ਤਾਂ ਸੰਤੋਖ ਸਿੰਘ ਖ਼ੂਨ ਨਾਲ ਲੱਥਪੱਥ ਪਿਆ ਸੀ।

ਪੁਲਿਸ ਨੇ ਧਰਮਿੰਦਰ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਅਨੁਸਾਰ ਧਰਮਿੰਦਰ ਸਿੰਘ ਇਸੇ ਪਿੰਡ ਬਲਜੀਤ ਕੌਰ ਨਾਲ ਵਿਆਹਿਆ ਹੋਇਆ ਸੀ ਜਿਸ ਦਾ ਪੰਚਾਇਤੀ ਤਲਾਕ ਹੋ ਚੁੱਕਾ ਹੈ। ਉਹ ਇਸ ਮਾਮਲੇ ਵਿਚ ਸੰਤੋਖ ਸਿੰਘ ਨਾਲ ਰੰਜਿਸ਼ ਰੱਖਦਾ ਸੀ ਕਿ ਉਸ ਨੇ ਲੜਕੀ ਵਾਲਿਆਂ ਦੀ ਮਦਦ ਕੀਤੀ ਹੈ।

## ਬੈਲ ਗੱਡੀਆਂ ਦੀਆਂ ਦੌੜਾਂ ਉਤੇ ਸੁਪਰੀਮ ਕੋਰਟ ਵੱਲੋਂ ਪਾਬੰਦੀ



**ਨਵੀਂ ਦਿੱਲੀ:** ਜਾਨਵਰਾਂ ਦੇ ਅਧਿਕਾਰਾਂ ਦਾ ਦਾਇਰਾ ਹੋਰ ਵਧਾਉਂਦਿਆਂ ਸਾਨ੍ਹਾਂ ਦੇ ਭੇੜ ਜਾਂ ਬੈਲ-ਗੱਡੀਆਂ ਦੀਆਂ ਦੌੜਾਂ 'ਤੇ ਦੇਸ਼ ਭਰ ਵਿਚ ਪਾਬੰਦੀ ਲਾਉਂਦਿਆਂ ਆਸ ਪ੍ਰਗਟ ਕੀਤੀ ਹੈ ਕਿ ਸੰਸਦ ਸੰਵਿਧਾਨ ਵਿਚ ਮਿਲੇ ਜਾਨਵਰਾਂ ਦੇ ਅਧਿਕਾਰਾਂ ਨੂੰ ਹੋਰ ਬਲ ਦੇਣ। ਅਦਾਲਤ ਨੇ ਸੂਬਾ ਸਰਕਾਰਾਂ ਤੇ ਭਾਰਤ ਦੇ ਪਸ਼ੂ ਭਲਾਈ ਬੋਰਡ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਜਾਨਵਰਾਂ ਸਮੇਤ ਸਾਰੇ ਜੀਵਾਂ ਨੂੰ ਕਿਸੇ ਤਰ੍ਹਾਂ ਦੀ ਬੇਲੋੜੀ ਤਕਲੀਫ਼ ਨਾ ਦਿੱਤੇ ਜਾਣ ਬਾਰੇ ਉਚਿਤ ਕਦਮ ਚੁੱਕਣ ਕਿਉਂਕਿ ਜੀਵਾਂ ਨੂੰ ਵੀ ਸ਼ਾਂਤੀ ਨਾਲ ਰਹਿਣ ਦਾ ਹੱਕ ਹੈ।

ਜਸਟਿਸ ਕੇ.ਐਸ. ਰਾਧਾਕ੍ਰਿਸ਼ਨਨ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਜਾਨਵਰ ਵੀ ਮਾਨ ਸਨਮਾਨ ਰੱਖਦੇ ਹਨ ਤੇ ਇਨ੍ਹਾਂ ਨੂੰ ਅਧਿਕਾਰਾਂ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ ਤੇ ਨਾਲ ਹੀ ਉਨ੍ਹਾਂ ਨੂੰ ਗੈਰ ਕਾਨੂੰਨੀ ਹਮਲਿਆਂ ਤੋਂ ਵੀ ਬਚਾਇਆ ਜਾਣਾ ਚਾਹੀਦਾ ਹੈ। ਬੈਂਚ ਨੇ ਇਹ ਵੀ ਕਿਹਾ ਕਿ ਕਿਉਂਕਿ ਜਾਨਵਰ ਖੁਦ ਆਪਣੇ ਅਧਿਕਾਰਾਂ ਦੀ ਰੱਖਿਆ ਨਹੀਂ ਕਰ ਸਕਦੇ ਇਸ ਲਈ ਮਨੁੱਖ ਨੂੰ ਹੀ ਇਸ ਸਬੰਧੀ ਕਦਮ ਚੁੱਕਣਾ ਚਾਹੀਦਾ ਹੈ।

ਅਦਾਲਤ ਨੇ ਕਿਹਾ ਕਿ ਬਲਦਾਂ ਨੂੰ ਨੁਮਾਇਸ਼ ਵਾਲੇ ਜਾਨਵਰਾਂ ਵਜੋਂ ਵਰਤਿਆ ਜਾਣਾ ਚਾਹੀਦਾ ਤੇ ਨਾ ਹੀ ਉਨ੍ਹਾਂ ਨੂੰ ਤਾਮਿਲਨਾਡੂ, ਮਹਾਰਾਸ਼ਟਰ ਸੂਬਿਆਂ ਜਾਂ ਦੇਸ਼ ਦੇ ਕਿਸੇ ਹੋਰ ਹਿੱਸੇ ਵਿਚ ਭੇੜਾਂ ਵਾਸਤੇ ਜਾਂ ਬੈਲ-ਗੱਡੀਆਂ ਦੀਆਂ ਦੌੜਾਂ ਵਰਗੀਆਂ ਘਟਨਾਵਾਂ ਲਈ ਨਹੀਂ ਵਰਤਿਆ ਜਾ ਸਕਦਾ। ਬੈਂਚ ਨੇ ਕਿਹਾ ਕਿ ਜਾਨਵਰਾਂ ਦੇ ਅਧਿਕਾਰਾਂ ਨੂੰ ਮਾਨਤਾ ਨਾ ਦਿੱਤੇ ਜਾਣ 'ਤੇ ਅੰਤਰਰਾਸ਼ਟਰੀ ਭਾਈਚਾਰੇ ਦਾ ਸਿਰ ਸ਼ਰਮ ਨਾਲ ਝੁਕ ਜਾਣਾ ਚਾਹੀਦਾ ਹੈ। ਜਾਨਵਰ ਅਜਿਹੀ ਜਾਤੀ ਹੈ ਜਿਸ ਨੇ ਆਦਮ ਤੇ ਹਵਾ ਦੇ ਜ਼ਮਾਨੇ ਤੋਂ ਮਨੁੱਖਤਾ ਦੀ ਸੇਵਾ ਕੀਤੀ ਹੈ।

## ਧੋਖਾਧੜੀ ਕੇਸ ਵਿਚ ਮਨਜੀਤ ਬਾਵਾ ਸਣੇ 6 ਵਿਰੁੱਧ ਦੋਸ਼ ਆਇਦ

**ਨਿਊ ਯਾਰਕ:** ਅਮਰੀਕਾ ਵਿਚ ਤਿੰਨ ਕਰੋੜ ਡਾਲਰਾਂ ਦੀ ਬੈਂਕ ਧੋਖਾਧੜੀ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਇਕ ਭਾਰਤੀ ਮਨਜੀਤ ਬਾਵਾ ਸਣੇ ਛੇ ਵਿਅਕਤੀਆਂ ਖ਼ਿਲਾਫ਼ ਦੋਸ਼ ਆਇਦ ਕੀਤੇ ਗਏ ਹਨ। ਜੇਕਰ ਦੋਸ਼ ਸਾਬਤ ਹੋ ਗਏ ਤਾਂ ਇਨ੍ਹਾਂ ਨੂੰ 30-30 ਸਾਲਾਂ ਤਕ ਦੀ ਕੈਦ ਭੁਗਤਣੀ ਪੈ ਸਕਦੀ ਹੈ। ਨਿਊਯਾਰਕ ਦੇ 46 ਸਾਲਾ ਮਨਜੀਤ ਬਾਵਾ ਤੇ ਹੋਰਾਂ ਨੇ ਨਸਾਊ ਤੇ ਸਫੋਲਕ ਕਾਊਂਟੀਜ਼ ਦੇ ਵਿਕਰੇਤਾਵਾਂ ਨਾਲ ਮਾਰਕੀਟ ਦੀ ਕੀਮਤ ਉਪਰ ਘਰ ਖਰੀਦਣ ਦਾ ਇਕਰਾਰ ਕੀਤਾ ਸੀ। ਫਿਰ ਇਨ੍ਹਾਂ ਨੇ ਕਰਜ਼ੇ ਲਈ ਅਰਜ਼ੀਆਂ ਗੋਦਾਮ ਸ਼ਾਹੂਕਾਰਾਂ ਨੂੰ ਦਿੱਤੇ ਤੇ ਇਨ੍ਹਾਂ ਨੇ ਘਰਾਂ ਦੀ ਕੀਮਤ ਅਸਲ ਨਾਲੋਂ ਕਈ ਗੁਣਾ ਦੁੱਗਣੀ ਕਰਕੇ ਦੱਸੀ। ਇਨ੍ਹਾਂ ਮੁਲਜ਼ਮਾਂ ਨੇ ਆਪਣੀ ਨਿੱਜੀ ਸੰਪਤੀ ਵੀ ਵਧਾ ਚੜ੍ਹਾ ਕੇ ਦੱਸੀ ਤੇ ਆਪਣੀਆਂ ਦੇਣਦਾਰੀਆਂ ਲੁਕਾ ਲਈਆਂ। ਇਨ੍ਹਾਂ ਨੇ ਇਹ ਧੋਖਾਧੜੀ ਦੀ ਸਾਜ਼ਿਸ਼ 2003 ਤੇ 2008 ਵਿਚਾਲੇ ਰਚੀ। ਇਨ੍ਹਾਂ ਵਿਚ ਮੁੱਖ ਮੁਲਜ਼ਮ 50 ਸਾਲਾ ਐਰੋਕ ਵਾਈਡਰ ਹੈ।

## ਲਾਹੌਰ ਹਾਈ ਕੋਰਟ ਵੱਲੋਂ ਗੁਰੂਘਰ ਦੀ ਜ਼ਮੀਨ ਵੇਚਣ 'ਤੇ ਰੋਕ

**ਲਾਹੌਰ:** ਪਾਕਿਸਤਾਨ ਦੀ ਅਦਾਲਤ ਨੇ ਦੇਸ਼ ਦੀ ਸੰਘੀ ਸਰਕਾਰ ਨੂੰ ਲਾਹੌਰ ਸਥਿਤ ਬੀਬੀ ਨਾਨਕੀ ਗੁਰਦੁਆਰੇ ਦੀ 28 ਏਕੜ ਜ਼ਮੀਨ ਡਿਫੈਂਸ ਹਾਊਸਿੰਗ ਅਥਾਰਟੀ ਨੂੰ ਵੇਚਣ ਤੋਂ ਰੋਕ ਦਿੱਤਾ ਹੈ। ਲਾਹੌਰ ਹਾਈਕੋਰਟ ਦੀ ਜਸਟਿਸ ਆਇਸ਼ਾ-ਏ-ਮਲਿਕ ਨੇ ਇਕ ਹੁਕਮ ਰਾਹੀਂ ਈਵੈਕਿਊਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਨੂੰ ਕਿਹਾ ਹੈ ਕਿ ਉਹ ਬੀਬੀ ਨਾਨਕੀ ਗੁਰਦੁਆਰੇ ਦੀ ਲਾਹੌਰ ਛਾਉਣੀ ਵਿਚ ਸਥਿਤ 28 ਏਕੜ ਜ਼ਮੀਨ ਡਿਫੈਂਸ ਹਾਊਸਿੰਗ ਅਥਾਰਿਟੀ ਨੂੰ ਨਾ ਵੇਚੇ।

ਸਿੱਖ ਵੈਲਫੇਅਰ ਕੌਂਸਲ ਦੇ ਪ੍ਰਤੀਨਿਧੀ ਗੁਲਾਬ ਸਿੰਘ ਨੇ ਗੁਰਦੁਆਰੇ ਦੀ 230 ਕਨਾਲ (28 ਏਕੜ) ਜ਼ਮੀਨ ਵੇਚਣ ਤੋਂ ਰੋਕਣ ਲਈ ਪਟੀਸ਼ਨ ਪਾਈ ਸੀ। ਉਨ੍ਹਾਂ ਕਿਹਾ ਕਿ ਲਾਹੌਰ ਛਾਉਣੀ ਵਿਚ ਆਉਂਦੇ ਪਿੰਡ ਮੋਤਾ ਸਿੰਘ ਦੀ ਜ਼ਮੀਨ ਟਰੱਸਟ ਦੀ ਜਾਇਦਾਦ ਹੈ ਤੇ ਜ਼ਮੀਨ ਗੁਰਦੁਆਰੇ ਨਾਲ ਸਬੰਧਤ ਹੈ। ਟਰੱਸਟ ਦੀ ਜ਼ਿੰਮੇਵਾਰੀ ਜ਼ਮੀਨ ਦੀ ਸੰਭਾਲ ਤੇ ਰੱਖਿਆ ਕਰਨ ਦੀ ਹੈ ਪਰ ਟਰੱਸਟ ਹੀ ਇਸ ਨੂੰ ਵੇਚਣ 'ਤੇ ਤੁਲਿਆ ਹੈ।

ਸ. ਗੁਲਾਬ ਸਿੰਘ ਨੇ ਦੱਸਿਆ ਕਿ ਉਨ੍ਹਾਂ ਟਰੱਸਟ ਨੂੰ ਜ਼ਮੀਨ ਨਾ ਵੇਚਣ ਦੀ ਅਪੀਲ ਕੀਤੀ ਸੀ ਤੇ ਕਿਹਾ ਸੀ ਕਿ ਇਹ ਗੁਰਦੁਆਰੇ ਨੂੰ ਮੋੜ ਦਿੱਤੀ ਜਾਵੇ ਤਾਂ ਜੋ ਗੁਰਦੁਆਰੇ ਦਾ ਵਿਸਥਾਰ ਕੀਤਾ ਜਾ ਸਕੇ। ਟਰੱਸਟ ਜ਼ਮੀਨ ਦਾ ਰਾਖਾ ਹੈ, ਮਾਲਕ ਨਹੀਂ। ਇਸ ਲਈ ਜ਼ਮੀਨ ਨਹੀਂ ਵੇਚ ਸਕਦਾ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਵੀ ਮਾਮਲੇ ਦਾ ਆਪਣੇ ਆਪ ਨੋਟਿਸ ਲਿਆ ਹੈ ਤੇ ਉਸ ਨੇ ਟਰੱਸਟ ਨੂੰ ਜ਼ਮੀਨ ਵੇਚਣ ਤੋਂ ਰੋਕਿਆ ਹੈ।

ਜ਼ਮੀਨ ਦੇ ਜਾਅਲੀ ਕਾਗਜ਼ਾਤ ਤਿਆਰ ਕਰਕੇ ਟਰੱਸਟ ਨੇ ਅਥਾਰਟੀ ਨੂੰ ਜ਼ਮੀਨ ਦਾ ਸੌਦਾ ਕੀਤਾ ਹੈ ਪਰ ਸੰਘੀ ਜਾਂਚ ਏਜੰਸੀ ਮਾਮਲੇ ਦੀ ਜਾਂਚ ਕਰ ਰਹੀ ਹੈ। ਇਸ ਬਾਰੇ ਟਰੱਸਟ ਦੇ ਸਾਬਕਾ ਚੇਅਰਮੈਨ ਆਸਿਫ ਹਾਸ਼ਮੀ ਤੇ ਪੰਜ ਹੋਰਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਹਾਸ਼ਮੀ ਲੰਡਨ ਭੱਜ ਗਿਆ ਹੈ ਤੇ ਉਸ ਖ਼ਿਲਾਫ਼ ਇੰਟਰਪੋਲ ਵੱਲੋਂ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਹੈ।

## ਮੰਗਲ ਗ੍ਰਹਿ 'ਤੇ ਜਾਣ ਦੇ ਚਾਹਵਾਨਾਂ 'ਚ 44 ਭਾਰਤੀ

**ਲੰਡਨ:** ਮੰਗਲ ਗ੍ਰਹਿ 'ਤੇ ਜਾਣ ਦੀ ਇੱਛਾ ਰੱਖਣ ਵਾਲੇ 705 ਵਿਅਕਤੀਆਂ ਵਿਚੋਂ 44 ਭਾਰਤੀ ਹਨ। ਇਕ ਪਾਸੇ ਦਾ ਇਹ ਸਫ਼ਰ 2024 ਤੋਂ ਆਰੰਭ ਹੋਏਗਾ। ਨੀਦਰਲੈਂਡ ਦੀ ਗੈਰ-ਸਰਕਾਰੀ ਜਥੇਬੰਦੀ 'ਮਾਰਸ ਵਨ' ਨੇ ਐਲਾਨ ਕੀਤਾ ਹੈ ਕਿ ਦੁਨੀਆਂ ਭਰ ਦੇ 353 ਲੋਕਾਂ ਦੇ ਨਾਮ ਮੰਗਲ 'ਤੇ ਸਭ ਤੋਂ ਪਹਿਲਾਂ ਵਸਣ ਵਾਲਿਆਂ ਦੀ ਸੂਚੀ ਵਿਚੋਂ ਹਟਾ ਦਿੱਤੇ ਗਏ ਹਨ। ਮੰਗਲ 'ਤੇ ਜਾਣ ਵਾਲੇ 44 ਭਾਰਤੀਆਂ ਵਿਚ 27 ਮਰਦ ਤੇ 17 ਔਰਤਾਂ ਸ਼ਾਮਲ ਹਨ। ਇਸ ਸਫ਼ਰ ਲਈ ਦਿੱਲੀ, ਹੈਦਰਾਬਾਦ, ਮੁੰਬਈ, ਕੋਲਕਾਤਾ, ਪੂਨੇ ਜਿਹੇ ਸ਼ਹਿਰਾਂ ਦੇ ਲੋਕ ਵੱਧ ਉਤਸ਼ਾਹਿਤ ਹਨ। ਇਸ ਸਫ਼ਰ ਲਈ 140 ਤੋਂ ਵੱਧ ਮੁਲਕਾਂ ਦੇ ਲੋਕਾਂ ਨੇ ਦਰਖਾਸਤਾਂ ਭੇਜੀਆਂ ਸਨ। ਪਹਿਲੇ ਗੇੜ ਵਿਚ 20 ਹਜ਼ਾਰ ਤੋਂ ਵੱਧ ਭਾਰਤੀ ਨਾਗਰਿਕਾਂ ਦੀਆਂ ਅਰਜ਼ੀਆਂ ਆਈਆਂ ਸਨ।

## ਪੰਜਾਬ ਸਰਕਾਰ ਨੇ ਰੱਦ ਕਰਾਇਆ ਸੀ ਸ਼ਹੀਦ ਊਧਮ ਸਿੰਘ ਦਾ ਪਾਸਪੋਰਟ

**ਫਿਰੋਜ਼ਪੁਰ:** ਆਜ਼ਾਦੀ ਦੀ ਲੜਾਈ ਵਿਚ ਅਹਿਮ ਭੂਮਿਕਾ ਅਦਾ ਕਰਨ ਵਾਲੇ ਸ਼ਹੀਦ ਊਧਮ ਸਿੰਘ ਦਾ ਪਾਸਪੋਰਟ ਪੰਜਾਬ ਸਰਕਾਰ ਨੇ ਰੱਦ ਕਰਵਾਇਆ ਸੀ। ਇਸ ਦਾ ਖੁਲਾਸਾ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ 11 ਅਪਰੈਲ, 1940 ਨੂੰ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੂੰ ਲਿਖੇ ਪੱਤਰ (1999ਪੀ.ਈ.-40/1803) ਤੋਂ ਹੋਇਆ ਹੈ। ਇਸ ਪੱਤਰ ਦੇ ਜਵਾਬ ਵਿਚ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਲਿਖੇ ਪੱਤਰ ਵਿਚ ਊਧਮ ਸਿੰਘ ਦਾ ਪਾਸਪੋਰਟ ਰੱਦ ਕਰਨ ਲਈ ਕੀਤੀ ਗਈ ਕਾਰਵਾਈ ਦੀ ਪੁਸ਼ਟੀ ਵੀ ਕੀਤੀ ਹੈ।

ਇਸ ਬਾਰੇ ਲਿਖੇ ਚਾਰ ਪੱਤਰ ਸ਼ਹੀਦ ਊਧਮ ਸਿੰਘ ਦੇ ਜੀਵਨਕਾਲ 'ਤੇ ਕਿਤਾਬ 'ਭਾਰਤ ਦੀ ਆਜ਼ਾਦੀ ਦੀ ਸ਼ਮਾਂ ਦਾ ਪਰਵਾਨਾ ਮਹਾਨ ਗਦਰੀ ਇਨਕਲਾਬੀ ਸ਼ਹੀਦ ਊਧਮ ਸਿੰਘ' ਤੇ ਇਕ ਨਾਟਕ 'ਇਨਕਲਾਬ, ਇਨਕਲਾਬ, ਇਨਕਲਾਬ' ਲਿਖਣ ਵਾਲੇ ਲੇਖਕ ਰਾਕੇਸ਼ ਕੁਮਾਰ ਨੇ ਦਿੱਲੀ ਸਥਿਤ ਭਾਰਤ ਸਰਕਾਰ ਦੇ ਅਧੀਨ ਆਉਂਦੇ ਵਿਭਾਗ ਤੋਂ ਪ੍ਰਾਪਤ ਕੀਤੇ ਹਨ। ਰੇਲ ਵਿਭਾਗ ਫਿਰੋਜ਼ਪੁਰ ਵਿਚ ਤਾਇਨਾਤ ਰਾਕੇਸ਼ ਕੁਮਾਰ ਕੋਲ ਇਸ ਬਾਰੇ ਸਾਰੇ ਦਸਤਾਵੇਜ਼ ਮੌਜੂਦ ਹਨ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਲੰਡਨ ਵਿਚ ਹੋਏ ਕੈਕਸਟਨ ਕਤਲ ਕਾਂਡ ਤੋਂ ਬਾਅਦ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਸੀ।

ਰਾਕੇਸ਼ ਮੁਤਾਬਕ ਭਾਰਤ ਸਰਕਾਰ ਨੇ ਸ਼ਹੀਦ ਊਧਮ ਸਿੰਘ ਦਾ ਪਾਸਪੋਰਟ ਰੱਦ ਕਰਵਾਉਣ ਲਈ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਲੰਡਨ ਦੇ ਉੱਚ ਅਧਿਕਾਰੀਆਂ ਨੂੰ ਵੀ ਦਿੱਤੀ ਸੀ। ਇਹ ਗੱਲ ਵੀ ਸਾਹਮਣੇ ਆਈ ਕਿ ਉਸ ਸਮੇਂ ਕਈ ਦੇਸ਼ਾਂ ਵਿਚ ਗ਼ਦਰ ਲਹਿਰ ਚੱਲ ਰਹੀ ਸੀ। ਊਧਮ ਸਿੰਘ ਇਨ੍ਹਾਂ ਦੇਸ਼ਾਂ ਵਿਚ ਜਾਣਾ ਚਾਹੁੰਦੇ ਸਨ ਪਰ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਇਨ੍ਹਾਂ ਦੇਸ਼ਾਂ ਵਿਚ ਜਾਣ ਲਈ ਪਾਸਪੋਰਟ ਜਾਰੀ ਕਰਨ ਤੋਂ ਮਨ੍ਹਾਂ ਕਰ ਦਿੱਤਾ ਸੀ।

ਊਧਮ ਸਿੰਘ 30 ਅਪਰੈਲ, 1927 ਨੂੰ ਅੰਮ੍ਰਿਤਸਰ ਵਿਚ ਫੜੇ ਗਏ ਸਨ। ਪੁਲਿਸ ਨੇ ਉਨ੍ਹਾਂ ਕੋਲੋਂ ਕੁਝ ਹਥਿਆਰ ਤੇ ਗਦਰ ਪਾਰਟੀ ਨਾਲ ਸਬੰਧਤ ਦਸਤਾਵੇਜ਼ ਵੀ ਬਰਾਮਦ ਕੀਤੇ



ਸਨ। ਪੁੱਛਗਿੱਛ ਦੌਰਾਨ ਉਨ੍ਹਾਂ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦਾ ਮਕਸਦ ਅੰਗਰੇਜ਼ਾਂ ਨੂੰ ਮਾਰਨਾ ਤੇ ਦੇਸ਼ ਨੂੰ ਆਜ਼ਾਦ ਕਰਵਾਉਣਾ ਹੈ। ਇਸ ਕੇਸ ਵਿਚ ਉਨ੍ਹਾਂ ਨੂੰ ਪੰਜ ਸਾਲ ਦੀ ਕੈਦ ਹੋਈ ਸੀ। ਸਜ਼ਾ ਕੱਟਣ ਤੋਂ ਬਾਅਦ ਊਧਮ ਸਿੰਘ ਜਦੋਂ ਰਿਹਾਅ ਹੋਏ ਤਾਂ ਉਨ੍ਹਾਂ ਨਵਾਂ ਪਾਸਪੋਰਟ ਜਾਰੀ ਕਰਨ ਦੀ ਅਪੀਲ ਕੀਤੀ ਪਰ ਪੁਲਿਸ ਨੇ ਉਨ੍ਹਾਂ ਨੂੰ ਗਦਰ ਲਹਿਰ ਤੋਂ ਪ੍ਰਭਾਵਿਤ ਦੇਸ਼ਾਂ ਵਿਚ ਜਾਣ ਤੋਂ ਰੋਕ ਦਿੱਤਾ। ਪੁਲਿਸ ਰਿਕਾਰਡ ਦੇ ਮੁਤਾਬਕ ਊਧਮ ਸਿੰਘ ਨੂੰ ਉਦੈ ਸਿੰਘ, ਸ਼ੇਰ ਸਿੰਘ ਫਰੈਂਕ ਬਰਾਜ਼ੀਲ ਤੇ ਮੁਹੰਮਦ ਆਜ਼ਾਦ ਸਿੰਘ ਤੋਂ ਇਲਾਵਾ ਦਸ ਨਾਂਵਾਂ ਨਾਲ ਜਾਣਿਆ ਜਾਂਦਾ ਸੀ।

ਊਧਮ ਸਿੰਘ ਨੇ ਇਸ ਤੋਂ ਪਹਿਲਾਂ ਆਪਣਾ ਪਾਸਪੋਰਟ ਉਦੈ ਸਿੰਘ ਦੇ ਨਾਂ ਨਾਲ ਜਾਰੀ ਕਰਵਾਇਆ। 20 ਮਾਰਚ, 1933 ਨੂੰ ਉਹ ਆਪਣਾ ਨਵਾਂ ਪਾਸਪੋਰਟ (ਨੰਬਰ 52753) ਊਧਮ ਸਿੰਘ ਦੇ ਨਾਂ ਤੇ ਬਣਵਾਉਣ ਵਿਚ ਕਾਮਯਾਬ ਹੋ ਗਏ ਤੇ ਉਸ ਦੇ ਜ਼ਰੀਏ ਲੰਡਨ ਪਹੁੰਚ ਗਏ। ਪਾਸਪੋਰਟ ਬਣਵਾਉਣ ਲਈ ਉਨ੍ਹਾਂ ਖੁਦ ਨੂੰ ਵਪਾਰੀ ਦੱਸਿਆ। ਲੰਡਨ ਦੇ ਕੈਕਸਟਨ ਹਾਲ ਵਿਚ 13 ਮਾਰਚ, 1940 ਨੂੰ ਉਨ੍ਹਾਂ ਚਾਰ ਅੰਗਰੇਜ਼ ਅਫ਼ਸਰਾਂ 'ਤੇ 6 ਗੋਲੀਆਂ ਚਲਾਈਆਂ ਜਿਸ ਵਿਚੋਂ ਦੋ ਮਾਈਕਲ ਅਡਵਾਇਰ, ਦੋ ਗੋਲੀਆਂ ਜੈਟ ਲੈਂਡ ਤੇ ਇਕ-ਇਕ ਗੋਲੀ ਲੁਈਜ਼ ਡੇਨ ਤੇ ਲਾਰਡ ਲੈਮਿੰਟਨ ਨਾਂ ਦੇ ਅਫ਼ਸਰਾਂ ਨੂੰ ਵੱਜੀ।

ਮਾਈਕਲ ਅਡਵਾਇਰ ਦੀ ਤਾਂ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਬਾਕੀ ਤਿੰਨ ਅਫ਼ਸਰ ਗੰਭੀਰ ਜ਼ਖ਼ਮੀ ਹੋ ਗਏ। ਇਹ ਚਾਰੋਂ ਅਫ਼ਸਰ ਭਾਰਤ ਵਿਚ ਗਵਰਨਰ ਰਹਿ ਚੁੱਕੇ ਸਨ ਤੇ ਭਾਰਤ ਦੀ ਆਜ਼ਾਦੀ ਦੇ ਖਿਲਾਫ਼ ਸਨ। ਇਸ ਦੌਰਾਨ ਊਧਮ ਸਿੰਘ ਨੂੰ ਉਥੇ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਗ੍ਰਿਫ਼ਤਾਰੀ ਤੋਂ ਪਹਿਲਾਂ ਉਨ੍ਹਾਂ ਨੇ ਕਈ ਅਹਿਮ ਦਸਤਾਵੇਜ਼ ਨਸ਼ਟ ਕਰ ਦਿੱਤੇ ਸਨ। ਫੜੇ ਜਾਣ ਮਗਰੋਂ ਉਨ੍ਹਾਂ ਲੰਡਨ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦਾ ਪਾਸਪੋਰਟ ਕਿਧਰੇ ਗੁੰਮ ਹੋ ਗਿਆ ਹੈ ਜਿਸ ਨੂੰ ਰੱਦ ਕਰਨ ਲਈ ਲੰਡਨ ਪੁਲਿਸ ਨੇ ਭਾਰਤ ਸਰਕਾਰ ਨੂੰ ਪੱਤਰ ਲਿਖਿਆ ਸੀ।

# ਮੋਦੀ ਅਤੇ ਸਾਥੀਆਂ ਦੀ ਚੜ੍ਹਤ ਦੇ ਅਰਥ !

***ਭਾਜਪਾ ਦੀ ਅਗਵਾਈ ਹੇਠਲੇ ਗਠਜੋੜ ਦੇ ਸੱਤਾ ਵਿਚ ਆਉਣ ਨਾਲ ਇਹ ਪੂਰੀ ਸੰਭਾਵਨਾ ਹੈ ਕਿ ਸਿੱਖਿਆ, ਸਭਿਆਚਾਰ, ਅੰਦਰੂਨੀ ਅਤੇ ਬਾਹਰੀ ਸੁਰੱਖਿਆ, ਮਾਓਵਾਦੀ ਅੰਦੋਲਨ ਪ੍ਰਤੀ ਪਹੁੰਚ ਅਤੇ ਅੰਤਰ-ਭਾਈਚਾਰਕ ਸਬੰਧਾਂ ਦੇ ਖੇਤਰ ਵਿਚ ਤਰਜੀਹਾਂ ਬਦਲ ਜਾਣਗੀਆਂ। ਭਾਰਤ ਵਿਚ ਜਨਤਕ ਵਿਚਾਰ-ਵਟਾਂਦਰੇ ਦੇ ਮਿਆਰ ਨੂੰ ਵੀ ਸੱਟ ਵੱਜੇਗੀ। ਜੇ ਇਹ ਸਿੱਖਿਆ ਵਿਚ ਹਿੰਦੂਤਵ ਆਧਾਰਤ ਪਾਠਕ੍ਰਮ ਨੂੰ ਨਾ ਠੋਸੇ; ਉਸਾਰੂ ਅਕਾਦਮਿਕ ਖੋਜ ਨੂੰ ਨਾ ਦਬਾਏ; ਸਭਿਆਚਾਰਕ ਮੰਤਰਾਲੇ ਹੇਠਲੀਆਂ ਵੱਖ-ਵੱਖ ਸੰਸਥਾਵਾਂ ਨੂੰ ਆਪਣੇ ਮੁਤਾਬਿਕ ਨਾ ਵਰਤੇ; ਕਿਤਾਬਾਂ, ਫ਼ਿਲਮਾਂ, ਨਾਟਕਾਂ ਤੇ ਕਲਾ ਪ੍ਰਦਰਸ਼ਨੀਆਂ ਨੂੰ ਸੈਂਸਰ ਨਾ ਕਰੇ ਅਤੇ ਹਿੰਦੂਤਵ ਦੇ ਖਿਲਾਫ਼ ਸਮਝੀ ਜਾਂਦੀ ਹਰ ਚੀਜ਼ ਪ੍ਰਤੀ ਧੱਕੇਸ਼ਾਹੀ ਨੂੰ ਉਤਸ਼ਾਹਿਤ ਨਾ ਕਰੇ ਤਾਂ ਇਹ ਹੈਰਾਨੀ ਵਾਲੀ ਹੀ ਗੱਲ ਹੋਵੇਗੀ।***



**ਪ੍ਰਫੁੱਲ ਬਿਦਵਈ**

ਭਾਰਤੀ ਚੋਣਾਂ ਦਾ ਵੇਗ ਜਦੋਂ ਥੋੜ੍ਹਾ ਭਾਰਤੀ ਜਨਤਾ ਪਾਰਟੀ ਦੇ ਵਿਰੋਧੀਆਂ ਦੇ ਹੱਕ ਵਿਚ ਹੁੰਦਾ ਨਜ਼ਰ ਆਇਆ ਤਾਂ ਲੇਖਕਾਂ ਦੀ ਇਕ ਧਿਰ ਨਰੇਂਦਰ ਮੋਦੀ ਦੇ ਬਚਾਅ ਲਈ ਉੱਠ ਖੜ੍ਹੀ ਹੋਈ। ਇਨ੍ਹਾਂ ਵਿਚੋਂ ਕੁਝ ਉਸ ਵਿਅਕਤੀ ਵਿਚ ਨੈਤਿਕ ਸਦਗੁਣ ਅਤੇ ਯੋਗਤਾ ਵੇਖ ਰਹੇ ਹਨ ਜਿਸ ਨੇ ਗੁਜਰਾਤ ਦੇ 2002 ਦੇ ਮੁਸਲਿਮ ਵਿਰੋਧੀ ਦੰਗਿਆਂ ਦੀ ਸਰਪ੍ਰਸਤੀ ਕੀਤੀ। ਕੁਝ ਹੋਰ ਨੰਗੇ-ਚਿੱਟੇ ਰੂਪ ਵਿਚ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਨੌਕਰੀਆਂ ਦੀਆਂ ਅਰਜ਼ੀਆਂ ਹੀ ਦੇ ਰਹੇ ਹਨ। ਇਨ੍ਹਾਂ ਵਿਚ ਧੁਰ ਸੱਜੇ ਪੱਖੀ ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਵਿਚਲੇ ਸਾਬਕਾ ਕੂਟਨੀਤਕ ਅਤੇ ਪੁਲਿਸ ਅਧਿਕਾਰੀ ਤੇ ਅਰਵਿੰਦ ਪਨਾਗਰੀਆ ਵਰਗੇ ਅਮਰੀਕਾ ਆਧਾਰਤ ਨਵਉਦਾਰਵਾਦੀ ਅਰਥ-ਸ਼ਾਸਤਰੀ ਸ਼ਾਮਿਲ ਹਨ। ਪਨਾਗਰੀਆ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਬਣਨ ਲਈ ਲਾਬਿੰਗ ਕਰ ਰਹੇ ਹਨ ਪਰ ਉਨ੍ਹਾਂ ਵੱਲੋਂ ਕੀਤੇ ਜਾ ਰਹੇ ਦਾਅਵੇ ਦੀ ਫੂਕ ਉਨ੍ਹਾਂ ਦੇ ਉਸ 'ਸਿਧਾਂਤ' ਨਾਲ ਹੀ ਨਿਕਲ ਜਾਂਦੀ ਹੈ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਭਾਰਤੀ ਬਾਕੀ ਮਨੁੱਖਾਂ ਨਾਲੋਂ ਜੈਵਿਕ ਤੌਰ 'ਤੇ ਵੱਖਰੇ ਹੁੰਦੇ ਹਨ, ਇਸ ਕਰ ਕੇ ਉਨ੍ਹਾਂ ਦਾ ਕੱਦ ਘੱਟ ਹੁੰਦਾ ਹੈ। ਸੋ, ਕੁਪੋਸ਼ਣ ਨੂੰ ਮਾਪਣ ਵਾਲੇ ਕੌਮਾਂਤਰੀ ਮਾਪਦੰਡ (ਉਮਰ ਦੇ ਹਿਸਾਬ ਨਾਲ ਕੱਦ ਜਾਂ ਉਮਰ ਦੇ ਹਿਸਾਬ ਨਾਲ ਵਜ਼ਨ ਵਰਗੇ) ਭਾਰਤੀਆਂ 'ਤੇ ਲਾਗੂ ਨਹੀਂ ਹੁੰਦੇ। ਪਨਾਗਰੀਆ ਨੇ ਇਹ ਗੱਲ ਨਵ-ਉਦਾਰਵਾਦ ਦੀ ਉਸ ਵਿਆਪਕ ਆਲੋਚਨਾ ਦੇ ਜਵਾਬ ਵਿਚ ਕਹੀ ਸੀ ਜਿਸ ਵਿਚ ਕਿਹਾ ਗਿਆ ਕਿ ਹਾਲ ਹੀ ਦੇ ਤੇਜ਼ ਵਿਕਾਸ ਦੇ ਬਾਵਜੂਦ ਭਾਰਤ ਸਬ-ਸਹਾਰਾਈ ਅਫਰੀਕਾ ਵਰਗੇ ਗਰੀਬ ਖੇਤਰਾਂ ਨਾਲੋਂ ਵੀ ਵਧੇਰੇ ਬਾਲ ਕੁਪੋਸ਼ਣ ਦਾ ਸ਼ਿਕਾਰ ਹੈ। ਪਨਾਗਰੀਆ ਦੇ ਇਸ ਝੂਠੇ ਸਿਧਾਂਤ ਦਾ ਅਰਥ-ਸ਼ਾਸਤਰੀਆਂ ਅਤੇ ਖੁਰਾਕ ਸਬੰਧੀ ਮਾਹਿਰਾਂ ਵੱਲੋਂ ਮਜ਼ਬੂਤੀ ਨਾਲ ਭਾਂਡਾ ਭੰਨਿਆ ਗਿਆ ਸੀ।

ਮੋਦੀ ਦੇ ਕੁਝ ਹੋਰ ਹਮਾਇਤੀ ਵਿਸ਼ੇਸ਼ ਜਾਂਚ ਟੀਮ ਦੀ ਨੁਕਸ ਭਰੀ ਜਾਂਚ ਨੂੰ ਆਧਾਰ ਬਣਾ ਕੇ ਗੁਜਰਾਤ ਦੇ 2002 ਦੇ ਘਟਨਾਕ੍ਰਮ ਵਿਚ ਉਨ੍ਹਾਂ ਦੀ ਭੂਮਿਕਾ 'ਤੇ ਪੋਚਾ-ਪਾਚੀ ਕਰ ਰਹੇ ਹਨ। ਜਾਂਚ ਵਿਚਲੀਆਂ ਤਰੁੱਟੀਆਂ ਨੂੰ ਪੱਤਰਕਾਰ ਮਨੋਜ ਮਿੱਤਾ ਨੇ 'ਫਿਕਸ਼ਨਜ਼ ਆਫ ਫੈਕਟ ਫਾਈਡਿੰਗ' ਵਿਚ ਬਾਖੂਬੀ ਜ਼ਾਹਿਰ ਕੀਤਾ ਹੈ। ਇਸੇ ਤਰ੍ਹਾਂ ਗੁਜਰਾਤ ਦੇ ਵਿਕਾਸ ਸਬੰਧੀ ਮੋਦੀ ਦੇ ਵੱਡੇ-ਵੱਡੇ ਦਾਅਵਿਆਂ ਦਾ ਵੀ ਅਤੁਲ ਸੂਦ ਦੀ ਕਿਤਾਬ 'ਪਾਵਰਟੀ ਅਮਿਡਸਟ ਪ੍ਰਾਸਪੈਰਿਟੀ' ਵਿਚ ਚੰਗੀ ਤਰ੍ਹਾਂ ਪਰਦਾਫਾਸ਼ ਕੀਤਾ ਗਿਆ ਹੈ।

ਕੁਝ ਹੋਰ ਮੋਦੀ ਪੱਖੀਆਂ ਵੱਲੋਂ ਹੋਰ ਵੀ ਥੋਥੀਆਂ ਦਲੀਲਾਂ ਦਿੱਤੀਆਂ ਗਈਆਂ, ਜਿਵੇਂ ਕਾਰਪੋਰੇਟ ਖੇਤਰ ਦੇ ਸਾਬਕਾ ਸੀ.ਈ.ਓ. ਗੁਰਚਰਨ ਦਾਸ ਨੇ ਕਿਹਾ ਕਿ ਭਾਰਤ ਨੂੰ ਧਰਮ ਨਿਰਪੱਖਤਾ ਅਤੇ ਵਿਕਾਸ ਦਰ ਦੇ ਵਾਧੇ ਵਿਚੋਂ ਇਕ ਦੀ ਚੋਣ ਕਰਨੀ ਪਵੇਗੀ। ਵਿਕਾਸ ਨੂੰ ਉਤਸ਼ਾਹ ਦੇਣ ਸਬੰਧੀ ਸ੍ਰੀ ਮੋਦੀ ਸਭ ਤੋਂ ਬਿਹਤਰ ਹਾਲਤ ਵਿਚ ਹਨ; ਭਾਵ ਭਾਰਤੀਆਂ ਨੂੰ ਸੰਵਿਧਾਨਕ ਮਿਆਰਾਂ ਅਤੇ ਧਰਮ ਨਿਰਪੱਖਤਾ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਸ ਤੋਂ ਥੋੜ੍ਹੀ ਜਿਹੀ ਵਿਵੇਕੀ ਦਲੀਲ ਦੇਣ ਵਾਲਿਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਮੋਦੀ ਹੁਣ 'ਉਦਾਰਵਾਦੀ' ਬਣ ਚੁੱਕੇ ਹਨ। ਉਨ੍ਹਾਂ ਨੇ ਧਰਮ ਦੇ ਆਧਾਰ 'ਤੇ ਵੋਟਾਂ ਨਾ ਮੰਗਣ ਦਾ ਵਾਅਦਾ ਕੀਤਾ ਹੈ। ਭਾਜਪਾ ਨੇ ਤਿੰਨ ਮੁੱਖ ਵੰਡ-ਪਾਊ ਮੁੱਦਿਆਂ (ਧਾਰਾ 370, ਰਾਮ ਮੰਦਿਰ ਅਤੇ ਸਾਮਾਨ ਸਿਵਲ ਕੋਡ) ਨੂੰ ਛੱਡ ਦਿੱਤਾ ਹੈ, ਪਰ ਹਕੀਕਤ ਇਹ ਹੈ ਕਿ ਮੋਦੀ ਦੀ ਪ੍ਰਚਾਰ ਮੁਹਿੰਮ ਫ਼ਿਰਕੂ ਰਹੀ ਹੈ। ਇਹ ਸ਼ਾਇਦ ਭਾਰਤ ਦੀਆਂ ਸਭ ਤੋਂ ਵੱਧ ਫ਼ਿਰਕੂ ਅਤੇ ਦੂਸ਼ਿਤ ਚੋਣਾਂ ਹਨ ਜਿਨ੍ਹਾਂ ਵਿਚ ਸਾਰੇ ਬੰਗਲਾਦੇਸ਼ੀ (ਮੁਸਲਿਮ) ਪਰਵਾਸੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢ ਸੁੱਟਣ ਦੀ ਗੱਲ ਕਹੀ ਗਈ, 'ਗੁਲਾਬੀ ਕ੍ਰਾਂਤੀ' ਭਾਵ ਮੀਟ ਦੀ ਬਰਾਮਦ ਦਾ ਮੁੱਦਾ ਉਭਾਰਿਆ ਗਿਆ ਅਤੇ ਆਜ਼ਮਗੜ੍ਹ ਨੂੰ ਅਤਿਵਾਦ ਦਾ ਗੜ੍ਹ ਕਰਾਰ ਦਿੱਤਾ ਗਿਆ। ਸ੍ਰੀ ਮੋਦੀ ਦਾ ਕਹਿਣਾ ਹੈ ਕਿ ਭਾਰਤ ਦੀ ਅਗਵਾਈ ਕਰਨ ਵਾਸਤੇ ਪਰਮਾਤਮਾ ਨੇ ਉਨ੍ਹਾਂ ਨੂੰ ਚੁਣਿਆ ਹੈ ਅਤੇ ਗੰਗਾ ਨੇ ਉਨ੍ਹਾਂ ਨੂੰ ਵਾਰਾਣਸੀ ਬੁਲਾਇਆ ਹੈ। ਇਹ ਪੂਰੀ ਤਰ੍ਹਾਂ ਧਾਰਮਿਕ-ਫ਼ਿਰਕੂ ਬਿੰਬ ਹਨ। ਇਸੇ ਤਰ੍ਹਾਂ 5 ਮਈ ਨੂੰ ਫ਼ੈਜ਼ਾਬਾਦ ਵਿਚ ਚੋਣ ਰੈਲੀ ਸਮੇਂ ਮੰਚ 'ਤੇ ਰਾਮ ਮੰਦਿਰ ਦੀਆਂ ਤਸਵੀਰਾਂ ਲਾਈਆਂ ਗਈਆਂ। ਭਾਜਪਾ ਨੇ ਮੌਕਾਪ੍ਰਸਤੀ ਅਪਣਾਉਂਦਿਆਂ ਸਹਿਯੋਗੀਆਂ ਨੂੰ ਗੁਆ ਬੈਠਣ ਦੇ ਡਰ ਕਰ ਕੇ ਹੀ ਉਕਤ ਤਿੰਨਾਂ ਮੁੱਦਿਆਂ ਨੂੰ ਛੱਡਿਆ ਹੈ। ਇਸ ਨੇ 1998 ਵਿਚ ਵੀ ਅਜਿਹਾ ਹੀ ਕੀਤਾ ਸੀ ਪਰ 2004 ਅਤੇ 2009 ਵਿਚ ਮੁੜ ਇਹ ਮੁੱਦੇ ਅਪਣਾ ਲਏ ਸਨ। ਮੋਦੀ ਦੀ ਪ੍ਰਚਾਰ ਮੁਹਿੰਮ ਉੱਚ ਜਾਤੀ ਪੱਖੀ ਤੁਅੱਸਬਾਂ ਵਾਲੀ ਵੀ ਹੈ, ਜਿਵੇਂ ਰਾਮਦੇਵ ਵੱਲੋਂ ਰਾਹੁਲ ਗਾਂਧੀ ਅਤੇ ਦਲਿਤਾਂ ਬਾਰੇ ਕੀਤੀ ਗਈ ਟਿੱਪਣੀ ਅਤੇ ਬਿਹਾਰ ਦੇ ਭਾਜਪਾ ਆਗੂ ਸੀ.ਪੀ. ਠਾਕੁਰ ਵੱਲੋਂ ਰਾਖਵਾਂਕਰਨ ਨੂੰ ਰੱਦ ਕਰਨ ਦੀ ਕੀਤੀ ਗਈ ਮੰਗ। ਭਾਜਪਾ ਨੇ ਚੋਣ ਕਮਿਸ਼ਨ ਖਿਲਾਫ਼ ਵੀ ਟਕਰਾਅ ਵਾਲੀ ਮੁਹਿੰਮ ਚਲਾਈ ਹੈ। ਇਹ ਉਦਾਰਵਾਦ ਨਹੀਂ, ਸਗੋਂ ਸਖ਼ਤ ਹਿੰਦੂਤਵ ਹੈ।

ਮੋਦੀ ਪੱਖੀਆਂ ਨੇ ਇਕ ਹੋਰ ਦਲੀਲ ਖੋਜੀ ਹੈ ਕਿ ਪ੍ਰਧਾਨ ਮੰਤਰੀ ਵਜੋਂ ਉਹ ਭਾਰਤ ਦੀਆਂ ਜਮਹੂਰੀ ਸੰਸਥਾਵਾਂ ਦੀਆਂ ਹੱਦਾਂ ਵਿਚ ਰਹਿ ਕੇ ਹੀ ਕੰਮ ਕਰਨਗੇ। ਇਹ ਸੰਸਥਾਵਾਂ ਬੇਹੱਦ ਮਜ਼ਬੂਤ ਹਨ ਅਤੇ ਇਨ੍ਹਾਂ ਨੂੰ ਆਪਣੀ ਮਰਜ਼ੀ ਮੁਤਾਬਿਕ ਨਹੀਂ ਵਰਤਿਆ ਜਾ ਸਕਦਾ ਪਰ ਗੁਜਰਾਤ ਵਿਚ ਪੁਲਿਸ, ਨੌਕਰਸ਼ਾਹੀ ਅਤੇ ਨਿਆਂਪਾਲਿਕਾ ਨੂੰ ਵਰਗਲਾਉਣ ਜਾਂ ਇਸ ਨਾਲ ਗੰਢ-ਤੁੱਪ ਕਰਨ ਸਬੰਧੀ ਮੋਦੀ ਦੇ ਪਿਛਲੇ ਰਿਕਾਰਡ ਦੇ ਸਾਹਮਣੇ ਇਹ ਦਲੀਲ ਫਿੱਕੀ ਪੈ ਜਾਂਦੀ ਹੈ। ਪੁਲਿਸ, ਮੀਡੀਆ, ਨਿਆਂਪਾਲਿਕਾ ਅਤੇ ਸਿਆਸੀ ਪਾਰਟੀਆਂ ਸਮੇਤ ਬਹੁਤੀਆਂ ਭਾਰਤੀ ਸੰਸਥਾਵਾਂ ਨਾਜ਼ੁਕ ਤੇ ਕਮਜ਼ੋਰ ਕਿਸਮ ਦੀਆਂ ਹਨ। 'ਪੇਡ ਨਿਊਜ਼' ਦੇ ਰੁਝਾਨ ਅਤੇ ਕਾਰਪੋਰੇਟ ਦੀ ਮਾਲਕੀ/ਕੰਟਰੋਲ ਵਰਗੀਆਂ ਗੱਲਾਂ ਨੇ ਮੀਡੀਆ ਦੀ ਭਰੋਸੇਯੋਗਤਾ ਨੂੰ ਖੋਰਾ ਲਾਇਆ ਹੈ। ਬਹੁਤੀਆਂ ਪਾਰਟੀਆਂ ਸੁਤੰਤਰ ਅੰਦਰੂਨੀ ਚੋਣਾਂ ਨਹੀਂ ਕਰਾਉਂਦੀਆਂ। ਹਾਲ ਹੀ ਦੇ ਘਪਲੇ ਦਰਸਾਉਂਦੇ ਹਨ ਕਿ ਨਾ ਸਿਰਫ ਪੁਲਿਸ, ਸਿਵਲ ਸੇਵਾਵਾਂ ਅਤੇ ਖੁਫ਼ੀਆ ਏਜੰਸੀਆਂ ਵਰਗੀਆਂ ਕਾਰਜਪਾਲਿਕਾ ਤਹਿਤ ਆਉਂਦੀਆਂ ਸੰਸਥਾਵਾਂ ਨੂੰ ਖੋਰਾ ਲੱਗ ਚੁੱਕਾ ਹੈ, ਸਗੋਂ ਉਹ ਸੰਸਥਾਵਾਂ ਵੀ ਇਸ ਤੋਂ ਬਚ ਨਹੀਂ ਸਕੀਆਂ ਜਿਨ੍ਹਾਂ 'ਤੇ ਕਾਰਜਪਾਲਿਕਾ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਹੈ। ਇਨ੍ਹਾਂ ਵਿਚ ਸੰਸਦ, ਅਦਾਲਤਾਂ ਅਤੇ ਕਿਸੇ ਹੱਦ ਤੱਕ ਚੋਣ ਕਮਿਸ਼ਨ ਨੂੰ ਵੀ ਗਿਣਿਆ ਜਾ ਸਕਦਾ ਹੈ ਜੋ ਚੋਣ ਖਰਚੇ ਨੂੰ ਠੱਲ੍ਹ ਪਾਉਣ ਜਾਂ ਫ਼ਿਰਕੂ ਪ੍ਰਚਾਰ ਨੂੰ ਰੋਕਣ ਪੱਖੋਂ ਇਕ ਤਰ੍ਹਾਂ ਨਾਲ ਅਸਮਰੱਥ ਜਾਂ ਗ਼ੈਰ-ਖਾਹਿਸ਼ਮੰਦ ਨਜ਼ਰ ਆਉਂਦਾ ਹੈ।



ਭਾਰਤ ਦੇ ਨਿਆਂਇਕ ਪ੍ਰਬੰਧ ਦੀ ਅਸਫ਼ਲਤਾ ਵਾਰ-ਵਾਰ ਜ਼ਾਹਿਰ ਹੋ ਚੁੱਕੀ ਹੈ, ਜਿਵੇਂ 1984 ਦੀ ਸਿੱਖ ਵਿਰੋਧੀ ਹਿੰਸਾ ਅਤੇ ਸੰਨ 2000 ਦੀ ਪੱਥਰੀਬਲ ਘਟਨਾ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ, ਛੱਤੀਸਗੜ੍ਹ ਵਿਚ ਸਲਵਾ ਜੂਡਮ ਦੇ ਸਿਰਜਕਾਂ ਨੂੰ ਕਟਹਿਰੇ ਵਿਚ ਖੜ੍ਹਾ ਕਰਨ, ਹਥਿਆਰਬੰਦ ਫ਼ੌਜਾਂ ਦੇ ਵਿਸ਼ੇਸ਼ ਅਧਿਕਾਰ ਕਾਨੂੰਨ ਦੀ ਦੁਰਵਰਤੋਂ ਨੂੰ ਰੋਕ ਸਕਣ ਵਿਚ ਅਸਫ਼ਲਤਾ ਆਦਿ।

ਬਹੁਤੀਆਂ ਸੰਸਥਾਵਾਂ ਸੰਸਦ ਨੂੰ ਜਵਾਬਦੇਹ ਨਹੀਂ ਹਨ। ਇਥੋਂ ਤੱਕ ਕਿ ਭਾਜਪਾ ਨੇ ਪੰਜ ਸਾਲ ਤੱਕ ਸੰਸਦ ਨੂੰ ਕੋਈ ਕੰਮ ਹੀ ਨਹੀਂ ਕਰਨ ਦਿੱਤਾ ਅਤੇ ਇਸ ਦੀ ਕੋਈ ਜਵਾਬਦੇਹੀ ਵੀ ਨਹੀਂ ਹੋਈ। ਦਰਅਸਲ, ਸੰਸਥਾਵਾਂ ਨੂੰ ਲੱਗੇ ਖੋਰੇ ਦਾ ਸਭ ਤੋਂ ਵੱਡਾ ਲਾਹਾ ਭਾਜਪਾ ਨੇ ਹੀ ਲਿਆ ਹੈ, ਕਿਉਂਕਿ ਅਜਿਹਾ ਹੋਣ ਨਾਲ ਇਸ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹ ਮਿਲਦੀ ਹੈ। ਭਾਜਪਾ ਇਸ ਖੋਰੇ ਨੂੰ ਹੋਰ ਵਧਾਏਗੀ।

ਭਾਜਪਾ ਦੀ ਅਗਵਾਈ ਹੇਠਲੇ ਗਠਜੋੜ ਦੇ ਸੱਤਾ ਵਿਚ ਆਉਣ ਨਾਲ ਇਹ ਪੂਰੀ ਸੰਭਾਵਨਾ ਹੈ ਕਿ ਸਿੱਖਿਆ, ਸਭਿਆਚਾਰ, ਅੰਦਰੂਨੀ ਅਤੇ ਬਾਹਰੀ ਸੁਰੱਖਿਆ, ਮਾਓਵਾਦੀ ਅੰਦੋਲਨ ਪ੍ਰਤੀ ਪਹੁੰਚ ਅਤੇ ਅੰਤਰ-ਭਾਈਚਾਰਕ ਸਬੰਧਾਂ ਦੇ ਖੇਤਰ ਵਿਚ ਤਰਜੀਹਾਂ ਬਦਲ ਜਾਣਗੀਆਂ। ਭਾਰਤ ਵਿਚ ਜਨਤਕ ਵਿਚਾਰ-ਵਟਾਂਦਰੇ ਦੇ ਮਿਆਰ ਨੂੰ ਵੀ ਸੱਟ ਵੱਜੇਗੀ। ਜੇ ਇਹ ਸਿੱਖਿਆ ਵਿਚ ਹਿੰਦੂਤਵ ਆਧਾਰਤ ਪਾਠਕ੍ਰਮ ਨੂੰ ਨਾ ਠੋਸੇ; ਉਸਾਰੂ ਅਕਾਦਮਿਕ ਖੋਜ ਨੂੰ ਨਾ ਦਬਾਏ; ਸਭਿਆਚਾਰਕ ਮੰਤਰਾਲੇ ਹੇਠਲੀਆਂ ਵੱਖ-ਵੱਖ ਸੰਸਥਾਵਾਂ ਨੂੰ ਆਪਣੇ ਮੁਤਾਬਿਕ ਨਾ ਵਰਤੇ; ਕਿਤਾਬਾਂ, ਫ਼ਿਲਮਾਂ, ਨਾਟਕਾਂ ਤੇ ਕਲਾ ਪ੍ਰਦਰਸ਼ਨੀਆਂ ਨੂੰ ਸੈਂਸਰ ਨਾ ਕਰੇ ਅਤੇ ਹਿੰਦੂਤਵ ਦੇ ਖਿਲਾਫ਼ ਸਮਝੀ ਜਾਂਦੀ ਹਰ ਚੀਜ਼ ਪ੍ਰਤੀ ਧੱਕੇਸ਼ਾਹੀ ਨੂੰ ਉਤਸ਼ਾਹਿਤ ਨਾ ਕਰੇ ਤਾਂ ਇਹ ਹੈਰਾਨੀ ਵਾਲੀ ਹੀ ਗੱਲ ਹੋਵੇਗੀ।

ਭਾਜਪਾ ਦੀ ਅਗਵਾਈ ਹੇਠਲਾ ਨਿਜ਼ਾਮ ਸੰਭਵ ਤੌਰ 'ਤੇ ਅਨੇਕਾਂ ਗਰੀਬ ਪੱਖੀ ਸਮਾਜਕ ਪ੍ਰੋਗਰਾਮਾਂ ਨੂੰ ਰੋਕੇਗਾ ਜਾਂ ਕਮਜ਼ੋਰ ਕਰੇਗਾ ਅਤੇ ਕਾਰਪੋਰੇਟ ਪੱਖੀ ਨੀਤੀਆਂ ਨੂੰ ਜ਼ੋਰ-ਸ਼ੋਰ ਨਾਲ ਅੱਗੇ ਵਧਾਏਗਾ ਜਿਸ ਕਾਰਨ ਸਮਾਜਕ, ਆਰਥਿਕ ਅਤੇ ਖੇਤਰੀ ਗ਼ੈਰ-ਬਰਾਬਰੀਆਂ ਹੋਰ ਵਧਣਗੀਆਂ। ਭਾਰਤ ਦੀਆਂ ਧਾਰਮਿਕ ਘੱਟ-ਗਿਣਤੀਆਂ ਨੂੰ ਦਬਕਾਇਆ ਜਾਵੇਗਾ ਅਤੇ ਦੂਜੇ ਦਰਜੇ ਦੇ ਨਾਗਰਿਕਾਂ ਵਾਂਗ ਸਮਝਿਆ ਜਾਵੇਗਾ, ਜਿਵੇਂ ਗੁਜਰਾਤ ਵਿਚ ਹੋਇਆ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੀ ਹੋਰ ਵਧੇਗੀ। ਇਕ 'ਮਜ਼ਬੂਤ ਰਾਜ' ਦੀ ਭਾਵਨਾ ਅਤੇ ਸਮਾਜ ਦੇ ਫ਼ੌਜੀਕਰਨ ਵਰਗੇ ਰੁਝਾਨਾਂ ਨੂੰ ਵਧੇਰੇ ਵਿਸਥਾਰ ਹਾਸਲ ਹੋਵੇਗਾ। ਇਨ੍ਹਾਂ ਵਿਚੋਂ ਕੋਈ ਵੀ ਲੱਛਣ ਭਾਰਤ ਲਈ ਚੰਗਾ ਨਹੀਂ ਹੈ।

---

# ਪੰਜ ਆਬਾਂ ਦੀ ਧਰਤੀ 'ਤੇ ਐਬਾਂ ਦਾ ਪਸਾਰਾ

**ਮਨਦੀਪ ਖੁਰਮੀ (ਲੰਡਨ)**

ਪੰਜਾਬ ਦੀ ਡੁੱਬਦੀ ਜਾ ਰਹੀ ਬੇੜੀ ਦੇ ਮੁੜ ਪੱਤਣਾਂ ਵੱਲ ਆਉਣ ਦੀਆਂ ਆਸਾਂ ਧੁੰਦਲੀਆਂ ਜਿਹੀਆਂ ਹੋਣ ਲੱਗੀਆਂ ਹਨ। ਆਬ ਦੇ ਮਸਲੇ ਤੋਂ ਲੈ ਕੇ ਹੁਣ ਐਬਾਂ ਦੀ ਗ੍ਰਿਫ਼ਤ ਵਿਚ ਜਕੜੇ ਜਾ ਚੁੱਕੇ ਪੰਜਾਬ ਲਈ ਕਿਸੇ ਪਾਸਿਉਂ ਵੀ ਦਿਲ ਦੀਆਂ ਗਹਿਰਾਈਆਂ ਵਿਚ ਹਾਅ ਦਾ ਨਾਅਰਾ ਵੱਜਦਾ ਨਜ਼ਰ ਨਹੀਂ ਆ ਰਿਹਾ। ਕਿਸੇ ਮਕਾਨ ਲਈ ਮਜ਼ਬੂਤ ਨੀਂਹ ਜਿਸ ਤਰ੍ਹਾਂ ਉਸ ਦੇ ਸਦੀਆਂ ਤੱਕ ਕਾਇਮ ਰਹਿਣ ਦੀ ਗਵਾਹ ਬਣ ਜਾਂਦੀ ਹੈ, ਉਸੇ ਤਰ੍ਹਾਂ ਹੀ ਤੰਦਰੁਸਤ ਨੌਜਵਾਨੀ ਕਿਸੇ ਦੇਸ਼ ਜਾਂ ਖਿੱਤੇ ਦਾ ਭਵਿੱਖ ਤੈਅ ਕਰਦੀ ਹੈ।

ਪੰਜਾਬ ਦਾ ਭਵਿੱਖ ਕਿਹੋ ਜਿਹਾ ਹੋਵੇਗਾ, ਇਸ ਦਾ ਅੰਦਾਜ਼ਾ ਇਸੇ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਤੋਂ ਲੈ ਕੇ ਬਜ਼ੁਰਗ ਤੱਕ ਕਿਸੇ ਨਾ ਕਿਸੇ 'ਸਰੂਰ' ਵਿਚ ਰਹਿਣ ਦੇ ਆਦੀ ਹੋ ਗਏ ਹਨ। ਉਸ ਪੰਜਾਬ ਦੇ ਉੱਜਲੇ ਭਵਿੱਖ ਦੀ ਉਮੀਦ ਕਰਨਾ ਫਿਲਹਾਲ ਮੂਰਖ਼ਤਾ ਲੱਗਦੀ ਹੈ ਜਿਸ ਨੂੰ ਤਰ੍ਹਾਂ-ਤਰ੍ਹਾਂ ਦੇ ਅਤਿਵਾਦਾਂ ਨੇ ਜਕੜਿਆ ਹੋਇਆ ਹੈ। ਦਿਨੋ-ਦਿਨ ਪੈਦਾ ਹੋ ਰਹੇ ਸਾਧਾਂ ਦੇ ਡੇਰੇ, ਮਸਤਾਂ ਦੀ ਅਮਰਵੇਲ ਕਿਸੇ ਧਾਰਮਿਕ ਅਤਿਵਾਦ ਦਾ ਸੰਕੇਤ ਦੇ ਰਹੀ ਹੈ।

ਦਿਨ-ਬ-ਦਿਨ ਹੋ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਵਿਹਲੇ ਹੱਥਾਂ ਵਲੋਂ ਆਰਥਿਕ ਅਤਿਵਾਦ ਨੂੰ ਦਿੱਤਾ ਜਾ ਰਿਹਾ ਜਨਮ ਕਿਹਾ ਜਾ ਸਕਦਾ ਹੈ। ਮਨ ਨੂੰ ਸ਼ਾਂਤੀ ਬਖ਼ਸ਼ਣ ਵਾਲੇ ਸੰਗੀਤ ਦੀਆਂ ਧੁਨਾਂ ਵਿਚ ਲਪੇਟ ਕੇ ਨਸ਼ਿਆਂ, ਮਾਰ-ਧਾੜ ਨੂੰ ਹੁਲਾਰਾ ਦੇਣ ਵਰਗੇ ਬੋਲ ਨੌਜਵਾਨੀ ਨੂੰ ਪਰੋਸੇ ਜਾ ਰਹੇ ਹਨ। ਖੇਡ ਸਭਿਆਚਾਰ ਦੀ ਉੱਪਰੋਂ-ਉੱਪਰੋਂ ਦਿਸਦੀ ਬੱਲੇ-ਬੱਲੇ ਅੰਦਰੋਂ ਤਾਕਤ ਵਧਾਊ ਟੀਕਿਆਂ ਨੇ ਘੁਣ ਵਾਂਗ ਖਾ ਲਈ ਹੈ।

ਹਰ ਜਵਾਨ ਦਿਲ ਨੂੰ ਖੜਕਾ-ਦੜਕਾ ਹੀ ਵਧੇਰੇ ਪਸੰਦ ਹੁੰਦਾ ਹੈ। ਉਬਾਲੇ ਮਾਰਦਾ ਖੂਨ ਅੱਕ ਦਾ ਬੂਟਾ ਬੀਜ ਕੇ ਉਸ ਤੋਂ ਅੰਬਾਂ ਦੇ ਫ਼ਲ ਦੀ ਉਮੀਦ ਕਰਦਾ ਹੈ। ਇੰਤਜ਼ਾਰ ਸ਼ਬਦ ਨੌਜਵਾਨੀ ਨੂੰ ਜ਼ਹਿਰ ਵਰਗਾ ਪ੍ਰਤੀਤ ਹੁੰਦਾ ਹੈ, ਸ਼ਾਇਦ ਇਸੇ ਕਰ ਕੇ ਹੀ ਹਰ ਕੰਮ ਵਿਚ ਕਾਹਲੀ... ਤੇ ਫਿਰ ਕਾਹਲੀ ਅੱਗੇ ਟੋਏ ਵੀ ਨੌਜਵਾਨੀ ਨੂੰ ਹੀ ਨਸੀਬ ਹੁੰਦੇ ਹਨ। ਸਿਆਸੀ ਪਾਰਟੀਆਂ ਨੌਜਵਾਨੀ ਨੂੰ ਰੁਜ਼ਗਾਰ ਦੇ ਕੇ ਅਜਿਹੀ ਦਲਦਲ ਵਿਚੋਂ ਕੱਢਣ ਲਈ ਅੱਗੇ ਆਉਂਦੀਆਂ ਨਹੀਂ ਦਿਸ ਰਹੀਆਂ।

ਜਲਦੀ ਅਤੇ ਇਕੋ ਝਟਕੇ ਨਾਲ ਅਮੀਰ ਬਣਨ ਦੀ ਚਾਹਤ ਕਾਰਨ ਨੌਜਵਾਨੀ ਸਮਾਜਕ ਜ਼ਿੰਮੇਵਾਰੀਆਂ ਤੇ ਫ਼ਰਜ਼ਾਂ ਤੋਂ ਭੱਜ ਰਹੀ ਹੈ ਜਿਸ ਦਾ ਪ੍ਰਤੱਖ ਸਬੂਤ ਗਾਇਕਾਂ ਵਲੋਂ ਸਭਿਆਚਾਰ ਦੇ ਨਾਂ 'ਤੇ ਪਾਇਆ ਜਾ ਰਿਹਾ ਖਰੂਦ ਤੇ ਖੇਡਾਂ ਦੇ ਨਾਂ 'ਤੇ ਹੋ ਰਹੀ ਨਸ਼ਾਖੋਰੀ ਹੈ। ਸਿਆਸਤਦਾਨਾਂ ਦੇ ਕਿਰਦਾਰ ਅਕਸਰ ਹੀ ਦਾਗ਼ਦਾਰ ਹੁੰਦੇ ਰਹਿਣ ਕਰ ਕੇ ਲੋਕਾਂ ਨੂੰ ਇਨ੍ਹਾਂ ਕੋਲੋਂ ਤਾਂ ਸ਼ਾਇਦ ਕਿਸੇ ਚੰਗੇ ਕੰਮ ਦੀ 'ਉਮੀਦ' ਨਾ ਹੋਵੇ, ਪਰ ਬੀਤੇ ਸਮੇਂ ਵਿਚ ਸ਼ਾਂਤੀਦੂਤਾਂ ਵਜੋਂ ਜਾਣੇ ਜਾਂਦੇ ਗਾਇਕਾਂ ਅਤੇ ਖਿਡਾਰੀਆਂ ਦੇ ਨਸ਼ਾ ਸਮੱਗਲਰਾਂ ਨਾਲ ਨਾਂ ਜੁੜਨੇ ਪੰਜਾਬ ਦੇ ਮੱਥੇ 'ਤੇ ਨਾ ਮਿਟਣ ਵਾਲਾ ਕਲੰਕ ਜ਼ਰੂਰ ਕਿਹਾ ਜਾ ਸਕਦਾ ਹੈ।

ਗੀਤਾਂ ਰਾਹੀਂ ਅਭੱਦਰ ਸ਼ਬਦਾਵਲੀ ਵਰਤਾਉਣੀ ਜਾਂ ਤਾਕਤ ਵਧਾਉਣ ਲਈ ਖੁਦ ਦੀਆਂ ਨਸਾਂ ਪਰੁੰਨ ਲੈਣਾ ਤਾਂ ਇਕ ਪਾਸੇ ਰਿਹਾ, ਜੇ ਇਹੀ ਸ਼ਾਂਤੀਦੂਤ ਲੋਕਾਂ ਦੇ ਪੁੱਤਾਂ ਨੂੰ ਮੌਤ ਦਾ ਸਾਮਾਨ ਵੰਡਣ ਦੇ ਰਾਹ ਤੁਰ ਪੈਣ ਤਾਂ ਉਸ ਪੰਜਾਬ ਦੀ ਖੁਸ਼ਹਾਲੀ ਦੀਆਂ ਟਾਹਰਾਂ ਫੋਕੀਆਂ ਮਾਰਨੀਆਂ ਹਜ਼ਮ ਜਿਹਾ ਨਹੀਂ ਹੁੰਦਾ। ਸੰਸਾਰ ਪੱਧਰੀ ਪਹਿਲਵਾਨ ਜਗਦੀਸ਼ ਭੋਲਾ ਤੋਂ ਬਾਅਦ ਹੁਣ ਸੰਸਾਰ ਕੱਪ ਖੇਡ ਚੁੱਕੇ ਕਬੱਡੀ ਖਿਡਾਰੀ ਨਾਨਕ ਹਠੂਰ ਦਾ ਸਮੈਕ ਵੇਚਣ ਦੇ ਧੰਦੇ ਨਾਲ ਜੁੜੇ ਹੋਣ ਦੇ ਦੋਸ਼ਾਂ ਵਿਚ ਘਿਰਨਾ ਇਸ ਗੱਲ ਦਾ ਸਬੂਤ ਹਨ ਕਿ ਦੂਜਿਆਂ ਨੂੰ ਰਾਹ ਦਿਖਾਉਣ ਵਾਲੇ ਹੀ ਰਾਹ ਤੋਂ ਭਟਕ ਗਏ ਹਨ।

ਇਸ ਤੋਂ ਵੱਧ ਹੈਰਾਨੀ ਦੀ ਗੱਲ ਕੀ ਹੋਵੇਗੀ ਕਿ ਪੰਜਾਬ ਵਿਚ ਪਿੰਡ-ਪਿੰਡ, ਗਲੀ-ਗਲੀ ਵਿਕ ਰਹੀ ਸਮੈਕ ਬਾਰੇ ਜ਼ਿੰਮੇਵਾਰ ਸਿਆਸੀ ਆਗੂਆਂ ਵਲੋਂ ਕੇਂਦਰ ਸਰਕਾਰ ਦੇ ਸਿਰ ਭਾਂਡਾ ਭੰਨਿਆ ਜਾ ਰਿਹਾ ਹੈ। ਸਵਾਲ ਇਹ ਵੀ ਹੈ ਕਿ ਜੇ ਕੇਂਦਰ ਸਰਕਾਰ ਸਰਹੱਦਾਂ ਤੋਂ ਨਸ਼ਾ ਦਾਖਲ ਹੋਣ ਤੋਂ ਰੋਕਣ ਵਿਚ ਨਾ-ਕਾਮਯਾਬ ਹੈ ਤਾਂ ਪੰਜਾਬ ਵਿਚ ਤਾਂ ਕੇਂਦਰ ਸਰਕਾਰ ਦਾ ਰਾਜ ਨਹੀਂ ਹੈ?

ਕੀ ਪੰਜਾਬ ਵਿਚ ਨਸ਼ਾ ਵੀ ਕੇਂਦਰ ਸਰਕਾਰ ਦੇ ਭੇਜੇ ਹੋਏ 'ਮੁਲਾਜ਼ਮ' ਵੇਚਦੇ ਹਨ? ਕਿੰਨੀ ਸ਼ਰਮ ਦੀ ਗੱਲ ਹੈ ਕਿ ਲੋਕ ਸਭਾ ਚੋਣਾਂ ਦੌਰਾਨ ਅਮਲੀਆਂ ਦੇ ਰੋਏ ਦੁੱਖਾਂ ਦੀਆਂ ਖ਼ਬਰਾਂ ਅਖਬਾਰਾਂ ਦੀਆਂ ਮੁੱਖ ਸੁਰਖੀਆਂ ਬਣੀਆਂ। ਜਿਸ ਜਗ੍ਹਾ 'ਤੇ ਪੰਜਾਬੀ ਨੌਜਵਾਨਾਂ ਦੀਆਂ ਪ੍ਰਾਪਤੀਆਂ ਦੀਆਂ ਖ਼ਬਰਾਂ ਛਪਦੀਆਂ ਸਨ, ਉਸ ਜਗ੍ਹਾ 'ਤੇ ਹੁਣ ਨਸ਼ੇ ਦੀ ਥੁੜ ਜਾਂ ਵੱਧ ਨਸ਼ੇ ਕਰਨ ਨਾਲ ਹੁੰਦੀਆਂ ਮੌਤਾਂ ਦੀਆਂ ਖ਼ਬਰਾਂ ਛਪ ਰਹੀਆਂ ਹਨ। ਜਿਹੜਾ ਪੰਜਾਬ ਪਾਣੀਆਂ ਕਰ ਕੇ ਜਾਣਿਆ ਜਾਂਦਾ ਸੀ, ਹੁਣ ਅਮਲੀਆਂ ਕਰ ਕੇ ਜਾਣਿਆ ਜਾ ਰਿਹਾ ਹੈ।

ਪਿਆਸੇ ਰਾਹਗੀਰਾਂ ਲਈ ਛਬੀਲਾਂ ਲਾਉਣ ਵਾਲੇ ਪੰਜਾਬ ਵਿਚ ਜਨਤਕ ਨਲਕਿਆਂ ਦੀਆਂ ਹੱਥੀਆਂ ਵੀ ਅਮਲੀਆਂ ਦਾ ਅਮਲ ਪੂਰਾ ਕਰਨ ਦੀ ਭੇਟ ਚੜ੍ਹੀਆਂ ਮਿਲਣਗੀਆਂ। ਲੋਕਾਂ ਦੇ ਆਰਥਿਕ ਪੱਖੋਂ ਨਿਕਲੇ ਦੀਵਾਲੇ ਦੀ ਹੀ ਤਸਵੀਰ ਹੈ ਕਿ ਲੰਘ ਕੇ ਗਈਆ ਆਮ ਚੋਣਾਂ ਵਿਚ ਵੋਟਾਂ ਦੀ ਖਰੀਦੋ-ਫਰੋਖਤ ਦੀਆਂ ਖ਼ਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਰਹੀਆਂ ਹਨ। ਉਨ੍ਹਾਂ ਕਾਰਨਾਂ ਦੀ ਤਹਿ ਤੱਕ ਜਾਣਾ ਸਰਕਾਰਾਂ ਦਾ ਕੰਮ ਹੈ ਕਿ ਕੀ ਵਜ੍ਹਾ ਹੈ ਕਿ ਮਹਿੰਗੀਆਂ ਜ਼ਮੀਨਾਂ ਵਾਲੇ ਪੰਜਾਬ ਵਿਚ ਜ਼ਮੀਰਾਂ ਸਸਤੀਆਂ ਹੋ ਰਹੀਆਂ ਹਨ?

ਲੋਕਾਂ ਦੇ ਧੀਆਂ-ਪੁੱਤਾਂ ਨੂੰ ਸਿਵਿਆਂ ਦੀ ਰਾਖ ਵਿਚ ਬਦਲ ਕੇ ਮਣਾਂ-ਮੂੰਹੀਂ ਨੋਟ ਕਮਾਉਣ ਵਾਲੇ ਲੋਕਾਂ ਨੂੰ ਵੀ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਮਾਵਾਂ ਦੀਆਂ ਚੀਕਾਂ ਤੁਹਾਨੂੰ ਵੀ ਸੁੱਖ ਦੀ ਨੀਂਦੇ ਨਹੀਂ ਸੌਣ ਦੇਣਗੀਆਂ ਜਿਨ੍ਹਾਂ ਦੇ ਬੁਢਾਪੇ ਦੀ ਡੰਗੋਰੀ ਨੂੰ ਤੁਹਾਡੇ ਵਲੋਂ ਵੰਡੀ ਸਿਉਂਕ ਨੇ ਬੇਮੌਤ ਮਾਰਿਆ ਹੈ।

ਜੇ ਨਸ਼ੇ ਦਾ ਝੱਸ ਪੂਰਾ ਕਰਨ ਲਈ ਨਸ਼ਾਖੋਰ ਨੌਜਵਾਨ ਰਾਹ ਜਾਂਦੀਆਂ ਔਰਤਾਂ ਦੇ ਪਰਸ, ਚੇਨੀਆਂ, ਵਾਲੀਆਂ ਝਪਟ ਸਕਦੇ ਹਨ ਤਾਂ ਉਹ ਦਿਨ ਵੀ ਦੂਰ ਨਹੀਂ, ਜਦੋਂ ਲੋਕਾਂ ਦੇ ਘਰਾਂ ਵਿਚ ਸਿਵੇ ਬਾਲ ਕੇ ਕਮਾਏ ਧਨ ਨੂੰ ਝਪਟਣ ਲਈ ਤੁਹਾਡੇ ਪੈਦਾ ਕੀਤੇ ਲੁਟੇਰੇ ਤੁਹਾਡੀ ਧੌਣ 'ਤੇ ਵੀ ਗੋਡਾ ਰੱਖਣਗੇ।

ਜੇ ਪੰਜ ਆਬਾਂ ਦੀ ਧਰਤੀ 'ਤੇ ਐਬਾਂ ਕਾਰਨ ਘਰ-ਘਰ ਸ਼ਮਸ਼ਾਨਘਾਟ ਬਣ ਜਾਵੇਗਾ ਤਾਂ ਇਨ੍ਹਾਂ ਮੌਤਾਂ ਲਈ ਜ਼ਿੰਮੇਵਾਰ ਲੋਕਾਂ ਦੇ ਘਰਾਂ ਤੱਕ ਵੀ ਸੇਕ ਜ਼ਰੂਰ ਪਹੁੰਚੇਗਾ। ਵੇਲਾ ਅਜੇ ਵੀ ਹੈ, ਸੰਭਲਿਆ ਜਾ ਸਕਦਾ ਹੈ; ਨਹੀਂ ਤਾਂ 'ਵੇਲਿਓਂ ਖੁੰਝੀ ਡੂੰਮਣੀ, ਗਾਵੇ ਆਲ ਪਤਾਲ' ਵਾਲੀ ਕਹਾਵਤ ਸਾਡੇ 'ਤੇ ਪਲ-ਪਲ ਲਾਗੂ ਹੁੰਦੀ ਰਹੇਗੀ।

# ਮੇਰੇ ਲਈ ਦੇਵੀ ਤੇ ਗਾਇਕਾ ਮਾਂ ਸੀ ਸੁਰਿੰਦਰ ਕੌਰ




ਐਸ. ਅਸ਼ੋਕ ਭੌਰਾ

ਇਹ ਜ਼ਰੂਰੀ ਨਹੀਂ ਕਿ ਸਿਰਫ ਸੁਨੱਖੇ ਲੋਕ ਹੀ ਸ਼ੀਸ਼ਾ ਦੇਖਦੇ ਹਨ। ਹਰ ਉਮਰ ਵਿਚ ਸ਼ੀਸ਼ਾ ਵੇਖਣ ਦੀ ਪ੍ਰਵਿਰਤੀ ਮਨੁੱਖ ਅੰਦਰ ਤੁਰੀ ਆਉਂਦੀ ਹੈ। ਕਈ ਵਾਲ ਵਾਹੁਣ ਲਈ ਸ਼ੀਸ਼ਾ ਵੇਖਦੇ ਹਨ, ਕਈ ਨੈਣ-ਨਕਸ਼ ਵੇਖਣ ਲਈ, ਤੇ ਔਰਤਾਂ ਸੁੰਦਰਤਾ ਤੇ ਹਾਰ-ਸ਼ਿੰਗਾਰ ਕਰਨ ਲਈ। ਜਿਹੜੇ ਸੁਨੱਖੇ ਨਹੀਂ, ਉਹ ਵੀ ਸ਼ੀਸ਼ਾ ਤਾਂ ਵੇਖੀ ਜਾਂਦੇ ਹਨ ਕਿ ਚਲੋ ਵੇਖਣ ਵਿਚ ਕੀ ਹਰਜ ਹੈ; ਪਰ ਕਈ ਸੋਹਣੇ ਤਾਂ ਬੜੇ ਸਨ ਪਰ ਸ਼ੀਸ਼ੇ ਨੇ ਉਨ੍ਹਾਂ ਦੇ ਹੱਕ



ਲੁਧਿਆਣੇ ਦੇ ਪੰਜਾਬੀ ਭਵਨ ਵਿਚ ਫੋਟੋ ਖਿਚਾਉਣ ਸਮੇਂ ਆਪਣੇ ਦੋਹਤੇ ਨਾਲ ਸੁਰਿੰਦਰ ਕੌਰ। ਨਾਲ ਹਨ ਲੇਖਕ ਭੌਰਾ


ਵਿਚ ਹਾਮੀ ਤਾਂ ਨਹੀਂ ਭਰੀ ਕਿ ਕਰਤੂਤਾਂ ਅਕਸ ਗੰਧਲਾ ਕਰਦੀਆਂ ਰਹੀਆਂ। ਕਈਆਂ ਨੇ ਸ਼ੀਸ਼ਾ ਤਾਂ ਰੱਜ ਕੇ ਵੇਖਿਆ ਪਰ ਸ਼ਕਲ ਵਿਚਾਰਿਆਂ ਨੂੰ ਫਿਰ ਵੀ ਚੇਤੇ ਨਾ ਰਹਿ ਸਕੀ। ਅਸਲ ਵਿਚ ਸਮਾਜ ਤੁਹਾਡੇ ਹੱਕ ਵਿਚ ਜਦੋਂ ਵੀ ਵੋਟ ਪਾਵੇਗਾ ਤਾਂ ਸ਼ੀਸ਼ਾ ਨਹੀਂ, ਤੁਹਾਡੇ ਗੁਣਾਂ ਦਾ ਚੋਣ ਨਿਸ਼ਾਨ ਹੀ ਵੇਖਿਆ ਜਾਵੇਗਾ। ਇਸੇ ਕਰ ਕੇ ਕਈਆਂ ਨੇ ਜ਼ਿੰਦਗੀ ਦੀ ਬਾਜ਼ੀ ਖੇਡਦਿਆਂ ਥੱਕੇ, ਬਾਦਸ਼ਾਹ ਵਾਲਿਆਂ ਕੋਲੋਂ ਰੰਗ ਦੀ ਦੁੱਕੀ ਨਾਲ ਵੀ ਸਰ ਜਿੱਤ ਲੈਣੀ ਹੁੰਦੀ ਹੈ।

ਸੰਗੀਤ ਨੂੰ ਪਿਆਰ ਕਰਨ ਵਾਲੇ ਲੋਕਾਂ ਲਈ ਸੁਰਿੰਦਰ ਕੌਰ ਦੇਵੀ ਮਾਂ ਹੈ। ਹਰ ਪੰਜਾਬੀ ਉਸ ਨੂੰ ਪਿਆਰ ਕਰਦਾ ਹੈ, ਪਰ ਮੈਂ ਰੱਜ ਕੇ ਸੁਰਿੰਦਰ ਕੌਰ ਨੂੰ ਪਿਆਰ ਕਰਦਾ ਹਾਂ; ਇਹ ਇਸ ਕਰ ਕੇ ਕਿਉਂਕਿ ਮੈਂ ਉਹਨੂੰ ਬਾਕੀਆਂ ਵਾਂਗ ਸੁਣਿਆ-ਵੇਖਿਆ ਹੀ ਨਹੀਂ; ਸਗੋਂ ਮਾਂ ਜਾਂ ਵੱਡੀਆਂ ਭੈਣਾਂ ਵਾਂਗ ਉਹਦੀਆਂ ਬਾਹਾਂ ਨਾਲ ਬੁੱਕਲ ਦਾ ਨਿੱਘ ਵੀ ਲਿਆ ਹੈ। ਮੇਰੇ ਅੰਦਰ ਛਿੜੀਆਂ ਸੰਗੀਤ ਦੀਆਂ ਤਰੰਗਾਂ ਵੀਹ ਵਰ੍ਹਿਆਂ ਦੀ ਉਮਰ ਵਿਚ ਉਹਦੇ ਕੋਲ ਖਿੱਚ ਕੇ ਲੈ ਗਈਆਂ ਸਨ। ਮੇਰੀ ਉਮਰ ਉਦੋਂ ਮਸਾਂ ਬਾਈ ਕੁ ਸਾਲਾਂ ਦੀ ਸੀ, ਜਦੋਂ ਉਹ ਸਾਡੇ ਘਰ ਆਈ। ਉਦੋਂ ਉਹ ਪੇਂਡੂਆਂ ਲਈ ਰੇਡੀਓ ਗਾਇਕਾ ਸੀ। 'ਮਾਂਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ' ਉਸ ਵੇਲੇ ਜਲੰਧਰ ਰੇਡੀਓ ਸਟੇਸ਼ਨ ਦੇ ਹਰ ਪ੍ਰੋਗਰਾਮ ਵਿਚ ਵੱਜਦਾ ਹੁੰਦਾ ਸੀ। ਪੇਂਡੂ ਬਜ਼ੁਰਗਾਂ ਲਈ ਉਹ ਸੁਰਿੰਦਰ ਕੌਰ ਨਹੀਂ, ਸ਼ਲਿੰਦਰਾਂ ਸੀ। ਲੁਧਿਆਣੇ ਤੋਂ ਉਹਨੂੰ ਮੈਂ ਕਿਹਾ, 'ਮੇਰੇ ਪਿੰਡ ਭੌਰੇ ਚੱਲਣੈਂ।' ਉਹਨੇ ਨਾਂਹ ਨਾ ਕੀਤੀ। ਸੱਤਰ ਰੁਪਏ ਦੀ ਅੰਬੈਸਡਰ ਕਾਰ ਕਿਰਾਏ 'ਤੇ ਕਰ ਕੇ ਅਸੀਂ ਪਿੰਡ ਗਏ। ਉਹ ਦੋ ਕੁ ਘੰਟੇ ਰੁਕੀ ਤੇ ਚਾਹ ਪੀ ਕੇ ਪਰਤ ਗਈ। ਅੱਧਾ ਪਿੰਡ 'ਕੱਠਾ ਹੋ ਗਿਆ ਸੀ ਉਹਨੂੰ ਵੇਖਣ ਲਈ। ਉਦੋਂ ਕੈਮਰਿਆਂ ਦੀ ਵਿਵਸਥਾ ਨਹੀਂ ਸੀ। ਗਾਇਕੀ ਦੇ ਹੁਣ ਵਾਲੇ ਖਲਜਗਣ ਵਿਚ ਕੋਈ ਜਾਣੇ ਜਾਂ ਨਾ ਜਾਣੇ, ਪਰ ਇਹ ਸੱਚ ਸੀ ਕਿ ਉਹ ਪੇਂਡੂਆਂ ਲਈ ਗਾਇਕਾ ਨਹੀਂ, ਦੇਵੀ ਸੀ। ਉਹਨੂੰ ਘਰੇ ਹੁੱਕਾ ਚੁੱਕ ਕੇ ਵੇਖਣ ਆਏ ਬਜ਼ੁਰਗ ਦਾ ਸੰਵਾਦ ਮੈਨੂੰ ਹਾਲੇ ਤੀਕ ਨਹੀਂ ਭੁੱਲਿਆ। ਕਹਿਣ ਲੱਗਾ, "ਕਾਕਾ ਨਹਿਰੂ ਆਇਆ ਸੀ, ਪਿੰਡ ਨੌਰੇ 'ਠਾਰਾਂ-ਉਨੀ ਸਾਲ ਪਹਿਲਾਂ, ਤੇ ਉਹਦੇ ਨਾਲ ਆਈ ਸੀ ਬੀਬੀ ਇੰਦਰਾ ਗਾਂਧੀ। ਜਾਂ ਤਾਂ ਉਦੋਂ ਚਾਅ ਨਾਲ ਵੇਖਣ ਗਏ ਸੀ, ਤੇ ਅੱਜ ਸ਼ਲਿੰਦਰ ਵੇਖ ਓਦੋਂ ਵੀ ਦੂਣਾ ਚਾਅ ਚੜ੍ਹਿਆ ਫਿਰਦੈ।"

ਦਿੱਲੀ ਦਾ ਮਾਲ ਰੋਡ, ਤੇ ਮਾਲ ਰੋਡ 'ਤੇ ਰੁਬੇਰਾ ਬਿਲਡਿੰਗ। ਇਸ ਬਿਲਡਿੰਗ ਵਿਚ ਰਹਿੰਦੀ ਸੀ ਸੁਰਿੰਦਰ ਕੌਰ। ਇਸ ਤੋਂ ਪਹਿਲਾਂ ਉਹ ਕਿੱਥੇ ਰਹਿੰਦੀ ਸੀ, ਇਸ ਗੱਲ ਦਾ ਤਾਂ ਮੈਨੂੰ ਪਤਾ ਨਹੀਂ, ਪਰ ਮੇਰੇ ਨਾਲ ਜਿੰਨੀਆਂ ਵੀ ਮੁਲਾਕਾਤਾਂ ਹੋਈਆਂ, ਉਹ ਇਥੇ ਹੀ ਹੋਈਆਂ। ਮੇਰੀ ਵੱਡੀ ਭੈਣ ਦਿੱਲੀ ਰਹਿੰਦੀ ਹੈ, ਤੇ ਜਦੋਂ ਵੀ ਮੈਂ ਦਿੱਲੀ ਜਾਂਦਾ, ਪੂਰਾ-ਪੂਰਾ ਦਿਨ ਉਹਦੇ ਨਾਲ ਗੁਜ਼ਾਰ ਦਿੰਦਾ। ਜ਼ਿੰਦਗੀ ਦੇ ਅਰਥ ਭਾਵੇਂ ਉਸ ਵੇਲੇ ਸਮਝ ਨਾ ਵੀ ਆਉਂਦੇ ਹੋਣ, ਪਰ ਮੈਥੋਂ ਇਹ ਖੁਸ਼ੀ ਨਹੀਂ ਸੀ ਸਾਂਭ ਹੁੰਦੀ ਕਿ ਮੈਂ ਸੁਰਿੰਦਰ ਕੌਰ ਨੂੰ ਜਾਣਦਾ ਹੀ ਨਹੀਂ, ਸਗੋਂ ਉਹਦੀ ਸੰਗਤ ਵਿਚ ਸੰਗੀਤ ਤੇ ਪੰਜਾਬੀ ਗਾਇਨ ਦਾ ਹੱਜ ਵੀ ਕਰ ਰਿਹਾ ਹਾਂ। ਉਹ ਅਕਸਰ ਮੈਨੂੰ 'ਛੋਟਾ ਵੀਰ' ਕਹਿੰਦੀ ਸੀ, ਪਰ ਮੇਰੇ ਲਈ ਉਹਦਾ ਰੁਤਬਾ ਆਪਣੀ ਜਨਮ ਦੇਣੀ ਮਾਂ ਵਰਗਾ ਹੀ ਸੀ। ਫਿਰ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਜਲੰਧਰ ਦੂਰਦਰਸ਼ਨ ਦੇ ਕਈ ਪ੍ਰੋਡਿਊਸਰ ਮੈਥੋਂ ਹੀ ਆਸਾ ਸਿੰਘ ਮਸਤਾਨਾ ਤੇ ਸੁਰਿੰਦਰ ਕੌਰ ਦੇ ਟੈਲੀਫੋਨ ਲਿਆ ਕਰਦੇ ਸਨ।

ਇਕ ਵਾਰ ਮੈਂ ਉਹਦੇ ਕੋਲ ਸਵੇਰੇ-ਸਵੇਰੇ ਗਿਆ। ਉਹ ਘਰ ਦੇ ਬਾਹਰ ਤਿਆਰ ਹੋ ਕੇ ਕਿਧਰੇ ਜਾਣ ਲਈ ਖੜ੍ਹੀ ਸੀ। ਜਦ ਨੂੰ ਰਿਕਸ਼ਾ ਆ ਗਿਆ। ਆਂਹਦੀ, "ਅਸ਼ੋਕ ਤੈਨੂੰ ਕੋਈ ਜ਼ਰੂਰੀ ਕੰਮ ਤਾਂ ਨਹੀਂ।" ਮੈਂ ਨਾਂਹ 'ਚ ਸਿਰ ਹਿਲਾਇਆ ਤਾਂ ਮੈਨੂੰ ਨਾਲ ਹੀ ਰਿਕਸ਼ੇ 'ਤੇ ਬਿਠਾ ਲਿਆ। ਉਹ ਰਿਕਾਰਡਿੰਗ 'ਤੇ ਜਾ ਰਹੀ ਸੀ। ਮੈਨੂੰ ਚਾਅ ਚੜ੍ਹ ਗਿਆ। ਉਹ ਮੇਰਾ ਪਹਿਲਾ ਦਿਨ ਸੀ ਜਦੋਂ ਮੈਂ ਕੁੱਤਾ ਮਾਰਕਾ ਕੰਪਨੀ ਦਾ ਰਿਕਾਰਡਿੰਗ ਸਟੂਡੀਓ ਅਤੇ ਦਫ਼ਤਰ ਵੇਖਿਆ। ਅੱਗੇ ਦੀਦਾਰ ਸੰਧੂ ਨਾਲ ਉਹਦੇ ਦੋ-ਗਾਣੇ ਭਰੇ ਜਾਣੇ ਸਨ। ਇਹ ਗੀਤ 'ਜੇਠ ਲਿਆਇਆ ਨੀ ਦਿੱਲੀਉਂ ਸੁਰਮੇਦਾਨੀ' ਜਦੋਂ ਪੂਰਾ ਹੋਇਆ ਤਾਂ ਉਹ ਸਵਾਲ ਜਿਹੜਾ ਰੰਗੀਲੇ ਜੱਟ ਨਾਲ 'ਭਾਂਡੇ ਕਲੀ ਕਰਾ ਲਓ' ਜਾਂ 'ਕਿੰਜ ਬੀਤੀ ਮੁਕਲਾਵੇ ਵਾਲੀ ਰਾਤ' ਕਰ ਕੇ ਮੇਰੇ ਦਿਮਾਗ ਵਿਚ ਤੇਈਏ ਬੁਖਾਰ ਵਾਂਗ ਚੜ੍ਹਿਆ ਹੋਇਆ ਸੀ, ਇੰਜੀਨੀਅਰ ਦਾਦੇ ਕੋਲ ਬੈਠਿਆਂ ਮੈਂ ਪੁੱਛ ਹੀ ਲਿਆ, "ਲੱਠੇ ਦੀ ਚਾਦਰ ਵਰਗੇ ਗੀਤ ਗਾ ਕੇ ਇੱਦਾਂ ਦੇ ਗੀਤ ਗਾਉਣੇ ਹੋਰ ਤਰ੍ਹਾਂ ਨਹੀਂ ਲਗਦੇ?" ਜੁਆਬ ਦੇਣ ਤੋਂ ਪਹਿਲਾਂ ਉਹਨੇ ਉਹ ਗੱਲ ਕੀ ਕਹੀ ਜਿਹੜੀ ਮੇਰੀ ਮਾਂ ਕਹਿੰਦੀ ਹੁੰਦੀ ਸੀ। ਕਹਿਣ ਲੱਗੀ, "ਅਸ਼ੋਕ ਤੈਨੂੰ ਗਾਇਕੀ ਦੇ ਰੰਗਾਂ ਦਾ ਨ੍ਹੀਂ ਪਤਾ, ਤੂੰ ਹਾਲੇ ਨਿਆਣਾਂ, ਤੇਰਾ ਸਿਰ ਗਿੱਲਾ। ਸੋਢੀ ਸਾਹਿਬ ਚਲੇ ਗਏ ਨੇ...ਘਰ ਦਾ ਤੇ ਬੱਚਿਆਂ ਦਾ ਕੁਝ ਦੇਖਣ ਲਈ ਕੁਛ ਤਾਂ ਕਰਨਾ ਹੀ ਪੈਣੈ।" ਮੈਂ ਆਪਣੇ ਬੁੱਲ੍ਹ ਉਥੇ ਹੀ ਘੁੱਟ ਲਏ।

ਸਾਲ 1989 ਵਿਚ ਜਦੋਂ ਮੈਂ ਮਾਹਿਲਪੁਰ 'ਚ ਸ਼ੌਂਕੀ ਮੇਲਾ ਅਰੰਭ ਕੀਤਾ ਤਾਂ ਪਹਿਲਾ ਸ਼ੌਂਕੀ ਐਵਾਰਡ ਸੁਰਿੰਦਰ ਕੌਰ ਨੂੰ ਦੇਣ ਦਾ ਫੈਸਲਾ ਕੀਤਾ ਗਿਆ। ਐਵਾਰਡ ਤੋਂ ਵੀ ਪਹਿਲਾਂ ਦੋ ਗੱਲਾਂ ਦੀ ਚਰਚਾ ਚੱਲ ਪਈ। ਪਹਿਲੀ ਇਹ ਕਿ ਪੰਜਾਬ ਦੇ ਖਰਾਬ ਹਾਲਾਤ ਦੇ ਦੌਰ ਵਿਚ ਸੁਰਿੰਦਰ ਕੌਰ ਮੇਲੇ ਵਿਚ ਆਵੇਗੀ? ਉਹ ਵੀ ਮਾਹਿਲਪੁਰ! ਦੂਜੀ ਵੱਡੀ ਗੱਲ ਇਹ ਸੀ ਕਿ ਚਲੋ ਅਸ਼ੋਕ ਚਾਰ ਅੱਖਰ ਅਖ਼ਬਾਰਾਂ ਵਿਚ ਲਿਖਦੈ, ਪਰ ਇਸ ਅਲੂੰਏਂ ਜਿਹੇ ਮੁੰਡੇ ਦੇ ਨਾਂ 'ਤੇ ਕਿੱਥੇ ਆਉਣ ਲੱਗੀ ਐ? ਆਪਣੇ ਸਮਿਆਂ ਦੇ ਪ੍ਰਸਿੱਧ ਸ਼ਾਇਰ ਪ੍ਰੋ. ਅਜੀਤ ਨੇ ਤਾਂ ਕਈ ਥਾਂ ਕਹਿ ਵੀ ਦਿੱਤਾ ਸੀ ਕਿ ਐਵੇਂ ਰੌਲੈ, ਉਹਨੇ ਕਿਥੇ ਆਉਣੈ ਇੱਦਾਂ ਦੇ ਮੇਲਿਆਂ 'ਤੇ? ਸ਼ਾਇਦ ਉਹ ਨਹੀਂ ਜਾਣਦੇ ਸਨ ਕਿ ਕਈ ਨਿੱਕੇ-ਨਿੱਕੇ ਖਰਬੂਜ਼ੇ ਵੀ ਮਿਸਰੀ ਵਾਂਗ ਸੁਆਦ ਦੇ ਜਾਂਦੇ ਹਨ। 29 ਜਨਵਰੀ ਨੂੰ ਪਹਿਲਾ ਮੇਲਾ ਸੀ, ਪਰ ਟੈਲੀਫੋਨ ਦੀ ਸਹੂਲਤ ਮੇਰੇ ਕੋਲ ਨਾ ਹੋਣ ਕਰ ਕੇ ਉਹਨੇ ਕਈ ਦਿਨ ਪਹਿਲਾਂ ਹੀ ਮੈਨੂੰ ਖ਼ਤ ਲਿਖ ਦਿੱਤਾ ਕਿ ਦੋ ਦਿਨ ਪਹਿਲਾਂ ਫਰੰਟੀਅਰ ਵਿਚ ਜਲੰਧਰ ਪਹੁੰਚ ਜਾਵਾਂਗੀ, ਹੋਟਲ ਦਾ ਪ੍ਰਬੰਧ ਕਰ ਦੇਣਾ। ਉਨ੍ਹਾਂ ਦਿਨਾਂ ਵਿਚ ਐਮ.ਜੀ. ਗੌਤਮ ਜਲੰਧਰ ਦੂਰਦਰਸ਼ਨ ਦੇ ਨਿਰਦੇਸ਼ਕ ਸਨ ਤੇ ਡਾ. ਲਖਵਿੰਦਰ ਜੌਹਲ ਸਹਾਇਕ ਨਿਰਮਾਤਾ। ਜਦੋਂ ਮੈਂ ਜੌਹਲ ਨੂੰ ਸੁਰਿੰਦਰ ਕੌਰ ਦੇ ਆਉਣ ਬਾਰੇ ਦੱਸਿਆ ਤਾਂ ਜਿਵੇਂ ਅੱਧੇ ਦੂਰਦਰਸ਼ਨ ਕੇਂਦਰ ਨੂੰ ਗੋਡੇ-ਗੋਡੇ ਚਾਅ ਚੜ੍ਹ ਗਿਆ ਹੋਵੇ। ਜੌਹਲ ਨੇ ਫਟਾ-ਫਟ ਕੇਂਦਰ ਲਈ ਪ੍ਰੋਗਰਾਮ 'ਤੇ ਮੁਲਾਕਾਤ ਦਾ ਪ੍ਰਬੰਧ ਕਰ ਲਿਆ। ਉਹਦੇ ਨਾਲ ਦਿੱਲੀਉਂ ਢੋਲਕ ਵਾਲਾ ਨਾਲ ਆਇਆ। ਕਮਰਾ ਮੈਂ ਸਕਾਈ ਲਾਰਕ ਹੋਟਲ ਵਿਚ ਬੁੱਕ ਕਰਵਾ ਦਿੱਤਾ ਸੀ। ਉਹ ਸਤਾਈ ਸ਼ਾਮ ਨੂੰ ਜਲੰਧਰ ਪੁੱਜ ਗਈ। ਅਗਲੇ ਦਿਨ ਜੌਹਲ ਨੇ ਪ੍ਰੋ. ਅਤੈ ਸਿੰਘ ਨਾਲ ਉਹਦੀ ਮੁਲਾਕਾਤ ਹੋਟਲ ਵਿਚ ਹੀ ਰਿਕਾਰਡ ਕੀਤੀ, ਪਰ ਉਹ ਉਸ ਦਿਨ ਦੁਖੀ ਇਸ ਕਰ ਕੇ ਸੀ ਕਿ ਉਹਦੇ ਕੰਨ ਦੇ ਪਿੱਛੇ ਨਿੱਕੀ ਜਿਹੀ ਫਿੰਸੀ ਇੰਨਾ ਦੁਖੀ ਕਰ ਰਹੀ ਸੀ ਕਿ ਉਹਨੂੰ ਹਲਕਾ-ਹਲਕਾ ਬੁਖ਼ਾਰ ਵੀ ਹੋ ਗਿਆ ਸੀ। ਇਸ ਦੇ ਬਾਵਜੂਦ ਉਹ ਇਸ ਦੁੱਖ ਨੂੰ ਭੁੱਲ ਕੇ ਬਾਗੋ-ਬਾਗ ਹੋਈ ਫਿਰਦੀ ਸੀ ਕਿ ਇਕ ਤਾਂ ਜਲੰਧਰ ਦੂਰਦਰਸ਼ਨ ਮੇਰੀ ਬੇਨਤੀ 'ਤੇ ਉਹਦੀ ਮਹਿਮਾਨ-ਨਿਵਾਜ਼ੀ ਚੰਗੀ ਕਰ ਰਿਹਾ ਸੀ, ਦੂਜਾ ਇਹ ਕਿ ਚਲੋ ਅਸੀਂ ਤਾਂ ਜੋ ਤਿਲ-ਫੁੱਲ ਭੇਟਾ ਉਹਨੂੰ ਆਉਣ-ਜਾਣ ਦੇ ਕਿਰਾਏ ਤੋਂ ਸਿਵਾ ਦੇਣੀ ਹੀ ਸੀ, ਦੂਰਦਰਸ਼ਨ ਨੇ ਉਹਨੂੰ ਟੀ.ਏ., ਡੀ.ਏ. ਸਮੇਤ ਸਾਥੋਂ ਕਈ ਗੁਣਾਂ ਵੱਧ ਪੇਮੈਂਟ ਕਰ ਦਿੱਤੀ ਸੀ। 'ਅਜੀਤ' ਦੇ ਸਹਾਇਕ ਸੰਪਾਦਕ ਸਤਨਾਮ ਸਿੰਘ ਮਾਣਕ ਨੇ ਉਦੋਂ ਸੁਰਿੰਦਰ ਕੌਰ ਨਾਲ ਮਿਲਣ ਦੀ ਇੱਛਾ ਜ਼ਾਹਿਰ ਕੀਤੀ ਸੀ।


ਪਿਆਰੇ ਵੀਰ ਅਸ਼ੋਕ
ਤੁਹਾਡੀ ਚਿੱਠੀ ਮਿਲੀ
...
ਤੁਹਾਡੀ ਭੈਣ
ਸੁਰਿੰਦਰ ਕੌਰ

ਸੁਰਿੰਦਰ ਕੌਰ ਦਾ ਉਹ ਖ਼ਤ ਜੋ ਉਹਨੇ ਸ਼ੌਂਕੀ ਮੇਲੇ 'ਤੇ ਪਹੁੰਚਣ ਤੋਂ ਪਹਿਲਾਂ ਲਿਖਿਆ ਸੀ

29 ਜਨਵਰੀ ਵਾਲੇ ਦਿਨ ਜਦੋਂ ਮੈਂ ਤੜਕੇ ਸੁਰਿੰਦਰ ਕੌਰ ਨੂੰ ਗੱਡੀ ਲੈ ਕੇ ਜਲੰਧਰ ਲੈਣ ਪਹੁੰਚਿਆ ਤਾਂ ਸਤਨਾਮ ਮਾਣਕ ਅਤੇ 'ਅਜੀਤ' ਦਾ ਮੈਗਜ਼ੀਨ ਐਡੀਟਰ ਪਰਮਜੀਤ ਵਿਰਕ ਵੀ ਮੇਰੇ ਨਾਲ ਹੀ ਆਏ। ਜੌਹਲ ਕੈਮਰਿਆਂ ਦਾ ਲਾਮ-ਲਸ਼ਕਰ ਲੈ ਕੇ ਪਹੁੰਚਿਆ। ਜਦੋਂ ਮੈਂ ਸੁਰਿੰਦਰ ਕੌਰ ਨਾਲ ਸਰਕਾਰੀ ਸਕੂਲ ਦੀ ਗਰਾਊਂਡ ਵਿਚ ਪਹੁੰਚਿਆ ਤਾਂ ਕੜਾਕੇ ਦੀ ਠੰਢ ਨਾਲ ਸੁੰਗੜਿਆ ਪੰਡਾਲ ਜਿਵੇਂ ਇਕ ਦਮ ਨਿੱਘਾ ਹੋ ਗਿਆ ਹੋਵੇ। ਅੰਬੀਆਂ ਦਾ ਦੇਸ਼ ਕਹਾਉਣ ਵਾਲੀ ਮਾਹਿਲਪੁਰ ਦੀ ਧਰਤੀ ਤਾਲੀਆਂ ਨਾਲ ਗੂੰਜਣ ਲੱਗ ਪਈ। ਮੰਨੋਗੇ ਕਿ ਉਹੀ ਪ੍ਰੋ. ਅਜੀਤ ਉਹਦੇ ਸਵਾਗਤ ਲਈ ਆਇਆ। ਸ਼ਿਵ ਕੁਮਾਰ ਬਟਾਲਵੀ ਦੇ ਯਾਰ ਤੇ ਨਾਟਕਕਾਰ ਜੋਗਿੰਦਰ ਬਾਹਰਲਾ ਨੇ ਉਹਦੇ ਗਲ ਹਾਰ ਪਾਇਆ। ਇੰਜ ਮੈਂ ਪਹਿਲੀ ਪ੍ਰੀਖਿਆ ਵਿਚੋਂ ਹੀ ਸਫਲ ਨਹੀਂ ਹੋਇਆ ਸਾਂ, ਬਲਕਿ ਪਹਿਲੇ ਮੇਲੇ ਦਾ ਮੰਚ ਸੰਚਾਲਨ ਵੀ ਫਿਰ ਪ੍ਰੋ. ਅਜੀਤ ਨੇ ਹੀ ਕੀਤਾ ਸੀ। ਇਸੇ ਮੇਲੇ ਤੋਂ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਦਾ ਸੰਪਾਦਕ ਬਲਜਿੰਦਰ ਮਾਨ ਅਤੇ ਰਾਓ ਕੈਂਡੋਵਾਲ ਮੇਰੀਆਂ ਦੋ ਬਾਹਾਂ ਬਣ ਗਏ।

ਖੈਰ! ਸ਼ੌਂਕੀ ਮੇਲੇ ਦਾ ਵਿਸਥਾਰ ਵਿਚ ਜ਼ਿਕਰ ਤਾਂ ਮੈਂ ਅੱਗੇ ਚੱਲ ਕੇ ਕਰਾਂਗਾ, ਪਰ ਅਖ਼ਬਾਰਾਂ ਅਤੇ ਦੂਰਦਰਸ਼ਨ ਨੇ ਮੇਰੀ ਨਿੱਕੀ ਉਮਰ ਦੀ ਮਿਹਨਤ ਨੂੰ ਕਵਰੇਜ ਦੇ ਕੇ ਤਸਦੀਕ ਕਰ ਦਿੱਤਾ ਸੀ ਕਿ ਇਕ ਹੋਰ ਮੇਲਾ ਪ੍ਰੋ. ਮੋਹਨ ਸਿੰਘ ਮੇਲੇ ਤੋਂ ਬਾਅਦ ਉਠ ਖੜ੍ਹਾ ਹੋਇਆ ਹੈ। ਸੁਰਿੰਦਰ ਕੌਰ ਮੇਰੀ ਆਓ-ਭਗਤ, ਸਤਿਕਾਰ ਤੇ ਮਾਣ-ਸਨਮਾਨ ਨਾਲ ਮੇਰੇ ਪਿਆਰ ਵਿਚ ਹੋਰ ਵੀ ਗਹਿਗੱਚ ਹੋ ਗਈ ਸੀ, ਤੇ ਮੇਲੇ ਤੋਂ ਅਗਲੇ ਹਫਤੇ ਜਦੋਂ ਸਤਨਾਮ ਮਾਣਕ ਨੇ 'ਅਜੀਤ' ਦੇ ਐਤਵਾਰੀ ਅੰਕ ਵਿਚ ਸੰਪਾਦਕੀ ਪੰਨੇ 'ਤੇ ਵੱਡਾ ਲੇਖ ਲਿਖਿਆ ਤਾਂ ਸੁਰਿੰਦਰ ਕੌਰ ਨੇ ਰੁਬੇਰਾ ਬਿਲਡਿੰਗ ਗਏ ਦਾ ਮੇਰਾ ਮੱਥਾ ਚੁੰਮ ਲਿਆ ਸੀ। ਅੱਜ ਦੇ ਵਪਾਰਕ ਗਵੱਈਏ ਇਹ ਪੜ੍ਹ ਕੇ ਭਾਵੇਂ ਹਿੜ-ਹਿੜ ਕਰਨ, ਪਰ ਮੰਨੋਗੇ ਕਿ ਦਿੱਲੀਉਂ ਮਾਹਿਲਪੁਰ ਆਉਣ ਲਈ ਮੈਂ ਉਹਨੂੰ ਢਾਈ ਸੌ ਰੁਪਿਆ ਟਰੇਨ ਦਾ ਕਿਰਾਇਆ ਤੇ ਗਿਆਰਾਂ ਸੌ ਮਾਣ ਵਿਚ ਦਿੱਤਾ ਤਾਂ ਉਹਨੇ ਸੌ ਰੁਪਿਆ ਮੇਰੀ ਜੇਬ ਵਿਚ ਇਹ ਕਹਿ ਕੇ ਪਾ ਦਿੱਤਾ ਸੀ, 'ਆਹ ਮੇਰੇ ਛੋਟੇ ਵੀਰ ਲਈ।'

ਜੇ ਕੁਤਬ ਮਿਨਾਰ ਨੂੰ ਪੌੜੀਆਂ ਨਾ ਚੜ੍ਹੀਆਂ ਹੁੰਦੀਆਂ ਤਾਂ ਸੱਤਵੀਂ ਮੰਜ਼ਿਲ ਦਾ ਕੋਈ ਮਹੱਤਵ



ਸੁਰਿੰਦਰ ਕੌਰ (ਵਿਚਕਾਰ) ਨਾਟਕਕਾਰ ਜੋਗਿੰਦਰ ਬਾਹਰਲਾ ਅਤੇ ਗਾਇਕਾ ਊਸ਼ਾ ਕਿਰਨ ਨਾਲ ਮਾਹਿਲਪੁਰ ਦੇ ਸ਼ੌਂਕੀ ਮੇਲੇ 'ਤੇ

ਨਹੀਂ ਸੀ ਹੋਣਾ। ਮੈਂ ਢਾਡੀਆਂ, ਕਵੀਸ਼ਰਾਂ, ਸੰਗੀਤਕਾਰਾਂ ਤੇ ਸਾਜ਼ਾਂ ਬਾਰੇ ਰੱਜ ਕੇ ਲਿਖ ਲਿਆ ਹੈ, ਪਰ ਜੇ ਗਾਇਕੀ ਦੇ ਖੇਤਰ ਵਿਚ ਤੀਹ ਵਰ੍ਹੇ ਲਗਾਤਾਰ ਵਿਚਾਰਦਾ ਰਿਹਾ ਹਾਂ ਤਾਂ ਇਹਦਾ ਸਭ ਤੋਂ ਵੱਡਾ ਰਾਜ਼ ਜ਼ਿੰਦਗੀ ਭਰ ਮੰਨਦਾ ਰਹਾਂਗਾ ਕੁਲਦੀਪ ਮਾਣਕ ਦੀ ਦੋਸਤੀ ਤੇ ਸੁਰਿੰਦਰ ਕੌਰ ਦਾ ਨਿੱਘਾ ਪਿਆਰ।

ਆਸਾ ਸਿੰਘ ਮਸਤਾਨਾ ਨਾਲ ਸੁਰਿੰਦਰ ਕੌਰ ਦਾ ਗੀਤ 'ਪੰਡਿਤ ਜੀ ਕੀ ਏ ਲਾਲ ਮੇਰਾ' ਜੇ ਹੁਣ ਤੱਕ ਰੇਡੀਓ ਸਟੇਸ਼ਨਾਂ ਤੋਂ ਹੁੰਦਾ ਹੋਇਆ ਚੱਲੀ ਜਾ ਰਿਹਾ ਹੈ, ਮੈਂ ਆਪਣੀਆਂ ਅੱਖਾਂ ਨਾਲ ਰਿਕਾਰਡ ਹੁੰਦਾ ਵੇਖਿਆ। ਉਸ ਉਮਰ ਵਿਚ ਜਦੋਂ ਬੰਦਾ ਸ਼ੀਸ਼ਾ ਤਾਂ ਵੱਧ ਦੇਖਦਾ, ਪਰ ਸੱਪ ਦੀ ਲਕੀਰ ਵਾਂਗ ਸਿਰ ਦੇ ਵਾਲਾਂ ਵਿਚ ਸਿੱਧਾ ਚੀਰ ਨਹੀਂ ਕੱਢਣਾ ਆਉਂਦਾ ਹੁੰਦਾ। ਇਕ ਦਰਜਨ ਤੋਂ ਵੱਧ ਵਾਰ ਗਰੀਨ ਪਾਰਕ ਵਿਚ ਆਸਾ ਸਿੰਘ ਮਸਤਾਨਾ ਨੂੰ ਮਿਲਣ ਲਈ ਮੈਂ ਸੁਰਿੰਦਰ ਕੌਰ ਨਾਲ ਹੀ ਗਿਆ। ਇਹ ਗੱਲ ਕਹਿਣ ਵਿਚ ਮੈਂ ਝਿਜਕ ਨਹੀਂ ਸਮਝਦਾ ਕਿ ਕਈ ਵਾਰ ਬਨਾਰਸੀ ਪਾਨ ਖਾ-ਖਾ ਕੇ ਉਹ ਵੀ ਦੂਗਣਾ ਕੱਥਾ ਪੁਆ ਕੇ, ਨਾਲ ਰੰਗੀਨ ਹੋਏ ਮਸਤਾਨੇ ਦੇ ਦੰਦਾਂ ਨੂੰ ਵੇਖ ਕੇ ਨੱਕ ਵੱਟ ਲੈਂਦੀ ਸੀ। ਮੈਂ ਉਦੋਂ ਵੀ ਸੋਚਦਾ ਹੁੰਦਾ ਸੀ, ਮੈਂ ਕੀ ਹਾਂ ਕਿ ਇਨ੍ਹਾਂ ਮਹਾਨ ਲੋਕਾਂ ਨਾਲ ਨਿੱਕੀ ਉਮਰੇ ਘੁਲ-ਮਿਲ ਗਿਆ ਹਾਂ। ਉਦੋਂ ਇਹ ਤਾਂ ਪਤਾ ਸੀ ਕਿ ਵਿਗਿਆਨ ਤਰੱਕੀ ਕਰੇਗਾ, ਪਰ ਇਹ ਨਹੀਂ ਪਤਾ ਸੀ ਕਿ ਗਾਇਕ ਪੈਸੇ ਦੀ ਹਨੇਰੀ ਵਿਚ ਕਦੀ ਪਤੰਗ ਵਾਂਗ ਉਡੇ ਫਿਰਨਗੇ, ਤੇ ਆਪ ਹੀ ਕਿਹਾ ਕਰਨਗੇ ਵਿੰਗੇ-ਟੇਡੇ ਬੋਦੇ ਵਾਹ ਕੇ, ਕਿ ਸਾਡੀ ਸ਼ੋਹਰਤ ਤੋਂ ਲੋਕ ਸੜਦੇ ਹਨ। ਪੈਸੇ ਦੇ ਪੁੱਤ ਤਾਂ ਕੀ, ਜਮੂਰੇ ਬਣ ਜਾਣਗੇ, ਲਗਦਾ ਨਹੀਂ ਸੀ ਹੁੰਦਾ।

ਜਿਹੜਾ ਝੋਰਾ ਹੈ ਮੈਨੂੰ, ਉਹ ਇਹ ਹੈ ਕਿ ਉਹਨੇ ਆਖਰੀ ਸਾਹ ਪੰਜਾਬ ਤੋਂ ਦੂਰ ਆ ਕੇ ਅਮਰੀਕਾ ਵਿਚ ਲਿਆ, ਤੇ ਉਹਦਾ ਮਰਦੀ ਦਾ ਮੂੰਹ ਨਾ ਵੇਖ ਸਕਿਆ; ਤੇ ਦੁੱਖ ਇਸ ਗੱਲ ਦਾ ਰਿਹਾ ਕਿ ਉਹ ਮੇਰੇ ਵਿਆਹ 'ਤੇ ਇਸ ਕਰ ਕੇ ਨਹੀਂ ਆਈ ਕਿ ਜੇ ਬਰਾਤੇ ਅਸ਼ੋਕ ਲੈ ਗਿਆ ਤਾਂ ਖਾੜਕੂ ਪਾਬੀਆਂ ਪੱਥਣ ਨਾ ਲਾ ਲੈਣ। ਸੱਚ ਇਹ ਵੀ ਹੈ ਕਿ ਉਹ ਸ਼ਾਇਰਾਂ, ਗੀਤਕਾਰਾਂ ਨੂੰ ਤਾਂ ਬਹੁਤ ਜਾਣਦੀ ਸੀ, ਪਰ ਉਹ ਸੰਤ ਸਿੰਘ ਸੇਖੋਂ, ਸ਼ਮਸ਼ੇਰ ਸੰਧੂ, ਇਕਬਾਲ ਮਾਹਲ ਤੇ ਮੇਰੇ ਨਾਂ ਦਾ ਅਕਸਰ ਜ਼ਿਕਰ ਕਰਦੀ ਸੀ।

ਸੁਰਿੰਦਰ ਕੌਰ ਚਲੇ ਗਈ। ਉਨ੍ਹਾਂ ਰਾਹਾਂ ਦੀਆਂ ਪੈੜਾਂ ਸਾਨੂੰ 'ਵਾਜ਼ਾਂ ਮਾਰਨ ਲੱਗ ਗਈਆਂ ਹਨ, ਪਰ ਮਾਣ ਨਾਲ ਕਹਾਂਗਾ ਕਿ ਮੈਂ ਸੁਰਿੰਦਰ ਕੌਰ ਦੀ ਮਾਂ ਵਰਗੀ ਬੁੱਕਲ ਦੇ ਨਿੱਘ 'ਚ ਉਡਾਰ ਹੋਇਆ ਹਾਂ।

## ਗੱਲ ਬਣੀ ਕਿ ਨਹੀਂ

### ਬਾਬਿਆਂ ਦਾ ਜਲਵਾ

ਸੇਕ ਪੈ ਗਿਆ ਰਿਸ਼ਤੇ ਨਾਤਿਆਂ ਨੂੰ,
ਟਕੇ-ਟਕੇ ਨੂੰ ਵਿੱਕਣ ਜ਼ਮੀਰ ਲੱਗ ਪਈ।
ਭਾਈ ਸਾਹਿਬਾਂ ਨੂੰ ਭੱਜਣ ਤੋਂ ਰੋਕਦੇ ਨਹੀਂ,
ਕੁੱਟਣ ਕੈਦੋਂ ਨੂੰ ਅੱਜ ਕੱਲ੍ਹ ਹੀਰ ਲੱਗ ਪਈ।
ਵੱਟੇ ਇਸ਼ਕ ਦੀਆਂ ਬੇੜੀਆਂ 'ਚ ਪਏ ਪੂਰੇ,
ਮਹਿਬੂਬ ਆਸ਼ਕ ਨੂੰ ਕਹਿਣ ਹੁਣ ਵੀਰ ਲੱਗ ਪਈ।
ਅੰਦਰ ਡੱਕ ਲਏ ਹੋਣੀ ਨੇ ਘੇਰ ਗੱਭਰੂ,
ਭਗੜਨ ਨਸ਼ਿਆਂ ਦੇ ਨਾਲ ਤਕਦੀਰ ਲੱਗ ਪਈ।
ਬੋਦੀ, ਧੋਤੀ ਤੇ ਟੋਪੀ ਨਾ ਬ੍ਰਾਹਮਣਾਂ ਦੇ,
ਰਿੱਝਣ ਦੁੱਧ ਤੋਂ ਬਿਨਾਂ ਹੀ ਖੀਰ ਲੱਗ ਪਈ।
ਕਿਤੋਂ ਬਹੁਤ ਤਬੀਬਾ ਕੁਝ ਤਰਸ ਖਾ ਕੇ,
ਹੋਣ ਪਤਾ ਨਹੀਂ ਕਿਹੜੀ ਅਖੀਰ ਲੱਗ ਪਈ।
ਕਿੱਦਾਂ ਸਮੇਂ ਨੇ ਵੇਖੋ ਤਾਸੀਰ ਬਦਲੀ,
ਯੁੱਗ ਮੁੱਕ ਗਿਆ ਮੂਹਰੇ ਤੇ ਛਾਬਿਆਂ ਦਾ।
ਲੋਕੀ ਦੁਖੀ ਨੇ ਭਾਲਦੇ ਰੱਬ 'ਭੌਰੇ'
ਤਾਹੀਉਂ ਜਲਵਾ ਏ ਪੂਰਾ ਹੁਣ ਬਾਬਿਆਂ ਦਾ।

-ਐਸ. ਅਸ਼ੋਕ ਭੌਰਾ

ਗੁਰਮਤਿ ਵਿਚਾਰ

# ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲਾ ਲੇਖ ਉਸ ਸਲੋਕ 'ਤੇ ਖ਼ਤਮ ਹੋਇਆ ਸੀ ਜਿਸ ਵਿਚ ਗੁਰੂ ਨਾਨਕ ਸਾਹਿਬ ਨੇ ਦੱਸਿਆ ਹੈ ਕਿ ਅਕਾਲ ਪੁਰਖ ਦੇ ਦਰ 'ਤੇ ਟੁੱਟੀ ਉਦੋਂ ਗੰਢ ਹੋ ਜਾਂਦੀ ਹੈ, ਜਦੋਂ ਮਨੁੱਖ ਪਰਮਾਤਮਾ ਦੀ ਸੱਚੀ ਸਿਫਤਿ-ਸਾਲਾਹ ਕਰਦਾ ਹੈ। ਇਸ ਵਿਚ ਇਹ ਪੰਕਤੀ 'ਗੋਰੀ ਸੇਤੀ ਤੁਟੈ ਭਤਾਰੁ॥ ਪੁਤੀ ਗੰਢੁ ਪਵੈ ਸੰਸਾਰਿ॥' ਸਮਾਜਿਕ ਨੁਕਤੇ ਤੋਂ ਬਹੁਤ ਮਹੱਤਵ ਰੱਖਦੀ ਹੈ ਅਤੇ ਉਸ ਦੇ ਅਰਥ ਆਮ ਮਨੁੱਖ ਨੂੰ ਸਪੱਸ਼ਟ ਹੋਣੇ ਚਾਹੀਦੇ ਹਨ। ਆਮ ਹੀ ਜਦੋਂ ਕਿਸੇ ਦੇ ਘਰ ਲੜਕਾ ਹੁੰਦਾ ਹੈ ਅਤੇ ਲੋਕ ਬਾਣੀ ਦਾ ਪਾਠ ਜਾਂ ਕੀਰਤਨ ਕਰਾਉਂਦੇ ਹਨ ਤਾਂ ਰਾਗੀ ਜਾਂ ਗ੍ਰੰਥੀ ਸਿੰਘ ਕਿਸੇ ਦੇ ਘਰ ਪੁੱਤਰ ਦਾ ਪੈਦਾ ਹੋਣਾ ਕਿੰਨਾ ਜ਼ਰੂਰੀ ਹੈ, ਇਸ ਦਾ ਸਮਰਥਨ ਗੁਰੂ ਨਾਨਕ ਸਾਹਿਬ ਦੇ ਇਸ ਸਲੋਕ ਦੀ ਤੁਕ ਦਾ ਆਸਰਾ ਲੈ ਕੇ ਕਰਦੇ ਹਨ, 'ਪੁਤੀ ਗੰਢੁ ਪਵੈ ਸੰਸਾਰਿ॥' ਇਸ ਨਾਲ ਆਮ ਇਨਸਾਨ ਦੇ ਮਨ ਵਿਚ ਇਹ ਗੱਲ ਬੈਠ ਜਾਂਦੀ ਹੈ ਕਿ ਗੁਰੂ ਸਾਹਿਬ ਨੇ ਇਸ ਗੱਲ ਦਾ ਸਮਰਥਨ ਕੀਤਾ ਹੈ ਕਿ ਸੰਸਾਰ ਨਾਲ ਸਾਂਝ ਪਾਉਣ ਵਾਸਤੇ ਕਿਸੇ ਦੇ ਘਰ ਪੁੱਤਰ ਦਾ ਪੈਦਾ ਹੋਣਾ ਕਿੰਨਾ ਜ਼ਰੂਰੀ ਹੈ। ਅਸਲ ਵਿਚ ਪ੍ਰਚਾਰਕ ਇਸ ਦੀ ਪਹਿਲੀ ਪੰਕਤੀ ਬੋਲਦੇ ਹੀ ਨਹੀਂ 'ਗੋਰੀ ਸੇਤੀ ਤੁਟੈ ਭਤਾਰੁ॥'

ਪ੍ਰੋ. ਸਾਹਿਬ ਸਿੰਘ ਨੇ ਇਸ ਦਾ ਅਰਥ ਕੀਤਾ ਹੈ, "ਜੇ ਵਹੁਟੀ ਨਾਲ ਖਸਮ ਨਾਰਾਜ਼ ਹੋ ਜਾਏ ਤਾਂ ਜਗਤ ਵਿਚ (ਇਨ੍ਹਾਂ ਦਾ) ਜੋੜ ਪੁੱਤਰਾਂ ਰਾਹੀਂ ਬਣਦਾ ਹੈ।" ਸਾਰੇ ਸਲੋਕ ਨੂੰ ਧਿਆਨ ਨਾਲ ਵਾਚਿਆਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਸਾਹਿਬ ਵੱਖ ਵੱਖ ਚੀਜ਼ਾਂ ਦੇ ਜੁੜਨ ਦੀ ਗੱਲ ਕਰ ਰਹੇ ਹਨ ਜਿਵੇਂ ਕੈਂਹ, ਸੋਨਾ ਅਤੇ ਲੋਹਾ ਆਦਿ ਧਾਤਾਂ ਨੂੰ ਲੋਹਾਰ ਅਗਨੀ ਰਾਹੀਂ ਗੰਢਦਾ ਹੈ, ਇਸੇ ਤਰ੍ਹਾਂ ਪਰਜਾ ਅਤੇ ਰਾਜਾ ਦੀ ਗੰਢ ਟੈਕਸ ਜਾਂ ਮਾਮਲੇ ਨਾਲ ਪੈਂਦੀ ਹੈ, ਭੁੱਖੇ ਦੀ ਰੋਟੀ ਖਾਣ ਨਾਲ, ਕਾਲ ਨੂੰ ਮੀਂਹ ਰਾਹੀਂ ਨਦੀਆਂ ਵਿਚ ਪਾਣੀ ਭਰਨ ਨਾਲ, ਮਿੱਠੇ ਬਚਨਾਂ ਨਾਲ ਪਿਆਰ ਦੀ ਗੰਢ, ਵੇਦ ਅਰਥਾਤ ਧਰਮ ਪੁਸਤਕਾਂ ਨਾਲ ਸਬੰਧ ਸੱਚ ਰਾਹੀਂ ਪੈਂਦਾ ਹੈ। ਇਸੇ ਤਰ੍ਹਾਂ ਜੇ ਪਤੀ-ਪਤਨੀ ਦੀ ਆਪਸ ਵਿਚ ਪ੍ਰੀਤ ਟੁੱਟ ਜਾਵੇ ਤਾਂ ਉਨ੍ਹਾਂ ਦੇ ਜੁੜਨ ਦਾ ਕਾਰਨ ਪੁੱਤਰ ਬਣਦਾ ਹੈ।

ਇਸ ਸਲੋਕ ਤੋਂ ਅੱਗੇ ਪਉੜੀ ਵਿਚ ਗੁਰੂ ਨਾਨਕ ਸਾਹਿਬ ਉਸ ਕਾਦਰ ਦੀ ਸਾਜੀ ਕੁਦਰਤ ਦਾ ਅਤੇ ਉਸ ਰਾਹੀਂ ਕੀਤੀ ਜਾਂਦੀ ਸੰਭਾਲ ਦਾ ਜ਼ਿਕਰ ਕਰਦੇ ਹਨ। ਗੁਰੂ ਸਾਹਿਬ ਦੱਸਦੇ ਹਨ ਕਿ ਉਹ ਅਕਾਲ ਪੁਰਖ ਇਸ ਕੁਦਰਤ ਦੀ ਆਪ ਹੀ ਸਾਜਨਾ ਕਰਦਾ ਹੈ ਅਤੇ ਫਿਰ ਆਪ ਹੀ ਇਸ ਦੀ ਸੰਭਾਲ ਕਰਦਾ ਹੈ। ਉਸ ਦੀ ਇਸ ਸਾਜੀ ਹੋਈ ਕੁਦਰਤ ਵਿਚ ਕੁਝ ਮਨੁੱਖ ਅਜਿਹੇ ਹਨ ਜੋ ਮਨੁੱਖਤਾ ਦੇ ਪੈਮਾਨੇ 'ਤੇ ਪੂਰੇ ਨਹੀਂ ਉਤਰਦੇ, ਉਨ੍ਹਾਂ ਨੂੰ ਖੋਟੇ ਮੰਨਿਆ ਜਾਂਦਾ ਹੈ। ਕੁਝ ਹਰ ਮਾਪ-ਦੰਡ 'ਤੇ ਪੂਰੇ ਉਤਰਦੇ ਹਨ ਅਤੇ ਉਨ੍ਹਾਂ ਨੂੰ ਖਰੇ ਮੰਨਿਆ ਜਾਂਦਾ ਹੈ। ਕੌਣ ਖਰਾ ਹੈ ਅਤੇ ਕੌਣ ਖੋਟਾ ਹੈ? ਇਸ ਦੀ ਪਰਖ ਵੀ ਉਹ ਅਕਾਲ ਪੁਰਖ ਆਪ ਹੀ ਕਰਦਾ ਹੈ। ਜਿਸ ਤਰ੍ਹਾਂ ਖਰੇ ਸਿੱਕਿਆਂ ਨੂੰ ਖਜ਼ਾਨੇ ਵਿਚ ਪਾ ਦਿੱਤਾ ਜਾਂਦਾ ਹੈ ਅਤੇ ਖੋਟੇ ਸਿੱਕਿਆਂ ਨੂੰ ਬਾਹਰ ਸੁੱਟ ਦਿੱਤਾ ਜਾਂਦਾ ਹੈ, ਉਸੇ ਤਰ੍ਹਾਂ ਜੋ ਮਨੁੱਖ ਪੈਮਾਨੇ 'ਤੇ ਪੂਰੇ ਉਤਰਦੇ ਹਨ, ਉਹ ਅਕਾਲ ਪੁਰਖ ਦੇ ਦਰ 'ਤੇ ਪ੍ਰਵਾਨ ਹੋ ਜਾਂਦੇ ਹਨ ਅਤੇ ਜਿਹੜੇ ਖੋਟੇ ਹੁੰਦੇ ਹਨ, ਉਨ੍ਹਾਂ ਨੂੰ ਅਕਾਲ ਪੁਰਖ ਦੇ ਦਰਵਾਜ਼ੇ 'ਤੇ ਕੋਈ ਥਾਂ ਨਹੀਂ ਮਿਲਦੀ।

ਖੋਟੇ ਜੀਵਾਂ ਨੂੰ ਭਲਿਆਂ ਵਿਚ ਥਾਂ ਨਹੀਂ ਮਿਲਦੀ, ਪਰਮਾਤਮਾ ਦੇ ਦਰ 'ਤੇ ਮਨਜ਼ੂਰੀ ਨਹੀਂ ਮਿਲਦੀ ਪਰ ਹੋਰ ਕੋਈ ਵੀ ਅਜਿਹੀ ਥਾਂ ਨਹੀਂ ਜਿੱਥੇ ਉਹ ਫਰਿਆਦ ਕਰ ਸਕਣ। ਇਨ੍ਹਾਂ ਵਾਸਤੇ ਸਭ ਤੋਂ ਚੰਗੀ ਕਰਣੀ ਇਹ ਹੋ ਸਕਦੀ ਹੈ ਕਿ ਇਹ ਸਤਿਗੁਰੂ ਦਾ ਓਟ-ਆਸਰਾ ਲੈਣ, ਉਸ ਦੀ ਸ਼ਰਨ ਜਾ ਪੈਣ। ਗੁਰੂ ਵਿਚ ਇਹ ਸਮਰੱਥਾ ਹੈ ਕਿ ਉਹ ਖੋਟੇ ਮਨੁੱਖਾਂ ਨੂੰ ਵੀ ਖਰੇ ਬਣਾ ਦਿੰਦਾ ਹੈ। (ਜਿਵੇਂ ਆਸਾ ਦੀ ਵਾਰ ਵਿਚ ਦੱਸਿਆ ਹੈ ਕਿ ਗੁਰੂ ਵਿਚ ਇਹ ਸਮਰੱਥਾ ਹੈ ਕਿ ਉਹ ਮਨੁੱਖਾਂ ਨੂੰ ਦੇਵਤੇ ਬਣਾ ਦਿੰਦਾ ਹੈ)। ਗੁਰੂ ਆਪਣੇ ਸ਼ਬਦ ਰਾਹੀਂ ਮਨੁੱਖਾਂ ਨੂੰ ਚੰਗੇ ਬਣਾ ਦੇਣ ਅਤੇ ਸਹੀ ਰਸਤੇ 'ਤੇ ਪਾ ਸਕਨ ਦੇ ਸਮਰੱਥ ਹੈ। ਇਸ ਤਰ੍ਹਾਂ ਸਤਿਗੁਰੂ ਦੀ ਬਖ਼ਸ਼ਿਸ਼ ਰਾਹੀਂ ਪ੍ਰਾਪਤ ਕੀਤੇ ਪ੍ਰੇਮ ਦਾ ਸਦਕਾ ਉਹ ਅਕਾਲ ਪੁਰਖ ਦੀ ਦਰਗਾਹ ਵਿਚ ਸਤਿਕਾਰ ਪ੍ਰਾਪਤ ਕਰਦੇ ਹਨ। ਜਿਨ੍ਹਾਂ ਨੂੰ ਕਰਤਾ ਪੁਰਖ ਨੇ ਆਪ ਬਖਸ਼ ਲਿਆ ਹੈ, ਉਨ੍ਹਾਂ ਦੀ ਨਿੰਦਿਆ ਫਿਰ ਕਿਸੇ ਨੇ ਕੀ ਕਰਨੀ ਹੋਈ,

ਆਪੇ ਕੁਦਰਤਿ ਸਾਜਿ ਕੈ
ਆਪੇ ਕਰੇ ਬੀਚਾਰੁ॥
ਇਕਿ ਖੋਟੇ ਇਕਿ ਖਰੇ
ਆਪੇ ਪਰਖਣਹਾਰੁ॥
ਖਰੇ ਖਜਾਨੇ ਪਾਈਅਹਿ
ਖੋਟੇ ਸਟੀਅਹਿ ਬਾਹਰ ਵਾਰਿ॥
(ਪੰਨਾ ੧੪੩)

ਅਗਲਾ ਸਲੋਕ ਗੁਰੂ ਨਾਨਕ ਸਾਹਿਬ ਦਾ ਹੈ ਜਿਸ ਵਿਚ ਜ਼ਿਆਦਾ ਸ਼ਬਦ ਫਾਰਸੀ ਬੋਲੀ ਦੇ ਹਨ। ਇਸ ਵਿਚ ਗੁਰੂ ਸਾਹਿਬ ਦੱਸਦੇ ਹਨ ਕਿ ਅਕਾਲ ਪੁਰਖ ਹੀ ਅਜਿਹੀ ਹਸਤੀ ਹੈ ਜਿਸ ਦੀ ਹੋਂਦ ਸਦੀਵੀ ਹੈ। ਬਾਕੀ ਦੁਨੀਆਂ ਦੇ ਬੰਦੇ ਭਾਵੇਂ ਕਿੰਨੇ ਵੱਡੇ ਵੀ ਹਨ, ਹਰ ਇੱਕ ਨੇ ਇੱਕ ਦਿਨ ਇਸ ਸੰਸਾਰ ਤੋਂ ਕੂਚ ਕਰ ਜਾਣਾ ਹੈ ਅਤੇ ਧਰਤੀ ਦੇ ਥੱਲੇ ਦਫਨ ਹੋ ਜਾਣਾ ਹੈ। ਗੁਰੂ ਸਾਹਿਬ ਕਹਿੰਦੇ ਹਨ, ਪੀਰ, ਸ਼ੇਖ਼, ਰਾਇ ਆਦਿ ਅੰਤ ਵਿਚ ਸਾਰੇ ਧਰਤੀ ਦੇ ਥੱਲੇ ਆ ਜਾਂਦੇ ਹਨ। ਬਾਦਸ਼ਾਹ ਆਦਿ ਜਿਹੜੇ ਸੰਸਾਰ 'ਤੇ ਆਪਣਾ ਹੁਕਮ ਚਲਾਉਂਦੇ ਹਨ, ਉਹ ਵੀ ਖਤਮ ਹੋ ਜਾਂਦੇ ਹਨ। ਅਕਾਲ ਪੁਰਖ ਅੱਗੇ ਅਰਜ਼ੋਈ ਕਰਦੇ ਹਨ ਕਿ ਇੱਕ ਤੂੰ ਹੀ ਹੈਂ ਜੋ ਸਦੀਵੀ ਹੈਂ,

ਹਮ ਜੇਰ ਜਿਮੀ ਦੁਨੀਆ ਪੀਰਾ
ਮਸਾਇਕਾ ਰਾਇਆ॥
ਮੇਰਵਦਿ ਬਾਦਿਸਾਹਾ ਅਫਜੂ ਖੁਦਾਇ॥
ਏਕ ਤੂਹੀ ਏਕ ਤੁਹੀ॥੧॥ (ਪੰਨਾ ੧੪੩)

ਅਗਲੇ ਸਲੋਕ ਵਿਚ ਗੁਰੂ ਨਾਨਕ ਦੇਵ ਇਸ ਖਿਆਲ ਨੂੰ ਜਾਰੀ ਰੱਖਦੇ ਹੋਏ ਦੱਸਦੇ ਹਨ ਕਿ ਦੇਵਤੇ, ਦੈਂਤ, ਮਨੁੱਖ, ਜੋਗ-ਸਾਧਨਾ ਕਰਨ ਵਾਲੇ ਜੋਗੀ ਆਦਿ ਕੋਈ ਵੀ ਇਸ ਧਰਤੀ 'ਤੇ ਨਹੀਂ ਰਿਹਾ, ਸਭ ਚਲੇ ਗਏ। ਤੇਰੇ ਬਿਨਾ ਇਸ ਸ੍ਰਿਸ਼ਟੀ 'ਤੇ ਸਦਾ ਕਾਇਮ ਰਹਿਣ ਵਾਲਾ ਹੋਰ ਕੌਣ ਹੈ? ਸਿਰਫ ਤੂੰ ਹੀ ਹੇ ਪਰਵਦਗਾਰ! ਸਦਾ ਕਾਇਮ ਰਹਿਣ ਵਾਲਾ ਹੈਂ,

ਨ ਦੇਵ ਦਾਨਵਾ ਨਰਾ॥
ਨ ਸਿਧ ਸਾਧਿਕਾ ਧਰਾ॥
ਅਸਤਿ ਏਕ ਦਿਗਰਿ ਕੁਈ॥
ਏਕ ਤੁਈ ਏਕ ਤੁਈ॥੨॥
(ਪੰਨਾ ੧੪੩-੧੪੪)

ਅਗਲੇ ਸਲੋਕ ਵਿਚ ਗੁਰੂ ਸਾਹਿਬ ਦੱਸਦੇ ਹਨ ਕਿ ਨਾ ਹੀ ਦੂਸਰਿਆਂ ਦੇ ਝਗੜੇ ਨਿਬੇੜ ਕੇ ਉਨ੍ਹਾਂ ਨੂੰ ਇਨਸਾਫ ਦੇਣ ਵਾਲੇ ਬੰਦੇ ਸਦੀਵੀ ਰਹਿਣ ਵਾਲੇ ਹਨ। ਨਾ ਧਰਤੀ ਦੇ ਹੇਠਲੇ ਸੱਤ ਪਤਾਲ ਸਦੀਵੀ ਕਾਇਮ ਰਹਿ ਸਕਦੇ ਹਨ। ਸਦਾ ਕਾਇਮ ਰਹਿਣ ਵਾਲਾ ਹੋਰ ਦੂਸਰਾ ਕੌਣ ਹੈ? ਹੇ ਅਕਾਲ ਪੁਰਖ! ਸਦੀਵੀ ਕਾਇਮ ਰਹਿਣ ਵਾਲਾ ਇੱਕ ਤੂੰ ਹੀ ਹੈਂ,

ਨ ਦਾਦੇ ਦਿਹੰਦ ਆਦਮੀ॥
ਨ ਸਪਤ ਜੇਰ ਜਿਮੀ॥
ਅਸਤਿ ਏਕ ਦਿਗਰਿ ਕੁਈ॥
ਏਕ ਤੁਈ ਏਕ ਤੁਈ॥੩॥ (ਪੰਨਾ ੧੪੪)

ਇਸ ਸ੍ਰਿਸ਼ਟੀ 'ਤੇ ਸਭ ਕੁਝ ਉਸ ਅਕਾਲ ਪੁਰਖ ਵੱਲੋਂ ਪੈਦਾ ਕੀਤਾ ਹੋਇਆ ਹੈ। ਇਸ ਲਈ ਜੋ ਕੁਝ ਪੈਦਾ ਹੁੰਦਾ ਹੈ, ਉਸ ਨੇ ਇੱਕ ਦਿਨ ਨਸ਼ਟ ਵੀ ਜ਼ਰੂਰ ਹੋਣਾ ਹੁੰਦਾ ਹੈ। ਸੂਰਜ, ਚੰਦ੍ਰਮਾ, ਆਕਾਸ਼-ਇਹ ਸਭ ਕੁਝ ਅਕਾਲ ਪੁਰਖ ਰਾਹੀਂ ਸਿਰਜਿਤ ਹੈ, ਇਸ ਲਈ ਇਹ ਸਭ ਕੁਝ ਇੱਕ ਦਿਨ ਖਤਮ ਹੋ ਜਾਣਾ ਹੈ। ਪੁਰਾਣੇ ਸਮੇਂ ਤੋਂ ਹੀ ਇਸ ਧਰਤੀ ਨੂੰ ਸੱਤ ਦੀਪਾਂ ਵਿਚ ਵੰਡਿਆ ਗਿਆ ਹੈ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਸੱਤ ਦੀਪ, ਸਾਰੇ ਪਾਣੀ, ਅੰਨ, ਹਵਾ ਆਦਿ ਕੁਝ ਵੀ ਸਥਿਰ ਨਹੀਂ ਹੈ। ਉਹ ਇੱਕ ਅਕਾਲ ਪੁਰਖ ਹੀ ਸਦੀਵੀ ਹੈ,

ਨ ਸੂਰ ਸਸਿ ਮੰਡਲੋ॥
ਨ ਸਪਤ ਦੀਪ ਨਹ ਜਲੋ॥
ਅੰਨ ਪਉਣ ਥਿਰੁ ਨ ਕੁਈ॥
ਏਕ ਤੁਈ ਏਕ ਤੁਈ॥੪॥ (ਪੰਨਾ ੧੪੪)

ਗੁਰੂ ਨਾਨਕ ਅੱਗੇ ਦੱਸਦੇ ਹਨ ਕਿ ਸੰਸਾਰਕ ਜੀਵਾਂ ਨੂੰ ਰਿਜ਼ਕ ਦੇਣਾ ਵੀ ਪਰਮਾਤਮਾ ਦੇ ਹੱਥ ਵਿਚ ਹੈ, ਕਿਸੇ ਹੋਰ ਦੇ ਨਹੀਂ, ਇਨਸਾਨ ਦੇ ਹੱਥ ਵਿਚ ਨਹੀਂ ਹੈ। ਇਸ ਲਈ ਸਾਰੇ ਜੀਵਾਂ ਨੂੰ ਉਸ ਅਕਾਲ ਪੁਰਖ ਦੀ ਹੀ ਇੱਕ ਆਸ ਹੈ, ਕਿਉਂਕਿ ਮਨੁੱਖ ਦਾ ਹੋਰ ਕੋਈ ਸਦੀਵੀ ਆਸਰਾ ਨਹੀਂ ਹੈ। ਸਦੀਵੀ ਕਾਇਮ ਰਹਿਣ ਵਾਲਾ ਸਿਰਫ ਉਹ ਇੱਕ ਅਕਾਲ ਪੁਰਖ ਹੀ ਹੈ,

ਨ ਰਿਜਕੁ ਦਸਤ ਆ ਕਸੇ॥
ਹਮਾ ਰਾ ਏਕ ਆਸ ਵਸੇ॥
ਅਸਤਿ ਏਕੁ ਦਿਗਰ ਕੁਈ॥
ਏਕੁ ਤੁਈ ਏਕ ਤੁਈ॥੫॥ (ਪੰਨਾ ੧੪੪)

ਪਰਿੰਦਿਆਂ ਭਾਵ ਪੰਛੀਆਂ ਦੇ ਕੋਲ ਕੋਈ ਧਨ-ਦੌਲਤ ਨਹੀਂ ਹੈ ਅਰਥਾਤ ਉਨ੍ਹਾਂ ਕੋਲ ਕੋਈ ਰਿਜ਼ਕ ਨਹੀਂ ਹੈ। ਉਹ ਅਕਾਲ ਪੁਰਖ ਦੇ ਰਚੇ ਰੁੱਖਾਂ ਅਤੇ ਪਾਣੀ ਦੇ ਆਸਰੇ ਆਪਣਾ ਜੀਵਨ ਨਿਰਬਾਹ ਕਰਦੇ ਹਨ। ਉਨ੍ਹਾਂ ਨੂੰ ਰੋਜ਼ੀ ਦੇਣ ਵਾਲਾ ਉਹ ਅਕਾਲ ਪੁਰਖ ਹੀ ਹੈ। ਪਰਮਾਤਮਾ ਸਭ ਨੂੰ ਪਾਲਣ ਵਾਲਾ ਹੈ,

ਪਰੰਦਏ ਨ ਗਿਰਾਹ ਜਰ॥
ਦਰਖਤ ਆਬ ਆਸ ਕਰ॥
ਦਿਹੰਦ ਸੁਈ॥
ਏਕ ਤੁਈ ਏਕ ਤੁਈ॥੬॥

ਅਗਲੇ ਸਲੋਕ ਵਿਚ ਗੁਰੂ ਸਾਹਿਬ ਨੇ ਦੱਸਿਆ ਹੈ ਕਿ ਸਭ ਕੁਝ ਅਕਾਲ ਪੁਰਖ ਦੇ ਭਾਣੇ ਵਿਚ ਵਾਪਰਦਾ ਹੈ। ਜੋ ਕੁਝ ਵੀ ਜੀਵ ਆਪਣੇ ਮੱਥੇ 'ਤੇ ਅਕਾਲ ਪੁਰਖ ਵੱਲੋਂ ਲਿਖਵਾ ਕੇ ਲਿਆਉਂਦਾ ਹੈ, ਉਸ ਨੂੰ ਕੋਈ ਮੇਟ ਨਹੀਂ ਸਕਦਾ। ਇਸੇ ਨੂੰ ਜਪੁਜੀ ਵਿਚ 'ਨਾਨਕ ਲਿਖਿਆ ਨਾਲਿ' ਕਿਹਾ ਹੈ। ਉਹ ਜੀਵ ਅੰਦਰ ਜਾਨ ਪਾਉਂਦਾ ਹੈ ਅਤੇ ਉਹੀ ਉਸ ਨੂੰ ਕੱਢ ਲੈਂਦਾ ਹੈ। ਇਸ ਤਰ੍ਹਾਂ ਜੀਵਾਂ ਨੂੰ ਸੱਤਿਆ ਦੇਣ ਵਾਲਾ ਅਤੇ ਖੋਹ ਲੈਣ ਵਾਲਾ ਵੀ ਉਹੀ ਹੈ,

ਨਾਨਕ ਲਿਲਾਰਿ ਲਿਖਿਆ ਸੋਇ॥
ਮੇਟਿ ਨ ਸਾਕੈ ਕੋਇ॥
ਕਲਾ ਧਰੈ ਹਿਰੈ ਸੁਈ॥
ਏਕੁ ਤੁਈ ਏਕੁ ਤੁਈ॥੭॥ (ਪੰਨਾ ੧੪੪)

ਇਸ ਤੋਂ ਅੱਗੇ ਪਉੜੀ ਵਿਚ ਗੁਰੂ ਨਾਨਕ ਦੇਵ ਅਕਾਲ ਪੁਰਖ ਦੇ ਸ੍ਰਿਸ਼ਟੀ ਵਿਚ ਵਰਤ ਰਹੇ ਹੁਕਮ ਅਤੇ ਉਸ ਹੁਕਮ ਦਾ ਗਿਆਨ ਪ੍ਰਾਪਤ ਕਰਨ ਦੀ ਗੱਲ ਕਰ ਰਹੇ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਉਹ ਅਕਾਲ ਪੁਰਖ ਸਦੀਵੀ ਹੋਂਦ ਵਾਲੀ ਹਸਤੀ ਹੈ ਅਤੇ ਸੰਸਾਰ ਅੰਦਰ ਵਰਤ ਰਿਹਾ ਉਸ ਦਾ ਹੁਕਮ ਵੀ ਸਦੀਵੀ ਹੈ। ਇਸ ਹੁਕਮ ਦਾ ਗਿਆਨ ਅਤੇ ਸੋਝੀ ਉਨ੍ਹਾਂ ਮਨੁੱਖਾਂ ਨੂੰ ਹੁੰਦੀ ਹੈ ਜੋ ਗੁਰੂ ਦੇ ਸਨਮੁਖ ਹੁੰਦੇ ਹਨ ਅਰਥਾਤ ਗੁਰੂ ਦੇ ਦੱਸੇ ਰਸਤੇ 'ਤੇ ਚੱਲਦੇ ਹਨ। ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸਿੱਖਿਆ ਗ੍ਰਿਹਣ ਕਰਕੇ ਗੁਰੂ ਦੀ ਮੱਤ ਅਪਨਾ ਲਈ ਹੈ ਅਤੇ ਆਪਣੇ ਅੰਦਰ 'ਮੈਂ' ਦੀ ਭਾਵਨਾ ਨੂੰ ਖਤਮ ਕਰ ਦਿੱਤਾ ਹੈ, ਉਨ੍ਹਾਂ ਨੇ ਉਸ ਸਦੀਵੀ ਹਸਤੀ ਅਕਾਲ ਪੁਰਖ ਦੀ ਪਛਾਣ ਕਰ ਲਈ ਹੈ।

ਗੁਰੂ ਨਾਨਕ ਸਾਹਿਬ ਅੱਗੇ ਦੱਸਦੇ ਹਨ ਕਿ ਉਸ ਅਕਾਲ ਪੁਰਖ ਦਾ ਦਰਬਾਰ ਸਦਾ ਕਾਇਮ ਰਹਿਣ ਵਾਲਾ ਹੈ, ਜਿਸ ਤੱਕ ਪਹੁੰਚਣ ਲਈ ਗੁਰੂ ਦਾ ਸ਼ਬਦ ਰਾਹਦਾਰੀ ਹੈ ਅਰਥਾਤ ਗੁਰੂ ਦੇ ਸ਼ਬਦ ਤੋਂ ਬਿਨਾ ਉਸ ਤੱਕ ਪਹੁੰਚ ਸਕਣਾ ਮੁਸ਼ਕਿਲ ਹੈ। ਜਿਹੜੇ ਸੱਚੇ ਸ਼ਬਦ 'ਤੇ ਵਿਚਾਰ ਕਰਕੇ ਉਸ ਦਾ ਪਾਲਣ ਕਰਦੇ ਹਨ, ਉਸ ਅਨੁਸਾਰ ਚੱਲਦੇ ਹਨ, ਉਹ ਉਸ ਸੱਚ ਨਾਲ ਇੱਕਸੁਰ ਹੋ ਜਾਂਦੇ ਹਨ (ਗੁਰਮਤਿ ਵਿਚ ਧਿਆਨ ਦੇਣ ਜੋਗ ਜ਼ਰੂਰੀ ਗੱਲ ਇਹ ਹੈ ਕਿ ਇਸ ਵਿਚ ਸ਼ਬਦ ਨੂੰ ਵੀ ਵਿਚਾਰ ਰਾਹੀਂ ਗ੍ਰਿਹਣ ਕਰਨ ਦੀ ਸਿਫਾਰਸ਼ ਕੀਤੀ ਹੈ)। ਆਪਣੇ ਮਨ ਦੀ ਮੱਤ ਅਨੁਸਾਰ ਚੱਲਣ ਵਾਲੇ ਮਨੁੱਖ ਸੱਚ ਨੂੰ ਪ੍ਰਾਪਤ ਨਹੀਂ ਕਰ ਸਕਦੇ, ਕੂੜ ਹੀ ਪ੍ਰਾਪਤ ਕਰਦੇ ਹਨ, ਅਜਿਹੇ ਮਨੁੱਖ ਆਪਣੇ ਰਸਤੇ ਤੋਂ ਭਟਕ ਜਾਂਦੇ ਹਨ ਅਤੇ ਠੋਕਰਾਂ ਖਾਂਦੇ ਹਨ। ਕੂੜ ਦੇ ਵਪਾਰੀ ਹੋਣ ਕਰਕੇ ਉਹ ਸ਼ਬਦ ਦਾ ਅਨੰਦ ਸਮਝ ਤੇ ਮਾਣ ਸਕਦੇ। ਅਕਾਲ ਪੁਰਖ ਦੇ ਨਾਮ ਦੇ ਓਟ-ਆਸਰੇ ਤੋਂ ਬਿਨਾ ਉਹ ਦੁੱਖ ਸਹਾਰਦੇ ਹਨ ਅਤੇ ਜਨਮ-ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਸੱਚੇ ਤੇ ਝੂਠੇ ਅਤੇ ਖਰੇ ਤੇ ਖੋਟੇ ਦੀ ਪਰਖ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ,

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ॥
ਗੁਰਮਤੀ ਆਪੁ ਗਵਾਇ ਸਚੁ ਪਛਾਣਿਆ॥
ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ॥
ਸਚਾ ਸਬਦੁ ਵੀਚਾਰਿ ਸਚਿ ਸਮਾਣਿਆ॥
(ਪੰਨਾ ੧੪੪)

ਇਸ ਤੋਂ ਅੱਗੇ ਸਲੋਕ ਵਿਚ ਬਿਆਨ ਕਰ ਰਹੇ ਹਨ ਕਿ ਅਕਾਲ ਪੁਰਖ ਸਰਬਕਲਾ ਸਮਰੱਥ ਹੈ। ਉਸ ਨੂੰ ਜੋ ਚੰਗਾ ਲੱਗਦਾ ਹੈ, ਉਹ ਕਰ ਸਕਦਾ ਹੈ, ਉਹ ਅਸਚਰਜ ਤੋਂ ਅਸਚਰਜ ਵਰਤਾਰਾ ਵਰਤਾ ਸਕਦਾ ਹੈ, ਜੇ ਉਸ ਦਾ ਭਾਣਾ ਹੋਵੇ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸ਼ੇਰ, ਬਾਜ, ਚਰਗ ਅਤੇ ਕੂਹੀਆਂ ਇਹ ਮਾਸ-ਖੋਰੇ ਜਾਨਵਰ ਜਾਂ ਪੰਛੀ ਹਨ। ਪਰ ਜੇ ਅਕਾਲ ਪੁਰਖ ਦਾ ਹੁਕਮ ਹੋਵੇ ਤਾਂ ਉਹ ਇਨ੍ਹਾਂ ਮਾਸ ਖਾਣੇ ਜਾਨਵਰਾਂ ਨੂੰ ਵੀ ਘਾਹ ਖੁਆ ਦਿੰਦਾ ਹੈ ਅਰਥਾਤ ਉਨ੍ਹਾਂ ਦਾ ਸੁਭਾਅ ਬਦਲ ਦਿੰਦਾ ਹੈ। ਜੋ ਜੀਵ ਘਾਹ ਖਾਂਦੇ ਹਨ ਉਨ੍ਹਾਂ ਨੂੰ ਮਾਸ ਖਵਾ ਦਿੰਦਾ ਹੈ, ਇਸ ਤਰ੍ਹਾਂ ਅਕਾਲ ਪੁਰਖ ਅਜਿਹੇ ਹੈਰਾਨੀਜਨਕ ਰਸਤੇ ਤੋਰ ਦਿੰਦਾ ਹੈ।

ਅਕਾਲ ਪੁਰਖ ਚਾਹੇ ਤਾਂ ਵਗਦੀਆਂ ਨਦੀਆਂ ਵਿਚ ਟਿੱਬੇ (ਰੇਤ ਦੇ ਢੇਰ) ਦਿਖਾ ਦਿੰਦਾ ਹੈ ਅਤੇ ਰੇਤਲੇ ਟਿੱਬਿਆਂ ਨੂੰ ਡੂੰਘੇ ਪਾਣੀ ਬਣਾ ਦਿੰਦਾ ਹੈ। ਇਸ ਤਰ੍ਹਾਂ ਕਮਜ਼ੋਰ ਜੀਵਾਂ ਨੂੰ (ਜਿਨ੍ਹਾਂ ਨੂੰ ਕੀੜੇ ਵਰਗੇ ਤੁੱਛ ਸਮਝਿਆ ਜਾਂਦਾ ਹੈ) ਬਾਦਸ਼ਾਹਤ ਦੇ ਕੇ ਤਖ਼ਤ 'ਤੇ ਬਿਠਾ ਦਿੰਦਾ ਹੈ ਅਤੇ ਜੇ ਉਸ ਦਾ ਭਾਣਾ ਹੋਵੇ ਤਾਂ ਬਾਦਸ਼ਾਹਾਂ ਦੇ ਲਸ਼ਕਰਾਂ ਨੂੰ ਘੜੀ-ਪਲ ਵਿਚ ਸੁਆਹ ਕਰ ਦਿੰਦਾ ਹੈ। ਸੰਸਾਰ 'ਤੇ ਜਿੰਨੇ ਵੀ ਜੀਵ ਹਨ, ਸਾਹ ਲੈ ਕੇ ਜਿਉਂਦੇ ਹਨ ਪਰ ਜੇ ਅਕਾਲ ਪੁਰਖ ਚਾਹੇ ਤਾਂ ਬਿਨਾ ਸਾਹ ਤੋਂ ਵੀ ਜਿਉਂਦਾ ਰੱਖ ਸਕਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਜਿਵੇਂ ਜਿਵੇਂ ਅਕਾਲ ਪੁਰਖ ਦੀ ਰਜ਼ਾ ਹੈ, ਉਵੇਂ ਉਵੇਂ ਜੀਵਾਂ ਨੂੰ ਰੋਜ਼ੀ ਦਿੰਦਾ ਹੈ,

ਸੀਹਾ ਬਾਜਾ ਚਰਗਾ ਕੁਹੀਆ
ਏਨਾ ਖਵਾਲੇ ਘਾਹ॥
ਘਾਹੁ ਖਾਨਿ ਤਿਨਾ ਮਾਸੁ ਖਵਾਲੇ
ਏਹਿ ਚਲਾਏ ਰਾਹ॥
ਨਦੀਆ ਵਿਚਿ ਟਿਬੇ ਦੇਖਾਲੇ
ਥਲੀ ਕਰੇ ਅਸਗਾਹ॥
ਕੀੜਾ ਥਾਪਿ ਦੇਇ ਪਾਤਿਸਾਹੀ
ਲਸਕਰ ਕਰੇ ਸੁਆਹ॥
ਜੇਤੇ ਜੀਅ ਜੀਵਹਿ ਲੈ ਸਾਹਾ
ਜੀਵਾਲੇ ਤਾ ਕਿ ਅਸਾਹ॥
ਨਾਨਕ ਜਿਉ ਜਿਉ ਸਚੇ ਭਾਵੈ
ਤਿਉ ਤਿਉ ਦੇਇ ਗਿਰਾਹ॥੧॥
(ਪੰਨਾ ੧੪੪)

ਗੁਰਬਾਣੀ ਗਿਆਨ

## ਕੀਤਾ ਲੋੜਹਿ ਸੋ ਪ੍ਰਭ ਹੋਇ

**ਸੂਹੀ ਮਹਲਾ ੫**

ਕੀਤਾ ਲੋੜਹਿ ਸੋ ਪ੍ਰਭ ਹੋਇ॥
ਤੁਝ ਬਿਨੁ ਦੂਜਾ ਨਾਹੀ ਕੋਇ॥
ਜੋ ਜਨੁ ਸੇਵੇ ਤਿਸੁ ਪੂਰਨ ਕਾਜ॥
ਦਾਸ ਅਪੁਨੇ ਕੀ ਰਾਖਹੁ ਲਾਜ॥੧॥
ਤੇਰੀ ਸਰਣਿ ਪੂਰਨ ਦਇਆਲਾ॥
ਤੁਝ ਬਿਨੁ ਕਵਨੁ
ਕਰੇ ਪ੍ਰਤਿਪਾਲਾ॥੧॥ ਰਹਾਉ॥
ਜਲਿ ਥਲਿ ਮਹੀਅਲਿ ਰਹਿਆ ਭਰਪੂਰਿ॥
ਨਿਕਟਿ ਵਸੈ ਨਾਹੀ ਪ੍ਰਭੁ ਦੂਰਿ॥
ਲੋਕ ਪਤੀਆਰੈ ਕਛੂ ਨ ਪਾਈਐ॥
ਸਾਚਿ ਲਗੈ ਤਾ ਹਉਮੈ ਜਾਈਐ॥੨॥
ਜਿਸ ਨੋ ਲਾਇ ਲਏ ਸੋ ਲਾਗੈ॥
ਗਿਆਨ ਰਤਨੁ ਅੰਤਰਿ ਤਿਸੁ ਜਾਗੈ॥
ਦੁਰਮਤਿ ਜਾਇ ਪਰਮ ਪਦੁ ਪਾਏ॥
ਗੁਰ ਪਰਸਾਦੀ ਨਾਮੁ ਧਿਆਏ॥੩॥
ਦੁਇ ਕਰ ਜੋੜਿ ਕਰਉ ਅਰਦਾਸਿ॥
ਤੁਧੁ ਭਾਵੈ ਤਾ ਆਣਹਿ ਰਾਸਿ॥
ਕਰਿ ਕਿਰਪਾ ਅਪਨੀ ਭਗਤੀ ਲਾਇ॥
ਜਨ ਨਾਨਕ ਪ੍ਰਭੁ ਸਦਾ ਧਿਆਇ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਆਖਦੇ ਹਨ, ਕੀਤਾ ਲੋੜਹਿ ਸੋ ਪ੍ਰਭ ਹੋਇ, ਹੇ ਮੇਰੇ ਮਿਹਰਵਾਨ ਪ੍ਰਭੂ ਜੀਉ! ਜੋ ਕੁਝ ਆਪ ਜੀ ਕਰਨਾ ਚਾਹੁੰਦੇ ਹੋ, ਸੰਸਾਰ ਵਿਚ ਉਹ ਕੁਝ ਹੀ ਹੁੰਦਾ ਹੈ, ਤੈਥੋਂ ਬਿਨਾਂ ਕੁਝ ਕਰ ਸਕਣ ਵਾਲਾ ਹੋਰ ਦੂਜਾ ਕੋਈ ਹੈ ਹੀ ਨਹੀਂ। ਜੋ ਜਨੁ ਸੇਵੇ ਤਿਸੁ ਪੂਰਨ ਕਾਜ, ਹੇ ਮਿਹਰਬਾਨ ਪ੍ਰਭ ਜੀਉ! ਜਿਹੜਾ ਵੀ ਜੀਵ ਤੇਰੀ ਸ਼ਰਨ ਵਿਚ ਆ ਜਾਂਦਾ ਹੈ, ਉਸ ਦੇ ਸਾਰੇ ਹੀ ਕੰਮ ਪੂਰੇ ਹੋ ਜਾਂਦੇ ਹਨ; ਦਾਸ ਅਪੁਨੇ ਕੀ ਰਾਖਹੁ ਲਾਜ, ਹੇ ਮੇਰੇ ਮਿਹਰਵਾਨ ਪ੍ਰਭੂ! ਤੂੰ ਦਇਆ ਦਾ ਸਮੁੰਦਰ ਹੈਂ, ਬਖਸ਼ਣ ਹਾਰ ਹੈਂ, ਤੂੰ ਆਪਣੇ ਸੇਵਕ ਦੀ ਲਾਜ ਵੀ ਆਪ ਹੀ ਰੱਖਦਾ ਹੈਂ।

ਤੇਰੀ ਸਰਣਿ ਪੂਰਨ ਦਇਆਲਾ॥
ਤੁਝ ਬਿਨੁ ਕਵਨੁ
ਕਰੇ ਪ੍ਰਤਿਪਾਲਾ॥੧॥ ਰਹਾਉ॥

ਬਖਸ਼ਿਸ਼ਾਂ ਦੇ ਮਾਲਕ ਗੁਰਦੇਵ ਪਿਤਾ ਜੀ ਰਹਾਉ ਦੀ ਪੰਕਤੀ ਵਿਚ ਬਖਸ਼ਿਸ਼ ਕਰਦੇ ਹਨ, ਤੇਰੀ ਸਰਣਿ ਪੂਰਨ ਦਇਆਲਾ, ਹੇ ਮੇਰੇ ਸਦਾ ਹੀ ਦਇਆ ਦੇ ਘਰ ਵਿਚ ਰਹਿਣ ਵਾਲੇ ਪ੍ਰਭ ਜੀਉ! ਮੈਂ ਵੀ ਤੇਰੀ ਸ਼ਰਨ ਵਿਚ ਆਇਆ ਹਾਂ। ਹੇ ਮਿਹਰਵਾਨ ਪ੍ਰਭ ਜੀ! ਮੇਰੀ ਸਹਾਇਤਾ ਕਰੋ ਅਤੇ ਮੈਨੂੰ ਆਪਣਾ ਓਟ-ਆਸਰਾ ਦੇਵੋ; ਤੁਝ ਬਿਨੁ ਕਵਨੁ ਪ੍ਰਤਿਪਾਲਾ, ਹੇ ਜਗਤ ਦੇ ਪਾਲਣਹਾਰ ਸੁਆਮੀ ਜੀਉ! ਭਲਾ ਤੇਰੇ ਬਿਨਾਂ ਸਾਡੀ ਜੀਵਾਂ ਦੀ ਪਾਲਣਾ ਹੋਰ ਕੌਣ ਕਰ ਸਕਦਾ ਹੈ। ਹੇ ਮਿਹਰਾਂ ਦੇ ਮਾਲਕ ਪ੍ਰਭ ਜੀ! ਮਿਹਰਾਂ ਕਰੋ! ਸਾਨੂੰ ਨਾਮ ਸਿਮਰਨ ਦਿਓ ਜੀ।

ਜਲਿ ਥਲਿ ਮਹੀਅਲਿ ਰਹਿਆ ਭਰਪੂਰਿ॥
ਨਿਕਟਿ ਵਸੈ ਨਾਹੀ ਪ੍ਰਭੁ ਦੂਰਿ॥
ਲੋਕ ਪਤੀਆਰੈ ਕਛੂ ਨ ਪਾਈਐ॥
ਸਾਚਿ ਲਗੈ ਤਾ ਹਉਮੈ ਜਾਈਐ॥੨॥

ਪੰਚਮ ਪਾਤਸ਼ਾਹ ਆਖ ਰਹੇ ਹਨ, ਹੇ ਭਾਈ! ਪਾਣੀ ਵਿਚ, ਧਰਤੀ ਵਿਚ ਅਤੇ ਆਕਾਸ਼ ਵਿਚ-ਉਹ ਜਗਤ ਦਾ ਸੁਆਮੀ ਹਰ ਥਾਂ ਹੀ ਭਰਪੂਰ ਵੱਸ ਰਿਹਾ ਹੈ; ਨਿਕਟਿ ਵਸੈ ਨਾਹੀ ਪ੍ਰਭ ਦੂਰਿ, ਭਾਈ! ਉਹ ਪਾਲਣਹਾਰ ਪ੍ਰਭੂ ਤਾਂ ਹਰ ਇਕ ਜੀਵ ਦੇ ਨੇੜੇ ਹੀ ਵੱਸ ਰਿਹਾ ਹੈ, ਉਹ ਕਿਸੇ ਵੀ ਜੀਵ ਤੋਂ ਦੂਰ ਨਹੀਂ ਹੈ; ਲੋਕ ਪਤੀਆਰੈ ਕਛੂ ਨ ਪਾਈਐ, ਹੇ ਭਾਈ! ਨਿਰਾ ਲੋਕਾਂ ਦੀਆਂ ਨਜ਼ਰਾਂ ਵਿਚ ਚੰਗੇ ਬਣਨ ਨਾਲ ਹੀ ਪ੍ਰਭੂ ਦੇ ਦਰ ਤੋਂ ਕੁਝ ਪ੍ਰਾਪਤ ਨਹੀਂ ਹੋ ਸਕਦਾ। ਜਦੋਂ ਜੀਵ ਉਸ ਸੱਚੇ ਪਿਤਾ ਵਿਚ ਲੀਨ ਹੁੰਦਾ ਹੈ, ਉਦੋਂ ਹਉਮੈ ਇਸ ਦੇ ਅੰਦਰੋਂ ਦੂਰ ਹੁੰਦੀ ਹੈ।

ਜਿਸ ਨੋ ਲਾਇ ਲਏ ਸੋ ਲਾਗੈ॥
ਗਿਆਨ ਰਤਨੁ ਅੰਤਰਿ ਤਿਸੁ ਜਾਗੈ॥
ਦੁਰਮਤਿ ਜਾਇ ਪਰਮ ਪਦੁ ਪਾਏ॥
ਗੁਰ ਪਰਸਾਦੀ ਨਾਮੁ ਧਿਆਏ॥੩॥

ਗੁਰਦੇਵ ਜੀ ਆਖ ਰਹੇ ਹਨ, ਜਿਸ ਨੋ ਲਾਇ ਲਏ ਸੋ ਲਾਗੈ, ਹੇ ਭਾਈ! ਉਹੀ ਜੀਵ ਪ੍ਰਭੂ ਦੇ ਚਰਨਾਂ ਵਿਚ ਜੁੜਦਾ ਹੈ ਜਿਸ ਨੂੰ ਪ੍ਰਭੂ ਆਪ ਆਪਣੇ ਚਰਨਾਂ ਵਿਚ ਜੋੜਦਾ ਹੈ; ਗਿਆਨ ਰਤਨੁ ਅੰਤਰਿ ਤਿਸੁ ਜਾਗੈ, ਫਿਰ ਉਸ ਜੀਵ ਦੇ ਅੰਦਰ ਗਿਆਨ ਰੂਪੀ ਰਤਨ ਵਰਗੀ ਅਤਿ ਕੀਮਤੀ ਅਤੇ ਉਚੇ ਸੁੱਚੇ ਜੀਵਨ ਦੀ ਸੂਝ ਜਾਗ ਪੈਂਦੀ ਹੈ; ਦੁਰਮਤਿ ਜਾਏ ਪਰਮ ਪਦੁ ਪਾਏ, ਫਿਰ ਉਸ ਜਾਗੇ ਹੋਏ ਜੀਵ ਦੇ ਅੰਦਰੋਂ ਭੈੜੀ ਮੱਤ ਦੂਰ ਹੋ ਜਾਂਦੀ ਹੈ ਅਤੇ ਜੀਵ ਉਚੀ ਅਵਸਥਾ ਨੂੰ ਪਾ ਕੇ ਗੁਰੂ ਦੀ ਕ੍ਰਿਪਾ ਸਦਕਾ ਉਸ ਪ੍ਰਭੂ ਦਾ ਨਾਮ ਸਿਮਰਨ ਕਰਦਾ ਰਹਿੰਦਾ ਹੈ।

ਦੁਇ ਕਰ ਜੋੜਿ ਕਰਉ ਅਰਦਾਸਿ॥
ਤੁਧੁ ਭਾਵੈ ਤਾ ਆਣਹਿ ਰਾਸਿ॥
ਕਰਿ ਕਿਰਪਾ ਅਪਨੀ ਭਗਤੀ ਲਾਇ॥
ਜਨ ਨਾਨਕ ਪ੍ਰਭੁ ਸਦਾ ਧਿਆਇ॥੪॥

ਗੁਰੂ ਅਰਜੁਨ ਦੇਵ ਜੀ ਆਖ ਰਹੇ ਹਨ, ਹੇ ਮੇਰੇ ਮਿਹਰਵਾਨ ਪ੍ਰਭੂ ਜੀਉ! ਮੈਂ ਆਪਣੇ ਦੋਵੇਂ ਹੱਥ ਜੋੜ ਕੇ ਤੇਰੇ ਦਰ 'ਤੇ ਅਰਦਾਸ ਕਰਦਾ ਹਾਂ; ਤੁਧੁ ਭਾਵੈ ਤਾ ਆਣਹਿ ਰਾਸਿ, ਹੇ ਜਗਤ ਦੇ ਮਾਲਕ, ਦਇਆ ਦੇ ਸਾਗਰ ਪ੍ਰਭ ਜੀਉ! ਜਦੋਂ ਤੈਨੂੰ ਭਾਉਂਦਾ ਹੈ, ਤੇਰੀ ਮਿਹਰ ਹੁੰਦੀ ਹੈ, ਉਦੋਂ ਹੀ ਤੂੰ ਅਰਦਾਸ ਨੂੰ ਸਫਲ ਕਰਦਾ ਹੈਂ; ਕਰਿ ਕਿਰਪਾ ਅਪਨੀ ਭਗਤੀ ਲਾਇ, ਹੇ ਭਾਈ! ਉਹ ਮਿਹਰਵਾਨ ਪ੍ਰਭ ਜੀ ਆਪਣੀ ਕਿਰਪਾ ਕਰ ਕੇ ਜਿਸ ਜੀਵ ਨੂੰ ਆਪਣੀ ਭਗਤੀ ਵਿਚ ਜੋੜਦਾ ਹੈ, ਤਾਂ ਨਾਨਕ ਆਖਦਾ ਹੈ, ਉਹ ਜੀਵ ਸਦਾ ਹੀ ਪ੍ਰਭੂ ਨੂੰ ਸਿਮਰਦਾ ਰਹਿੰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਹਨੇਰੇ ਵਿਚ ਚਾਨਣ ਵੰਡਦੀਆਂ ਸੰਗੀਤ ਨਾਟਕ ਪੇਸ਼ਕਾਰੀਆਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੀ ਏਸ ਵਾਰੀ ਦੀ ਲੁਧਿਆਣਾ ਫੇਰੀ ਸਾਹਿਤਕ ਤੇ ਰੰਗ-ਮੰਚ ਸੰਸਥਾਵਾਂ ਦੇ ਵਡਮੁੱਲੇ ਯੋਗਦਾਨ ਨੂੰ ਨਿਤਾਰਨ ਦੇ ਪੱਖ ਤੋਂ ਬੜੀ ਮਹੱਤਵਪੂਰਨ ਰਹੀ। ਜਿੱਥੇ ਪੰਜਾਬੀ ਸਾਹਿਤ ਅਕਾਡਮੀ ਦੀ ਚੋਣ ਵਿਚ ਡਾ. ਸੁਖਦੇਵ ਸਿੰਘ ਸਿਰਸਾ ਦੀ ਟੀਮ ਨੇ ਚਹੁੰ-ਕੂੰਟੀ ਪ੍ਰਭਾਵੀ ਜਿੱਤ ਪ੍ਰਾਪਤ ਕੀਤੀ, ਉਥੇ ਤਿੰਨ ਦਿਨ ਪਹਿਲਾਂ ਕੌਮਾਂਤਰੀ ਮਜ਼ਦੂਰ ਦਿਵਸ (ਪਹਿਲੀ ਮਈ) ਨੂੰ ਸਮਰਪਿਤ ਪਲਸ ਮੰਚ ਦੀ ਰਾਤ ਭਰ ਚੱਲੇ ਪ੍ਰੋਗਰਾਮਾਂ ਦੀ ਸ਼ਾਮ ਲੁਧਿਆਣਾ ਵਾਸੀਆਂ ਦੀ ਜ਼ੁਬਾਨ ਉਤੇ ਸੀ। ਵੋਟਾਂ ਪਾ ਕੇ ਵਿਹਲੇ ਹੋਏ ਮਈ ਦਿਵਸ ਦੇ ਦਰਸ਼ਕਾਂ ਤੇ ਸਰੋਤਿਆਂ ਵੱਲੋਂ ਚਾਨਣ ਦਾ ਛੱਟਾ ਦਿੰਦੇ ਨਾਟਕਾਂ ਦੀਆਂ ਗੱਲਾਂ ਸੁਣਨ ਨੂੰ ਮਿਲੀਆਂ। ਇਹ ਵਰ੍ਹਾ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦਾ 32ਵਾਂ ਵਰ੍ਹਾ ਹੀ ਨਹੀਂ ਕਾਮਾ ਗਾਟਾ ਮਾਰੂ ਵਾਰਦਾਤ ਦਾ ਸ਼ਤਾਬਦੀ ਵਰ੍ਹਾ ਵੀ ਹੈ। ਰਾਤ ਭਰ ਚਲੇ ਸਮਾਗਮ ਨੂੰ ਚੇਤੇ ਕਰਦਿਆਂ ਕੋਈ ਸਾਹਬ ਸਿੰਘ ਦੇ ਨਾਟਕ 'ਯੁੱਧ ਤੇ ਬੁੱਧ' ਦੇ ਕਿਸੇ ਦ੍ਰਿਸ਼ ਦੀ ਗੱਲ ਕਰ ਰਿਹਾ ਸੀ, ਕੋਈ ਯੁਵਾ ਥੀਏਟਰ ਜਲੰਧਰ ਵਲੋਂ ਖੇਲੇ ਮਹਿਲਾ ਸਸ਼ਕਤੀਕਰਨ ਨੂੰ ਪ੍ਰਣਾਏ ਕਟਾਖਸ਼ 'ਮਿਊਜ਼ੀਅਮ' ਦੀ। ਅਮੋਲਕ ਸਿੰਘ ਵਲੋਂ ਪੇਸ਼ ਕੀਤੇ 'ਅਜਨਾਲਾ ਦੇ ਸ਼ਹੀਦੀ ਖੂਹ ਦੀ ਆਵਾਜ਼' ਸੰਗੀਤ ਮਈ ਹੋਣ ਕਾਰਨ ਵਧੇਰੇ ਸਰਾਹੀ ਜਾ ਰਹੀ ਸੀ। ਇਸ ਦੀ ਪੇਸ਼ਕਾਰੀ ਤਰਕਸ਼ੀਲ ਭਵਨ-ਬਰਨਾਲਾ ਵਿਖੇ ਰਚਾਈ ਉਸ ਵਰਕਸ਼ਾਪ ਦੀ ਉਪਜ ਸੀ ਜਿਸ ਵਿਚ ਲੁਧਿਆਣਾ, ਪਟਿਆਲਾ, ਜਲੰਧਰ ਤੇ ਬਰਨਾਲਾ ਦੀਆਂ ਅੱਧੀ ਦਰਜਨ ਸੰਸਥਾਵਾਂ ਤੇ ਵਿਸ਼ਵ ਵਿਦਿਆਲਿਆ ਦੇ ਮੁੰਡੇ-ਕੁੜੀਆਂ ਨੇ ਹਿੱਸਾ ਲਿਆ ਸੀ। ਇਸ ਦਾ ਭਾਵ ਇਹ ਨਹੀਂ ਕਿ ਕੁਲਵਿੰਦਰ ਖਹਿਰਾ ਦੀ 'ਪਰਬਤੋਂ ਭਾਰੀ ਮੌਤ', ਡਾ. ਜਤਿੰਦਰ ਬਰਾੜ ਦੀ 'ਚੰਨ ਚਮਕੌਰ' ਤੇ ਨਿਰਮਲ ਧਾਲੀਵਾਲ ਦੀ 'ਪਾਏਦਾਨ' ਸਾਹਿਤ ਅਕਾਡਮੀ ਦੀਆਂ ਚੋਣਾਂ ਦੇ ਰੌਲੇ ਰੱਪੇ 'ਚ ਗੁਆਚ ਗਈਆਂ ਸਨ। 'ਸ਼ਹੀਦੀ ਖੂਹ ਦੀ ਆਵਾਜ਼' ਬੁਲੰਦ ਹੋਣ ਦੇ ਰਾਜਨੀਤਕ ਕਾਰਨ ਸਨ, ਖਾਸ ਕਰਕੇ ਗਦਰ ਸ਼ਤਾਬਦੀ ਨੂੰ ਸਮਰਪਿਤ ਸ਼ਤਾਬਦੀ ਤੇ 1857 ਦੀ ਜਦੋਜਹਿਦ ਦੇ ਪਿਛੋਕੜ 'ਚ। 1857 ਦੇ ਗਦਰ ਸਮੇਂ ਇਸ ਖੂਹ 'ਚ ਸੈਂਕੜੇ ਪੰਜਾਬੀਆਂ ਨੂੰ ਜੀਵਤ ਜਾਂ ਮੋਇਆਂ ਸੁੱਟ ਕੇ ਗੋਰੀ ਸਰਕਾਰ ਨੇ ਵੱਡਾ ਜ਼ੁਲਮ ਕੀਤਾ ਸੀ।

ਉਂਜ ਬਹੁਤਾ ਵਰਣਨ ਬਲਰਾਜ ਸਾਹਨੀ ਮੰਚ ਦੇ ਖੁੱਲ੍ਹੇ ਵਿਹੜੇ ਵਿਚ ਆਏ ਤੇ ਰਾਤ ਭਰ ਜਾਗੇ ਉਨ੍ਹਾਂ ਦਰਸ਼ਕਾਂ/ਸਰੋਤਿਆਂ ਦੇ ਹੜ੍ਹ ਦਾ ਹੋ ਰਿਹਾ ਸੀ ਜਿਸ ਵਿਚ ਯੁਵਕ ਯੁਵਤੀਆਂ ਹੀ ਨਹੀਂ ਦੂਰ ਦੂਰ ਤੋਂ ਆਈਆਂ ਮਹਿਲਾਵਾਂ, ਬੱਚੇ ਤੇ ਬੁੱਢੇ ਵੀ ਸ਼ਾਮਲ ਸਨ। ਤੋੜਾ ਤੋੜਨ ਵਾਲੀ ਕਿਸੇ ਦੀ ਇਹ ਟਿੱਪਣੀ ਸੀ, 'ਕੌਣ ਕਹਿੰਦਾ ਹੈ ਕਿ ਸਾਡੇ ਲੋਕ ਅਸ਼ਲੀਲ ਗੀਤਾਂ ਦੇ ਹੀ ਸ਼ੌਕੀਨ ਹਨ। ਬੱਸ ਵਿਸ਼ੇ ਤੇ ਪੇਸ਼ਕਾਰੀ ਵਿਚ ਜਾਨ ਹੋਣੀ ਚਾਹੀਦੀ ਹੈ।' ਚੰਡੀਗੜ੍ਹ ਤੋਂ ਸ਼ਿਰਕਤ ਕਰਨ ਵਾਲੇ ਤਾਂ ਸਾਹਬ ਸਿੰਘ ਦੇ 'ਇਕ ਗਦਰ ਹੋਰ' ਤੇ ਨੀਲਮ ਮਾਨ ਸਿੰਘ ਦੇ 'ਲਾਈਸੈਂਸ' ਦੀ ਗੱਲ ਵੀ ਕਰ ਗਏ। ਪਹਿਲਾ ਨਾਟਕ ਉਸੇ ਸ਼ਾਮ ਪੰਜਾਬ ਕਲਾ ਭਵਨ-ਚੰਡੀਗੜ੍ਹ ਦੇ ਵਿਹੜੇ ਦਿਖਾਇਆ ਜਾਣਾ ਸੀ ਤੇ ਦੂਜਾ ਪਹਿਲੀ ਮਈ ਤੋਂ ਰੌਕ ਗਾਰਡਨ ਦੇ ਖੁੱਲ੍ਹੇ ਮੰਚ ਵਿਚ ਹਰ ਰੋਜ਼ ਦਿਖਾਇਆ ਜਾ ਰਿਹਾ ਸੀ।



ਗੁਰੂ ਨਾਨਕ ਮਿਸ਼ਨ ਹਸਪਤਾਲ-ਜਲੰਧਰ

ਇਸ ਤਰ੍ਹਾਂ ਚਾਨਣ ਦੀ ਇਹ ਯਾਤਰਾ ਮੇਰੇ ਨਾਲ ਲੁਧਿਆਣਾ ਤੋਂ ਚਲ ਕੇ ਚੰਡੀਗੜ੍ਹ ਤੱਕ ਆਈ। ਉਸ ਸ਼ਾਮ ਸਾਹਬ ਸਿੰਘ ਦਾ ਨਾਟਕ 'ਇਕ ਗਦਰ ਹੋਰ' ਮਲਟੀ ਨੈਸ਼ਨਲ ਕੰਪਨੀਆਂ ਨੂੰ ਫਿਟਕਾਰਾਂ ਪਾਉਣ ਵਾਲਾ ਸੀ, ਤੇ 'ਲਾਈਸੈਂਸ' ਮੰਟੋ ਦੀ ਕਹਾਣੀ ਨੂੰ ਨੀਲਮ ਮਾਨ ਸਿੰਘ ਦੀ ਪੇਸ਼ਕਾਰੀ ਦੁਆਰਾ ਇਕ ਸਵੈਵਿਸ਼ਵਾਸੀ ਮਹਿਲਾ ਦਾ ਪੁਲਿਸ ਦੇ ਅੱਖੀਂ ਘੱਟਾ ਪਾ ਕੇ ਤਾਂਗਾ ਚਲਾਉਣ ਵਿਚ ਸਫਲਤਾ ਦਰਸਾਉਣ ਵਾਲਾ। ਇਸ ਨਾਟਕ ਵਿਚ ਰਮਨਜੀਤ ਕੌਰ ਦੀ ਅਦਾਕਾਰੀ ਕਹਿੰਦੀਆਂ ਕਹਾਉਂਦੀਆਂ ਅਭਿਨੇਤਰੀਆਂ ਨੂੰ ਮਾਤ ਪਾਉਣ ਵਾਲੀ ਹੈ। ਇਸ ਤਰ੍ਹਾਂ ਚਾਨਣ ਵੰਡਣ ਵਾਲਿਆਂ ਨੂੰ ਸਾਡਾ ਸਲਾਮ!

**ਗੁਰੂ ਨਾਨਕ ਮਿਸ਼ਨ ਟਰਸਟ ਤੇ ਸਿਹਤ ਸਹੂਲਤਾਂ**: ਗੁਰੂ ਨਾਨਕ ਮਿਸ਼ਨ ਹਸਪਤਾਲ-ਜਲੰਧਰ ਦੀ ਸਥਾਪਨਾ ਤੋਂ ਪਿੱਛੋਂ ਦੋ ਦਹਾਕਿਆਂ ਦੇ ਸਮੇਂ ਵਿਚ ਇਸ ਦੀ ਹੀ ਦੇ ਤਿੰਨ ਅਦਾਰੇ ਦੁਆਬਾ ਖੇਤਰ ਵਿਚ ਹੋਰ ਖੁੱਲ੍ਹ ਚੁੱਕੇ ਹਨ। ਨਵਾਂ ਸ਼ਹਿਰ ਤੇ ਗੜ੍ਹਸ਼ੰਕਰ ਦੇ ਏਧਰ-ਓਧਰ (1) ਔੜ ਉੜਾਪੜ (2) ਢਾਹਾਂ ਕਲੇਰਾਂ ਤੇ (3) ਨਵਾਂਗਰਾਂ ਕੁੱਲਪੁਰ। 100 ਬਿਸਤਰਿਆਂ ਦੇ ਟੀਚੇ ਵਾਲਾ ਆਖਰੀ ਹਸਪਤਾਲ ਗੜ੍ਹਸ਼ੰਕਰ ਤੋਂ ਅਨੰਦਪੁਰ ਸਾਹਬ ਵਾਲੀ ਸੜਕ ਉਤੇ ਹੈ। ਇਸ ਨੂੰ ਸਥਾਪਤ ਕਰਨ ਵਾਲਾ ਬਾਬਾ ਬੁੱਧ ਸਿੰਘ ਢਾਹਾਂ ਇਸ ਤੋਂ ਪਹਿਲਾਂ ਆਪਣੇ ਜੱਦੀ ਪਿੰਡ ਵਿਚ ਇਕ ਸਫਲ ਵਿਦਿਅਕ ਤੇ ਚਿਕਿਤਸਕ ਸੰਸਥਾ ਸਥਾਪਤ ਕਰਨ ਲਈ ਜਾਣਿਆ ਜਾਂਦਾ ਹੈ, ਜਿਸ ਨੂੰ ਨਵਾਂ ਗਰਾਂ ਦੇ ਮਾਸਟਰ ਬਲਬੀਰ ਸਿੰਘ ਬੈਂਸ ਤੇ ਮਹਿੰਦਰ ਸਿੰਘ ਭਾਟੀਆ ਨੇ ਪ੍ਰੇਰ ਕੇ ਆਪਣੇ ਵਿਹੜੇ ਲਿਆ ਬਿਠਾਇਆ ਹੈ। ਬੁੱਧ ਸਿੰਘ ਨਾਲ ਉਨ੍ਹਾਂ ਦਾ ਹੱਥ ਵਟਾਉਣ ਲਈ ਢਾਹਾਂ ਵਾਲੀ ਸੰਸਥਾ ਵਿਚੋਂ ਸੁਸ਼ੀਲ ਕੌਰ ਤੇ ਰਘਬੀਰ ਸਿੰਘ ਹੀ ਤੁਰੇ, ਜਿਨ੍ਹਾਂ ਨੂੰ ਬੁੱਧ ਸਿੰਘ ਦੋ ਹੀਰੇ ਕਹਿੰਦਾ ਹੈ। ਉਨ੍ਹਾਂ ਨੇ ਦਿਨ ਰਾਤ ਇੱਕ ਕਰਕੇ ਨਵੇਂ ਅਦਾਰੇ ਲਈ ਜ਼ਮੀਨ ਦੀ ਨਿਸ਼ਾਨ ਦੇਹੀ ਤੋਂ ਬਿਨਾਂ ਆਰੰਭਕ ਅਮਲਾ ਲਭਣ ਵਿਚ ਵੀ ਸ੍ਰੀ ਬੈਂਸ ਤੇ ਸ੍ਰੀ ਭਾਟੀਆ ਦਾ ਰਸੂਖ ਵਰਤ ਕੇ ਇਕ ਵਧੀਆ ਸੰਸਥਾ ਚਾਲੂ ਵੀ ਕਰ ਲਈ ਹੈ।



ਬਾਬਾ ਬੁੱਧ ਸਿੰਘ ਢਾਹਾਂ

ਮੇਰੀ ਜੀਵਨ ਸਾਥਣ ਡਾਕਟਰ ਹੈ। ਮੇਰਾ ਜੱਦੀ ਪਿੰਡ ਵੀ ਨੇੜੇ ਹੀ ਪੈਂਦਾ ਹੈ। ਅਸੀਂ ਦੋਵੇਂ ਬੁੱਧ ਸਿੰਘ ਵਾਲੀਆਂ ਸੰਸਥਾਵਾਂ ਨਾਲ ਜੁੜੇ ਹੋਏ ਹਾਂ। ਆਪਣੀ ਸੱਜਰੀ ਫੇਰੀ ਸਮੇਂ ਨਵਾਂ ਗਰਾਂ ਵਾਲੀ ਸੰਸਥਾ ਵਿਚ ਦਾਖਲ ਮਰੀਜ਼ਾਂ ਨੂੰ ਦੇਖ ਕੇ ਮਹਿੰਦਰ ਸਿੰਘ ਭਾਟੀਆ ਨੂੰ ਮਿਲ ਕੇ ਇਹ ਵੀ ਤਸੱਲੀ ਹੋਈ ਕਿ 100 ਬਿਸਤਰਿਆਂ ਵਾਲਾ ਟੀਚਾ ਛੇਤੀ ਹੀ ਪੂਰਾ ਹੋ ਜਾਵੇਗਾ। ਇਸ ਖੇਤਰ ਦੇ ਵਸਨੀਕ ਬਾਬਾ ਬੁੱਧ ਸਿੰਘ ਤੇ ਉਨ੍ਹਾਂ ਦੇ ਦੋਵਾਂ ਪੈਰੋਕਾਰਾਂ ਨੂੰ ਹੱਥੀਂ ਛਾਵਾਂ ਕਰ ਰਹੇ ਹਨ। ਜਿਸ ਤੇਜ਼ੀ ਨਾਲ ਇਹ ਨਵੀਂ ਸੰਸਥਾ ਹੋਂਦ ਵਿਚ ਆ ਰਹੀ ਹੈ, ਬਾਬਾ ਬੁੱਧ ਸਿੰਘ ਦੇ ਕੰਢੀ ਖੇਤਰ ਲਈ ਕੀਤੇ ਇਸ ਉਦਮ ਦਾ ਭਰਪੂਰ ਸਵਾਗਤ ਕਰਨਾ ਬਣਦਾ ਹੈ।

**ਅੰਤਿਕਾ:** (ਬਰਕਤ ਰਾਮ ਯੁਮਨ)

ਤੁਹਾਡੇ ਆਉਣ ਤੇ ਬਿਰਹਾ ਦੇ
ਭਾਂਬੜ ਹੋਰ ਵੀ ਭੜਕੇ,
ਸੱਜਣ ਦੇ ਸ਼ਹਿਰ ਵਿਚੋਂ ਹੋ ਕੇ
ਆਇਓ ਠੰਡੀਓ ਵਾਓ।
ਤੁਹਾਡੇ ਹੰਝੂਆਂ ਦਾ ਔਖਿਓ
ਕਿਵੇਂ ਮੁੱਲ ਪੈ ਸਕਦੈ,
ਖੁੱਲ੍ਹੇ ਬਾਜ਼ਾਰ ਇਨ੍ਹਾਂ ਮੋਤੀਆਂ ਦਾ
ਢੇਰ ਨਾ ਲਾਓ।
ਮਿਲਣ ਵਾਲੇ ਤਾਂ ਅੜੀਓ
ਅੰਤਲੇ ਦਮ ਵੀ ਨੇ ਮਿਲ ਪੈਂਦੇ,
ਅਜੇ ਮਾਯੂਸ ਨਾ ਹੋਵੋ,
ਨੀ ਡਾਵਾਂ-ਡੋਲ ਆਸਾਓ।

# ਕੁੰਡਲੀਆਂ

ਬੌਬ ਖਹਿਰਾ, ਮਿਸ਼ੀਗਨ
ਫੋਨ: 734-925-0177

ਹਿੰਦੂ ਧਰਮ ਵਿਚ ਕੁੰਡਲੀਆਂ ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਹੈ। ਇਹ ਵਰਤਾਰਾ ਸਦੀਆਂ ਤੋਂ ਚੱਲ ਰਿਹਾ ਹੈ। ਬੱਚੇ ਦੇ ਜਨਮ ਤੋਂ ਬਾਅਦ ਮਾਤਾ-ਪਿਤਾ ਕਿਸੇ ਪੰਡਿਤ/ਜੋਤਸ਼ੀ ਨੂੰ ਬੱਚੇ ਦੇ ਜਨਮ ਦਾ ਸਮਾਂ ਦੱਸ ਕੇ ਕੁੰਡਲੀ ਬਣਵਾਉਂਦੇ ਹਨ। ਹਿੰਦੂ ਧਰਮ ਵਿਚ ਤਾਂ ਮੁੰਡੇ ਕੁੜੀ ਦੇ ਵਿਆਹ ਤੋਂ ਪਹਿਲਾਂ ਦੋਹਾਂ ਦੀ ਕੁੰਡਲੀਆਂ ਪੰਡਿਤ ਨੂੰ ਦਿਖਾਈਆਂ ਜਾਂਦੀਆਂ ਹਨ। ਕਈ ਵਾਰ ਰਿਸ਼ਤਾ ਚੰਗਾ ਹੋਵੇ ਤਾਂ ਪੰਡਿਤ ਨੂੰ ਪੈਸੇ ਦੇ ਕੇ ਕੁੰਡਲੀਆਂ ਵਿਚ ਫੇਰ-ਬਦਲ ਵੀ ਕੀਤਾ ਜਾਂਦਾ ਹੈ। ਮੁੰਡਾ ਕੁੜੀ ਜਾਂ ਉਨ੍ਹਾਂ ਦੇ ਮਾਂ-ਬਾਪ ਭਾਵੇਂ ਜਿੰਨੇ ਮਰਜ਼ੀ ਪੜ੍ਹੇ-ਲਿਖੇ ਹੋਣ, ਜਾਂ ਭਾਵੇਂ ਕਿੰਨੇ ਵੱਡੇ ਅਮੀਰ ਟੱਬਰ ਦੇ ਹੋਣ, ਉਹ ਉਸ ਪੰਡਿਤ ਦੇ ਕਹਿਣੇ ਤੋਂ ਬਾਹਰ ਨਹੀਂ ਜਾ ਸਕਦੇ। ਕਈ ਵਾਰ ਪੰਡਿਤ ਆਪਣੇ ਲਾਲਚ ਵਿਚ ਅਗਲਿਆਂ ਨੂੰ ਸ਼ੁੱਧੀ ਕਰਵਾਉਣ ਦੇ ਚੱਕਰ ਵਿਚ ਪਾ ਦਿੰਦੇ ਹਨ। ਫਿਰ ਦੋਹਾਂ ਪਰਿਵਾਰਾਂ ਵੱਲੋਂ ਪੂਜਾ ਦੀ ਸਮੱਗਰੀ ਜਾਂ ਹਵਨ ਕਰਨ ਲਈ ਜੋ ਵੀ ਚਾਹੀਦਾ ਹੈ, ਉਹ ਸਭ ਕਰਦੇ ਹਨ। ਪਹਿਲਾਂ ਇਹ ਸਭ ਹਿੰਦੂ ਧਰਮ ਵਿਚ ਹੀ ਪ੍ਰਚਲਿਤ ਸੀ, ਪਰ ਅੱਜ ਕੱਲ੍ਹ ਕੁਝ ਸਿੱਖਾਂ ਵਿਚ ਵੀ ਇਹ ਬਿਮਾਰੀ ਫੈਲ ਗਈ ਹੈ। ਟੀ.ਵੀ. ਉਤੇ ਅਤੇ ਅਖਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਦਿੱਤੇ ਜਾਂਦੇ ਹਨ। ਟੀ.ਵੀ. ਚੈਨਲਾਂ 'ਤੇ ਪੰਡਿਤਾਂ/ਜੋਤਸ਼ੀਆਂ ਨਾਲ ਤਾਂ ਲਾਈਵ ਗੱਲਬਾਤ ਕਰਵਾਈ ਜਾਂਦੀ ਹੈ। ਲੋਕ ਟੈਲੀਫੋਨ ਕਰ ਕੇ ਆਪਣੀਆਂ ਸਮੱਸਿਆਵਾਂ ਤੇ ਪ੍ਰੇਸ਼ਾਨੀਆਂ ਦੱਸਦੇ ਹਨ ਅਤੇ ਉਨ੍ਹਾਂ ਦਾ ਹੱਲ ਪੁੱਛਦੇ ਹਨ। ਫਿਰ ਉਸ ਪੰਡਿਤ ਜਾਂ ਜੋਤਸ਼ੀ ਦੇ ਜਾਲ ਵਿਚ ਫਸ ਕੇ ਆਪਣਾ ਸਭ ਕੁਝ ਲੁਟਾ ਬੈਠਦੇ ਹਨ।

ਹੋਰ ਤਾਂ ਹੋਰ, ਅਮਰੀਕਾ ਕੈਨੇਡਾ ਵਰਗੇ ਮੁਲਕਾਂ ਵਿਚ ਆ ਕੇ ਵੀ ਇਹ ਲੋਕ ਬਿਨਾਂ ਕੁਝ ਸੋਚੇ ਸਮਝੇ ਇਨ੍ਹਾਂ ਚੱਕਰਾਂ ਵਿਚ ਫਸ ਜਾਂਦੇ ਹਨ। ਬਹੁਤਾ ਕਸੂਰ ਹੈ ਟੀ.ਵੀ. ਚੈਨਲਾਂ ਅਤੇ ਅਖਬਾਰਾਂ ਵਾਲਿਆਂ ਦਾ, ਜੋ ਆਪਣੀ ਰੋਟੀ ਸੇਕਣ ਲਈ ਲੋਕਾਂ ਨੂੰ ਅੰਧ-ਵਿਸ਼ਵਾਸ ਨਾਲ ਜੋੜ ਰਹੇ ਹਨ। ਉਹ ਇਹ ਨਹੀਂ ਸਮਝਦੇ ਕਿ ਇਕ ਨਾ ਇਕ ਦਿਨ ਉਨ੍ਹਾਂ ਦੇ ਪਰਿਵਾਰਾਂ ਅਤੇ ਬੱਚੇ ਵੀ ਇਸ ਦਾ ਸ਼ਿਕਾਰ ਹੋ ਜਾਣਗੇ। ਬਹੁਤ ਸਾਰੀਆਂ ਅਖ਼ਬਾਰਾਂ ਵਿਚ ਰਾਸ਼ੀਫਲ ਨਾਮ ਦਾ ਕਾਲਮ ਆਉਂਦਾ ਹੈ ਜਿਸ ਵਿਚ ਨਾਮ ਦੇ ਪਹਿਲੇ ਅੱਖਰ ਦੇ ਹਿਸਾਬ ਨਾਲ ਲਿਖਿਆ ਹੁੰਦਾ ਹੈ ਕਿ ਫਲਾਣੇ ਅੱਖਰ ਦੇ ਨਾਮ ਵਾਲੇ ਦੀ ਕਿਸਮਤ ਵਿਚ ਅੱਜ ਦਾ ਦਿਨ ਜਾਂ ਆਉਣ ਵਾਲੇ ਹਫਤੇ ਵਿਚ ਕੀ ਹੋ ਸਕਦਾ ਹੈ। ਇਹ ਨਿਰਾ ਅੰਧ-ਵਿਸ਼ਵਾਸ ਹੈ। ਅਜਿਹਾ ਕੁਝ ਲਾਲਚ ਅਤੇ ਕੁਝ ਡਰ ਕਰ ਕੇ ਹੁੰਦਾ ਹੈ। ਕਮਜ਼ੋਰ ਅਤੇ ਡਰੇ ਹੋਏ ਲੋਕ ਉਨ੍ਹਾਂ ਗੱਲਾਂ ਉਤੇ ਵਿਸ਼ਵਾਸ ਕਰ ਲੈਂਦੇ ਹਨ। ਜੋਤਸ਼ੀਆਂ, ਪੰਡਿਤਾਂ, ਸਾਧਾਂ, ਸਵਾਮੀਆਂ ਅਤੇ ਤਾਂਤਰਿਕਾਂ ਨੂੰ ਵੀ ਚੰਗੀ ਤਰ੍ਹਾਂ ਪਤਾ ਹੈ ਕਿ ਲੋਕਾਂ ਨੂੰ ਕਿਵੇਂ ਡਰਾਉਣਾ ਹੈ! ਇਨ੍ਹਾਂ ਕੋਲ ਉਹੀ ਗਿਣੀਆਂ-ਚੁਣੀਆਂ 10-15 ਗੱਲਾਂ ਹੁੰਦੀਆਂ ਹਨ, ਜੋ ਹਰ ਇਨਸਾਨ ਚਾਹੁੰਦਾ ਹੈ ਜਾਂ ਮਹਿਸੂਸ ਕਰਦਾ ਹੈ। ਜੇ ਵਿਚੋਂ ਕਿਸੇ ਦੀ ਗੱਲ ਠੀਕ ਹੋ ਜਾਵੇ ਜੋ ਹੋਣੀ ਹੀ ਹੁੰਦੀ ਹੈ, ਤਾਂ ਉਹ ਬੰਦਾ ਇਨ੍ਹਾਂ ਦਾ ਚੇਲਾ ਬਣ ਜਾਂਦਾ ਹੈ। ਇਹ ਧੰਦਾ ਇਸੇ ਤਰ੍ਹਾਂ ਵਧਦਾ ਜਾਂਦਾ ਹੈ।

ਭਾਰਤ ਵਿਚ ਅੱਜ ਕੱਲ੍ਹ ਵੋਟਾਂ ਦਾ ਦੌਰ ਚਲ ਰਿਹਾ ਹੈ। ਨਤੀਜੇ ਅਜੇ ਆਉਣੇ ਹਨ। ਚੋਣ ਲੜ ਰਹੇ ਨੇਤਾਵਾਂ ਵਿਚੋਂ ਕਈ ਆਪੋ-ਆਪਣੇ ਪੰਡਿਤਾਂ ਕੋਲੋਂ ਪੁੱਛ ਰਹੇ ਹਨ, ਕੁੰਡਲੀਆਂ ਦਿਖਾ ਰਹੇ ਹਨ। ਦੂਜੇ ਬੰਨੇ, ਪੰਡਿਤ ਦੋਹੀਂ ਹੱਥੀਂ ਪੈਸੇ ਬਣਾ ਰਹੇ ਹਨ। ਜਦੋਂ ਜੋਤਸ਼ੀ ਦੀ ਦੱਸੀ ਜਿੱਤ ਦਾ ਨਤੀਜਾ ਹਾਰ ਵਿਚ ਨਿਕਲਦਾ ਹੈ, ਫਿਰ ਉਸ ਜੋਤਸ਼ੀ ਕੋਲ ਘੜਿਆ-ਘੜਾਇਆ ਜਵਾਬ ਹੁੰਦਾ ਹੈ ਕਿ ਰਾਹੂ ਇਸ ਘਰ ਵਿਚ ਸੀ, ਪਰ ਕੇਤੂ ਦੂਜੇ ਘਰ ਵਿਚ ਚਲਾ ਗਿਆ ਹੈ। ਜਦੋਂ ਇਹ ਲੋਕ ਜਿਨ੍ਹਾਂ ਨੇ ਲੋਕਾਂ ਦੀ ਅਗਵਾਈ ਕਰਨੀ ਹੁੰਦੀ ਹੈ, ਜਾਂ ਦੇਸ਼ ਦੀ ਵਾਗਡੋਰ ਸੰਭਾਲਣੀ ਹੁੰਦੀ ਹੈ, ਹੀ ਕਿਸੇ ਪੰਡਿਤ/ਜੋਤਸ਼ੀ ਦੀ ਸੋਚ ਦਾ ਗੁਲਾਮ ਹੈ ਤਾਂ ਦੱਸੋ, ਕਿ ਉਹ ਦੇਸ਼ ਦਾ ਕੀ ਸੰਵਾਰ ਸਕਦਾ ਹੈ? ਇਕ ਬਹੁਤ ਵੱਡੇ ਫਿਲਮ ਸਟਾਰ ਬਾਰੇ ਵੀ ਸੁਣਿਆ ਸੀ ਕਿ ਜਦੋਂ ਉਸ ਨੇ ਆਪਣੇ ਮੁੰਡੇ ਦਾ ਵਿਆਹ ਕਰਨਾ ਸੀ, ਤੇ ਜਿਸ ਕੁੜੀ ਨਾਲ ਵਿਆਹ ਹੋਣਾ ਸੀ, ਉਸ ਬਾਰੇ ਪੰਡਿਤਾਂ ਨੇ ਕੁੰਡਲੀਆਂ ਵੇਖ ਕੇ ਕਿਹਾ ਕਿ ਇਹ ਕੁੜੀ ਮੰਗਲੀਕ ਹੈ, ਤੇ ਪਹਿਲਾਂ ਇਸ ਦਾ ਵਿਆਹ ਪਿੱਪਲ ਦੇ ਦਰਖਤ ਨਾਲ ਕਰਨਾ ਪਵੇਗਾ। ਪੰਡਿਤਾਂ ਦੇ ਆਖੇ ਲੱਗ ਕੇ ਪਹਿਲਾਂ ਕੁੜੀ ਦਾ ਪਿੱਪਲ ਨਾਲ ਵਿਆਹ ਕੀਤਾ ਗਿਆ। ਫਿਰ ਨਹੀਂ ਪਤਾ ਕਿ ਪਿੱਪਲ ਦੇ ਦਰਖਤ ਨਾਲ ਉਸ ਦਾ ਤਲਾਕ ਹੋਇਆ ਜਾਂ ਨਹੀਂ?... ਤੇ ਇਸ ਫਿਲਮ ਸਟਾਰ ਨੂੰ ਲੋਕ ਮਹਾਨ ਕਲਾਕਾਰ ਕਹਿ ਰਹੇ ਹਨ!

ਕੁੰਡਲੀਆਂ ਬਾਰੇ ਪੰਡਿਤਾਂ/ਜੋਤਸ਼ੀਆਂ ਦਾ ਫੈਲਾਇਆ ਇਹ ਅੰਧ-ਵਿਸ਼ਵਾਸ ਸਿਰਫ਼ ਇਕ ਢੌਂਗ ਹੀ ਹੈ। ਜੇ ਕੋਈ ਇਸ ਨੂੰ ਸੱਚ ਸਿੱਧ ਕਰ ਸਕਦਾ ਹੋਵੇ, ਤਾਂ ਤਰਕਸ਼ੀਲ ਸੁਸਾਇਟੀ, ਭਾਰਤ ਨੇ ਇਕ ਕਰੋੜ ਰੁਪਏ ਇਨਾਮ ਰੱਖਿਆ ਹੋਇਆ ਹੈ। ਕੁਝ ਹੋਰ ਸੰਸਥਾਵਾਂ ਨੇ ਵੀ ਕਾਫ਼ੀ ਵੱਡੇ ਇਨਾਮ ਰੱਖੇ ਹੋਏ ਹਨ, ਪਰ ਅੱਜ ਤੱਕ ਕੋਈ ਬੰਦਾ ਇਹ ਇਨਾਮ ਜਿੱਤਣ ਦੀ ਹਿੰਮਤ ਨਹੀਂ ਕਰ ਸਕਿਆ।

ਲੋਕਾਂ ਅੱਗੇ ਇਹੀ ਬੇਨਤੀ ਹੈ ਕਿ ਇਨ੍ਹਾਂ ਲੋਕਾਂ ਤੋਂ ਡਰੋ ਨਾ, ਇਨ੍ਹਾਂ ਕੋਲ ਕੋਈ ਗੈਬੀ ਸ਼ਕਤੀ ਨਹੀਂ ਹੈ। ਜੇ ਸੱਚਮੁੱਚ ਇਨ੍ਹਾਂ ਕੋਲ ਕੋਈ ਸ਼ਕਤੀ ਹੁੰਦੀ ਤਾਂ ਇਨ੍ਹਾਂ ਨੇ ਦੱਸ ਦੇਣਾ ਸੀ ਕਿ ਮਲੇਸ਼ੀਆ ਦਾ ਲਾਪਤਾ ਹੋਇਆ ਜਹਾਜ਼ ਕਿੱਥੇ ਹੈ। ਰਾਸ਼ੀਫਲ, ਕੁੰਡਲੀ, ਸ਼ੁੱਧ ਕਰਨਾ, ਅਸ਼ੁੱਧ ਹੋਣਾ, ਪੂਜਾ, ਤੰਤਰ-ਮੰਤਰ, ਸੁੱਖਣਾ ਜਾਂ ਚੜ੍ਹਾਵਾ-ਇਹ ਸਭ ਛਲਾਵਾ ਹੈ। ਇਹ ਇਨਸਾਨ ਦੀ ਸੋਚ ਨੂੰ ਕਮਜ਼ੋਰ, ਖੁੰਡਾ ਤੇ ਨਕਾਰਾ ਕਰਦੀਆਂ ਹਨ।

## ਖਰੀਦ ਲਓ, ਸੇਲ ਲੱਗੀ ਹੈ

ਆਉ ਖਰੀਦ ਲਓ, ਏਥੇ ਸੇਲ 'ਤੇ ਹਰੇਕ ਸਮਾਨ ਵਿਕਦੈ।
ਇਸ ਮੰਡੀ ਵਿਚ ਚੰਗਾ, ਮੰਦਾ, ਨਫਾ, ਨੁਕਸਾਨ ਵਿਕਦੈ।
ਸੇਲ 'ਤੇ ਦਰ੍ਹੇ ਦੇ ਭਾਅ, ਹਰ ਇਕ ਜਿਨਸ ਵਿਕ ਰਹੀ ਹੈ
ਸੇਲ 'ਤੇ ਪਾਪੀ-ਪੁੰਨੀ, ਪ੍ਰਹੇਜ਼ਗਾਰ, ਜ਼ੱਦੀ ਸ਼ੈਤਾਨ ਵਿਕਦੈ।
ਸੇਲ 'ਤੇ ਹੈ ਆਕੜ, ਕਿੱਬਰ-ਹੰਕਾਰ, ਗੁਮਾਨ ਤੇ ਚੌਧਰਾਂ
ਸੇਲ 'ਤੇ ਰਾਇ ਬਹਾਦਰ-ਸਰਦਾਰ ਜੀ-ਸੁਲਤਾਨ ਵਿਕਦੈ।
ਸੇਲ 'ਤੇ ਤਸਬੀਆਂ-ਮਾਲਾ, ਜੰਞੂ, ਟਿੱਕੇ-ਤਿਲਕ ਲੱਗੇ ਨੇ
ਸੇਲ 'ਤੇ ਵੇਦ, ਪੁਰਾਨ, ਗ੍ਰੰਥ, ਬਾਈਬਲ, ਕੁਰਾਨ ਵਿਕਦੈ।
ਸੇਲ 'ਤੇ ਪਾਠ-ਪੂਜਾ, ਜ਼ੁਹਦ-ਇਬਾਦਤ, ਜੱਗ-ਹਵਨ ਨੇ
ਸੇਲ 'ਤੇ ਵਾਹਿਗੁਰੂ, ਅੱਲ੍ਹਾ-ਰਹੀਮ, ਭਗਵਾਨ ਵਿਕਦੈ।
ਸੇਲ 'ਤੇ ਪੁੰਨ-ਪਾਪ, ਕਰਮ-ਕਾਂਡ, ਵਹਿਮ-ਭਰਮ ਲਓ
ਸੇਲ 'ਤੇ ਮਿਹਰਾਂ, ਬਖਸ਼ਿਸ਼, ਕਿਰਪਾ, ਨਿਰਵਾਨ ਵਿਕਦੈ।
ਸੇਲ 'ਤੇ ਨਰਕ-ਸੁਵਰਗ, ਜਹੰਨਮ-ਬਹਿਸ਼ਤ, ਸੱਚਖੰਡ ਹੈ
ਸੇਲ 'ਤੇ ਧਰਮ-ਰਾਜ, ਚਿੱਤ੍ਰ-ਗੁਪਤ ਦਾ ਈਮਾਨ ਵਿਕਦੈ।
ਸੇਲ 'ਤੇ ਭਾਈ, ਪੰਡਤ, ਪੁਜਾਰੀ, ਮੌਲਵੀ, ਸਿੱਧ, ਜੋਗੀ
ਸੇਲ 'ਤੇ ਅੱਲ੍ਹਾ, ਵਾਹਿਗੁਰੂ, ਰਾਮ ਦਾ ਫੁਰਮਾਨ ਵਿਕਦੈ।
ਸੇਲ 'ਤੇ ਧਰਮ, ਵਿਸ਼ਵਾਸ, ਸ਼ਰਧਾ, ਇਲਹਾਮ, ਦਰਸ਼ਨ
ਸੇਲ 'ਤੇ ਲਓ ਹਿੰਦੂ, ਸਿੱਖ, ਈਸਾਈ, ਮੁਸਲਮਾਨ ਵਿਕਦੈ।
ਸੇਲ 'ਤੇ ਗੁਰੂ, ਮੁਰਸ਼ਦ, ਸੰਤ-ਬਾਬੇ, ਸਾਧੂ, ਫਕੀਰ ਲਓ
ਸੇਲ 'ਤੇ ਚੇਲੇ-ਬਾਲੇ, ਸੇਵਕ, ਮੁਰੀਦ ਸ਼ਰਧਾਵਾਨ ਵਿਕਦੈ।
ਸੇਲ 'ਤੇ ਮੰਦਰ, ਮਸਜਿਦ, ਗੁਰੂਦੁਆਰੇ, ਪੂਜਾ ਘਰ ਲੈ ਲਓ
ਸੇਲ 'ਤੇ ਅਰਦਾਸਾਂ, ਕਥਾ, ਕੀਰਤਨ, ਵਿਖਿਆਨ ਵਿਕਦੈ।
ਸੇਲ 'ਤੇ ਆਵਾਗੌਣ, ਪਾਪਾਂ ਤੋਂ ਛੁਟਕਾਰਾ, ਮੁਕਤੀ ਲਓ
ਸੇਲ 'ਤੇ ਦੇਸ਼ਾਂ-ਵਿਦੇਸ਼ਾਂ ਵਿਚ ਪਾਠਾਂ ਦਾ ਵਰਦਾਨ ਵਿਕਦੈ।
ਸੇਲ 'ਤੇ ਜੱਜ, ਕਚਹਿਰੀ, ਮੁਨਸ਼ੀ, ਇਨਸਾਫ ਖਰੀਦ ਲਓ
ਸੇਲ 'ਤੇ ਵਕੀਲ, ਮੁਜਰਮ, ਗਵਾਹ, ਕਾਨੂੰਨ-ਦਾਨ ਵਿਕਦੈ।
ਸੇਲ 'ਤੇ ਕਾਨੂੰਨ ਦੇ ਘਾੜੇ, ਕਾਨੂੰਨ ਦੇ ਰਾਖੇ ਸਭ ਲੱਗੇ ਹਨ
ਸੇਲ 'ਤੇ ਮੰਤਰੀ, ਸੰਤਰੀ, ਸਮੇਤ ਠਾਣੇ, ਕਪਤਾਨ ਵਿਕਦੈ।
ਸੇਲ 'ਤੇ ਕਵੀ, ਲਿਖਾਰੀ, ਵਿਦਵਾਨ, ਸਾਇੰਸਦਾਨ ਲੈ ਲਓ
ਸੇਲ 'ਤੇ ਰੇਡੀਓ ਅਖਬਾਰ-ਐਡੀਟਰ, ਕਲਮਦਾਨ ਵਿਕਦੈ।
ਸੇਲ 'ਤੇ ਪੰਜ ਸਾਲਾਂ ਲਈ ਜੰਤਾ ਦੀ ਬੇਵੱਸੀ, ਮਜ਼ਬੂਰੀ ਹੈ
ਸੇਲ 'ਤੇ ਨੇਤਾ ਦੀ ਜ਼ਮੀਰ, ਵੋਟਰ-ਵੋਟ, ਮਤਦਾਨ ਵਿਕਦੈ।
ਸੇਲ 'ਤੇ ਧਰਨੇ, ਨਾਅਰੇ, ਜਲਸਾ-ਜਲੂਸ ਕੁਝ ਵੀ ਖਰੀਦੋ
ਸੇਲ 'ਤੇ ਭੰਨਤੋੜ, ਸਾੜ-ਫੂਕ, ਗਰੀਬਾਂ ਦਾ ਘਾਣ ਵਿਕਦੈ।
ਸੇਲ 'ਤੇ ਖੂਨ ਖਰਾਬਾ-ਗੁੰਡਾ ਗਰਦੀ, ਧੱਕੇ ਸ਼ਾਹੀ ਲੈ ਲਉ
ਸੇਲ 'ਤੇ ਫਿਰਕਾਪ੍ਰਸਤੀ, ਨਫਰਤ ਦਾ ਹਰ ਸਮਾਨ ਵਿਕਦੈ।
ਸੇਲ 'ਤੇ ਕੁਨਬਾਪਰਵਰੀ, ਰਿਸ਼ਵਤਖੋਰੀ, ਮਿਲਾਵਟਖੋਰੀ ਹੈ
ਸੇਲ 'ਤੇ ਬੇ-ਗੁਨਾਹ, ਮਾਸੂਮਾਂ ਦੀ ਮੌਤ ਦਾ ਸਮਾਨ ਵਿਕਦੈ।
ਸੇਲ 'ਤੇ ਜੰਗਲ, ਹਵਾ-ਪਾਣੀ, ਧਰਤੀ ਦੁਰਲਭ ਸਾਧਨ ਨੇ
ਸੇਲ 'ਤੇ ਭ੍ਰਿਸ਼ਟ ਲੀਡਰ, ਪਾਰਟੀ ਸਣੇ ਪ੍ਰਧਾਨ ਵਿਕਦੈ।
ਸੇਲ 'ਤੇ ਕਿਸਾਨ, ਰਾਜਨੀਤੀ, ਗੱਦੀਆਂ, ਕੁਰਸੀਆਂ ਲੱਗੀਆਂ ਹਨ
ਸੇਲ 'ਤੇ ਸੱਜਿਉਂ ਖੱਬੇ, ਖੱਬਿਉਂ ਸੱਜੇ ਆਉਣ-ਜਾਣ ਵਿਕਦੈ।
ਸੇਲ 'ਤੇ ਅਕੀਦਾ, ਬੋਲੀ, ਵਿਰਸਾ-ਸਭਿਆਚਾਰ ਲੱਗਾ ਹੈ
ਸੇਲ 'ਤੇ ਬੀਤ ਗਿਆ, ਆਉਣ ਵਾਲਾ, ਵਰਤਮਾਨ ਵਿਕਦੈ।
ਸੇਲ 'ਤੇ ਅਣਜੰਮੀਆਂ ਧੀਆਂ ਨੂੰ ਮਾਰਨ ਦਾ ਹਰ ਹਰਬਾ ਹੈ
ਸੇਲ 'ਤੇ ਜੀਵਨ ਦੇ ਫਰਿਸ਼ਤੇ ਡਾਕਟਰ ਦਾ ਈਮਾਨ ਵਿਕਦੈ।
ਸੇਲ 'ਤੇ ਯਾਰੀਆਂ, ਰਿਸ਼ਤੇਦਾਰੀਆਂ ਭਾਈਚਾਰੇ ਖਰੀਦ ਲਓ
ਸੇਲ 'ਤੇ ਮੂੰਹ-ਮੁਲਾਜ਼ੇ, ਲਿਹਾਜ਼, ਅਪਣੱਤਾਂ ਤੇ ਮਾਨ ਵਿਕਦੈ।
ਸੇਲ 'ਤੇ ਨਾ-ਅਹਿਲੀਅਤ, ਕਮ-ਅਕਲੀ, ਜਨੂੰਨ ਲੈ ਲਓ
ਸੇਲ 'ਤੇ ਬੰਬ, ਬੰਦੂਕਾਂ, ਚਾਕੂ, ਛੁਰੀਆਂ, ਕ੍ਰਿਪਾਨ ਵਿਕਦੈ।
ਸੇਲ 'ਤੇ ਬਾਦੇ-ਸਬਾ, ਸ਼ਬਨਮ, ਫੁੱਲ-ਕਲੀਆਂ ਮਹਿਕ ਹੈ
ਸੇਲ 'ਤੇ ਹੈ ਚਮਨ ਦਾ ਰਾਖਾ, ਸਯਾਦ, ਬਾਗਬਾਨ ਵਿਕਦੈ।
ਸੇਲ 'ਤੇ ਬੇਸ਼ਰਮੀ, ਮੱਕਾਰੀ, ਦੁੱਸ਼ਟਤਾ, ਨੀਚਤਾ ਲੱਗੀ ਹੈ
ਸੇਲ 'ਤੇ ਕਿਰਦਾਰ, ਵਿਹਾਰ, ਅ-ਚਾਰ, ਈਮਾਨ ਵਿਕਦੈ।
ਸੇਲ 'ਤੇ ਅਣਖ, ਇੱਜ਼ਤ, ਆਬਰੂ, ਕੁੱਲੇ, ਸ਼ਮਲੇ ਲੱਗੇ ਨੇ
ਸੇਲ 'ਤੇ ਦੋਸਤ, ਦੁਸ਼ਮਨ, ਖੂਨ, ਮਾਨ-ਅਪਮਾਨ ਵਿਕਦੈ।
ਸੇਲ 'ਤੇ ਸਕੂਲ-ਕਾਲਜ 'ਚ ਦਾਖਲਾ, ਡਿਗਰੀਆਂ ਲੈ ਲਓ
ਸੇਲ 'ਤੇ ਨੌਕਰੀ, ਅਹੁਦੇ, ਤੱਰਕੀਆਂ ਦਾ ਐਲਾਨ ਵਿਕਦੈ।
ਸੇਲ 'ਤੇ ਮੁਲਕ ਦਾ ਭਵਿਖ ਹੈ ਜਿੰਨਾ ਮਰਜੀ ਖਰੀਦ ਲਓ
ਸੇਲ 'ਤੇ ਅਸ਼ਲੀਲਤਾ, ਡਰੱਗ, ਜਵਾਨੀ ਦਾ ਘਾਣ ਵਿਕਦੈ।
ਸੇਲ 'ਤੇ ਕਿਸਾਨ, ਕਾਮੇ, ਮਜ਼ਦੂਰਾਂ ਦਾ ਲਹੂ, ਪਸੀਨਾ ਹੈ
ਸੇਲ 'ਤੇ ਦੇਸ਼ ਦੀ ਕ੍ਰਿਤ-ਉਪਜ, ਵੱਕਾਰ-ਸਨਮਾਨ ਵਿਕਦੈ।
ਸੇਲ 'ਤੇ ਭੁੱਖ-ਨੰਗ, ਗਰੀਬੀ, ਅਨਪੜ੍ਹਤਾ, ਬੀਮਾਰੀ ਲਓ
ਸੇਲ 'ਤੇ ਬੱਚਾ, ਬੁੱਢਾ, ਮਰਦ, ਔਰਤ, ਨੌਜਵਾਨ ਵਿਕਦੈ।
ਸੇਲ 'ਤੇ ਗਰੀਬਾਂ ਦੀਆਂ ਝੁੱਗੀਆਂ-ਝੌਂਪੜੀਆਂ ਜ਼ਿੰਦਗੀ ਹੈ
ਸੇਲ 'ਤੇ ਬਚਪਨ, ਜਵਾਨੀ, ਰੀਝਾਂ, ਚਾ-ਅਰਮਾਨ ਵਿਕਦੈ।
ਸੇਲ 'ਤੇ ਸੁਨਹਿਰੀ ਭਵਿਖ ਦੇ ਅਲੂਤ, ਰੰਗੀਨ ਸੁਫਨੇ ਹਨ
ਸੇਲ 'ਤੇ ਮਗਰਮਛ ਦੇ ਹੰਝੂ, ਲਾਰੇ-ਵਾਦੇ ਫੁਰਮਾਨ ਵਿਕਦੈ।
ਸੇਲ 'ਤੇ ਕਾਲਾ-ਚਿੱਟਾ, ਜਾਇਜ਼-ਨਾਜਾਇਜ਼ ਹਰ ਧੰਧਾ ਹੈ
ਸੇਲ 'ਤੇ ਚੋਰਾਂ-ਮੁਨਸਿਫਾਂ ਵਿਚਾਲਾ ਆਨ-ਪ੍ਰਦਾਨ ਵਿਕਦੈ।
ਆਉ ਬੇਖੌਫ, ਬੇਧੜਕ, ਨਿਸ਼ਚਿੰਤ ਅੱਖਾਂ ਮੀਟ ਲੈ ਜਾਓ
ਸੇਲ 'ਤੇ ਹਨੇਰੇ ਤੋਂ ਚਾਨਣ ਤੱਕ ਦਾ ਹਰ ਸਮਾਨ ਵਿਕਦੈ।।

-ਚੰਨ
ਫੋਨ: 908-788-8427

# ਤੂੜੀ ਦੀ ਮਹਿਮਾ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਖਿਲਵਾੜ ਦੀ ਗਹਾਈ ਤੇ ਉੜਾਈ ਪਿਛੋਂ ਦੋ ਬਹੁਮੁੱਲੇ ਮੇਵੇ ਕਿਸਾਨ ਦੇ ਹੱਥ ਲਗਦੇ ਹਨ-ਬੋਹਲ ਦੇ ਰੂਪ ਵਿਚ ਕਣਕ ਅਤੇ ਧੜ ਦੇ ਰੂਪ ਵਿਚ ਤੂੜੀ। ਜਿਥੇ ਕਣਕ ਪੰਜਾਬੀ ਮਨੁਖ ਦਾ ਮੁੱਖ ਖਾਧ ਪਦਾਰਥ ਹੈ, ਉਥੇ ਤੂੜੀ ਕਿਸਾਨ ਦੀ ਉਪਜੀਵਕਾ ਦੀ ਜਿੰਦ ਜਾਨ ਬਣੇ ਪਸ਼ੂ ਲਈ ਸੁੱਕੇ ਮੇਵੇ ਦੇ ਨਿਆਈਂ ਹੀ ਹੁੰਦੀ ਹੈ। ਜਦੋਂ ਮਰਜ਼ੀ ਹਰੇ ਚਾਰੇ ਵਿਚ ਰਲਾ ਦੇਵੋ, ਡੰਗਰ ਖਾਊਂ ਖਾਊਂ ਕਰਨਗੇ। ਦੁਧਾਰੂ ਪਸ਼ੂਆਂ ਦੀ ਇਕ ਗਿਜ਼ਾ, ਵੰਡ ਜਾਂ ਕੁੰਡ ਦੇ ਨੁਸਖੇ ਵਿਚ ਤਾਂ ਖਲ ਅਤੇ ਵੜੇਵਿਆਂ ਦੇ ਨਾਲ ਨਾਲ ਤੂੜੀ ਇਕ ਜ਼ਰੂਰੀ ਮਸਾਲਾ ਹੁੰਦੀ ਹੈ। ਇਸ ਨੂੰ ਮੱਝਾਂ ਗਾਂਵਾਂ ਚਾਹ ਕੇ ਖਾਂਦੀਆਂ ਹਨ ਤੇ ਫਿਰ ਮਾਲਕ ਨੂੰ ਚਾਹ ਬਣਾਉਣ ਵਾਸਤੇ ਖੂਬ ਸਾਰਾ ਦੁਧ ਦਿੰਦੀਆਂ ਹਨ, "ਤੂੜੀ ਸੂੜੀ, ਵੰਡ, ਵੜੇਵਾਂ, ਘਾਹ ਪੱਠਾ ਮੈਂ ਖਾਂਦੀ ਹਾਂ; ਉਸ ਦੇ ਬਦਲੇ ਅੰਮ੍ਰਿਤ ਵਰਗਾ ਮਿੱਠਾ ਦੁਧ ਪਿਲਾਂਦੀ ਹਾਂ।"

ਤੂੜੀ ਇਕ ਬਹੁ-ਉਪਯੋਗੀ ਸ਼ੈਅ ਹੈ। ਕੋਠਿਆਂ ਦੀਆਂ ਕੰਧਾਂ, ਕੌਲਿਆਂ ਜਾਂ ਛੱਤਾਂ ਉਤੇ ਫੇਰਨ ਵਾਲੀ ਲੇਈ ਬਣਾਉਣ ਲਈ ਜੋ ਘਾਣੀ ਕੀਤੀ ਜਾਂਦੀ ਹੈ, ਉਸ ਵਿਚ ਤੂੜੀ ਇਕ ਅਹਿਮ ਜੁਜ਼ ਹੁੰਦਾ ਹੈ। ਲੇਈ ਵਿਚਲੀ ਤੂੜੀ ਰੇਸ਼ਿਆਂ ਜਾਂ ਕਹਿ ਲਵੋ ਪੱਠਿਆਂ ਦਾ ਕੰਮ ਦਿੰਦੀ ਹੈ। ਇਸ ਨਾਲ ਬਿਠਾਇਆ ਜੋੜ ਫੈਵੀਕੋਲ ਤੋਂ ਵੀ ਵਧ ਪ੍ਰਭਾਵਕ ਹੁੰਦਾ ਹੈ। ਛੱਤਾਂ 'ਚੋਂ ਮੀਂਹ ਦੇ ਪਾਣੀ ਲਈ ਇਹ ਜ਼ਬਰਦਸਤ ਅਵਰੋਧ ਦਾ ਕੰਮ ਦਿੰਦਾ ਹੈ। ਰੱਬ ਨੇ ਵੀ ਕਈ ਬੰਦਿਆਂ ਦੇ ਖਾਲੀ ਦਿਮਾਗ ਭਰਨ ਲਈ ਤੂੜੀ ਦਾ ਸਫਲ ਪ੍ਰਯੋਗ ਕੀਤਾ ਹੈ। ਤੂੜੀ ਭਰੇ ਭੇਜੇ ਵਾਲੇ ਬੰਦੇ ਦੇ ਅੰਦਰ ਕੋਈ ਅਕਲ ਵਾਲੀ ਗੱਲ ਕਦੇ ਨਹੀਂ ਵੜ ਸਕਦੀ, ਤੇ ਨਾ ਹੀ ਕਦੇ ਅੰਦਰੋਂ ਬਾਹਰ ਆ ਸਕਦੀ ਹੈ।

ਅੱਜ ਕਲ੍ਹ ਬਣ ਸਕਣ ਵਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਰਚਾ ਵਿਚ ਰਹਿੰਦਾ ਹੈ। ਉਸ ਦੀ ਹੀ ਪਾਰਟੀ ਦੀ ਇਕ ਲੀਡਰ ਉਮਾ ਭਾਰਤੀ ਨੂੰ ਜਦ ਮੋਦੀ ਬਾਰੇ ਟਿੱਪਣੀ ਕਰਨ ਲਈ ਬੇਨਤੀ ਕੀਤੀ ਗਈ ਤਾਂ ਉਸ ਕਿਹਾ, "ਉਹ ਮੋਦੀ ਬਾਰੇ ਕੁਝ ਕਹਿਣਾ ਚਾਹੁੰਦੇ ਹਨ ਪਰ ਇਸ ਤੋਂ ਬਾਅਦ ਜੋ ਹੁੰਦਾ ਹੈ, ਬਾਪ ਰੇ ਬਾਪ, ਉਹ ਤੂੜੀ ਦੇ



ਢੇਰ ਨੂੰ ਅੱਗ ਲਾਉਣ ਦੇ ਬਰਾਬਰ ਹੈ।" ਕਿਆ ਖੂਬਸੂਰਤ ਅਖਾਣ ਘੜਿਆ ਗਿਆ ਹੈ। ਉਂਜ ਅੱਜ ਕਲ੍ਹ ਤਾਂ ਤੂੜੀ ਦੇ ਭਾਵਾਂ ਨੂੰ ਵੀ ਅੱਗ ਲੱਗੀ ਰਹਿੰਦੀ ਹੈ। ਇਸ ਲਾਭਕਾਰੀ ਵਸਤੂ ਨਾਲ ਨਜਿੱਠਣ ਲਈ ਕਈ ਅਜੀਬੋ ਗਰੀਬ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਛੱਜ ਘੂੰਡਾਂ ਅਤੇ ਤੂੜੀ ਦੀ ਰਹਿੰਦ-ਖੂਹੰਦ ਨੂੰ ਕਣਕ ਦੇ ਦਾਣਿਆਂ ਵਿਚੋਂ ਉੜਾ-ਉੜਾ ਕੇ ਛਾਂਟਦਾ ਹੈ। ਤਿੰਨ ਉਂਗਲਾਂ ਵਾਲੀ ਤੰਗਲੀ ਇਸ ਨੂੰ ਪਰੇ-ਉਰੇ ਕਰਦੀ ਹੈ। ਤੂੜੀ ਦਾ ਹਾਸਿਲ ਅਸਲ ਵਿਚ ਕਿਸਾਨ ਦੀ ਸਾਲ ਭਰ ਦੀ ਕਰੜੀ ਮਿਹਨਤ ਦੇ ਫਲ ਦਾ ਪ੍ਰਤੀਕ ਹੈ। ਧਨੀ ਰਾਮ ਚਾਤ੍ਰਿਕ ਨੇ ਇਸ ਵੱਲ ਖੂਬ ਇਸ਼ਾਰਾ ਕੀਤਾ ਹੈ,

ਤੂੜੀ ਤੰਦ ਸਾਭ ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ,
ਮੀਹਾਂ ਦੀ ਉਡੀਕ ਤੇ ਸਿਆੜ ਕਢ ਕੇ,
ਪੱਗ ਝੱਗਾ ਚਾਦਰਾ ਨਵਾਂ ਸਵਾਇ ਕੇ,
ਸੰਮਾਂ ਵਾਲੀ ਡਾਂਗ ਉਤੇ, ਤੇਲ ਲਾਇ ਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਤੂੜੀ ਨੂੰ ਸਾਲ ਭਰ ਲਈ ਸਾਂਭਣ ਵਾਸਤੇ ਜੱਟਾਂ ਵਲੋਂ ਕੀਤੀ ਜਾਂਦੀ ਖੇਚਲ ਦਾ ਚਾਤ੍ਰਿਕ ਨੂੰ ਖੂਬ ਅਨੁਭਵ ਹੋਵੇਗਾ। ਸਦੀਆ ਦੀ ਮਿਹਨਤ ਨਾਲ ਕਿਸਾਨ ਭਰਾਵਾਂ ਨੇ ਕਣਕ ਦੀ ਨਾੜ ਦੀ ਹੀ ਵਰਤੋਂ ਵਾਲਾ ਕੁੱਪ ਨਾਂ ਦਾ ਇਕ ਮੀਨਾਰ ਈਜਾਦ ਕੀਤਾ ਜਿਸ ਵਿਚ ਤੂੜੀ ਇਸ ਤਰ੍ਹਾਂ ਕੁੱਟ ਕੁੱਟ ਕੇ ਤੁੰਨੀ ਜਾਂਦੀ ਹੈ ਜਿਵੇਂ ਕਿਤੇ ਫਿਰ ਇਸ ਨੂੰ ਕਢਣਾ ਹੀ ਨਾ ਹੋਵੇ। ਕਿਸਾਨ ਦੀ ਸਿਲਪ ਕਲਾ ਦਾ ਇਸ ਤੋਂ ਵੱਡਾ ਨਮੂਨਾ ਹੋਰ ਕੀ ਹੋ ਸਕਦਾ ਹੈ।

ਕਿਸਾਨ ਇਸ ਕੁੱਪ ਤੋਂ ਹੋਰ ਵੀ ਕੰਮ ਲੈਂਦਾ ਹੈ। ਬਹੁਤੀ ਗਰਮੀ ਜਾਂ ਧੁੱਪ ਮਹਿਸੂਸ ਹੁੰਦੀ ਹੋਵੇ ਤਾਂ ਇਸ ਅੰਦਰ ਪਨਾਹ ਲਈ ਜਾ ਸਕਦੀ ਹੈ ਭਾਵੇਂ ਸਾਹ ਘੁਟਿਆ ਹੀ ਜਾਵੇ। ਸਰਦੀਆਂ ਵਿਚ ਤਾਂ ਤੂੜੀ ਦਾ ਨਿਘਾਸ ਨੀਂਦਆਵਰ ਹੀ ਹੁੰਦਾ ਹੈ। ਵੇਲੇ-ਕੁਵੇਲੇ ਤੂੜੀ ਦੇ ਕੁੱਪ ਵਿਚ ਨਸ਼ਾ ਪਾਣੀ ਵੀ ਕਰ ਲਿਆ ਜਾਂਦਾ ਹੈ। ਕਈ ਲੋਕ ਇਸ ਕੁੱਪ ਵਿਚ ਹੋਰ ਵੀ ਕਈ ਗੁਪਤ ਕੰਮ ਕਰ ਲੈਂਦੇ ਹਨ। ਤੂੜੀ ਵਾਲੇ ਕੋਠੇ ਤੋਂ ਵੀ ਕੁੱਪ ਵਾਲੇ ਕਈ ਕੰਮ ਸਾਰ ਲਏ ਜਾਂਦੇ ਹਨ।

ਤੂੜੀ ਪੰਜਾਬੀ ਤੇ ਰਾਜਸਥਾਨੀ ਦਾ ਇਕ ਠੇਠ ਸ਼ਬਦ ਹੈ ਜਿਸ ਦਾ ਸੰਸਕ੍ਰਿਤ ਰੂਪ ਤੁਸ ਹੈ। ਪੋਠੋਹਾਰੀ ਵਿਚ ਤਾਂ ਇਸ ਭਾਵ ਲਈ ਤੁਸ ਸ਼ਬਦ ਹੀ ਚਲਦਾ ਹੈ। ਜਿਵੇਂ ਤੂੜੀ ਤੋਂ ਤੂੜਨਾ ਕਿਰਿਆ ਬਣੀ, ਉਸੇ ਤਰ੍ਹਾਂ ਤੁਸ ਤੋਂ ਤੂਸਣਾ ਕਿਰਿਆ ਬਣੀ। ਤੂੜੀ ਦੇ ਕਈ ਭਰਾ-ਭਾਈ ਵੀ ਤੂੜੀ ਨਾਲੋਂ ਘਟ ਪੈਂਠ ਵਾਲੇ ਨਹੀਂ। ਛੋਲੇ, ਜੌਂ ਆਦਿ ਦੇ ਛਿਲੜ ਦਾ ਅਰਥਾਵਾਂ 'ਤੋਹ' ਸ਼ਬਦ ਇਸ ਦਾ ਸਕਾ ਹੈ। ਗੁਰਬਾਣੀ ਵਿਚ ਤੋਹ ਸ਼ਬਦ ਤੁਹ/ਤੁਹੁ ਦੇ ਸ਼ਬਦ-ਜੋੜਾਂ ਵਿਚ ਆਇਆ ਹੈ, "ਤੁਹ ਕੁਟਹਿ ਮਨਮੁਖ ਕਰਹਿ ਭਾਈ ਪਲੈ ਕਿਛੂ ਨ ਪਾਇ॥" (ਗੁਰੂ ਅਮਰ ਦਾਸ) ਪਰ ਗੁਰੂ ਅਰਜਨ ਦੇਵ ਦੇ ਇਹ ਸ਼ਬਦ ਮੈਨੂੰ ਬਹੁਤ ਅਰਥਭਰਪੂਰ ਜਾਪਦੇ ਹਨ, "ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਹੀਂ।" ਅਰਥਾਤ ਜੋ ਬਿਨਾਂ ਦਾਣਿਆਂ ਵਾਲੇ ਤੁਹਾਂ ਨੂੰ ਹੀ ਗਾਹੁੰਦੇ ਰਹਿੰਦੇ ਹਨ, ਉਹ ਦੌੜ ਦੌੜ ਕੇ ਦੁਖ ਹੀ ਪਾਉਂਦੇ ਹਨ। ਹੋਰ ਦੇਖੋ, "ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ", ਮਨੁਖ ਸਾਰਾ ਦਿਨ ਮੂਸਲ ਲੈ ਕੇ ਧਾਨ ਛੜਦਾ ਰਹਿੰਦਾ ਹੈ ਪਰ ਉਸ ਦੇ ਪੱਲੇ ਕੀ ਪੈਂਦਾ ਹੈ। ਮਜ਼ਦੂਰੀ ਦੀ ਅੱਜ ਤੱਕ ਇਹੋ ਸੱਚਾਈ ਹੈ, ਇਹ ਵੱਖਰੀ ਗੱਲ ਹੈ ਕਿ ਗੁਰੂ ਸਾਹਿਬ ਇਸ ਤੱਥ ਤੋਂ ਅਧਿਆਤਮਕ ਸਿਖਿਆ ਦਿੰਦੇ ਪ੍ਰਤੀਤ ਹੁੰਦੇ ਹਨ। 'ਤੁਸ' ਦਾ ਹੀ ਇਕ ਹੋਰ ਰੁਪਾਂਤਰ 'ਤੁਖ' ਹੈ ਜਿਸ ਦੇ ਅਰਥ ਵੀ ਲਗਭਗ ਇਹੋ ਜਿਹੇ ਹੀ ਹਨ, "ਕਣੁ ਬਿਨਾ ਜੈਸੇ ਥੋਥਰ ਤੁਖਾ।" ਅਰਥਾਤ ਜਿਵੇਂ ਦਾਣੇ ਤੋਂ ਬਿਨਾਂ ਤੁਹ ਖਾਲੀ ਹੀ ਹੈ। ਕਬੀਰ ਸਾਹਿਬ ਨੇ ਵੀ ਤੁਖ ਦੀ ਅਜਿਹੀ ਵਰਤੋਂ ਕੀਤੀ ਹੈ, "ਕਬੀਰ ਚਾਵਲ ਕਾਰਣੇ ਕਉ ਮੁਹਲੀ ਲਾਇ॥" ਅਧਿਆਤਮਕ ਕਾਵਿ ਵਿਚ ਮਨੁਖ ਵਲੋਂ ਸੰਸਾਰਕ ਪਦਾਰਥਾਂ ਲਈ ਕੀਤੇ ਜਾਂਦੇ ਪਰਿਸ਼੍ਰਮ 'ਤੇ ਵਿਅੰਗ ਕੀਤਾ ਮਿਲਦਾ ਹੈ।

# ਲੱਗਿਆ ਜਦ ਦਰਬਾਰ ਕਵੀ ਦੇ ਵਿਹੜੇ ਵਿਚ...

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪਿਛਲੇ ਕਈ ਦਿਨਾਂ ਤੋਂ ਮੈਂ ਆਪਣੀ ਘਰਵਾਲੀ ਦੀ ਪੈੜ ਵਿਚ ਪੈਰ ਰੱਖ ਰਿਹਾ ਸੀ। ਉਹਦੀ ਹਰ ਗੱਲ ਵਿਚ ਮੈਂ 'ਜੀ ਹਜ਼ੂਰੀ' ਦਾ ਹੁੰਗਾਰਾ ਭਰ ਕੇ ਆਗਿਆਕਾਰੀ ਪਤੀ ਦਾ ਰੋਲ ਨਿਭਾ ਰਿਹਾ ਸੀ। ਜਿਸ ਗੱਲ ਦੀ ਮੈਂ ਉਸ ਤੋਂ ਆਗਿਆ ਲੈਣੀ ਚਾਹੁੰਦਾ ਸੀ, ਉਸ ਵਾਸਤੇ ਸਮਾਂ ਅਤੇ ਮਾਹੌਲ ਨਹੀਂ ਸੀ ਬਣ ਰਿਹਾ। ਐਤਵਾਰ ਦੇ ਦਿਨ ਘਰਵਾਲੀ ਨੇ ਵੱਡੇ ਸਟੋਰਾਂ 'ਤੇ ਜਾ ਕੇ ਚੰਗੀ ਖਰੀਦੋ-ਫਰੋਖਤ ਕੀਤੀ। ਉਸ ਦੇ ਵਾਪਸ ਆਉਂਦਿਆਂ ਸਾਰ ਮੈਂ ਪਾਣੀ ਦਾ ਗਲਾਸ ਫੜਾਉਂਦਿਆਂ ਪੁੱਛ ਲਿਆ, "ਲਾਡੋ! ਐਤਕੀਂ ਮੇਰਾ ਵੀ ਦਿਲ ਕਰਦੈ ਕਿ ਮੈਂ ਆਪਣੇ ਘਰ ਵਿਚ ਕਵੀ ਦਰਬਾਰ ਕਰਵਾਵਾਂ।" ਮੈਂ ਗੱਲ ਮਸਾਂ ਪੂਰੀ ਕੀਤੀ।

"ਤੁਹਾਡਾ ਦਿਮਾਗ ਤਾਂ ਨਹੀਂ ਖਰਾਬ ਹੋ ਗਿਆ। ਜਿਥੇ ਕਵੀ ਦਰਬਾਰਾਂ ਵਿਚ ਜਾਂਦੇ ਹੋ, ਜਾਈ ਜਾਓ। ਮੈਂ ਨਹੀਂ ਘਰ ਬਿਠਾਉਣੇ ਕਵੀ। ਵੱਡਾ ਸ਼ਿਵ ਕੁਮਾਰ ਬਣਦੇ ਹੋ।" ਲਾਡੋ ਨੇ ਗੁੱਸੇ ਨਾਲ ਪਾਣੀ ਦਾ ਫੁਹਾਰਾ ਮਾਰਿਆ।

"ਮੇਰੇ ਸਾਰੇ ਕਵੀ ਸਾਥੀ ਕਹਿੰਦੇ ਨੇ ਕਿ 'ਪਕੌੜਾ ਜੀ, ਤੁਸੀਂ ਵੀ ਕਦੇ ਘਰੇ ਸੱਦ ਕੇ ਪਕੌੜੇ ਖੁਆ ਦਿਓ, ਜਾਂ ਫਿਰ ਖਾਣ ਹੀ ਜਾਣਦੇ ਹੋ!' ਇਹ ਸੁਣ ਕੇ ਮੈਂ ਮਰਿਆ ਬਰਾਬਰ ਹੋ ਜਾਂਦਾ ਹਾਂ। ਸਹੁੰ ਤੈਨੂੰ ਤੇਰੇ ਕਵੀ ਪਤੀ ਦੀ, ਅਗਲੇ ਐਤਵਾਰ ਮੈਨੂੰ ਜਿਉਂਦਾ ਕਰਦੇ, ਮੈਂ ਸਾਰਿਆਂ ਦਾ ਮੂੰਹ ਬੰਦ ਕਰ ਦੇਵਾਂਗਾ। ਨਾਲੇ ਇਹ ਕਵੀਆਂ ਦੇ ਇਤਿਹਾਸ ਵਿਚ ਲਿਖਿਆ ਜਾਊਗਾ ਕਿ ਪਕੌੜਾ ਰਾਮ ਦੇ ਘਰ ਵਾਲਾ ਕਵੀ ਦਰਬਾਰ ਨਹੀਂ ਭੁੱਲਦਾ।" ਮੈਂ ਤਰਲਾ ਜਿਹਾ ਕਰਦਿਆਂ ਕਿਹਾ।

"ਮੈਨੂੰ ਤੁਹਾਡੇ ਇਨ੍ਹਾਂ ਕਵੀਆਂ ਨਾਲ ਕੋਈ ਸਨੇਹ ਜਾਂ ਪਿਆਰ ਨਹੀਂ! ਵੱਡਾ ਸਾਰਾ ਪੇਜ ਹੱਥ ਵਿਚ ਫੜ੍ਹ ਕੇ ਪਤਾ ਨਹੀਂ ਕੀ ਬੋਲੀ ਜਾਂਦੇ ਆ। ਅੱਗੇ ਬੈਠਿਆਂ ਨੂੰ ਕੋਈ ਸਮਝ ਆਵੇ ਜਾਂ ਨਾ ਆਵੇ, ਬੱਸ ਵਾਹ ਜੀ, ਵਾਹ ਜੀ ਕਰੀ ਜਾਂਦੇ ਆ। ਇਸ ਨਾਲੋਂ ਤਾਂ ਚੰਗਾ ਹੈ ਘਰ ਸਹਿਜ ਪਾਠ ਹੀ ਕਰਵਾ ਦੇਈਏ। ਨਾਲੇ ਪੁੰਨ ਨਾਲੇ ਫਲੀਆਂ।" ਲਾਡੋ ਨੇ ਆਪਣੇ ਅੰਦਰਲੀ ਗੱਲ ਕਹੀ।

"ਬਹੁਤ ਚੰਗਾ। ਭੋਗ ਤੋਂ ਬਾਅਦ ਆਪਾਂ ਕਵੀ ਦਰਬਾਰ ਕਰ ਲਵਾਂਗੇ। ਆਪਾਂ ਨੂੰ ਦੁਬਾਰਾ ਖਰਚਾ ਨਹੀਂ ਕਰਨਾ ਪਊ।" ਮੈਂ ਕਿਹਾ।

"ਤੁਹਾਨੂੰ ਮਾੜੀ-ਮੋਟੀ ਵੀ ਅਕਲ ਨਹੀਂ। ਗੱਲ ਤਾਂ ਉਥੇ ਦੀ ਉਥੇ ਹੀ ਰਹਿ ਗਈ। ਮੈਂ ਕਵੀ ਦਰਬਾਰ ਘਰ ਨਹੀਂ ਹੋਣ ਦੇਣਾ। ਜਦੋਂ ਮੈਂ ਮਰ'ਗੀ, ਫਿਰ ਰੋਜ਼ ਬਿਠਾ ਲਿਆ ਕਰੀਂ ਕਵੀਆਂ ਦੀ ਜੁੰਡਲੀ।" ਘਰਵਾਲੀ ਉਦਾਸ ਸੁਰ ਵਿਚ ਬੋਲੀ।

"ਲਾਡੋ! ਬੱਸ ਇਕ ਵਾਰੀ ਇਕ ਸਮਾਗਮ ਕਰਵਾ ਲੈਣ ਦੇ... ਫਿਰ ਸਾਰੀ ਉਮਰ ਲਈ ਪਕੌੜਾ ਰਾਮ ਪਕੌੜਾ ਖਾਣ ਨਹੀਂ ਜਾਂਦਾ ਕਿਤੇ। ਤੇਰੇ ਬੰਦੇ ਦੀ ਵੀ ਕੋਈ ਇੱਜ਼ਤ ਐ। ਨਾਲੇ ਜਿਸ ਬੰਦੇ ਦੀ ਘਰਵਾਲੀ ਇੰਨੀ ਸਿਆਣੀ ਤੇ ਸਮਝਦਾਰ ਹੋਵੇ, ਉਸ ਨੇ ਲੋਕਾਂ ਤੋਂ ਸਮਝ ਕੇ ਜਾਂ ਲੋਕਾਂ ਨੂੰ ਸਮਝਾ ਕੇ ਕੀ ਲੈਣਾ। ਆਪਾਂ ਦੋਵੇਂ ਹੀ ਪਿਆਰ ਦੇ ਗੀਤ ਗਾਵਾਂਗੇ-ਤੂੰ ਮੇਰੀ ਤੇ ਮੈਂ ਤੇਰਾ। ਬੱਸ ਇਕ ਵਾਰ ਹਾਂ ਕਰ ਦੇ।" ਮੈਂ ਕਿਹਾ।

"ਚੰਗਾ ਅਗਲੇ ਐਤਵਾਰ ਨਹੀਂ, ਉਸ ਤੋਂ ਅਗਲੇ ਐਤਵਾਰ ਦਾ ਪ੍ਰੋਗਰਾਮ ਰੱਖ ਲਓ। ਇਸ ਐਤਵਾਰ ਮੈਂ ਕਿੱਟੀ ਪਾਰਟੀ 'ਤੇ ਜਾਣੈ।" ਲਾਡੋ ਆਪਣਾ ਸੁਨੇਹਾ ਦੇ ਗਈ।

ਲਾਡੋ ਦੀ ਮਨਜ਼ੂਰੀ ਤੋਂ ਬਾਅਦ ਮੈਂ ਕਵੀ ਸਾਥੀਆਂ ਨੂੰ ਸੱਦਾ ਪੱਤਰ ਦੇਣ ਲੱਗ ਪਿਆ। ਉਹ ਨਾਲੇ ਹੁੰਗਾਰਾ ਭਰੀ ਜਾਣ, ਤੇ ਨਾਲੇ ਟਿੱਚਰਾਂ ਕਰੀ ਜਾਣ। ਮੈਨੂੰ ਵਿਧਾਨ ਸਭਾ ਦੀਆਂ ਚੋਣਾਂ ਵਾਂਗ ਤਿਆਰੀ ਕਰਨੀ ਪੈ ਰਹੀ ਸੀ। ਪਹਿਲਾਂ ਚਾਹ-ਪਾਣੀ ਦਾ ਪ੍ਰਬੰਧ ਕੀਤਾ। ਫਿਰ ਖਾਣੇ ਵਾਸਤੇ ਆਰਡਰ ਬੁੱਕ ਕੀਤਾ। ਮੇਜ਼-ਕੁਰਸੀਆਂ ਤੇ ਵੱਡਾ ਟੈਂਟ। ਸਭ ਤਿਆਰੀਆਂ ਕਰਦਿਆਂ ਉਹ ਦਿਨ ਆ ਗਿਆ ਜਿਸ ਦਿਨ ਦੀ ਮੈਨੂੰ ਕਈ ਸਾਲਾਂ ਤੋਂ ਉਡੀਕ ਸੀ। ਸਾਰੇ ਘਰ ਨੂੰ ਦੁਲਹਨ ਵਾਂਗ ਸਜਾ ਦਿੱਤਾ। ਲਾਡੋ ਨੇ ਵੀ ਪੂਰੀ ਟੌਹਰ ਕੱਢ ਕੇ ਮੇਰੇ ਮੋਢੇ ਨਾਲ ਮੋਢਾ ਲਾ ਕੇ ਹੱਥ ਵਟਾਇਆ। ਮੇਰੇ ਚਾਅ ਤਿੱਤਲੀ ਵਾਂਗ ਉਡ ਰਹੇ ਸਨ। ਖੁਸ਼ੀਆਂ ਦੀ ਖੁਸ਼ਬੋ ਆਏ ਹੋਏ ਕਵੀਆਂ ਦਾ ਸਵਾਗਤ ਕਰ ਰਹੀ ਸੀ। ਮੇਰੇ ਗੁਆਂਢੀ ਗੋਰਾ ਤੇ ਕਾਲਾ ਵੀ ਪਰਿਵਾਰ ਸਮੇਤ ਪਹੁੰਚ ਗਏ ਸਨ। ਘਰ ਵਿਚ ਕਾਫੀ ਰੌਣਕ ਹੋ ਗਈ ਸੀ। ਚਾਹ ਨਾਲ ਗਰਮ ਪਕੌੜੇ, ਬਰਫੀ ਤੇ ਰਸਗੁੱਲੇ ਵਰਤਾਏ ਜਾ ਰਹੇ ਸਨ।

ਲਾਡੋ ਨੇ ਵੀ ਆਪਣੀਆਂ ਸਹੇਲੀਆਂ ਸੱਦ ਲਈਆਂ ਸਨ। ਸਾਡੇ ਸੈਕਟਰੀ ਪਾਠਕ ਰਾਮ ਨੇ ਮਾਈਕ ਸੰਭਾਲਦਿਆਂ ਸਮੂਹ ਕਵੀਆਂ ਨੂੰ ਕੁਰਸੀਆਂ 'ਤੇ ਬੈਠਣ ਲਈ ਕਿਹਾ। ਹੌਲੀ-ਹੌਲੀ ਸਾਰੇ ਕਵੀ ਕੁਰਸੀਆਂ 'ਤੇ ਬੈਠ ਗਏ। ਪਹਿਲੀ ਕਤਾਰ ਵਿਚ ਪੰਜ-ਸੱਤ ਮਹਾਨ ਕਵੀ ਤੇ ਮੁੱਖ ਮਹਿਮਾਨ ਬੈਠ ਗਏ। ਫਿਰ ਬਾਕੀ ਕਵੀਆਂ ਦਾ ਬੋਹਲ ਬੈਠ ਗਿਆ ਤੇ ਦੂਜੇ ਪਾਸੇ ਲਾਡੋ ਐਂਡ ਪਾਰਟੀ। ਪਾਠਕ ਰਾਮ ਨੇ ਮੇਰੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਪਹਿਲਾਂ ਸਮਾਂ ਤੀਰਥ ਖੁੰਡ ਨੂੰ ਦਿੱਤਾ। ਉਸ ਨੇ ਪੰਜ ਮਿੰਟ ਦਾ ਸਮਾਂ ਪੂਰੇ ਵੀਹ ਮਿੰਟ ਵਿਚ ਪੂਰਾ ਕੀਤਾ। ਤੀਰਥ ਖੁੰਡ ਨੇ ਭਰੂਣ ਹੱਤਿਆ 'ਤੇ ਲਿਖੀ ਕਵਿਤਾ ਪੜ੍ਹੀ। ਉਸ ਨੇ ਭਰੂਣ ਹੱਤਿਆ ਦਾ ਸਾਰਾ ਦੋਸ਼ ਔਰਤ ਨੂੰ ਦਿੱਤਾ। ਇਸ ਵਿਚ ਮਰਦ ਜਾਤੀ ਨੂੰ ਉਸ ਨੇ ਬਰੀ ਕਰ ਦਿੱਤਾ। ਕਵੀਆਂ ਨੇ ਉਸ ਦੀ ਤਾਰੀਫ ਕੀਤੀ ਪਰ ਲਾਡੋ ਹੋਰੀਂ ਨੱਕ ਚੜ੍ਹਾਉਂਦੀਆਂ ਰਹੀਆਂ।

ਫਿਰ ਸਮਾਂ ਆਇਆ ਪੰਜ ਮਿੰਟ ਵਾਸਤੇ ਦਿਲਾਵਰ ਮੋਰ ਦਾ। ਉਸ ਨੇ ਵੀ ਪੰਜ ਦੇ ਵੀਹ ਮਿੰਟ ਲਾਏ। ਉਸ ਨੇ ਕਵਿਤਾ ਵਿਚ ਨਸ਼ਿਆਂ ਵਿਚ ਡੁੱਬਦੀ ਜਾ ਰਹੀ ਜਵਾਨੀ ਨੂੰ ਬਚਾਉਣ ਦਾ ਉਪਰਾਲਾ ਸੁਣਾਇਆ। ਨਸ਼ੇ ਦੀ ਅਮਰ ਵੇਲ ਵਧਾਉਣ ਵਿਚ ਉਸ ਨੇ ਲੀਡਰਾਂ ਦਾ ਮੋਹਰੀ ਰੋਲ ਦੱਸਿਆ ਜੋ ਜਵਾਨੀ ਨੂੰ ਨਸ਼ੇ ਲਾ ਕੇ ਪਹਿਲਾਂ ਉਨ੍ਹਾਂ ਦੀ ਮੱਤ ਮਾਰਦੇ ਹਨ ਤੇ ਫਿਰ ਜਾਨੋਂ ਹੀ ਮਾਰ ਦਿੰਦੇ ਹਨ। ਲੋਕਾਂ ਨੇ ਦਿਲਾਵਰ ਮੋਰ ਦੀ ਸ਼ਲਾਘਾ ਕੀਤੀ।

ਇਸ ਤਰ੍ਹਾਂ ਕਵੀਆਂ ਦੀ ਮਾਲਾ ਦੇ ਮਣਕੇ ਘੁੰਮਦੇ ਗਏ। ਫਿਰ ਵਾਰੀ ਆ ਗਈ ਬਜ਼ੁਰਗ ਕਵੀ ਗੁਲਸ਼ਨ ਹੰਸ ਦੀ। ਉਸ ਨੇ ਆਉਂਦਿਆਂ ਹੀ ਸਾਰੇ ਕਵੀਆਂ ਨੂੰ ਟਾਈਮ ਦਾ ਪਾਬੰਦ ਬਣਨ ਲਈ ਕਿਹਾ। ਆਪਣੀ ਕਵਿਤਾ ਵਿਚ ਉਸ ਨੇ ਦਾਜ-ਦਹੇਜ ਦੇ ਭੈੜੇ ਰਿਵਾਜ਼ ਨੂੰ ਖ਼ਤਮ ਕਰਨ ਲਈ ਕਿਹਾ। 'ਨਾ ਦਾਜ ਲਵੋ, ਨਾ ਦਾਜ ਦੇਵੋ' ਦੇ ਧਾਰਨੀ ਬਣਨ ਲਈ ਕਿਹਾ। ਦਾਜ-ਦਹੇਜ ਕਰ ਕੇ ਹੀ ਨਵ-ਵਿਆਹੀਆਂ ਅੱਗ ਦੀਆਂ ਲਾਟਾਂ ਵਿਚ ਲਪੇਟੀਆਂ ਜਾਂਦੀਆਂ ਹਨ। ਦਾਜ ਦੁੱਖੋਂ ਹੀ ਮਾਂਵਾਂ ਧੀ ਨੂੰ ਕੁੱਖ ਵਿਚ ਮਾਰਨ ਲਈ ਜ਼ਹਿਰ ਦਾ ਘੁੱਟ ਪੀਂਦੀਆਂ ਹਨ। ਇਹ ਦੋਵੇਂ ਸਮਾਜਕ ਬੁਰਾਈਆਂ ਖਤਮ ਹੋ ਜਾਣ ਤਾਂ ਧੀਆਂ ਦੀ ਫੁਲਵਾੜੀ ਵਧੇ ਤੇ ਸੋਹਣੀ ਬਣ ਜਾਵੇ।...ਗੁਲਸ਼ਨ ਹੰਸ ਨੇ ਪੁਰਾਣੇ ਸਮੇਂ ਯਾਦ ਕਰਵਾਉਂਦਿਆਂ ਅੱਖਾਂ ਗਿੱਲੀਆਂ ਕਰਵਾ ਦਿੱਤੀਆਂ।

ਫਿਰ ਵਾਰੀ ਆਈ ਨੌਜਵਾਨ ਕਵੀ ਮੰਡ ਮਿਹਰ ਦੀ, ਜਿਸ ਨੇ ਅੱਜ ਦੀਆਂ ਕੁੜੀਆਂ ਨੂੰ ਮੁੰਡਿਆਂ ਨਾਲੋਂ ਸੌ ਕਦਮ ਅੱਗੇ ਦੱਸਿਆ। ਕੁੜੀਆਂ ਦੀ ਹਰ ਖਿੱਤੇ ਵਿਚ ਹੋਈ ਕਾਮਯਾਬੀ ਦਾ ਜ਼ਿਕਰ ਕਰਦਿਆਂ ਕਲਪਨਾ ਚਾਵਲਾ ਨੂੰ ਵੀ ਯਾਦ ਕੀਤਾ। ਸਮਾਜ ਨੂੰ ਕਸੂਰਵਾਰ ਦੱਸਦਿਆਂ ਭੈਣ ਅਤੇ ਧੀ ਨੂੰ ਬਰਾਬਰ ਦਾ ਹੱਕ ਦੇਣ ਲਈ ਕਿਹਾ। 'ਪੁੱਤ ਗੋਦੀ ਤੇ ਧੀ ਥੱਲੇ' ਵਾਲੀ ਧਾਰਨਾ ਵਿਚੋਂ ਨਿਕਲਣ ਲਈ ਕਿਹਾ। ਮੁੰਡੇ ਦੀ ਉਮਰੋਂ ਵੱਧ ਸਿਆਣਪ ਦੀ ਗਵਾਹੀ ਜ਼ੋਰਦਾਰ ਤਾੜੀਆਂ ਨੇ ਦਿੱਤੀ। ਸਮੇਂ ਵਿਚ ਰਹਿੰਦਿਆਂ ਉਸ ਨੇ 'ਗਾਗਰ ਵਿਚ ਸਾਗਰ' ਭਰਨ ਦਾ ਉਪਰਾਲਾ ਕੀਤਾ।

ਮੈਂ ਕਵੀਆਂ ਦੀਆਂ ਕਵਿਤਾਵਾਂ ਸੁਣਦਾ ਚਾਹ-ਪਾਣੀ ਦਾ ਖਿਆਲ ਵੀ ਰੱਖ ਰਿਹਾ ਸੀ। ਮੇਰਾ ਗੋਰਾ ਤੇ ਕਾਲਾ ਮਿੱਤਰ ਬਗੈਰ ਸਮਝ ਆਉਂਦਿਆਂ ਤਾੜੀਆਂ ਨਾਲ ਤਾੜੀ ਮਾਰ ਰਹੇ ਸਨ। ਮੈਂ ਉਧਾਰੀ ਲਈ ਅੰਗਰੇਜ਼ੀ ਨਾਲ ਉਨ੍ਹਾਂ ਦੇ ਕੁਝ ਪੱਲੇ ਪਾਉਣ ਦਾ ਉਪਰਾਲਾ ਕਰ ਰਿਹਾ ਸੀ। ਮੈਂ ਸਦਕੇ ਜਾਵਾਂ ਉਨ੍ਹਾਂ ਦੇ ਜਿਹੜੇ ਵਿਚਾਰੇ ਬਗੈਰ ਸਮਝ ਆਉਂਦਿਆਂ ਵੀ ਆਰਾਮ ਨਾਲ ਬੈਠੇ ਸੁਣ ਰਹੇ ਸਨ, ਪਰ ਸਾਡੇ ਕਈ ਕਵੀ ਸਮਝ ਆਉਂਦਿਆਂ ਵੀ ਗੱਲੀਂ ਲੱਗੇ ਹੋਏ ਸਨ। ਇਕ-ਦੂਜੇ ਦੀ ਬਾਂਹ-ਲੱਤ ਖਿੱਚ ਰਹੇ ਸਨ। ਆਪਣੀ ਕਵਿਤਾ ਨੂੰ ਸਿਰੇ ਦੀ ਸਮਝ ਰਹੇ ਸਨ, ਦੂਜੇ ਦੀ ਕਵਿਤਾ ਨੂੰ ਬੱਸ ਅੱਖਰਾਂ ਦਾ ਸਮੂਹ ਹੀ ਸਮਝਦੇ ਸਨ। ਮੈਂ ਥਰਮਸ ਵਿਚ ਦੁਬਾਰਾ ਗਰਮ ਚਾਹ ਪੁਆ ਕੇ ਫਿਰ ਕਵੀਆਂ ਵਿਚ ਆ ਕੇ ਬੈਠ ਗਿਆ।

ਹੁਣ ਕਵੀ ਦਰਬਾਰ ਪੂਰੇ ਸਿਖਰ 'ਤੇ ਸੀ। ਵੱਡੀ ਲੈਚੀ, ਅਦਰਕ, ਜਵੈਣ ਵਾਲੀ ਚਾਹ ਨੇ ਸਾਰਿਆਂ ਨੂੰ ਚੁਸਤ ਕਰ ਦਿੱਤਾ। ਫਿਰ ਇਕ ਕਵੀ ਉਠਿਆ ਤੇ ਬੋਲਿਆ, "ਭਾਈ, ਜੇ ਸਾਨੂੰ ਸਮਾਂ ਨਹੀਂ ਦੇਣਾ ਤਾਂ ਆਲੂਆਂ ਦੀ ਬੋਰੀ ਲਿਆ ਦੇਵੋ, ਅਸੀਂ ਬੈਠੇ-ਬੈਠੇ ਵੱਡੇ-ਛੋਟੇ ਆਲੂ ਛਾਂਟਣ ਲੱਗ ਜਾਈਏ।" ਕਵੀ ਦੀ ਗੱਲ ਸੁਣ ਕੇ ਸਾਰੇ ਹੱਸ ਪਏ। ਹੁਣ ਵਾਰੀ ਆ ਗਈ ਕਵੀ ਗਰੀਬ ਦਾਸ ਬੇਰੀ ਵਾਲੇ ਦੀ। ਉਸ ਆਪਣੀ ਕਵਿਤਾ ਮਹਿੰਗਾਈ ਨੂੰ ਮੁੱਖ ਰੱਖ ਕੇ ਲਿਖੀ ਸੀ। ਦਿਨੋ-ਦਿਨ ਵਧ ਰਹੀ ਗਰੀਬੀ ਅਤੇ ਗਰੀਬ ਦੀ ਪਹੁੰਚ ਤੋਂ ਦੂਰ ਜਾ ਰਹੀਆਂ ਖਾਣ-ਪੀਣ ਦੀਆਂ ਵਸਤਾਂ ਦੀ ਚਰਚਾ ਸੀ। ਕਵੀ ਕਹਿੰਦਾ ਅਮੀਰਾਂ ਦੇ ਘਰਾਂ ਵਿਚ ਤਾਂ ਛੱਤੀ ਪ੍ਰਕਾਰ ਦੇ ਪਕਵਾਨ ਬਣਦੇ ਹਨ, ਪਰ ਖਾਣ ਵਾਲੇ ਦੋ-ਚਾਰ ਜੀਅ ਹੁੰਦੇ ਹਨ। ਦੂਜੇ ਬੰਨੇ ਗਰੀਬ ਦੇ ਘਰ ਖਾਣ ਵਾਲੇ ਕਈ ਹੁੰਦੇ ਹਨ, ਤੇ ਪਕਵਾਨ ਇਕ ਬਣਾਉਣ ਦਾ ਫਿਕਰ ਲੱਗਿਆ ਰਹਿੰਦਾ ਹੈ। ਕਵਿਤਾ ਦਾ ਅੰਤ ਉਸ ਨੇ ਲਿਖਿਆ ਕਿ ਗੁਰੂ ਦੀ ਗੋਲਕ ਭਰਨ ਨਾਲੋਂ ਗਰੀਬ ਦਾ ਢਿੱਡ ਭਰੋ, ਉਹ ਕਈ ਗੁਣਾਂ ਜ਼ਿਆਦਾ ਚੰਗਾ ਹੈ। ਉਸ ਦੇ ਮੋਤੀਆਂ ਵਾਂਗ ਪਰੋਏ ਹੋਏ ਸ਼ਬਦਾਂ ਨੇ ਸਾਰਿਆਂ ਦੀ ਵਾਹ-ਵਾਹ ਖੱਟੀ। ਮੈਂ ਚੋਰੀ-ਚੋਰੀ ਲਾਡੋ ਨੂੰ ਦੇਖ ਰਿਹਾ ਸੀ। ਉਹ ਵੀ ਖੁਸ਼ੀ ਵਿਚ ਦੂਣੀ-ਤੀਣੀ ਹੋ ਰਹੀ ਸੀ। ਦਿਨ ਦੇ ਢਾਲਣ ਨਾਲ ਕਵੀ ਦਰਬਾਰ ਵੀ ਸਮਾਪਤੀ ਵੱਲ ਵਧਣ ਲੱਗਿਆ। ਲਾਡੋ ਨੇ ਹੱਥ ਦੇ ਇਸ਼ਾਰੇ ਨਾਲ ਮੈਨੂੰ ਸੱਦਿਆ ਤੇ ਆਖਿਆ, "ਦੇਖੋ ਜੀ! ਕਿੰਨਾ ਵਧੀਆ ਪ੍ਰੋਗਰਾਮ ਹੋ ਰਿਹਾ ਹੈ। ਮੈਂ ਪਰੀਤੋ, ਸੀਤੋ ਹੋਰਾਂ ਨੂੰ ਵੀ ਫੋਨ ਕਰ ਦਿੱਤਾ ਹੈ। ਤੁਸੀਂ ਡੀ.ਜੇ. ਵਾਲੇ ਨੂੰ ਕਾਲ ਕਰ ਦੇਵੋ। ਸਾਰੇ ਰਲ ਕੇ ਗਿੱਧਾ-ਭੰਗੜਾ ਪਾਵਾਂਗੇ।"

ਮੈਨੂੰ ਲੱਗਿਆ, ਕਵੀ ਦਰਬਾਰ ਛੇਤੀ ਹੀ ਰੰਗਾ-ਰੰਗ ਪ੍ਰੋਗਰਾਮ ਵਿਚ ਬਦਲ ਜਾਵੇਗਾ। ਫਿਰ ਜੇ ਲਾਡੋ ਨੇ ਜੋ ਮੈਨੂੰ ਕਿਹਾ, ਮੈਂ ਮੰਨਿਆ ਅਤੇ ਕਈ ਆਰਡਰ ਮੌਕੇ 'ਤੇ ਹੀ ਕਰ ਦਿੱਤੇ। ਉਧਰ ਦੋ-ਚਾਰ ਕਵੀ ਬਾਕੀ ਰਹਿ ਗਏ ਸੀ। ਜਿਹੜੇ ਕਵਿਤਾ ਬੋਲ ਹਟੇ ਸੀ, ਉਹ ਕੁਰਸੀਆਂ ਛੱਡ ਕੇ ਕੁਝ ਹੋਰ ਦੀ ਝਾਕ ਵਿਚ ਸਨ। ਸੂਰਜ ਦੇ ਛਿਪਣ ਨਾਲ ਉਨ੍ਹਾਂ ਦੇ ਅੰਦਰ ਕੋਈ ਚੀਜ਼ ਜਲਣ ਲੱਗ ਪਈ ਸੀ। ਫਿਰ ਇਕ ਕਵੀ ਉਠਿਆ, ਉਸ ਨੇ ਫਤਹਿ ਬਲਾਉਂਦਿਆਂ ਕਿਹਾ ਕਿ ਮੈਂ ਤੁਹਾਨੂੰ ਸਾਰਿਆਂ ਨੂੰ ਪਿਛਲੇ ਚਾਰ ਘੰਟਿਆਂ ਤੋਂ ਸੁਣ ਰਿਹਾ ਹਾਂ। ਤੁਸੀਂ ਮੈਨੂੰ ਵੀ ਅੱਧਾ ਘੰਟਾ ਸੁਣੋ। ਕੰਨੀਂ ਦਾ ਕਿਆਰਾ ਜਾਂ ਸੁੱਕਾ, ਜਾਂ ਫੁੱਲ ਭਰਿਆ ਹੁੰਦਾ ਹੈ। ਮੈਂ ਹੁਣ ਤੱਕ ਪੰਜ ਕਾਵਿ ਸੰਗ੍ਰਿਹ ਲਿਖ ਚੁੱਕਾ ਹਾਂ। ਮੇਰੇ ਪਿਤਾ ਜੀ ਦੇ ਤਿੰਨ ਨਾਵਲ, ਸੱਤ ਕਾਵਿ ਸੰਗਿਹਿ ਛਪੇ ਸੀ। ਇਹੀ ਨਹੀਂ, ਮੇਰੇ ਦਾਦਾ ਜੀ ਵੀ ਆਪਣੇ ਸਮੇਂ ਦੇ ਮਸ਼ਹੂਰ ਸ਼ਾਇਰ ਹੋਏ ਨੇ।

(ਅਗਲੇ ਸਫੇ 'ਤੇ ਜਾਰੀ)

# ਇਪਟਾ ਤੇ ਅਮਨ ਲਹਿਰ ਦੀਆਂ ਕਾਂਗਾਂ

## ਪ੍ਰੋ. ਨਿਰੰਜਣ ਸਿੰਘ ਮਾਨ-2

***ਸ. ਗੁਰਬਚਨ ਸਿੰਘ ਭੁੱਲਰ ਨੇ ਇਸ ਲੇਖ ਲੜੀ ਵਿਚ ਉਸ ਦੌਰ ਦਾ ਜ਼ਿਕਰ ਛੋਹਿਆ ਹੈ ਜਦੋਂ ਲੋਕ-ਸਰੋਕਾਰਾਂ ਨਾਲ ਜੁੜੇ ਲੋਕ ਘਰੋਂ ਨਿਕਲ ਤੁਰੇ ਸਨ ਅਤੇ ਤਨ, ਮਨ, ਧਨ ਲਾ ਕੇ ਨਿਸ਼ਕਾਮ ਸੇਵਾ ਵਿਚ ਜੁਟ ਗਏ ਸਨ। ਨੌਜਵਾਨਾਂ ਵਿਚ ਜਨੂੰਨ ਦਾ ਇਹ ਉਹ ਦੌਰ ਸੀ ਜਦੋਂ ਸੁਰਿੰਦਰ ਕੌਰ ਵਰਗੀ ਗਾਇਕਾ ਸੰਸਾਰ ਭਰ ਵਿਚ ਮਸ਼ਹੂਰ ਹੋ ਕੇ ਵੀ ਪਿੰਡਾਂ-ਸ਼ਹਿਰਾਂ ਦੇ ਸਾਧਾਰਨ ਘਰਾਂ ਵਿਚ ਰੁੱਖਾ-ਮਿੱਸਾ ਖਾ ਕੇ ਅਮਨ ਦਾ ਹੋਕਾ ਦੇਣ ਵਾਲਿਆਂ ਨਾਲ ਦਿਨ-ਰਾਤ ਤੁਰੀ ਫਿਰਦੀ ਸੀ। ਪੰਜਾਬੀ ਸਭਿਆਚਾਰ ਲਈ ਵਿਰਾਟ ਪੱਧਰ ਉਤੇ ਹੋਈ ਇਸ ਸੁੱਚੀ ਸਰਗਰਮੀ ਦੀਆਂ ਗੱਲਾਂ ਲੇਖਕ ਨੇ ਆਪਣੀ ਇਸ ਲੇਖ ਲੜੀ ਵਿਚ ਕੀਤੀਆਂ ਹਨ। -ਸੰਪਾਦਕ***

ਇਪਟਾ ਨੇ ਸਿਰਫ ਨਾਟਮੰਚ ਨੂੰ ਹੀ ਨਹੀਂ, ਸਿਨਮੇ ਤੇ ਸੰਗੀਤ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਖ਼ਵਾਜਾ ਅਹਿਮਦ ਅੱਬਾਸ ਨੇ ਇਪਟਾ ਵੱਲੋਂ ਪ੍ਰਸਿੱਧ ਫਿਲਮ 'ਧਰਤੀ ਕੇ ਲਾਲ' ਬਣਾਈ। 'ਦੋ ਬੀਘਾ ਜ਼ਮੀਨ' ਤੇ 'ਸੀਮਾ' ਜਿਹੀਆਂ ਕਈ ਫਿਲਮਾਂ ਉਤੇ ਇਪਟਾ ਦੀ ਛਾਪ ਪ੍ਰਤੱਖ ਦਿਸਦੀ ਸੀ। ਇਸ ਤੋਂ ਅਹਿਮ ਗੱਲ ਇਹ ਸੀ ਕਿ ਇਪਟਾ ਨਾਲ ਸਬੰਧਤ ਰਹੇ ਨਿਰਦੇਸ਼ਕਾਂ, ਕਹਾਣੀਕਾਰਾਂ, ਗੀਤਕਾਰਾਂ, ਸੰਗੀਤਕਾਰਾਂ ਅਤੇ ਐਕਟਰਾਂ ਨੇ ਮੁੱਖਧਾਰਾਈ ਵਣਜੀ ਸਿਨਮੇ ਉਤੇ ਡੂੰਘਾ ਪ੍ਰਭਾਵ ਪਾਇਆ। ਨਤੀਜੇ ਵਜੋਂ ਅਗਲੇ ਸਾਲਾਂ ਵਿਚ ਅਣਗਿਣਤ ਅਜਿਹੀਆਂ ਫਿਲਮਾਂ ਬਣੀਆਂ ਜੋ ਕਮਾਈ ਦੇ ਉਦੇਸ਼ ਦੇ ਬਾਵਜੂਦ ਲੋਕ-ਜੀਵਨ ਤੇ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਲੋਕ-ਮਸਲਿਆਂ ਨਾਲ ਜੁੜੀਆਂ ਹੋਈਆਂ ਸਨ ਅਤੇ ਕੋਈ ਸਾਕਾਰਾਤਮਕ ਸੁਨੇਹਾ ਦਿੰਦੀਆਂ ਸਨ।

ਕੁਛ ਸਮੇਂ ਮਗਰੋਂ ਪੰਜਾਬ ਵਿਚ ਇਪਟਾ ਜਥੇਬੰਦ ਕਰਨ ਦਾ ਉਦਮ ਕੀਤਾ ਗਿਆ ਤਾਂ ਤੇਰਾ ਸਿੰਘ ਚੰਨ ਨੇ ਮੋਹਰੀ ਭੂਮਿਕਾ ਨਿਭਾਈ ਅਤੇ ਪ੍ਰੋ. ਮਾਨ ਉਹਦੇ ਮੋਢੇ ਨਾਲ ਮੋਢਾ ਜੋੜ ਕੇ ਦਿਨ-ਰਾਤ ਇਕ ਕਰਨ ਵਾਲਿਆਂ ਵਿਚੋਂ ਸਨ। ਅਮਨ ਲਹਿਰ ਵਾਂਗ ਇਪਟਾ ਦੀ ਮਜ਼ਬੂਤੀ ਵਿਚ ਵੀ ਗੁਰਬਖਸ਼ ਸਿੰਘ ਦਾ ਵੱਡਾ ਹੱਥ ਰਿਹਾ। ਇਪਟਾ ਨੇ ਲੋਕਮੁਖੀ ਪੰਜਾਬੀ ਰੰਗਮੰਚ ਦੀ ਨੁਹਾਰ ਹੀ ਬਦਲ ਦਿੱਤੀ ਅਤੇ ਉਹ ਤੇਜ਼ ਪੁਲਾਂਘੀਂ ਅੱਗੇ ਵਧ ਕੇ ਭਾਰਤੀ ਮੰਚ ਨਾਲ ਕੱਦ ਮੇਚਣ ਲੱਗਿਆ।

ਅਮਨ ਲਹਿਰ ਅਤੇ ਇਪਟਾ ਦੀਆਂ ਸਰਗਰਮੀਆਂ ਨੇ ਪੰਜਾਬ ਵਿਚ ਸਾਹਿਤ, ਸਭਿਆਚਾਰ, ਲੋਕ-ਗਾਇਕੀ ਅਤੇ ਜਨਤਕ ਰੰਗਮੰਚ ਦਾ ਬੇਮਿਸਾਲ ਸੰਗਮ ਪੈਦਾ ਕੀਤਾ। ਇਸ ਮਾਹੌਲ ਦੀਆਂ ਸਮੁੰਦਰੀ ਛੱਲਾਂ ਨੇ ਅਨੇਕ ਸੁੱਚੇ ਮੋਤੀ ਪੰਜਾਬ ਦੀ ਝੋਲੀ ਪਾਏ। ਇਸ ਮੋਤੀ-ਮਾਲਾ ਵਿਚ ਪ੍ਰੋ. ਨਿਰੰਜਣ ਸਿੰਘ ਮਾਨ ਤੋਂ ਇਲਾਵਾ ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲਾ, ਅਮਰਜੀਤ ਗੁਰਦਾਸਪੁਰੀ, ਬਲਵੰਤ ਗਾਰਗੀ, ਜਗਦੀਸ਼ ਫਰਿਆਦੀ, ਹੁਕਮ ਚੰਦ ਖਲੀਲੀ, ਕੰਵਲਜੀਤ ਸੂਰੀ ਅਤੇ ਬੀਬੀਆਂ ਵਿਚੋਂ ਸੁਰਿੰਦਰ ਕੌਰ, ਸ਼ੀਲਾ ਭਾਟੀਆ, ਅਚਲਾ ਸਚਦੇਵ, ਰਾਜਵੰਤ ਪ੍ਰੀਤ, ਗੁਰਬਖਸ਼ ਸਿੰਘ ਦੀਆਂ ਬੇਟੀਆਂ-ਓਮਾ ਤੇ ਪ੍ਰਤਿਮਾ, ਦਿਲਬੀਰ ਆਦਿ ਅਨੇਕ ਨਾਂ ਸ਼ਾਮਲ ਸਨ। ਪ੍ਰੀਤ 25 ਮਈ 1952 ਨੂੰ ਪ੍ਰੋ. ਮਾਨ ਦੀ ਜੀਵਨ-ਸਾਥਣ ਤੇ ਕਲਾ-ਸਾਥਣ ਤਾਂ ਬਣੀ ਹੀ, ਉਮਰ ਭਰ ਦੀ ਪ੍ਰੇਮਿਕਾ ਤੇ ਪ੍ਰੇਰਨਾ ਵੀ ਬਣੀ।

ਸਭਨਾਂ ਦਾ ਇਕੋ-ਇਕ ਜੀਵਨ-ਉਦੇਸ਼ ਲੋਕ-ਹਿਤ ਦੀ ਗੱਲ ਕਰਨਾ ਅਤੇ ਅਮਨ ਦਾ ਸੁਨੇਹਾ ਘਰ ਘਰ ਪੁਜਦਾ ਕਰਨਾ ਬਣਿਆ ਹੋਇਆ ਸੀ। ਕਦੀ ਕਦੀ ਪ੍ਰਕਾਸ਼ ਕੌਰ ਵੀ ਛੋਟੀ ਭੈਣ ਸੁਰਿੰਦਰ ਕੌਰ ਦਾ ਸਾਥ ਦੇ ਜਾਂਦੀ। ਗੀਤਾਂ-ਕਵਿਤਾਵਾਂ ਤੋਂ ਇਲਾਵਾ ਮੰਚ ਉਤੇ ਗੀਤ-ਨਾਟਕਾਂ ਦਾ ਬੋਲਬਾਲਾ ਸੀ। ਪ੍ਰੋ. ਮਾਨ ਉਨ੍ਹਾਂ ਵਿਚ ਉਤਸ਼ਾਹ ਨਾਲ ਭੂਮਿਕਾ ਨਿਭਾਉਂਦੇ। ਗੀਤ-ਨਾਟਾਂ ਵਿਚੋਂ ਤੇਰਾ ਸਿੰਘ ਚੰਨ ਦੇ 'ਅਮਰ ਪੰਜਾਬ' ਤੇ 'ਲੱਕੜ ਦੀ ਲੱਤ' ਅਤੇ ਜੋਗਿੰਦਰ ਬਾਹਰਲਾ ਦਾ 'ਹਾੜ੍ਹੀਆਂ ਸੌਣੀਆਂ' ਬੇਹੱਦ ਮਕਬੂਲ ਹੋਏ। ਤੇਰਾ ਸਿੰਘ ਚੰਨ ਕਵੀ ਤੇ ਗੀਤ-ਨਾਟ ਲੇਖਕ ਦੇ ਨਾਲ ਨਾਲ ਬੜਾ ਚੰਗਾ ਪ੍ਰਬੰਧਕ ਵੀ ਸੀ। ਇਹ ਸਭ ਕੁਛ ਏਨਾ ਪ੍ਰਭਾਵਸ਼ਾਲੀ ਸੀ ਕਿ ਸ਼ਹਿਰ ਤਾਂ ਸ਼ਹਿਰ, ਪਿੰਡਾਂ ਦੇ ਅਨਪੜ੍ਹ ਲੋਕ ਇਨ੍ਹਾਂ ਗੀਤਾਂ ਅਤੇ ਗੀਤ-ਨਾਟਕਾਂ ਦੀਆਂ ਸਤਰਾਂ ਦੁਹਰਾਉਂਦੇ ਫਿਰਦੇ ਸਨ। ਇਸ ਲਹਿਰ ਦੀ ਇਕ ਬਹੁਤ ਹੀ ਵੱਡੀ ਦੇਣ ਕੁੜੀਆਂ ਨੂੰ ਮੰਚ ਦੀਆਂ ਬਰਾਬਰ ਦੀਆਂ ਸਤਿਕਾਰਯੋਗ ਹਿੱਸੇਦਾਰ ਬਣਾਉਣਾ ਸੀ। ਇਸ ਇਨਕਲਾਬੀ ਕਦਮ ਵਿਚ ਗੁਰਬਖਸ਼ ਸਿੰਘ ਦੀ ਸੋਚ ਅਤੇ ਹੱਲਾਸ਼ੇਰੀ ਬਹੁਤ ਸਹਾਈ ਰਹੀ ਜਿਨ੍ਹਾਂ ਨੇ ਇਪਟਾ ਦੇ ਹੋਂਦ ਵਿਚ ਆਉਣ ਤੋਂ ਵੀ ਪਹਿਲਾਂ ਪ੍ਰੀਤਨਗਰ ਵਿਚ ਖੇਡੇ ਜਾਂਦੇ ਨਾਟਕਾਂ ਵਿਚ ਆਪਣੀਆਂ ਧੀਆਂ ਨੂੰ ਮੰਚ ਦੀਆਂ ਭਾਗੀਦਾਰ ਬਣਨ ਲਈ ਉਤਸ਼ਾਹਿਤ ਕੀਤਾ ਹੋਇਆ ਸੀ।



*ਹੁਣ ਦੇ ਪ੍ਰਸਿਧ ਆਰਥੋਪੈਡੀਸ਼ਨ ਪੀ. ਐਸ ਮੈਨੀ, ਮਾਨ ਅਤੇ ਸੁਰਿੰਦਰ ਕੌਰ ਇਕ ਵਿਦੇਸ਼ੀ ਅਮਨ-ਡੈਲੀਗੇਸ਼ਨ ਦੇ ਕੁਝ ਮੈਂਬਰਾਂ ਨਾਲ*

ਪ੍ਰੋ. ਮਾਨ ਨਾਲ ਅੱਜ ਦੇ ਪ੍ਰਸਿੱਧ ਆਰਥੋਪੈਡੀਸ਼ਨ, ਡਾ. ਪ੍ਰਿਥੀਪਾਲ ਸਿੰਘ ਮੈਨੀ ਤੇ ਡਾ. ਹਰਸ਼ਰਨ ਸਿੰਘ ਵਰਗੇ ਉਨ੍ਹਾਂ ਦੇ ਅਨੇਕ ਸਕੂਲੀ-ਕਾਲਜੀ ਗੂੜ੍ਹੇ ਮਿੱਤਰ ਸਰਗਰਮ ਸਨ। ਕੁਛ ਸਮਾਂ ਮਗਰੋਂ ਉਨ੍ਹਾਂ ਦਾ ਉਮਰ ਵਿਚ ਕੁਛ ਛੋਟਾ ਮਿੱਤਰ ਸਵਰਨ ਵੀ ਨਾਲ ਆ ਜੁੜਿਆ। ਇਹ ਸਭ ਇਕੱਲੇ ਇਕੱਲੇ ਗਾਉਂਦੇ, ਰਲ ਕੇ ਗਾਉਂਦੇ ਅਤੇ ਨਾਟਕਾਂ ਵਿਚ ਹਿੱਸਾ ਲੈਂਦੇ। ਇਹ ਸਭ ਲੋਕ ਸਟੂਡੈਂਟ ਫੈਡਰੇਸ਼ਨ ਦੀ ਪੈਦਾਵਾਰ ਸਨ ਜੋ ਉਸ ਸਮੇਂ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਵਾਲੀ ਇਕੋ-ਇਕ ਜਥੇਬੰਦੀ ਸੀ। ਉਨ੍ਹਾਂ ਨੂੰ ਖੱਬੇ-ਪੱਖੀ ਸੋਚ ਦਾ ਰੰਗ ਚਾੜ੍ਹ ਕੇ ਇਹਨੇ ਅਨੇਕ ਭਵਿੱਖੀ ਰਾਜਨੀਤਕ ਆਗੂਆਂ ਦੀਆਂ ਸ਼ਖਸੀਅਤਾਂ ਢਾਲੀਆਂ। ਜਾਗ੍ਰਿਤ ਵਿਦਿਆਰਥੀ ਉਤਸ਼ਾਹ ਨਾਲ ਫੈਡਰੇਸ਼ਨ ਵਿਚ ਸਰਗਰਮ ਹੁੰਦੇ ਅਤੇ ਸਮਾਜ ਵਾਸਤੇ ਕੁਛ ਕਰ ਗੁਜ਼ਰਨ ਦੇ ਆਪਣੇ ਸੁਫਨਿਆਂ ਨੂੰ ਸਾਕਾਰ ਕਰਦੇ। ਵਿਦਿਆਰਥੀ ਅੱਜ ਵਾਂਗ ਦਿਸ਼ਾਹੀਣ, ਬੇਮੰਜ਼ਿਲੇ ਜਾਂ ਨਸ਼ੇੜੀ ਨਹੀਂ ਸਨ ਹੁੰਦੇ ਸਗੋਂ ਆਪਣੇ ਆਪ ਨੂੰ ਭਵਿੱਖ ਦੇ ਮਾਲਕ ਦੀ ਭੂਮਿਕਾ ਵਾਸਤੇ ਤਿਆਰ ਕਰਦੇ ਸਨ। ਪ੍ਰੋ. ਮਾਨ ਦੇ ਸ਼ਬਦਾਂ ਵਿਚ ਇਨ੍ਹਾਂ ਸਭਨਾਂ ਦਾ ਯਕੀਨ ਸੀ, "ਧਰਤੀ ਆਪਣਾ ਪਾਸਾ ਹੁਣ ਪਰਤਾ ਰਹੀ" ਅਤੇ ਇਹ ਸਭ ਵਿਚਾਰਧਾਰਕ ਪੱਖੋਂ ਸਪੱਸ਼ਟ ਸਨ ਤੇ ਆਪਣਾ ਪੱਖ ਪੂਰੀ ਤਰ੍ਹਾਂ ਸਮਝਦੇ ਸਨ, "ਇਕ ਪਾਸੇ ਲੋਕ, ਦੂਜੇ ਸਾਮਰਾਜ; ਇਕ ਪਾਸੇ ਰਾਉਣ, ਦੂਜੇ ਰਾਮ-ਰਾਜ; ਇਕ ਪਾਸੇ ਬੰਬ ਤੇ ਦੂਜੇ ਪਾਸੇ ਅਨਾਜ!"

ਉਹ ਪਾਠ-ਪੁਸਤਕਾਂ ਤੋਂ ਬਾਹਰ ਫੈਲ ਕੇ ਸਾਹਿਤ ਤੇ ਰਾਜਨੀਤਕ ਪੁਸਤਕਾਂ ਪੜ੍ਹਨ-ਪੜ੍ਹਾਉਣ ਦਾ ਜ਼ਮਾਨਾ ਸੀ। ਪੜ੍ਹ ਕੇ ਚੰਗੀ ਲੱਗੀ ਪੁਸਤਕ ਦੀ ਦੱਸ ਦੋਸਤਾਂ ਨੂੰ ਪਾਈ ਜਾਂਦੀ। ਪੜ੍ਹੀਆਂ ਪੁਸਤਕਾਂ ਬਾਰੇ ਅਕਸਰ ਲੰਮੀ ਵਿਚਾਰ-ਚਰਚਾ ਹੁੰਦੀ। ਵਿਚਾਰਧਾਰਕ ਸਾਂਝ ਤੋਂ ਇਲਾਵਾ ਇਨ੍ਹਾਂ ਲੋਕਾਂ ਦਾ ਆਪਸੀ ਮੋਹ-ਪਿਆਰ ਏਨਾ ਸੁਹਿਰਦ ਅਤੇ ਸੰਘਣਾ ਸੀ ਕਿ ਪਿਛਲੇ ਦਿਨੀਂ ਜਦੋਂ ਦੋ ਕੁ ਵਾਰ ਮੈਨੂੰ ਡਾ. ਮੈਨੀ ਨੂੰ ਮਿਲਣ ਦਾ ਮੌਕਾ ਮਿਲਿਆ, ਉਨ੍ਹਾਂ ਨੇ ਪ੍ਰੋ. ਮਾਨ ਨੂੰ ਚੇਤੇ ਕਰਦਿਆਂ ਉਨ੍ਹਾਂ ਦਾ ਜ਼ਿਕਰ ਪ੍ਰੋ. ਨਿਰੰਜਣ ਸਿੰਘ ਮਾਨ ਜਾਂ ਪ੍ਰੋ. ਮਾਨ ਤਾਂ ਕੀ, ਨਿਰੰਜਣ ਸਿੰਘ ਜਾਂ ਨਿਰੰਜਣ ਆਖ ਕੇ ਵੀ ਨਹੀਂ ਕੀਤਾ। ਉਹ ਭਾਵੁਕ ਹੋ ਕੇ ਉਨ੍ਹਾਂ ਦੇ ਬਚਪਨ ਦੇ ਯਾਰ-ਬੇਲੀਆਂ ਵਿਚ ਪ੍ਰਚਲਿਤ ਨਾਂ ਨਾਲ ਨੰਜੋ ਨੰਜੋ ਆਖ ਕੇ ਹੀ ਉਨ੍ਹਾਂ ਦਾ ਜ਼ਿਕਰ ਕਰਦੇ ਰਹੇ। ਇਹੋ ਕਾਰਨ ਸੀ, ਸਟੂਡੈਂਟ ਫੈਡਰੇਸ਼ਨ, ਅਮਨ ਲਹਿਰ ਅਤੇ ਇਪਟਾ ਦੀ ਕੁਠਾਲੀ ਵਿਚੋਂ ਲੰਘ ਕੇ ਖਰੇ ਸੋਨੇ ਵਰਗੇ ਅਨੇਕ ਹੋਣਹਾਰ ਵਿਅਕਤੀ ਜੀਵਨ ਦੇ ਵੱਖ ਵੱਖ ਖੇਤਰਾਂ ਨੂੰ ਨਸੀਬ ਹੋਏ!

ਅੱਜ ਪ੍ਰੋ. ਮਾਨ ਨੂੰ ਪਿਆਰ-ਸਤਿਕਾਰ ਨਾਲ ਸਿਮਰਨ ਵਾਲੇ ਅਣਗਿਣਤ ਲੋਕ ਹਨ ਜੋ ਜੀਵਨ ਦੇ ਵੰਨ-ਸੁਵੰਨੇ ਖੇਤਰਾਂ ਨਾਲ ਜੁੜੇ ਹੋਏ ਹਨ। ਇਹ ਗੱਲ ਸੁਭਾਵਿਕ ਵੀ ਹੈ ਕਿਉਂਕਿ ਉਹ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ। ਉਨ੍ਹਾਂ ਵਿਚ ਅਮਨ ਲਹਿਰ ਤੇ ਇਪਟਾ ਵਿਚਲੇ ਉਨ੍ਹਾਂ ਦੇ ਸਾਥੀ ਸ਼ਾਮਲ ਹਨ, ਗਾਇਕ ਵਜੋਂ ਉਨ੍ਹਾਂ ਦੇ ਸਰੋਤੇ ਸ਼ਾਮਲ ਹਨ, ਅਧਿਆਪਕ ਵਜੋਂ ਉਨ੍ਹਾਂ ਦੇ ਸਹਿਕਰਮੀ ਤੇ ਵਿਦਿਆਰਥੀ ਸ਼ਾਮਲ ਹਨ ਅਤੇ ਜੀਵਨ ਵਿਚ ਉਨ੍ਹਾਂ ਦੇ ਸੰਪਰਕ ਵਿਚ ਆਏ ਅਨੇਕ ਸਨੇਹੀ ਸ਼ਾਮਲ ਹਨ। ਪਰ ਪ੍ਰੋ. ਸਾਹਿਬ ਨਾਲ ਮੇਰਾ ਨਾਤਾ ਅਜਿਹੇ ਸਭਨਾਂ ਸੱਜਣਾਂ ਨਾਲੋਂ ਨਿਆਰਾ ਵੀ ਹੈ ਅਤੇ ਦਿਲਚਸਪ ਵੀ ਹੈ। ਇਨ੍ਹਾਂ ਨਾਲ ਮੇਰਾ ਨਾਤਾ ਇਕ ਅਜਿਹੇ ਸਰੋਤੇ ਦਾ ਹੈ ਜਿਸ ਨੇ, ਜਿਵੇਂ ਮੈਂ ਪਹਿਲਾਂ ਦੱਸਿਆ ਹੈ, ਅੱਧੀ ਸਦੀ ਤੋਂ ਵੱਧ ਸਮਾਂ ਪਹਿਲਾਂ ਇਨ੍ਹਾਂ ਨੂੰ ਇਕ ਵਾਰ ਸੁਣਿਆ ਸੀ ਅਤੇ ਉਸ ਪਿਛੋਂ ਇਹ ਚੇਤੇ ਵਿਚੋਂ ਕਦੀ ਨਾ ਵਿਸਰੇ। ਮੈਨੂੰ ਨਹੀਂ ਪਤਾ, ਕਦੀ ਕੋਈ ਹੋਰ ਅਜਿਹਾ ਰਸੀਆ ਸਰੋਤਾ ਇਨ੍ਹਾਂ ਨੂੰ ਮਿਲਿਆ ਸੀ ਜਾਂ ਨਹੀਂ।

ਇਹ 1950ਵਿਆਂ ਦੇ ਸ਼ੁਰੂ ਦੀ ਗੱਲ ਹੈ। ਲਿਖਣਾ ਤਾਂ ਕਿਥੋਂ ਸ਼ੁਰੂ ਕਰਨਾ ਸੀ ਜਾਂ ਅਜੇ ਰਾਜਨੀਤਕ ਸੋਝੀ ਤਾਂ ਕਿਥੋਂ ਆਈ ਹੋਣੀ ਸੀ, ਮੈਂ ਤਾਂ ਹਾਈ ਸਕੂਲ ਵੀ ਪਾਰ ਨਹੀਂ ਸੀ ਕੀਤਾ। ਮੇਰੇ ਸ਼ਹਿਰ ਰਾਮਪੁਰਾ ਫੂਲ ਦੇ ਚੌਕ ਵਿਚ ਇਕ ਅਮਨ ਕਾਨਫਰੰਸ ਹੋਈ। ਰਾਜਨੀਤਕ ਆਗੂਆਂ ਵਿਚੋਂ ਕੇਵਲ ਇਕ ਨਾਂ ਪੱਕਾ ਚੇਤੇ ਹੈ, ਡਾ. ਸੈਫੁਦੀਨ ਕਿਚਲੂ। ਸ਼ਾਇਦ ਜਗਜੀਤ ਸਿੰਘ ਅਨੰਦ ਵੀ ਹੈ ਸੀ। ਹੋਰ ਕੌਣ-ਕੌਣ ਆਗੂ ਆਏ ਜਾਂ ਬੋਲੇ ਸਨ, ਯਾਦ ਨਹੀਂ। ਲੇਖਕਾਂ ਤੇ ਸਭਿਆਚਾਰਕ ਗੁਣਵੰਤਾਂ ਵਿਚੋਂ ਤੇਰਾ ਸਿੰਘ ਚੰਨ ਸੀ ਜਿਸ ਦਾ 'ਸਮੇਂ ਦਾ ਕਾਗ' ਉਨ੍ਹੀਂ ਦਿਨੀਂ ਬੁਲੰਦ ਆਵਾਜ਼ ਵਿਚ 'ਅਮਨਾਂ ਦੀ ਬੋਲੀ' ਬੋਲ ਰਿਹਾ ਸੀ ਅਤੇ ਗਾਇਕਾਂ ਵਿਚੋਂ ਸੁਰਿੰਦਰ ਕੌਰ, ਪ੍ਰੋ. ਮਾਨ ਤੇ ਅਮਰਜੀਤ ਗੁਰਦਾਸਪੁਰੀ ਦੇ ਨਾਂ ਚੇਤੇ ਹਨ। ਹੋਰ ਕੋਈ ਆਗੂ ਜਾਂ ਗਾਇਕ ਸੀ ਵੀ ਕਿ ਨਹੀਂ, ਜੇ ਸੀ ਤਾਂ ਕੌਣ ਸੀ, ਏਨੇ ਸਾਲਾਂ ਬਾਅਦ ਕੁਛ ਯਾਦ ਨਹੀਂ।

ਪ੍ਰੋ. ਮਾਨ ਨੇ ਪਹਿਲਾਂ ਮੋਹਨ ਸਿੰਘ ਦੀ ਪ੍ਰਸਿੱਧ ਰਚਨਾ 'ਟੁਰਿਆ ਅਮਨ ਦਾ ਕਫਲਾ, ਜਹਾਨ ਨਾਲ ਹੈ' ਦਿਲੋਂ ਭਿੱਜ ਕੇ ਗਾਈ ਅਤੇ ਫੇਰ ਦੂਜੀ ਮਨਭਾਉਂਦੀ ਤੇ ਸਰੋਤਿਆਂ ਦੀ ਹਰਮਨ-ਪਿਆਰੀ ਕਵਿਤਾ, ਅੰਮ੍ਰਿਤਾ ਪ੍ਰੀਤਮ ਦੀ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਮਿਰਜ਼ੇ ਦੀ ਤਰਜ਼ ਨਾਲ ਪੇਸ਼ ਕੀਤੀ। ਉਨ੍ਹਾਂ ਨੇ ਬੁਲੰਦ ਪਰ ਮਿੱਠੀ ਤੇ ਰਸੀਲੀ ਆਵਾਜ਼ ਵਿਚ ਹੇਕ ਲਾਈ ਤਾਂ ਉਨ੍ਹਾਂ ਦੇ ਦਿਲੋਂ ਹੂਕ ਨਿਕਲੀ,

"ਅੱਜ ਆਖਾਂ ਵਾਰਿਸ ਸ਼ਾਹ ਨੂੰ
ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬ-ਏ-ਇਸ਼ਕ ਦਾ
ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ
ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ
ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਵੇ ਦਰਦਮੰਦਾਂ ਦਿਆ ਦਰਦੀਆ
ਉਠ ਤੱਕ ਆਪਣਾ ਪੰਜਾਬ।
ਅੱਜ ਵੈਲੇ ਲਾਸ਼ਾਂ ਵਿਛੀਆਂ
ਤੇ ਲਹੂ ਦੀ ਭਰੀ ਚਿਨਾਬ!"

ਪ੍ਰਭਾਵਿਤ ਹੋਏ ਸਰੋਤਿਆਂ ਵਿਚ ਗਹਿਰੀ ਉਦਾਸ ਖਾਮੋਸ਼ੀ ਛਾ ਗਈ। ਉਨ੍ਹਾਂ ਦੇ ਕੰਨਾਂ ਵਿਚ ਪੰਜਾਬ ਦੀਆਂ ਲੱਖਾਂ ਧੀਆਂ ਦਾ ਵਿਰਲਾਪ ਹਾਲ-ਦੁਹਾਈ ਪਾਉਣ ਲੱਗਿਆ ਅਤੇ ਅੱਖਾਂ ਸਾਹਮਣੇ ਲੱਖਾਂ ਲਾਸ਼ਾਂ ਵਿਛ ਗਈਆਂ ਤੇ ਉਨ੍ਹਾਂ ਦੀ ਰੱਤ ਨੇ ਚਿਨਾਬ ਦਾ ਰੰਗ ਗੂੜ੍ਹਾ ਰੱਤਾ ਕਰ ਦਿੱਤਾ! ਬੱਸ, ਅੰਮ੍ਰਿਤਾ ਦੇ ਕਰੁਣਾ ਭਰੇ ਸ਼ਬਦ ਸਨ, ਪ੍ਰੋ. ਮਾਨ ਦੀ ਜਾਦੂਭਰੀ ਆਵਾਜ਼ ਸੀ ਅਤੇ ਸਰੋਤਿਆਂ ਦੇ ਜਜ਼ਬਾਤੀ ਹੋਏ ਦਿਲ ਸਨ!

ਪ੍ਰੋ. ਮਾਨ ਸੁੱਚੇ ਲੋਕ-ਪੱਖੀ ਸਾਹਿਤਕ ਗੀਤ ਹੀ ਗਾਉਂਦੇ। ਮੋਹਨ ਸਿੰਘ ਤੇ ਅੰਮ੍ਰਿਤਾ ਉਨ੍ਹਾਂ ਦੇ ਮਨਭਾਉਂਦੇ ਕਵੀਆਂ ਵਿਚੋਂ ਸਨ। ਮਗਰਲੀਆਂ ਪੀੜ੍ਹੀਆਂ ਨੂੰ ਸ਼ਾਇਦ ਇਸ ਤੱਥ ਦਾ ਪਤਾ ਨਹੀਂ ਕਿ ਵਾਰਿਸ ਨੂੰ ਹਾਕਾਂ ਮਾਰਨ ਵਾਲੀ ਅੰਮ੍ਰਿਤਾ ਦੀ ਕਵਿਤਾ ਨੂੰ ਏਨੀ ਹਰਮਨ ਪਿਆਰੀ ਬਣਾਉਣ ਵਿਚ ਪ੍ਰੋ. ਮਾਨ ਦੀ ਵੱਡੀ ਭੂਮਿਕਾ ਰਹੀ। ਇਸ ਨੂੰ ਉਨ੍ਹਾਂ ਹੀ ਮੰਚਾਂ ਉਤੇ ਗਾਉਂਦੇ ਉਨ੍ਹਾਂ ਦੇ ਹੋਰ ਸਾਥੀ ਵੀ ਸਨ ਪਰ ਇਹ ਪ੍ਰੋ. ਮਾਨ ਦੀ ਜ਼ੁਬਾਨ ਦਾ ਰਸ ਸੀ ਜਿਸ ਨੇ ਇਹਨੂੰ ਪੂਰੇ ਪੰਜਾਬ ਵਿਚ ਹੀ ਨਹੀਂ ਸਗੋਂ ਪੰਜਾਬੋਂ ਦੂਰ ਬਾਹਰ ਵੀ ਲੱਖਾਂ ਲੋਕਾਂ ਦੀ ਜ਼ੁਬਾਨ ਉਤੇ ਚਾੜ੍ਹ ਦਿੱਤਾ। ਉਨ੍ਹਾਂ ਨੇ ਕਿਸੇ ਮੰਚ ਉਤੇ ਗਾਇਆ ਹੋਵੇ ਤੇ ਉਹ ਇਹ ਕਵਿਤਾ ਨਾ ਗਾਉਣ ਜਾਂ ਸਰੋਤੇ ਉਨ੍ਹਾਂ ਤੋਂ ਇਹ ਕਵਿਤਾ ਨਾ ਸੁਣਨ, ਇਹ ਸੰਭਵ ਨਹੀਂ ਸੀ।

ਇਸ ਦੌਰ ਤੋਂ ਬਹੁਤ ਮਗਰੋਂ ਵੀ ਉਹ ਵਿਹਲੇ ਵੇਲੇ ਵਿਚ ਜਦੋਂ ਕੁਛ ਗੁਣਗੁਣਾਉਂਦੇ ਸੀ, ਅਕਸਰ ਇਸ ਕਵਿਤਾ ਦੇ ਬੋਲ ਹੀ ਹੁੰਦੇ ਸਨ। ਪਿਛਲੇ ਦਿਨੀਂ ਸਾਡੇ ਘਰ ਮਿਲਣ ਆਈ ਬੀਬੀ ਰਾਜਵੰਤ ਕੌਰ ਮਾਨ ਨੇ ਦੱਸਿਆ ਕਿ ਅੰਤਲੇ ਸਾਲਾਂ ਵਿਚ ਉਹ ਆਪਣੇ ਕੈਨੇਡਾ ਵਾਲੇ ਘਰ ਸਵੇਰੇ ਅਸ਼ਨਾਨ, ਪਾਠ ਤੇ ਨਾਸ਼ਤਾ ਕਰ ਕੇ ਵਿਹੜੇ ਵਿਚ ਫੁੱਲਾਂ-ਬੂਟਿਆਂ ਵਿਚਕਾਰ ਬੈਠ ਜਾਂਦੇ ਸਨ। ਕੈਂਸਰ ਜਿਹੀ ਨਾਮੁਰਾਦ ਬੀਮਾਰੀ ਦੇ ਬਾਵਜੂਦ ਮੌਜ ਵਿਚ ਆ ਕੇ ਉਹ ਫਲਦਾਇਕ ਅਤੇ ਸੰਤੁਸ਼ਟ ਬਿਤਾਏ ਜੀਵਨ ਨੂੰ ਸਿਮਰਦੇ। ਅਤੀਤ ਅਤੇ ਵਰਤਮਾਨ ਦੀਆਂ ਯਾਦਾਂ ਵਿਚ ਡੁੱਬੇ ਹੋਏ ਜਜ਼ਬਿਆਂ ਦੀ ਜਾਗੋਮੀਚੀ ਵਿਚ ਉਹ ਗੁਣਗੁਣਾਉਣ ਲਗਦੇ। ਉਹ 'ਅੱਜ ਆਖਾਂ ਵਾਰਿਸ ਸ਼ਾਹ ਨੂੰ...' ਦਿਨ ਵਿਚ ਇਕ ਵਾਰ ਜ਼ਰੂਰ ਗੁਣਗੁਣਾਉਂਦੇ ਅਤੇ ਇਨ੍ਹਾਂ ਪਲਾਂ ਵਿਚ ਉਨ੍ਹਾਂ ਦੀਆਂ ਅੱਖਾਂ ਹੁਣ ਵੀ ਸਿੱਲ੍ਹੀਆਂ ਹੋ ਜਾਂਦੀਆਂ!



*ਮਾਨ ਜੋੜੀ, ਪੁੱਤਰ ਰਵੀ ਤੇ ਸਨੀ ਨਾਲ*

**(ਚਲਦਾ)**

---

## ਲੱਗਿਆ ਜਦ ਦਰਬਾਰ ਕਵੀ ਦੇ ਵਿਹੜੇ ਵਿਚ...

*(ਪਿਛਲੇ ਸਫੇ ਦੀ ਬਾਕੀ)*

ਉਨ੍ਹਾਂ ਦੀਆਂ ਵੀ ਕਈ ਕਿਤਾਬਾਂ ਛਪੀਆਂ ਹੋਈਆਂ ਮਿਲ ਜਾਂਦੀਆਂ। ਇਸ ਕਵੀ ਦਾ ਇਕ ਹਮ-ਉਮਰ ਕਵੀ ਉਠ ਕੇ ਪੁੱਛਣ ਲੱਗਿਆ ਕਿ 'ਭਾਈ ਸਾਬ੍ਹ! ਤੁਹਾਡੇ ਖਾਨਦਾਨ ਨੂੰ ਹੋਰ ਕੋਈ ਕੰਮ ਨਹੀਂ ਲੱਭਿਆ, ਸਾਰੇ ਹੀ ਕਿਤਾਬਾਂ ਮਗਰ ਲੱਗੇ ਰਹੇ।' ਸਾਰੇ ਹੱਸ ਪਏ।

ਹਨੇਰਾ ਹੁੰਦਿਆਂ ਹੀ ਸਾਰੇ ਕਵੀ ਘੁੱਟ ਲਾਉਣ ਲਈ ਇੱਧਰ-ਉਧਰ ਦੇਖਣ ਲੱਗੇ। ਮੇਰੇ ਸਹਿਯੋਗੀ ਕਵੀ ਨੇ ਮੇਜ਼ 'ਤੇ ਦਾਰੂ ਦੇ ਘੜੇ ਲਿਆ ਰੱਖੇ। ਸਭ ਨੇ ਲੋੜ ਅਨੁਸਾਰ ਪੈਗ ਲਾ ਲਿਆ। ਡੀ.ਜੇ. ਵਾਲੇ ਨੇ ਆ ਕੇ ਆਪਣਾ ਖੌਰੂ ਪਾਇਆ ਹੋਇਆ ਸੀ। ਮੈਂ ਆਖਰ ਵਿਚ ਹੱਥ ਜੋੜ ਕੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਤੋਂ ਵਾਅਦਾ ਵੀ ਮੰਗਿਆ ਕਿ ਕ੍ਰਿਪਾ ਕਰ ਕੇ ਮੈਨੂੰ ਅੱਜ ਤੋਂ ਬਾਅਦ 'ਪਕੌੜਾ ਰਾਮ' ਨਾ ਆਖਿਓ, ਮੇਰਾ ਅਸਲੀ ਨਾਮ ਹੀ ਲਿਆ ਕਰਿਓ-ਕਵੀ ਸੇਵਕ ਰਾਮ। ਭਰਾਵੋ! ਕਿਸੇ ਨੂੰ ਮਜਬੂਰ ਨਹੀਂ ਕਰਨਾ ਚਾਹੀਦਾ। ਕਈ ਵਾਰ ਮੇਰੇ ਵਰਗੇ ਦੀ ਘਰ ਵਿਚ ਘੱਟ ਚਲਦੀ ਹੁੰਦੀ ਹੈ। ਕਿਸੇ ਨੂੰ ਪਕੌੜਾ ਜਾਂ ਲੱਡੂ ਕਹਿਣ ਤੋਂ ਪਹਿਲਾਂ ਦੇਖ ਲਿਆ ਕਰੋ। ਧੰਨਵਾਦ ਜੀ।

ਥੋੜ੍ਹੇ ਸਮੇਂ ਵਿਚ ਹੀ ਆਏ ਹੋਏ ਕਵੀ ਤੇ ਮਹਿਮਾਨ ਚਲੇ ਗਏ। ਪਿੱਛੇ ਮੈਂ ਤੇ ਘਰਵਾਲੀ ਰਹਿ ਗਏ। ਸਾਰੇ ਘਰ ਵਿਚ ਪਿਆ ਹੋਇਆ ਖਿਲਾਰਾ ਦੇਖ ਕੇ ਘਰਵਾਲੀ ਕਹਿੰਦੀ, "ਕਿਉਂ ਜੀ! ਘਰੇ ਕਰਵਾਉਣਾ ਫਿਰ ਕਵੀ ਦਰਬਾਰ?"

ਮੈਂ ਕੁਝ ਨਾ ਬੋਲਿਆ। ਉਸ ਨੂੰ ਕੀ ਦੱਸਦਾ ਕਿ ਮੈਂ ਤਾਂ ਆਪਣੇ ਨਾਂ ਨਾਲੋਂ 'ਪਕੌੜਾ' ਲੁਹਾਇਆ ਹੈ।

ਫੋਨ ਦੀ ਘੰਟੀ ਨੇ ਮੇਰੀ ਅੱਖ ਖੋਲ੍ਹ ਦਿੱਤੀ। ਮੈਂ ਦੇਖਿਆ, ਇਹ ਤਾਂ ਸੁਪਨਾ ਹੀ ਸੀ।

**ਵਲੈਤ ਦੇ ਭੱਠੇ 2**

# ਪੰਜਾਬੀਆਂ ਦੀਆਂ ਪੌਂਅ ਬਾਰਾਂ

*ਪਹਿਲੀਆਂ ਵਿਚ ਪਰਦੇਸ ਪੁੱਜਣ ਵਾਲਿਆਂ ਨੂੰ ਬੇਅੰਤ ਮੁਸ਼ਕਿਲਾਂ ਵਿਚੋਂ ਗੁਜ਼ਰਨਾ ਪੈਂਦਾ ਸੀ। ਕੰਮ ਵੀ ਭਾਰਾ ਮਿਲਦਾ ਸੀ। ਆਲੇ-ਦੁਆਲੇ ਦੀਆਂ ਹੋਰ ਔਕੜਾਂ ਵੀ ਬਥੇਰੀਆਂ ਹੁੰਦੀਆਂ ਸਨ। ਅਜਿਹੀਆਂ ਮੁਸ਼ਕਿਲਾਂ ਦਾ ਖੁਲਾਸਾ ਸਾਧੂ ਸਿੰਘ ਧਾਮੀ ਨੇ ਆਪਣੇ ਨਾਵਲ 'ਮਲੂਕਾ' ਵਿਚ ਬਾਖੂਬ ਕੀਤਾ ਸੀ। ਵਲੈਤ ਵੱਸਦੇ ਸੁਖਦੇਵ ਸਿੱਧੂ ਨੇ ਇਸ ਲੇਖ ਵਿਚ ਵਲੈਤ ਦੇ ਭੱਠਿਆਂ ਅਤੇ ਉਥੇ ਕੰਮ ਕਰਦੇ ਦੇਸੀ-ਪਰਦੇਸੀ ਕਾਮਿਆਂ, ਤੇ ਉਨ੍ਹਾਂ ਦੀ ਮਾਨਸਿਕਤਾ ਬਾਰੇ ਬਹੁਤ ਬਾਰੀਕੀ ਨਾਲ ਲਿਖਿਆ ਹੈ। ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਇਹ ਲੇਖ ਦੋ ਕਿਸ਼ਤਾਂ ਵਿਚ ਛਾਪ ਰਹੇ ਹਾਂ। ਇਸ ਵਾਰ ਦੂਜੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਜਿੰਨਾ ਚਿਰ ਵੀ ਰਹੇ, ਭੱਠਿਆਂ ਨੇ ਲੋਕਾਂ ਨੂੰ ਬੜਾ ਰਿਜ਼ਕ ਦਿੱਤਾ। ਸਾਡਿਆਂ ਨੂੰ ਰੱਜ ਕੇ। ਪਹਿਲੀਆਂ ਵਿਚ ਆਏ ਪੰਜਾਬੀਆਂ ਨੂੰ ਵੱਡੀ ਔਖ ਤਾਂ ਜ਼ੁਬਾਨ ਦੀ ਹੀ ਸੀ, ਪਰ ਇਹ ਕਾਮੇ ਬਹੁਤ ਤਕੜੇ ਸਨ। ਪਿੱਛੇ ਜਾਨ ਮਾਰ ਕੇ ਵਾਹੀਆਂ-ਖੇਤੀਆਂ ਦਾ ਕੰਮ ਕਰਦੇ ਆਏ ਸੀ। ਥੋੜ੍ਹੀਆਂ ਜ਼ਮੀਨਾਂ ਤੇ ਮਿੱਟੀ ਨਾਲ ਮਿੱਟੀ ਹੁੰਦੇ ਜਾਂ ਦਿਹਾੜੀ-ਦੱਪਾ ਕਰਦੇ। ਮੰਜਕੀ ਵਾਲੇ ਵੀ, ਤੇ ਬਾਕੀ ਦੁਆਬੀਏ ਤਾਂ ਵਲੈਤਾਂ ਨੂੰ ਨਿਕਲੇ ਵੀ ਥੁੜ੍ਹਾਂ ਕਰ ਕੇ ਹੀ ਸੀ। ਭੱਠੇ ਇਨ੍ਹਾਂ ਦੇ ਰੁਖ ਬਹਿ ਗਏ। ਇਨ੍ਹਾਂ ਏਨੇ ਨੋਟ ਕਮਾਏ ਕਿ ਬਹੁਤੇ ਪੌਂਡੋ ਪੌਂਡੀ ਹੋ ਗਏ। ਪੈਸੇ ਬਣਾਉਣ ਵਾਲੀਆਂ ਲੂਹੀਆਂ ਲਾਹ ਲਈਆਂ।

ਭੱਠਿਆਂ ਦੀਆਂ ਟਰੇਡ ਯੂਨੀਅਨਾਂ ਵਿਚ ਵੀ ਸਾਡੇ ਬੰਦਿਆਂ ਕੰਮ ਕੀਤਾ। ਕਈਆਂ ਨੇ ਤਾਂ ਇਹਨੂੰ ਪੌੜੀ ਹੀ ਬਣਾ ਲਿਆ। ਜਦੋਂ ਮਾੜੀ ਜਿਹੀ ਠਾਹਰ ਬਣ ਗਈ, ਛੇਤੀ ਦੇਣੀ ਕੋਈ ਛੋਟੀ ਮੋਟੀ ਸੁਪਰਵਾਈਜ਼ਰ ਦੀ ਨੌਕਰੀ ਲੈ ਲਈ, ਤੇ ਫਿਰ ਯੂਨੀਅਨ ਨਾਲ ਕੋਈ ਲੈਣ ਦੇਣ ਨਹੀਂ ਰੱਖਿਆ। ਕਈ



**ਸੁਖਦੇਵ ਸਿੱਧੂ**
**ਫੋਨ +44-123-421-4170**

ਮਜ਼ਦੂਰਾਂ ਦੇ ਹੱਕਾਂ ਲਈ ਤਨੋ-ਮਨੋ ਤੁਲੇ ਵੀ ਰਹੇ। ਲੱਖੀ, ਸੋਹਣ, ਭਜਨ, ਸਿੱਧੂ, ਕਸ਼ਮੀਰਾ, ਚਰਨ, ਮੱਖਣ ਆਦਿ ਇਨ੍ਹਾਂ ਡਟਣ ਵਾਲਿਆਂ ਵਿਚੋਂ ਸਨ। ਇਨ੍ਹਾਂ ਹੜਤਾਲਾਂ ਕੀਤੀਆਂ/ਕਰਵਾਈਆਂ ਤੇ ਇੰਡੀਅਨ ਵਰਕਰਜ਼ ਐਸੋਸੀਏਸ਼ਨ ਨਾਲ ਮਿਲ ਕੇ ਮਾਲਕਾਂ ਦੇ ਖਿਲਾਫ ਕੇਸ ਲੜੇ। ਲੋਕਾਂ ਨੂੰ ਮੋਟੇ-ਮੋਟੇ ਮੁਆਵਜ਼ੇ ਵੀ ਦੁਆਏ। ਕਈ ਦੋਗਲੇ ਵੀ ਚੱਲਦੇ ਤੇ ਕਈ ਹੜਤਾਲਾਂ ਫੇਲ੍ਹ ਕਰਾਉਣ ਲਈ ਬੰਦੇ ਭੰਨਣ ਦੀ ਵਾਹ ਵੀ ਲਾਉਂਦੇ।

ਵਲੈਤੋਂ ਵਾਪਸ ਜਾ ਕੇ ਸਾਡੇ ਬੰਦਿਆਂ ਦੀ ਫੜ੍ਹ ਮਾਰਨ ਦੀ ਗੱਲ ਵੀ ਮੰਨੀ-ਦੰਨੀ ਹੋਈ ਰਹੀ ਹੈ। ਇਕ ਤਾਂ ਠੰਢੇ ਮੁਲਕ ਵਿਚ ਰਹਿਣ ਕਰਕੇ ਸਭ ਦਾ ਰੰਗ ਰਤਾ ਕੁ ਨਿਖਰ ਗਿਆ ਹੁੰਦਾ ਸੀ; ਨਾਲ ਪ੍ਰਾਹੁਣਚਾਰੀ ਵਜੋਂ ਗਿਆਂ ਦੇ ਪਾਏ ਸਾਫ ਸੁਥਰੇ ਕੱਪੜੇ ਵਲੈਤੀਆਂ ਦਾ ਹੋਰ ਵੀ ਠੁੱਕ ਬੰਨ੍ਹ ਦਿੰਦੇ। ਦੂਸਰੇ, ਫੋਕੇ ਰੋਹਬ ਖ਼ਾਤਰ ਪਾਈਆਂ ਸੋਨੇ ਦੀਆਂ ਮੁੰਦੀਆਂ, ਕੜੇ, ਜ਼ੰਜੀਰੀਆਂ ਦਾ ਵਿਖਾਵਾ ਪਿਛਲੇ ਬੰਦਿਆਂ ਨੂੰ ਝੱਟ ਭਰਮਾ ਲੈਂਦਾ। ਵਿਚ ਵਿਚ ਟੁੱਟੀ ਫੁੱਟੀ ਅੰਗਰੇਜ਼ੀ ਵੀ ਠੋਕ ਦਿੰਦੇ। ਓਂ ਇਹ ਆਮ ਗੱਲਾਂ ਵਧਾ ਕੇ ਹੀ ਕਰਦੇ ਸੀ; ਕਈ ਤਾਂ ਬਹੁਤਾ ਮਸਾਲਾ ਲਾ ਦਿੰਦੇ ਸੀ। ਪਿੰਡਾਂ ਵਿਚ ਕੰਮ ਵਾਲਿਆਂ ਦਾ ਤਾਂ ਵਿਚਾਰਿਆਂ ਦਾ ਮੂੰਹ ਹੱਥ ਧੋਣ ਦਾ ਵਿਹਲ ਵੀ ਨਹੀ ਸੀ ਲੱਗਦਾ ਹੁੰਦਾ, ਪਰ ਵਿਹਲੜ ਬੰਦੇ ਜ਼ਰੂਰ ਤਾਸ਼ਾਂ ਖੇਡੀ ਜਾਂਦੇ ਜਾਂ ਝੱਖ ਮਾਰੀ ਜਾਂਦੇ। ਵਲੈਤੀਆਂ ਦੀਆਂ ਪੱਟਣ ਵਾਲੀਆਂ ਗੱਲਾਂ ਵਿਚ ਇਹ ਅਕਸਰ ਆ ਜਾਂਦੇ; ਕਈ ਭਰਮਾਏ ਵੀ ਜਾਂਦੇ। ਕੁਝ ਕਿੱਲਾ ਵੇਚ ਕੇ ਜਾਂ ਗਹਿਣੇ ਰੱਖ ਕੇ ਵਲੈਤਾਂ ਨੂੰ ਤੁਰਨ ਦਾ ਸਬੱਬ ਬਣਾ ਲੈਂਦੇ। ਕਈ ਅੱਡੀਆਂ ਚੁੱਕ ਕੇ ਫਾਹਾ ਵੀ ਲੈ ਲੈਂਦੇ। ਕਈਆਂ ਦੀਆਂ ਪੌਂਅ ਬਾਰਾਂ ਹੋ ਜਾਂਦੀਆਂ ਤੇ ਕਈਆਂ ਵਿਚਾਰਿਆਂ ਦੇ ਤਿੰਨ ਕਾਣੇ ਹੀ ਰਹਿੰਦੇ।

ਪਿਛਲੇ ਵੀ ਗੁੱਡੀਆਂ ਬੰਨ੍ਹਣ ਦੀ ਕਸਰ ਨਾ ਛੱਡਦੇ, ਬਈ ਸਾਡਾ ਵਲੈਤੀਆ ਤਾਂ ਫੱਟੇ ਚੱਕੀ ਜਾਂਦਾ। ਸਵੇਰੇ ਟਾਈ ਲਾ ਕੇ ਕੰਮ 'ਤੇ ਜਾਂਦਾ, ਸ਼ਾਮ ਨੂੰ ਘਰ ਆ ਕੇ ਫ਼ਲ ਫਰੂਟ ਹੀ ਖਾਂਦਾ। ਫਿਰ ਬਾਗ ਵਿਚ ਸੈਰ ਕਰਨ ਜਾਂਦਾ। ਵਲੈਤ ਵਿਚ ਬਾਗ-ਬਗੀਚੇ ਬਹੁਤ ਨੇ। ਉਹਨੇ ਤਾਂ ਜਲੰਧਰ ਦੀਆਂ ਬੈਂਕਾਂ ਪੈਸਿਆਂ ਨਾਲ ਭਰੀਆਂ ਹੋਈਆਂ। ਉਥੇ ਬੇਹੀ ਰੋਟੀ ਨਹੀਂ ਖਾਂਦੇ, ਸ਼ਾਮਾਂ ਨੂੰ ਸਰਕਾਰ ਘਰੋ ਘਰੀਂ ਚੈਕ ਕਰਦੀ ਫਿਰਦੀ ਹੈ, ਤੇ ਜੇ ਕਿਸੇ ਦੇ ਘਰ ਬੇਹੀ ਰੋਟੀ ਦੇਖ ਲਈ ਜਾਵੇ ਤਾਂ ਉਹਨੂੰ ਜੁਰਮਾਨਾ ਕਰਦੇ ਆ। ਏਸ ਝੂਠ ਦਾ ਭਾਂਡਾ ਉਦੋਂ ਭੱਜਦਾ, ਜਦੋਂ ਹੋਰ ਕੋਈ ਪਿੰਡੋਂ ਆ ਕੇ ਭੱਠੇ ਤੋਂ ਮਿੱਟੀ ਨਾਲ ਮਿੱਟੀ ਹੋ ਕੇ ਆਏ ਬੰਦੇ ਨੂੰ ਪਹਿਲੀ ਵਾਰੀ ਪਛਾਣ ਵੀ ਨਾ ਸਕਦਾ। ਫਿਰ ਪੁਰਾਣਾ ਵਲੈਤੀਆ ਨਵੇਂ ਆਏ ਬੰਦੇ ਦਾ ਤਰਲਾ ਕੱਢਦਾ, ਯਾਰ ਹੁਣ ਤੂੰ ਪਿੰਡ ਕਿਸੇ ਹੋਰ ਨੂੰ ਨਾ ਦੱਸ ਦਈਂ। ਪਹਿਲੀਆਂ ਵਿਚ ਲੋਕ ਤਾਂ ਹਫਤਾ ਹਫਤਾ ਬੇਹੀ ਦਾਲ ਹੀ ਖਾਈ ਜਾਂਦੇ ਹੁੰਦੇ ਸੀ। ਪੰਜਾਂ ਸੱਤਾਂ ਦਿਨਾਂ ਜੋਗੀ ਇੱਕੋ ਵਾਰੀ ਵੱਡੇ ਸਾਰੇ ਪਤੀਲੇ ਵਿਚ ਬਣਾ ਲੈਂਦੇ, ਤੇ ਫਿਰ ਫਰਿੱਜ ਵਿਚ ਰੱਖ ਲੈਂਦੇ; ਸਾਰਾ ਹਫਤਾ ਉਹੀ ਗਰਮ ਕਰ ਕੇ ਖਾਈ ਜਾਂਦੇ।

ਮੇਰੇ ਨਾਲ ਹੀ ਭੱਠੇ 'ਤੇ ਕੰਮ ਕਰਦਾ ਕੋਈ ਬੰਦਾ ਦੱਸੇ ਕਿ ਇਹ ਪੰਜਾਬ ਨੂੰ ਛੁੱਟੀ ਗਿਆ ਆਪਣੇ ਵਕੀਲ ਭਰਾ ਦੇ ਖੋਖੇ ਕੋਲ ਬੈਠਾ ਧੁੱਪ ਸੇਕ ਰਿਹਾ ਸੀ। ਦੇਸ਼ ਵਿਚ ਵਲੈਤੋਂ ਗਏ ਬੰਦੇ ਦਾ ਝੱਟ ਪਤਾ ਲੱਗ ਜਾਂਦਾ ਹੈ, ਕਈ ਗੱਲਾਂ ਕਰਕੇ। ਚਾਂਭਲ ਚਾਂਭਲ ਕੇ ਗੱਲਾਂ ਕਰਦੇ ਨੂੰ, ਭਰਾ ਦੇ ਨਾਲ ਦੇ ਵਕੀਲ ਨੇ ਗੱਲੀਂ ਗੱਲੀਂ ਇਹਨੂੰ ਪੁੱਛ ਲਿਆ, ਭਾਈ ਸਾਹਿਬ ਜੀ, ਤੁਸੀਂ ਵਲੈਤ ਵਿਚ ਕੀ ਕੰਮ ਕਾਰ ਕਰਦੇ ਹੋ? ਪਹਿਲਾਂ ਤਾਂ ਪੈਂਦੀ ਸੱਟੇ ਇਹਨੇ ਸੱਚੋ ਸੱਚ ਦੱਸ ਦਿੱਤਾ, ਫਿਰ ਆਪਣੇ ਵਕੀਲ ਭਰਾ ਦੇ ਰੁਤਬੇ ਦਾ ਖ਼ਿਆਲ ਕਰਕੇ ਗੱਲ ਬਦਲਣ ਲੱਗ ਪਿਆ, ਜੀ ਓਥੇ ਤਾਂ ਭੱਠੇ ਮਸ਼ੀਨਾਂ ਨਾਲ ਚੱਲਦੇ ਨੇ; ਅਸੀਂ ਤਾਂ ਬਟਨ ਦੱਬ ਕੇ ਕੋਲ ਕੁਰਸੀ 'ਤੇ ਹੀ ਬੈਠੇ ਰਹੀਦਾ; ਬੱਸ ਨਿਗ੍ਹਾਸਾਨੀ ਹੀ ਰੱਖੀਦੀ ਹੈ। ਕੰਮ ਆਪੇ ਹੋਈ ਜਾਂਦਾ। ਐਈਥੇ ਵਰਗੇ ਭੱਠੇ ਨਹੀਂ ਹੁੰਦੇ ਉਥੇ। ਕੋਈ ਮਿੱਟੀ ਘੱਟਾ ਨਹੀਂ ਹੁੰਦਾ।

ਸੁਆਲ ਪੁੱਛਣ ਵਾਲੇ ਵਕੀਲ ਨੇ ਇੱਕੋ ਤੋੜਾ ਝਾੜ ਕੇ ਗੱਲ ਮੁਕਾ ਦਿੱਤੀ, ਹੈਅਗਾ ਤਾਂ ਭੱਠਾ ਈ ਨਾ! ਇਸ ਵਲੈਤੀਏ ਦਾ ਦੱਸਿਆ ਸੱਚ ਪੂਰਾ ਨਹੀਂ ਸੀ, ਬਹੁਤਾ ਝੂਠ ਸੀ। ਜਿੰਨਾ ਮਿੱਟੀ ਘੱਟਾ ਭੱਠੇ 'ਤੇ ਹੁੰਦਾ, ਵਲੈਤ ਵਿਚ ਹੋਰ ਕਿਸੇ ਥਾਂ ਹੁੰਦਾ ਹੀ ਨਹੀਂ। ਭੱਠੇ ਤੋਂ ਮਿੱਟੀ ਘੱਟੇ 'ਚ ਲਿੱਬੜ ਕੇ ਪਹਿਲੀ ਵਾਰ ਘਰ ਆਇਆ ਬੰਦਾ ਘਰ ਦਿਆਂ ਤੋਂ ਪਛਾਣਿਆ ਵੀ ਨਹੀਂ ਸੀ ਜਾਂਦਾ। ਭੱਠੇ 'ਤੇ ਢੇਰਾਂ ਦੇ ਢੇਰ ਮਿੱਟੀ ਹੀ ਪਈ ਹੁੰਦੀ ਸੀ। ਜਦੋਂ ਹਵਾ ਚਲਦੀ ਇਹ ਮਿੱਟੀ ਧੂੜ ਅੱਖਾਂ ਵਿਚ ਪੈ ਪੈ ਕੇ ਇਨ੍ਹਾਂ ਦਾ ਨਾਸ ਮਾਰਦੀ। ਮਸ਼ੀਨਾਂ ਤਾਂ ਬਿਲਕੁਲ ਹੈ ਸੀ, ਪਰ ਇੱਟਾਂ ਬੰਦੇ ਹੱਥਾਂ ਨਾਲ ਹੀ ਚੁੱਕਦੇ। ਦੂਸਰਾ, ਜੇ ਤੁਸੀਂ ਕਿਤੇ ਭੱਠੇ 'ਤੇ ਕੰਮ ਕਰਦੇ ਬੰਦੇ ਨਾਲ ਹੱਥ ਮਿਲਾ ਲਓ, ਤਾਂ ਝੱਟ ਪਤਾ ਲੱਗ ਜਾਂਦਾ।

ਭਾਵੇਂ ਮਾਲਕਾਂ ਨੇ ਤਾਂ ਸੌਖ ਲਈ ਕੰਮ 'ਤੇ ਗਰਮ ਪਾਣੀ ਦੇ ਸ਼ਾਵਰ ਵੀ ਲਾਏ ਹੋਏ ਸੀ, ਤੇ ਕੁਝ ਕਾਮੇ ਉਥੇ ਹੀ ਨਹਾ-ਧੋ ਕੇ ਕੱਪੜੇ ਬਦਲ ਕੇ ਹੀ ਘਰ ਆਉਂਦੇ ਸੀ, ਪਰ ਬਹੁਤੇ ਉਥੇ ਨਹੀਂ ਸੀ ਨਹਾਉਂਦੇ। ਲਾਲਚ ਵੱਸ ਕੰਮ ਹੀ ਕਰੀ ਜਾਂਦੇ, ਤੇ ਕਈ ਗਰਮ-ਸਰਦ ਹੋਣ ਤੋਂ ਬਚਾ ਕਰਨ ਲਈ ਵੀ ਘਰੇ ਆ ਕੇ ਨਹਾਉਂਦੇ ਸੀ। ਜੇ ਕੋਈ ਵਿਰਲਾ ਇਨ੍ਹਾਂ ਮੁਸ਼ਕਿਲਾਂ ਬਾਰੇ ਪਿੱਛੇ ਪੰਜਾਬ ਜਾ ਕੇ ਦੱਸ ਵੀ ਦਿੰਦਾ, ਤਾਂ ਵੀ ਪਿਛਲੇ ਪਿੰਡਾਂ ਵਾਲੇ ਵੀ ਸੱਚ ਨਹੀਂ ਸੀ ਮੰਨਦੇ। ਹੁਣ ਵਾਲਿਆਂ ਵਾਂਗੂੰ ਉਨ੍ਹਾਂ ਦਾ ਘੜਿਆ-ਘੜਾਇਆ ਤੁਰਤ-ਫੁਰਤ ਜੁਆਬ ਹੁੰਦਾ, ਬਈ ਜੇ ਉਥੇ ਏਨਾ ਹੀ ਮਾੜਾ ਹਾਲ ਹੈ, ਤਾਂ ਤੁਹਾਨੂੰ ਕਿਸੇ ਨੇ ਰੱਸਾ ਪਾਇਆ ਹੋਇਆ। ਤੁਸੀਂ ਉਥੇ ਕਿਉਂ ਟਿਕੇ ਬੈਠੇ ਹੋ। ਮੁੜ ਕੇ ਆ ਕਿਉਂ ਨਹੀਂ ਜਾਂਦੇ ਸਾਡੇ ਕੋਲ ਪਿੰਡ।

ਐਸੀਆਂ ਸੀਨਾ-ਬਸੀਨਾ ਤੁਰੀਆਂ ਆਉਂਦੀਆਂ ਬੜੀਆਂ ਕਹਾਣੀਆਂ ਨੇ। ਇਕ ਹੋਰ ਸੁਣ ਲਓ, ਭੱਠੇ 'ਤੇ ਹੀ ਕੰਮ ਕਰਦੇ ਕਿਸੇ ਬੰਦੇ ਨੇ ਪੰਜਾਬ ਬੈਠੇ ਆਪਣੇ ਬਾਪ ਲਈ ਕਿਸੇ ਹੋਰ ਵਲੈਤੀਏ ਕੋਲ ਸੁਨੇਹਾ ਘੱਲਿਆ। ਪਹਿਲੀਆਂ ਵਿਚ ਏਦਾਂ ਸੁਨੇਹੇ ਘੱਲਣ-ਘਲਾਉਣ ਦਾ ਪੱਕਾ ਰਿਵਾਜ ਸੀ। ਵਲੈਤੋਂ ਗਿਆ ਬੰਦਾ ਪਿੰਡੋ ਪਿੰਡੀ ਸੁਨੇਹੇ ਦੇਣ ਤੁਰਿਆ ਫਿਰਦਾ ਹੁੰਦਾ ਸੀ। ਜਦੋਂ ਸੁਨੇਹਾ ਦੇਣ ਵਾਲਾ ਉਨ੍ਹਾਂ ਦੇ ਘਰ ਗਿਆ, ਤਾਂ ਬਾਪ ਦੁਆਲੇ ਗੱਲਾਂ-ਬਾਤਾਂ ਕਰਨ ਵਾਲਿਆਂ ਦੀ ਢਾਣੀ ਜੁੜੀ ਹੋਈ ਸੀ। ਚਾਹ-ਪਾਣੀ, ਰਾਜ਼ੀ-ਬਾਜ਼ੀ ਤੇ ਸੁੱਖ-ਸਾਂਦ ਤੋਂ ਬਾਅਦ ਬੈਠੇ ਲੋਕਾਂ ਵਿਚੋਂ ਕਿਸੇ ਨੇ ਪੁੱਛਿਆ, ਵਲੈਤੀਆ ਸਾਅਬ, ਸਾਡਾ ਸਰਦਾਰ... ਸਿਓਂ ਵਲੈਤ ਵਿਚ ਕੀ ਕੰਮ ਕਰਦਾ। ਗਏ ਵਲੈਤੀਏ ਨੇ ਬਿਨਾਂ ਕਿਸੇ ਲੁਕ ਲੁਕਾ ਦੇ ਸਹੀ ਸਹੀ ਜੁਆਬ ਦੇ ਦਿੱਤਾ, ਜੀ ਅਸੀਂ ਦੋਵੇਂ 'ਕੱਠੇ ਭੱਠੇ 'ਤੇ ਹੀ ਕੰਮ ਕਰਦੇ ਆਂ। ਮੈਂ ਬਾਹਰ ਪੱਕੀਆਂ ਇੱਟਾਂ ਚੁੱਕਦਾਂ, ਉਹ ਅੰਦਰ ਕੱਚੀਆਂ ਚੁੱਕਦਾ। ਏਨੀ ਗੱਲ ਸੁਣ ਕੇ ਹੀ ਸਰਦਾਰ ...ਦੇ ਬਾਪ ਨੇ ਪਰ੍ਹਿਆ ਵਿਚ ਆਪਣਾ ਸਿਰ ਨੀਵਾਂ ਹੋ ਗਿਆ ਸਮਝਿਆ। ਉਹ ਵਿਚੋਂ ਉਠ ਕੇ ਚਲਾ ਗਿਆ। ਵੱਡੀ ਨਿਮੋਸ਼ੀ ਮੰਨੀ। ਬਾਅਦ ਵਿਚ ਆਪਣੇ ਵਲੈਤ ਵਿਚ ਬੈਠੇ ਪੁੱਤ ਨੂੰ ਬੜੀ ਨਾਰਾਜ਼ਗੀ ਦੀ ਚਿੱਠੀ ਲਿਖੀ, ਕਾਕਾ ਜੇ ਤੈਂ ਵਲੈਤ ਜਾ ਕੇ ਵੀ ਭੱਠੇ 'ਤੇ ਇੱਟਾਂ ਹੀ ਚੁੱਕਣੀਆਂ ਸੀ, ਤਾਂ ਏਦੂੰ ਚੰਗਾ ਸੀ ਤੂੰ ਨਾ ਹੀ ਜਾਂਦਾ, ਅਈਥੇ ਹੀ ਬੁੱਤੇ ਜੋਗੀ ਵਾਹੀ ਕਰਕੇ ਥੋੜ੍ਹੀ ਖਾਈ ਜਾਂਦੇ।

ਪੰਜਾਬ ਵਿਚ ਭੱਠਿਆਂ ਦਾ ਕੰਮ ਵੀ ਹੋਰ ਤਰ੍ਹਾਂ ਦਾ ਹੈ, ਤੇ ਕੰਮ ਕਰਨ ਵਾਲਿਆਂ ਦਾ ਜੀਵਨ ਵੀ ਤੇ ਸਮਾਜ ਵਿਚ ਰੁਤਬਾ ਵੀ। ਮਿਹਨਤ ਦੀ ਕਦਰ ਜਾਂ ਸ਼ਾਨ ਦੀ ਤਾਂ ਗੱਲ ਹੀ ਛੱਡੋ, ਇਨ੍ਹਾਂ ਨੂੰ ਧਰਤੀ ਦੇ ਭਾਰ ਸਮਝਿਆ ਜਾਂਦਾ ਹੈ। ਕੀੜੇ-ਮਕੌੜਿਆਂ ਹਾਰ। ਕੰਮ ਕਰਨ ਵਾਲਿਆਂ ਨੂੰ ਜਿਹੜੀ ਹਿਕਾਰਤ ਝੱਲਣੀ ਪੈਂਦੀ ਹੈ, ਉਹਦਾ ਹਾਲ ਸਭ ਨੂੰ ਪਤਾ ਹੀ ਹੈ। ਜਣੇ-ਖਣੇ ਦੀਆਂ ਝਿੜਕਾਂ ਝਾਂਬੇ। ਕਿਸੇ ਹਿਸਾਬ ਨਾਲ ਪੁਸ਼ਤ-ਦਰ-ਪੁਸ਼ਤ ਬੰਧੂਆ ਜ਼ਿੰਦਗੀ ਹੀ ਬਸਰ ਕਰੀ ਜਾਂਦੇ ਨੇ, ਇਹ ਭੱਠਿਆਂ ਵਾਲੇ ਕਿਰਤੀ। ਆਪ ਵਲੈਤ ਦੇ ਭੱਠਿਆਂ 'ਤੇ ਕੰਮ ਕਰਨ ਵਾਲੇ ਵੀ ਇੱਧਰੋਂ ਜਾ ਕੇ ਪੰਜਾਬ ਦੇ ਭੱਠਿਆਂ 'ਤੇ ਕੰਮ ਕਰਨ ਵਾਲਿਆਂ ਨਾਲ ਏਦਾਂ ਹੀ ਵਰਤਦੇ ਨੇ। ਜਿਹੜੇ ਆਪ ਵਲੈਤ ਵਿਚ ਵਿਤਕਰੇ ਦੀ ਹਾਅ ਲਾਅ ਲਾਅ ਕਰਦੇ ਸਾਹ ਨਹੀਂ ਲੈਂਦੇ, ਉਹੀ ਪੰਜਾਬ ਵਿਚ ਸਭ ਤੋਂ ਵੱਧ ਵਿਤਕਰਾ ਕਰਦੇ। ਬੰਦੇ ਨੂੰ ਬੰਦਾ ਨਹੀਂ ਸਮਝਦੇ।

ਬੈਡਫੋਰਡ ਦੇ ਭੱਠਿਆਂ ਨੇ ਬੜੇ ਦੁਆਬੀਆਂ ਦੀਆਂ ਗੁਰਬਤਾਂ ਦੇ ਛਕੌਂਟੇ ਚੱਕੇ। ਸਖਤ ਮਿਹਨਤਾਂ ਕਰ ਕੇ ਇਹ ਲੋਕ ਮਾਲੋ-ਮਾਲ ਹੋ ਗਏ। ਇਥੇ ਦੀ ਕਮਾਈ ਨਾਲ, ਵੱਡੇ ਵੱਡੇ ਕਾਰੋਬਾਰ ਖਰੀਦੇ। ਆਲੀਸ਼ਾਨ ਮਕਾਨਾਂ ਵਿਚ ਵਾਸਾ ਕੀਤਾ। ਦੁਕਾਨਾਂ ਵੀ ਲਈਆਂ ਤੇ ਫੈਕਟਰੀਆਂ ਵੀ। ਕਈ ਪਿੱਛੇ ਵੀ ਖੇਤਾਂ-ਮੁਰੱਬਿਆਂ ਦੇ ਮਾਲਕ ਬਣੇ। ਸਰਦਾਰੀਆਂ ਹੋਰ ਚਮਕਾਈਆਂ। ਮਹੱਲਾਂ ਵਰਗੀਆਂ ਕੋਠੀਆਂ ਪਾਈਆਂ। ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਦੇ ਸਕਿਆਂ ਦੀ ਕੇਹੀ ਵਿਡੰਬਨਾ ਹੈ ਕਿ ਕਈਆਂ ਨੂੰ ਇਹ ਦੱਸਦਿਆਂ ਭਾਰੀ ਨਿਮੋਸ਼ੀ ਮਾਰ ਜਾਂਦੀ ਹੈ ਕਿ ਇਹ ਸੱਭ ਜਾਨ ਹੀਲ ਕੇ ਭੱਠਿਆਂ 'ਤੇ ਕੀਤੀ ਦਸਾਂ ਨਹੁੰਆਂ ਦੀ ਕਿਰਤ ਦੀ ਬਰਕਤ ਸਦਕੇ ਹੀ ਹੋ ਸਕਿਆ ਹੈ। ਹੋਰ ਕੰਮਾਂ ਵਿਚ ਏਨੇ ਪੈਸੇ ਨਹੀਂ ਸੀ ਮਿਲਦੇ।

ਪਹਿਲੀਆਂ ਵਿਚ ਬਹੁਤੇ ਬੰਦੇ ਭੱਠੇ 'ਤੇ ਹੀ ਕੰਮ ਕਰਦੇ ਸੀ। ਪੈਸਿਆਂ ਦਾ ਲਾਲਚ ਵੀ ਸੀ। ਹੋਰ ਕੋਈ ਵੀ ਹਿਸਾਬ-ਕਿਤਾਬ ਦਾ ਕੰਮ ਅਨਪੜ੍ਹ ਬੰਦਿਆਂ ਦੇ ਵਿਤੋਂ ਬਾਹਰਾ ਸੀ। ਨਾ ਜ਼ੁਬਾਨ ਆਉਂਦੀ




*ਵਲੈਤ ਵਿਚ ਤਿਆਰ ਇੱਟਾਂ ਦਾ ਕੋਲਾਜ।*

ਸੀ, ਨਾ ਕਿਸੇ ਹੋਰ ਕੰਮ ਦੀ ਟਰੇਨਿੰਗ ਸੀ। ਦੇਸੀ ਬੰਦੇ ਤਾਂ ਹੋਰ ਥਾਂਵਾਂ ਤੋਂ ਕੰਮ ਛੱਡ ਕੇ ਭੱਠਿਆਂ 'ਤੇ ਆ ਆ ਕੇ ਲਗਦੇ ਸੀ। ਨਿਆਰੀਆਂ ਗੱਲਾਂ ਵਿਚੋਂ ਇਹ ਅਕਸਰ ਦੱਸੀ ਜਾਂਦੀ ਸੀ ਕਿ ਕੋਈ ਇਟਾਲੀਅਨ ਕੰਮ 'ਤੇ ਆਉਂਦਾ ਹੀ ਨਹੀਂ ਸੀ ਆਈਸ ਕਰੀਮ ਬਣਾ ਬਣਾ ਕੇ ਵੇਚਦਾ ਰਿਹਾ। ਕੰਪਨੀ ਦੇ ਕਾਗ਼ਜਾਂ ਵਿਚ ਨਾਂ ਚੱਲੀ ਜਾਂਦਾ ਰਿਹਾ। ਕੋਈ ਹੋਰ ਉਹਦੇ ਥਾਂ ਅੱਖ ਬਚਾ ਕੇ ਕਲੌਕ (ਹਾਜ਼ਰੀ) ਲਾਈ ਜਾਂਦਾ। ਉਹ ਸ਼ੁੱਕਰਵਾਰ ਨੂੰ ਆ ਕੇ ਵੇਲੇ ਨਾਲ ਅਪਣੀ ਤਨਖ਼ਾਹ ਲਈ ਜਾਂਦਾ ਰਿਹਾ। ਚਾਰ-ਪੰਜ ਹਜ਼ਾਰ ਵਰਕਰਾਂ ਵਿਚ ਇਕ ਬੰਦੇ ਦੇ ਗ਼ੈਰਹਾਜ਼ਰ ਹੋਣ ਦਾ ਕੀ ਪਤਾ ਲੱਗਣਾ ਸੀ। ਕੋਈ ਸਾਡਾ ਆਪਣਾ ਹੁੰਦਾ ਤਾਂ ਝੱਟ ਚੁਗਲੀ ਮਾਰ ਦਿੰਦਾ। ਕਈ ਵਰ੍ਹਿਆਂ ਬਾਅਦ ਜਾ ਕੇ ਪਤਾ ਲੱਗਾ। ਕਿਸੇ ਹੋਰ ਇਟਾਲੀਅਨ ਬਾਰੇ ਇਹ ਮਸ਼ਹੂਰ ਸੀ ਕਿ ਉਹ ਸ਼ਾਮ ਨੂੰ ਘਰ ਜਾਣ ਲੱਗਾ ਇਕ ਇੱਟ ਰੋਜ਼ ਲੈ ਜਾਂਦਾ ਸੀ। ਜੇ ਵੱਧ ਲੈ ਕੇ ਜਾਂਦਾ ਤਾਂ ਸ਼ੱਕ ਪੈ ਜਾਣਾ ਸੀ। ਉਹਨੇ ਇਸੇ ਇਕ-ਇਕ ਇੱਟ ਨਾਲ ਹੀ ਬਾਅਦ ਵਿਚ ਆਪਣੇ ਘਰ ਦੀ ਗੈਰਾਜ ਬਣਾ ਲਈ ਸੀ। ਸਾਡੇ ਕੁਝ ਕੁ ਬੰਦਿਆਂ ਨੇ ਸ਼ਰਾਬ ਦੀਆਂ ਬੋਤਲਾਂ ਜਾਂ ਕੋਈ ਹੋਰ ਕਿਸੇ ਤਰ੍ਹਾਂ ਦੇ ਤੋਹਫ਼ੇ ਦੇ ਕੇ ਕਈ ਅੰਗਰੇਜ਼ ਮੈਨੇਜਰ ਕਾਣੇ ਵੀ ਕੀਤੇ ਹੋਏ ਸੀ। ਕਈ ਕ੍ਰਿਸਮਸ ਦਾ ਪੱਜ ਪਾ ਕੇ ਕੋਈ ਨਾ ਕੋਈ ਤੋਹਫਾ ਵੀ ਦੇ ਦਿੰਦੇ ਸੀ।

ਸਾਡਿਆਂ ਦੇ ਜਦੋਂ ਪੈਰ ਲੱਗ ਗਏ ਤਾਂ ਇਹ ਭੱਠਿਆਂ 'ਤੇ ਹੀ ਸ਼ਰਾਬਾਂ ਪੀਣ ਲੱਗ ਪਏ। ਇਹ ਤਾਂ ਜੱਗ ਜ਼ਾਹਿਰ ਤੱਥ ਹੀ ਹੈ ਕਿ ਸ਼ਰਾਬ ਪੀਤੀ ਨਹੀਂ ਤਾਂ ਸਾਡੇ ਭਾਈਬੰਦਾਂ ਨੇ ਲੜਾਈ ਕੀਤੀ ਨਹੀਂ। ਬੱਸ ਪਹਿਲਾ ਘੁੱਟ ਅੰਦਰ ਜਾਣ ਦੀ ਦੇਰ ਹੁੰਦੀ, ਬੰਦੇ ਬਦਲ ਜਾਂਦੇ। ਬੋਲ ਉਚੇ ਹੋ ਜਾਂਦੇ। ਕਈ ਬੱਕਰੇ ਬੁਲਾਉਣ ਲੱਗ ਪੈਂਦੇ, ਕਈ ਬੁੱਬਾਂ ਮਾਰਦੇ। ਕਈ ਦੂਜੇ ਵੱਲ ਨੂੰ ਨੈਰ੍ਹੀਆਂ ਕੱਢਣ ਲੱਗ ਪੈਂਦੇ। ਕਿਸੇ ਨੂੰ ਪੁਰਾਣੀ ਚਿਤਾਰੀ ਯਾਦ ਆ ਜਾਂਦੀ; ਜਾਂ ਲਾ ਕੇ ਗੱਲ ਕਰਨ ਲੱਗ ਪੈਂਦੇ। ਉਚਾ, ਝੱਟ ਨੀਵਾਂ ਦਿਸਣ ਲੱਗ ਪੈਂਦਾ। ਹਾਥੀ, ਅੱਖ ਦੇ ਫੋਰ ਵਿਚ ਕੱਟਾ ਬਣ ਜਾਂਦਾ। ਆਮ ਪੇਂਡੂ ਪੰਜਾਬੀ ਕਹਾਵਤ ਹੈ ਕਿ ਸ਼ਰਾਬ ਪੀ ਕੇ ਜੇ ਕਿਸੇ ਦੇ ਚਾਰ ਮਾਰੀਆਂ ਨਾ, ਦੋ ਖਾਧੀਆਂ ਨਾ ਤਾਂ ਐਸੀ ਪੀਣ ਖੁਣੋਂ ਵੀ ਕੀ ਗੱਡਾ ਅੜਿਆ ਖੜ੍ਹਾ। ਭਾਈਬੰਦ ਬਹੁਤੀ ਵਾਰ ਪੀਤੀ ਸ਼ਰਾਬ ਦੀ ਲੱਜ ਪਾਲਦੇ। ਕਿਸੇ ਨੂੰ ਥੱਲੇ ਲਾਉਣ ਦੇ ਜਦੋਂ ਸਭ ਹਥਿਆਰ ਨਕਾਰੇ ਹੋ ਜਾਂਦੇ ਤਾਂ ਨੀਵਾਂ ਦਿਖਾਉਣ ਲਈ ਜਾਤਪਾਤ ਦੇ ਆਖਰੀ ਹਥਿਆਰ 'ਤੇ ਆ ਜਾਂਦੇ। ਚੰਗਾ-ਮੰਦਾ ਬੋਲਦੇ ਇੱਕ ਦੂਜੇ ਦੀ ਧੀ ਭੈਣ ਇੱਕ ਕਰ ਦਿੰਦੇ। ਹੱਥੋਪਾਈ ਹੁੰਦੇ। ਹੂਰੇ-ਮੁੱਕੇ ਚੱਲਦੇ। ਕਿਸੇ ਨੂੰ ਇੱਟ ਕੱਢ ਮਾਰਦੇ ਜਾਂ ਬੋਤਲ ਜਾਂ ਲੱਕੜੀ ਦਾ ਫੱਟਾ ਜਾਂ ਹੋਰ ਜੋ ਵੀ ਹੱਥ ਆਉਂਦਾ। ਕਈ ਤਿਆਰ ਹੋ ਕੇ ਜਾਂਦੇ-ਹਾਕੀਆਂ, ਸਰੀਏ, ਡੰਡੇ ਸੋਟੇ ਲੈ ਕੇ। ਕਈ ਲਾਗਡਾਟ ਵਿਚ ਦੂਜਿਆਂ ਦੀਆਂ ਕਾਰਾਂ ਦੇ ਟਾਇਰ ਵੱਢ ਦਿੰਦੇ। ਕੋਈ ਘਰ ਦੇ ਸ਼ੀਸ਼ੇ ਪੱਥਰ ਮਾਰ ਕੇ ਭੰਨ ਦਿੰਦਾ। ਯਾਨਿ ਆਪਣੀ ਆਈ 'ਤੇ ਆ ਹੀ ਜਾਂਦੇ। ਸਿੱਟਾ, ਪਤਾ ਲੱਗਣ 'ਤੇ ਕੰਮ ਤੋਂ ਕੱਢ ਦਿੱਤੇ ਜਾਂਦੇ। ਫਿਰ ਕਿੰਨਾ ਕਿੰਨਾ ਚਿਰ ਮਸੋਸੇ ਰਹਿੰਦੇ ਤੇ ਭੱਠੇ ਦੀ ਮੋਟੀ ਕਮਾਈ ਨੂੰ ਤਰਸੀ ਜਾਂਦੇ। ਰਾਣੀ ਦੀਆਂ ਮੂਰਤਾਂ ਵਾਲੇ ਨੋਟ ਹੱਥਾਂ ਵਿਚੋ ਕਿਰੀ ਜਾਂਦੇ ਨਜ਼ਰ ਆਉਂਦੇ। ਭੱਠਿਆਂ ਦੀਆਂ ਇਹ ਲੜਾਈਆਂ ਸ਼ਹਿਰ ਵਿਚ ਵੀ ਆ ਵੜਨੀਆਂ। ਪੱਬਾਂ ਵਿਚ ਵੀ।

ਭੱਠਿਆਂ ਦਾ ਜ਼ਿਕਰ ਹੁਣ ਲਾਇਬਰੇਰੀ ਵਿਚ ਜਾ ਪਿਆ ਹੈ, ਜਾਂ ਕੰਪਨੀ ਦੇ ਹੈਡਕੁਆਟਰ ਵਿਚ ਬੰਦ ਹੋਊਗਾ। ਅਗਲੀਆਂ ਨਸਲਾਂ ਲਈ ਜਾਣਕਾਰੀ ਦਾ ਇਹੋ ਵਸੀਲਾ ਰਹਿ ਗਿਆ ਹੈ। ਸਾਡੇ ਬੰਦੇ ਭੱਠਿਆਂ ਨੂੰ ਝੱਟ ਭੁੱਲ ਗਏ। ਲੇਬਰ ਮਾਰਕਿਟ ਵਿਚ ਇਹਦੀ ਦੇਣ ਬਹੁਤ ਵੱਡੀ ਹੈ। ਦੇਸੀ ਭਾਈਚਾਰੇ ਲਈ ਹੋਰ ਵੀ ਤਕੜੀ। ਬੈਡਫੋਰਡ ਦੇ ਬਹੁਤੇ ਪੰਜਾਬੀਆਂ ਦੇ ਜੀਵਨ ਵਿਚ ਭੱਠਾ ਕਿਸੇ ਨਾ ਕਿਸੇ ਤਰ੍ਹਾਂ ਵਸਿਆ ਹੋਇਆ ਹੈ। ਬੈਡਫੋਰਡ ਤੇ ਭੱਠੇ ਇਕ ਦੂਜੇ ਵਿਚ ਰਚੇ-ਮਿਚੇ ਰਹੇ ਨੇ। ਦੁਆਬੇ ਵਿਚ ਬਹੁਤ ਸਾਰੀਆਂ ਵੱਡੀਆਂ-ਵੱਡੀਆਂ ਕੋਠੀਆਂ ਵਲੈਤ ਦੀਆਂ ਫੈਕਟਰੀਆਂ ਦੀ ਬਦੌਲਤ ਉਸਰੀਆਂ ਅਤੇ ਇਨ੍ਹਾਂ ਵਿਚ ਬਹੁਤ ਸਾਰੀਆਂ ਭੱਠਿਆਂ ਦੀ ਬਰਕਤ ਸਦਕੇ ਵੀ। ਦੁਆਬੇ ਵਿਚ ਇਨ੍ਹਾਂ ਭੱਠਿਆਂ ਦੀ ਲੁਕਵੀਂ ਹਸਤੀ ਵੀ ਬੈਠੀ ਹੈ।

*(ਸਮਾਪਤ)*



*ਵਲੈਤ ਦੇ ਉਜੜ ਚੁੱਕੇ ਭੱਠੇ ਦੀ ਤਸਵੀਰ।*

***ਭੱਠਿਆਂ ਦਾ ਜ਼ਿਕਰ ਹੁਣ ਲਾਇਬਰੇਰੀ ਵਿਚ ਜਾ ਪਿਆ ਹੈ, ਜਾਂ ਕੰਪਨੀ ਦੇ ਹੈੱਡਕੁਆਟਰ ਵਿਚ ਬੰਦ ਹੋਊਗਾ। ਅਗਲੀਆਂ ਨਸਲਾਂ ਲਈ ਜਾਣਕਾਰੀ ਦਾ ਇਹੋ ਵਸੀਲਾ ਰਹਿ ਗਿਆ ਹੈ। ਸਾਡੇ ਬੰਦੇ ਭੱਠਿਆਂ ਨੂੰ ਝੱਟ ਭੁੱਲ ਗਏ। ਲੇਬਰ ਮਾਰਕਿਟ ਵਿਚ ਇਹਦੀ ਦੇਣ ਬਹੁਤ ਵੱਡੀ ਹੈ। ਦੇਸੀ ਭਾਈਚਾਰੇ ਲਈ ਹੋਰ ਵੀ ਤਕੜੀ। ਬੈੱਡਫ਼ੋਰਡ ਦੇ ਬਹੁਤੇ ਪੰਜਾਬੀਆਂ ਦੇ ਜੀਵਨ ਵਿਚ ਭੱਠਾ ਕਿਸੇ ਨਾ ਕਿਸੇ ਤਰ੍ਹਾਂ ਵਸਿਆ ਹੋਇਆ ਹੈ।***

*ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਸ਼ਾਇਰੀ ਨੇ ਪੀੜ੍ਹੀ-ਦਰ-ਪੀੜ੍ਹੀ ਸਭ ਨੂੰ ਪ੍ਰਭਾਵਿਤ ਕੀਤਾ ਹੈ। ਇਸ ਦਾ ਵੱਡਾ ਕਾਰਨ ਉਸ ਦੀ ਕਵਿਤਾ ਦਾ ਮਨੁੱਖੀ ਮਨ ਦੀਆਂ ਗਹਿਰਾਈਆਂ ਨਾਲ ਜੁੜੇ ਹੋਣਾ ਹੈ। ਉਹਦੀ ਹਰ ਕਵਿਤਾ ਵਿਚੋਂ ਸੱਚਾ ਅਤੇ ਸੁੱਚਾ ਪੰਜਾਬੀ ਸਭਿਆਚਾਰ ਝਾਤੀਆਂ ਮਾਰਦਾ ਲਗਦਾ ਹੈ। ਇਨ੍ਹਾਂ ਝਾਤੀਆਂ ਵਿਚੋਂ ਹੀ ਹਰ ਪਾਠਕ ਨੂੰ ਕੁਝ ਨਾ ਕੁਝ ਅਜਿਹਾ ਲੱਭ ਜਾਂਦਾ ਹੈ ਜਿਹੜਾ ਅਗਲੇ ਦੇ ਜ਼ਿਹਨ ਵਿਚ ਘਰ ਪਾ ਕੇ ਬੈਠ ਜਾਂਦਾ ਹੈ। ਇਹੀ ਸ਼ਿਵ ਦੀ ਕਵਿਤਾ ਦੀ ਤਾਕਤ ਹੈ ਜਿਹੜੀ ਸਮੇਂ ਨੂੰ ਪਾਰ ਕਰ ਕੇ ਪੰਜਾਬੀ ਸਾਹਿਤ ਜਗਤ ਦਾ ਸਦੀਵੀ ਸੱਚ ਬਣ ਚੁੱਕੀ ਹੈ। ਇਸ ਮਹਾਨ ਸ਼ਾਇਰ ਨੂੰ ਇਸ ਫਾਨੀ ਸੰਸਾਰ ਤੋਂ ਗਿਆਂ 41 ਸਾਲ ਹੋ ਚੁੱਕੇ ਹਨ। ਇਸ ਮੌਕੇ ਇਸ ਸ਼ਾਇਰ ਅਤੇ ਉਹਦੀ ਸ਼ਾਇਰੀ ਬਾਰੇ ਪ੍ਰਿੰਸੀਪਲ ਸਰਵਣ ਸਿੰਘ ਵੱਲੋਂ ਕੀਤੀਆਂ ਗੱਲਾਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। -ਸੰਪਾਦਕ*



**ਸ਼ਿਵ ਦੀ ਬਰਸੀ ਉਤੇ**

# ਸ਼ਿਵ ਕੁਮਾਰ ਬਟਾਲਵੀ ਦੀ ਯਾਦ

ਸ਼ਿਵ ਕੁਮਾਰ ਬਟਾਲਵੀ ਬਾਰੇ ਸ਼ਾਇਦ ਮੈਂ ਨਾ ਲਿਖਦਾ ਜੇ ਮੇਰੇ ਹੱਥੋਂ ਅਖ਼ਬਾਰ ਦਾ ਵਰਕਾ ਨਾ ਉਡਦਾ। ਅਖਬਾਰ ਦੇ ਉਡੇ ਵਰਕੇ ਮਗਰ ਮੈਂ ਕਾਫੀ ਦੂਰ ਤਕ ਦੌੜਿਆ। ਜਦ ਨੇੜੇ ਪਹੁੰਚਦਾ ਤਾਂ ਤੇਜ਼ ਹਵਾ ਉਸ ਨੂੰ ਹੋਰ ਦੂਰ ਉਡਾ ਦਿੰਦੀ। ਆਖਰ ਉਹ ਵਰਕਾ ਮੇਰੇ ਕਾਬੂ ਆ ਗਿਆ। ਕਾਬੂ ਕਰਾਉਣ ਵਿਚ ਇਕ ਸੁੱਕੇ ਬੂਟੇ ਨੇ ਸਾਥ ਦਿੱਤਾ ਜਿਸ ਨੂੰ ਥ੍ਹੋਰ ਵੀ ਕਿਹਾ ਜਾ ਸਕਦਾ। ਮੌਕਾ ਮੇਲ ਐਸਾ ਸੀ ਕਿ ਉਸੇ ਹਫਤੇ ਸ਼ਿਵ ਦੀ 40ਵੀਂ ਬਰਸੀ ਸੀ। ਬਰਸੀ ਕਰ ਕੇ ਹੀ ਅਖਬਾਰ ਵਿਚ ਉਹਦੇ ਬਾਰੇ ਲੇਖ ਛਪਿਆ ਸੀ। ਤੁਰੇ ਜਾਂਦਿਆਂ ਜਦ ਮੈਂ ਉਹ ਲੇਖ ਪੜ੍ਹਨ ਲੱਗਾ ਤਾਂ ਕਾਹਲੀ ਹਵਾ ਦੇ ਬੁੱਲੇ ਨਾਲ ਉਹੋ ਵਰਕਾ ਹੀ ਅਖਬਾਰ 'ਚੋਂ ਉਡ ਗਿਆ

**ਪ੍ਰਿੰਸੀਪਲ ਸਰਵਣ ਸਿੰਘ**
**ਫੋਨ: 905-799-1661**

ਸੀ। ਮੈਂ ਉਸ ਨੂੰ ਫੜਨ ਲਈ ਨੱਠਦਾ ਰਿਹਾ ਸਾਂ ਪਰ ਉਹ ਅੱਗੇ ਹੀ ਅੱਗੇ ਉਡਦਾ ਜਾਂਦਾ ਸੀ। ਮੈਨੂੰ ਇਉਂ ਲੱਗਾ ਜਿਵੇਂ ਸ਼ਿਵ ਹੀ ਮੇਰੇ ਅੱਗੇ ਭੱਜਿਆ ਜਾ ਰਿਹਾ ਹੋਵੇ! ਆਖਰ ਉਹ ਵਰਕਾ ਥ੍ਹੋਰ ਵਰਗੇ ਬੂਟੇ ਨਾਲ ਜਾ ਰੁਕਿਆ ਜਿਥੇ ਹਵਾ ਦਾ ਜ਼ੋਰ ਨਹੀਂ ਸੀ ਚੱਲਿਆ।

ਮੈਂ ਹੁਣ 74ਵੇਂ ਸਾਲ 'ਚ ਹਾਂ। ਜੇ ਸ਼ਿਵ ਕੁਮਾਰ ਜਿਉਂਦਾ ਰਹਿੰਦਾ ਤਾਂ 78ਵੇਂ ਸਾਲ 'ਚ ਹੋਣਾ ਸੀ। 78 ਸਾਲ ਦੀ ਉਮਰ ਕੋਈ ਬਹੁਤੀ ਨਹੀਂ ਹੁੰਦੀ। ਜਸਵੰਤ ਸਿੰਘ ਕੰਵਲ 95 ਸਾਲ ਦੀ ਉਮਰ ਵਿਚ ਵੀ ਚੰਗਾ ਭਲਾ ਹੈ। ਖੁਸ਼ਵੰਤ ਸਿੰਘ 99 ਸਾਲ ਜੀ ਗਿਐ। ਸੇਖੋਂ, ਸਤਿਆਰਥੀ, ਦੁੱਗਲ, ਅੰਮ੍ਰਿਤਾ ਤੇ ਗਾਰਗੀ ਵਰਗੇ ਹੋਰ ਕਈ ਸਾਹਿਤਕਾਰ ਅੱਸੀਆਂ ਨੱਬਿਆਂ ਸਾਲਾਂ ਤੋਂ ਵੱਧ ਜੀਵੇ। ਉਡਿਆ ਵਰਕਾ ਮੁੜ ਪੜ੍ਹਦਿਆਂ ਮੈਂ ਸ਼ਿਵ ਕੁਮਾਰ ਬਟਾਲਵੀ ਦੀਆਂ ਯਾਦਾਂ ਵਿਚ ਖੋ ਗਿਆ। ਜਿਵੇਂ ਮੈਂ ਪ੍ਰੋਫੈਸਰੀ/ਪ੍ਰਿੰਸੀਪਲੀ ਕਰਦਾ ਰਿਟਾਇਰ ਹੋਣ ਪਿੱਛੋਂ ਆਪਣੇ ਪੁੱਤਰ ਪਾਸ ਕੈਨੇਡਾ ਪੁੱਜ ਗਿਆ ਹਾਂ, ਉਵੇਂ ਸੰਭਵ ਸੀ ਸ਼ਾਇਰੀ ਕਰਦਾ ਸ਼ਿਵ ਕੁਮਾਰ ਵੀ ਆਪਣੀ ਧੀ ਪੂਜਾ ਕੋਲ ਅਮਰੀਕਾ ਪੁੱਜ ਜਾਂਦਾ। ਫਿਰ ਉਹ ਵੀ ਮੇਰੇ ਵਾਂਗ ਸਵੇਰੇ ਸੈਰ ਕਰਦਾ ਪੰਜਾਬੀ ਅਖਬਾਰ ਚੁੱਕ ਲਿਆਉਂਦਾ। ਉਹ ਵੀ ਤੁਰਿਆ ਜਾਂਦਾ ਅਖਬਾਰ 'ਤੇ ਨਜ਼ਰ ਮਾਰਦਾ। ਤੇਜ਼ ਵਗਦੀ ਹਵਾ 'ਚ ਉਹਦੇ ਹੱਥੋਂ ਵੀ ਮੇਰੇ ਵਾਂਗ ਅਖਬਾਰ ਦਾ ਵਰਕਾ ਉਡ ਜਾਂਦਾ ਤੇ ਉਹ ਉਹਨੂੰ ਫੜਨ ਲਈ ਨੱਠਦਾ...।



*ਸ਼ਿਵ ਦੀ ਪਤਨੀ ਅਰੁਣਾ, ਪੁੱਤ ਮਿਹਰਬਾਨ ਅਤੇ ਧੀ ਪੂਜਾ।*

ਸ਼ਿਵ ਬਾਰੇ ਸੋਚਦਾ ਮੈਂ 55 ਸਾਲ ਪਿੱਛੇ ਪਰਤ ਗਿਆ। ਫਰਵਰੀ 1959 ਦੇ ਦਿਨ ਸਨ। ਮੈਂ ਐਮ. ਆਰ. ਕਾਲਜ ਫਾਜ਼ਿਲਕਾ ਦਾ ਵਿਦਿਆਰਥੀ ਸਾਂ। ਅਸੀਂ ਪੰਜਾਬੀ ਸਾਹਿਤ ਸਭਾ ਬਣਾਈ ਸੀ ਤੇ ਸਭਾ ਵੱਲੋਂ ਕਵੀ ਦਰਬਾਰ ਕਰਵਾਇਆ ਸੀ। ਕਵੀ ਦਰਬਾਰ ਲਈ ਸੱਦੇ ਕਵੀਆਂ ਵਿਚ ਸ਼ਿਵ ਕੁਮਾਰ ਬਟਾਲਵੀ ਵੀ ਸੀ। ਉਹ ਕਾਲਜੀਏਟ ਹੀ ਲੱਗ ਰਿਹਾ ਸੀ। ਉਸ ਨੇ ਖੁੱਲ੍ਹੀ ਮੂਹਰੀ ਦਾ ਚਿੱਟਾ ਪਜਾਮਾ ਤੇ ਚਿੱਟਾ ਹੀ ਕੁੜਤਾ ਪਹਿਨਿਆ ਹੋਇਆ ਸੀ। ਮੋਢੇ 'ਤੇ ਲੋਈ ਤੇ ਪੈਰੀਂ ਚਪਲਾਂ ਪਾਈਆਂ ਹੋਈਆਂ ਸਨ। ਰੰਗ ਗੋਰਾ ਨਿਛੋਹ ਤੇ ਵਾਲ ਘੁੰਗਰਾਲੇ ਸਨ। ਅੱਖਾਂ ਮੋਟੀਆਂ, ਸਿਹਲੀਆਂ ਸੰਘਣੀਆਂ, ਨੱਕ ਤਿੱਖਾ ਤੇ ਬੁੱਲ੍ਹ ਪਤਲੇ ਸਨ। ਸੁਣਿਆਂ ਸੀ ਕਿ ਉਹ ਕਿਤੇ ਪਟਵਾਰੀ ਲੱਗਾ ਹੋਇਆ ਸੀ ਪਰ ਪਟਵਾਰੀਆਂ ਵਾਲਾ ਤਾਂ ਉਹਦੇ 'ਚੋਂ ਕੁਝ ਵੀ ਨਹੀਂ ਸੀ ਦਿਸਦਾ। ਨਾ ਵੱਡਾ ਢਿੱਡ ਸੀ, ਨਾ ਵੱਡਾ ਝੋਲਾ ਤੇ ਨਾ ਗੁੱਝੀਆਂ ਜੇਬਾਂ। ਉਥੇ ਦੋਵੇਂ ਰਾਮਪੁਰੀ ਕਵੀ ਸਨ, ਸੰਤੋਖ ਸਿੰਘ ਧੀਰ ਸੀ, ਬਰਕਤ ਰਾਮ ਯੁਮਨ ਤੇ ਗੁਰਦਾਸ ਰਾਮ ਆਲਮ ਸਨ। ਹੋਰ ਵੀ ਕਵੀ ਸਨ ਜਿਨ੍ਹਾਂ ਨਾਲ ਸਟੇਜ ਭਰੀ ਪਈ ਸੀ। ਜਸਵੰਤ ਸਿੰਘ ਕੰਵਲ ਪ੍ਰਧਾਨਗੀ ਕਰ ਰਿਹਾ ਸੀ।

ਸ਼ਿਵ ਕੁਮਾਰ ਦੀ ਵਾਰੀ ਆਈ ਤਾਂ ਉਸ ਨੇ ਅੱਖਾਂ ਮੁੰਦ ਕੇ ਇਕ ਹੱਥ ਕੰਨ 'ਤੇ ਧਰਿਆ, ਦੂਜਾ ਉਪਰ ਉਠਾਇਆ ਤੇ ਮਾਈਕ ਤੋਂ ਦਰਦ ਭਰੀ ਹੂਕ ਵਿਚ ਕਵਿਤਾ ਸੁਣਾਈ, ਮੈਂ ਕੰਡਿਆਲੀ ਥ੍ਹੋਰ ਵੇ ਸੱਜਣਾਂ, ਉਗੀ ਵਿਚ ਉਜਾੜਾਂ...। ਉਸ ਨੇ ਗੀਤ ਵੀ ਗਾਏ, ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚੋਂ ਬਿਰਹੋਂ ਦੀ ਰੜਕ ਪਵੇ...। ਮਾਏ ਨੀ ਮਾਏ ਮੈਂ ਇਕ ਸ਼ਿਕਰਾ ਯਾਰ ਬਣਾਇਆ...।

ਉਸ ਦੀਆਂ ਦਿਲ 'ਚ ਲਹਿ ਜਾਣ ਵਾਲੀਆਂ ਹੂਕਾਂ ਨੇ ਸਰੋਤਿਆਂ 'ਤੇ ਟੂਣਾ ਕਰ ਦਿੱਤਾ ਤੇ ਪੰਡਾਲ ਵਿਚ ਸੱਨਾਟਾ ਛਾ ਗਿਆ। ਵਾਰ-ਵਾਰ ਉਹਦੀ ਸ਼ਾਇਰੀ ਦੀ ਮੰਗ ਹੋਣ ਲੱਗੀ। ਅਸੀਂ ਕਾਲਜੀਏਟ ਮੁੰਡੇ ਸ਼ਿਵ ਦੀ ਸ਼ਾਇਰੀ 'ਤੇ ਪੱਟੇ ਗਏ ਤੇ ਉਹਦੀ ਜਿੰਨੀ ਵੀ ਸੇਵਾ ਹੋ ਸਕਦੀ ਸੀ, ਕੀਤੀ। ਉਹਦੇ ਸੁਹੱਪਣ ਦਾ, ਸ਼ਾਇਰੀ ਦਾ ਤੇ ਉਹਦੇ ਸੁਰੀਲੇ/ਦਰਦੀਲੇ ਗਾਇਨ ਦਾ ਬਿੰਬ ਹਾਲੇ ਵੀ ਮੇਰੇ ਦਿਲੋ ਦਿਮਾਗ ਵਿਚ ਤਾਜ਼ਾ ਹੈ। ਮੈਨੂੰ ਉਹ ਫਿਲਮਾਂ ਵਾਲੇ ਦੇਵਦਾਸ ਵਰਗਾ ਦਿਸਿਆ ਸੀ। ਜਦੋਂ ਉਹਦੀ ਕਿਤਾਬ 'ਕੰਡਿਆਲੀ ਥ੍ਹੋਰ' ਛਪੀ ਤਾਂ ਉਹ ਫਾਜ਼ਿਲਕਾ ਵਿਚ ਨਾ ਮਿਲੀ ਜਿਸ ਕਰ ਕੇ ਕਿਤਾਬ ਲੈਣ ਮੈਂ ਉਚੇਚਾ ਜਲੰਧਰ ਗਿਆ। ਐਨੀ ਖਿੱਚ ਸੀ ਉਹਦੀ ਕਵਿਤਾ ਦੀ! ਜਿਸ ਰਸਾਲੇ ਵਿਚ ਉਹਦੀਆਂ ਕਵਿਤਾਵਾਂ ਛਪਦੀਆਂ, ਮੈਂ ਸਾਂਭ-ਸਾਂਭ ਰੱਖਦਾ। ਉਸ ਦੀ ਸ਼ਾਇਰੀ ਨੇ 'ਕੱਲੀਆਂ ਕੁੜੀਆਂ ਹੀ ਨਹੀਂ ਸਨ ਪੱਟੀਆਂ, ਮੇਰੇ ਵਰਗੇ ਅਨੇਕਾਂ ਕਾਲਜੀਏਟ ਮੁੰਡੇ ਵੀ ਪੱਟੇ ਸਨ।

1965 ਵਿਚ ਜਦੋਂ ਮੈਂ ਦਿੱਲੀ ਦੇ ਖਾਲਸਾ ਕਾਲਜ ਵਿਚ ਲੈਕਚਰਾਰ ਲੱਗਾ ਤਾਂ ਉਥੇ ਵੀ ਅਸੀਂ ਕਵੀ ਦਰਬਾਰ ਕਰਵਾਇਆ ਜਿਸ ਵਿਚ ਸ਼ਿਵ ਕੁਮਾਰ ਬਟਾਲਵੀ ਨੂੰ ਸੱਦਿਆ। ਤਦ ਤਕ ਉਹ ਕਵੀ ਦਰਬਾਰਾਂ ਦਾ ਹੀਰੋ ਬਣ ਚੁੱਕਾ ਸੀ। ਉਹਦੀ ਥਾਉਂ-ਥਾਈਂ ਮੰਗ ਸੀ। ਕੁੜੀਆਂ ਆਟੋਗਰਾਫ ਲੈਣ ਲਈ ਉਹਦੇ ਮੋਢਿਆਂ ਉਤੋਂ ਦੀ ਉਲਰਦੀਆਂ। ਉਹਦੇ ਕੀਤੇ ਦਸਤਖ਼ਤ ਚੁੰਮਦੀਆਂ ਤੇ ਹਿੱਕ ਨਾਲ ਲਾਉਂਦੀਆਂ। ਦਿੱਲੀ ਉਹ ਕੁੜਤੇ-ਪਜਾਮੇ ਵਿਚ ਨਹੀਂ, ਸਗੋਂ ਹਲਕੇ ਨਸਵਾਰੀ ਸੂਟ ਵਿਚ ਸੀ। ਪੈਰੀਂ ਮਹਿੰਗੇ ਬੂਟ ਸਨ। ਐਕਟਰਾਂ ਵਾਂਗ ਸਜਿਆ ਹੋਇਆ ਸੀ। ਸਟੇਜ ਭਾਵੇਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੀ ਸੀ, ਪਰ ਸ਼ਿਵ ਸਿਗਰਟ ਤੇ ਸ਼ਰਾਬ ਪੀਣੋਂ ਨਾ ਰਹਿ ਸਕਿਆ। ਪੀਤੀ ਭਾਵੇਂ ਪਰਦੇ ਨਾਲ ਹੀ, ਪਰ ਲੁਕੀ ਨਾ ਰਹੀ। ਦਿੱਲੀ ਉਹ ਅੰਮ੍ਰਿਤਾ ਪ੍ਰੀਤਮ ਦਾ ਮਹਿਮਾਨ ਸੀ। ਉਹਦੇ ਲਈ ਹਰ ਘਰ ਦੇ ਬੂਹੇ ਖੁੱਲ੍ਹੇ ਸਨ।

ਤੁਰਦੇ-ਤੁਰਦੇ ਮੈਨੂੰ ਯਾਦ ਆਇਆ ਕਿ ਸ਼ਿਵ ਕੁਮਾਰ ਜਦੋਂ ਸਿਖਰ 'ਤੇ ਸੀ, ਉਹਦੇ ਆਲੋਚਕਾਂ ਵੱਲੋਂ ਉਹਦੀ ਬਦਖੋਹੀ ਵੀ ਹੋਣ ਲੱਗ ਪਈ ਸੀ। ਉਹਦੇ ਗੀਤਾਂ ਦੀਆਂ ਪੈਰੋਡੀਆਂ ਚੱਲ ਪਈਆਂ ਸਨ ਜਿਨ੍ਹਾਂ ਵਿਚ ਉਹਦਾ ਮਜ਼ਾਕ ਉਡਾਇਆ ਜਾਂਦਾ। ਕਿਹਾ ਜਾਂਦਾ ਕਿ ਉਸ ਦੀ ਸ਼ਾਇਰੀ ਵਿਚ ਰੋਣ-ਧੋਣ ਤੋਂ ਸਿਵਾ ਹੋਰ ਹੈ ਵੀ ਕੀ? ਅਗਾਂਹਵਧੂ ਆਲੋਚਕ ਸੁਆਲ ਕਰਦੇ ਕਿ ਉਹ ਸੰਦੇਸ਼ ਕੀ ਦਿੰਦੈ? ਹਾਏ ਬੂ ਦੀਆਂ ਦੁਹਾਈਆਂ ਤੋਂ ਬਿਨਾਂ ਕੀ ਹੈ ਉਹਦੀ ਕਵਿਤਾ ਵਿਚ? ਮੈਨੂੰ



*ਲੰਡਨ (1971) ਵਿਚ ਸ਼ਿਵ।*

ਯਾਦ ਹੈ, ਐਮ.ਏ. 'ਚ ਪ੍ਰੋ. ਜੋਗਿੰਦਰ ਸਿੰਘ ਸੋਢੀ ਸਾਨੂੰ ਆਧੁਨਿਕ ਕਵਿਤਾ ਦਾ ਪੇਪਰ ਪੜ੍ਹਾਉਂਦੇ ਸਨ। ਉਨ੍ਹਾਂ ਦੀ ਪਤਨੀ ਸੁਰਿੰਦਰ ਕੌਰ ਬੇਸ਼ੱਕ ਸ਼ਿਵ ਕੁਮਾਰ ਦੇ ਗੀਤ ਗਾਉਂਦੀ ਸੀ, ਪਰ ਉਹ ਆਪ ਸ਼ਿਵ ਦੇ ਗੀਤਾਂ ਦੀ ਖੱਲ ਲਾਹੁੰਦੇ ਰਹਿੰਦੇ ਸਨ। ਕਹਿੰਦੇ ਸਨ, "ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚੋਂ ਬਿਰਹੋਂ ਦੀ ਰੜਕ ਪਵੇ ਵੀ ਕੋਈ ਗੱਲ ਐ? ਨਿਰੀਆਂ ਝੱਲ-ਵਲੱਲੀਆਂ ਨੇ। ਵੈਣ ਨੇ, ਕੀਰਨੇ ਨੇ!"

ਇਸ ਦੇ ਬਾਵਜੂਦ ਸ਼ਿਵ ਹੋਰ ਮਸ਼ਹੂਰੀ ਫੜਦਾ ਗਿਆ। ਉਹ ਸਭ ਤੋਂ ਛੋਟੀ ਉਮਰ ਦਾ ਪੰਜਾਬੀ ਕਵੀ ਸੀ ਜਿਸ ਨੂੰ ਭਾਰਤੀ ਸਾਹਿਤ ਅਕਾਡਮੀ ਦਾ ਐਵਾਰਡ ਮਿਲਿਆ। ਉਸ ਦੇ ਮਹਾਂ ਕਾਵਿ 'ਲੂਣਾ' ਨੂੰ ਬੇਹੱਦ ਵਡਿਆਇਆ ਗਿਆ। ਸ਼ਿਵ ਕੁਮਾਰ ਬਾਰੇ ਲਿਖਿਆ ਵੀ ਬਹੁਤ ਗਿਆ ਤੇ ਪੜ੍ਹਿਆ ਵੀ ਬਹੁਤ। ਪ੍ਰਸ਼ੰਸਾ ਵੀ ਹੋਈ ਤੇ ਨਿੰਦਿਆ ਵੀ। ਯਾਰੀਆਂ ਲੱਗੀਆਂ ਵੀ ਤੇ ਟੁੱਟੀਆਂ ਵੀ। ਉਸ ਨੂੰ ਸੁਣਿਆਂ ਵੀ ਬਹੁਤ ਲੋਕਾਂ ਨੇ। ਪੈਸੇ ਬਣਾਏ ਵੀ ਬਹੁਤ ਤੇ ਉਜਾੜੇ ਵੀ ਰੱਜ ਕੇ। ਮੈਂ ਨਾ ਆਲੋਚਕ ਹਾਂ ਤੇ ਨਾ ਉਸ ਦੀ ਕਵਿਤਾ ਦੀ ਚੀਰ-ਫਾੜ ਕਰਨੀ ਚਾਹੁੰਨਾਂ; ਪਰ ਇਹ ਗੱਲ ਜ਼ਰੂਰ ਕਹਿਣੀ ਚਾਹੁੰਨਾਂ ਕਿ ਜਦੋਂ ਸ਼ਿਵ ਬਿਰਹਾ/ਵਿਛੋੜੇ ਦੀਆਂ ਵਿਲਕਣੀਆਂ ਤੇ ਜੋਬਨ ਰੁੱਤੇ ਮਰ ਜਾਣ ਦੇ ਗੀਤ ਗਾ ਰਿਹਾ ਸੀ, ਉਦੋਂ ਸੰਤ ਰਾਮ ਉਦਾਸੀ ਉਸ ਤੋਂ ਵੀ ਉਚੀ ਹੇਕ ਵਿਚ ਇਨਕਲਾਬੀ ਕੂਕਾਂ ਮਾਰ ਰਿਹਾ ਸੀ, ਉਠ ਕਿਰਤੀਆ ਉਠ ਵੇ ਉਠਣ ਦਾ ਵੇਲਾ, ਜੜ੍ਹ ਵੈਰੀ ਦੀ ਪੁੱਟ ਵੇ ਪੁੱਟਣ ਦਾ ਵੇਲਾ...। ਅਸੀਂ ਤੋੜੀਆਂ ਗੁਲਾਮੀ ਦੀਆਂ ਕੜੀਆਂ ਬੜੇ ਹੀ ਅਸੀਂ ਦੁੱਖੜੇ ਜਰੇ, ਆਖਣਾ ਸਮੇਂ ਦੀ ਸਰਕਾਰ ਨੂੰ ਉਹ ਗਹਿਣੇ ਸਾਡਾ ਦੇਸ਼ ਨਾ ਧਰੇ...। ਮਾਂ ਧਰਤੀਏ ਤੇਰੀ ਗੋਦ ਨੂੰ ਚੰਦ ਹੋਰ ਬਥੇਰੇ, ਮਘਦਾ ਰਹੀਂ ਤੂੰ ਸੂਰਜਾ ਕੰਮੀਆਂ ਦੇ ਵਿਹੜੇ...।

ਦੋਹਾਂ ਕਵੀਆਂ ਦੇ ਸਰੋਤਿਆਂ ਦੀ ਗਿਣਤੀ ਅਣਗਿਣਤ ਸੀ। ਦੋਹਾਂ ਦੀ ਸ਼ਾਇਰੀ ਐਸੀ ਸੀ ਜੋ ਉਨ੍ਹਾਂ ਦੇ ਮੂੰਹੋਂ ਹੀ ਫਬਦੀ ਸੀ। ਉਨ੍ਹਾਂ ਦੇ ਨਾਂ ਨਾਲ ਕਵੀ ਦਰਬਾਰਾਂ ਦੇ ਪੰਡਾਲ ਭਰ ਜਾਂਦੇ। ਸ਼ਿਵ ਦੀਆਂ ਦਰਦੀਲੀਆਂ ਹੂਕਾਂ ਅਤੇ ਉਦਾਸੀ ਦੀਆਂ ਲਲਕਾਰਵੀਆਂ ਹੇਕਾਂ ਸਮਾਂ ਬੰਨ੍ਹ ਦਿੰਦੀਆਂ। ਇਕ ਦੀ ਸ਼ਾਇਰੀ ਨਾਲ ਸਰੋਤਿਆਂ ਦੀਆਂ ਅੱਖਾਂ ਨਮ ਹੋ ਜਾਂਦੀਆਂ ਤੇ ਦੂਜੇ ਦੇ ਲਲਕਾਰਵੇਂ ਬੋਲਾਂ ਨਾਲ ਬੰਦ ਹੋਈਆਂ ਅੱਖਾਂ 'ਚ ਅੱਗ ਦਗਣ ਲੱਗਦੀ। ਹੁਣ ਉਨ੍ਹਾਂ ਦੀਆਂ ਕਿਤਾਬਾਂ 'ਚੋਂ ਉਨ੍ਹਾਂ ਦੀ ਰਚਨਾ ਪੜ੍ਹਨ ਨਾਲ ਉਹ ਗੱਲ ਨਹੀਂ ਬਣਦੀ। ਕੈਸੀ ਵਿਡੰਬਨਾ ਹੈ ਕਿ ਚੜ੍ਹਦੀ ਉਮਰ ਦੇ ਉਨ੍ਹਾਂ ਦੋਹਾਂ ਹੋਣਹਾਰ ਕਵੀਆਂ ਨੂੰ ਅੱਗੇ ਪਿੱਛੇ ਸ਼ਰਾਬ ਨੇ ਪੀ ਲਿਆ। ਹੁਣ ਉਨ੍ਹਾਂ ਦੀਆਂ ਯਾਦਾਂ ਹੀ ਬਾਕੀ ਹਨ ਜੋ ਬਰਸੀਆਂ ਮੌਕੇ ਯਾਦ ਆਉਂਦੀਆਂ ਹਨ।

ਬਲਵੰਤ ਗਾਰਗੀ ਸ਼ਿਵ ਬਟਾਲਵੀ ਨੂੰ 'ਕੌਡੀਆਂ ਵਾਲਾ ਸੱਪ' ਕਹਿੰਦਾ ਸੀ। ਉਸ ਨੇ ਲਿਖਿਆ ਹੈ, "ਸ਼ਿਵ ਬਟਾਲਵੀ ਨਾਲ ਮੇਰਾ ਠੇਕਾ ਸੀ। ਜਦੋਂ ਮੈਂ ਚੰਡੀਗੜ੍ਹ ਤੋਂ ਦਿੱਲੀ ਆਪਣੀ ਕਾਰ ਵਿਚ ਜਾਂਦਾ ਤਾਂ ਉਸ ਨੂੰ ਨਾਲ ਚੱਲਣ ਲਈ ਆਖਦਾ। ਰਸਤੇ ਵਿਚ ਬੀਅਰ ਦੀਆਂ ਦੋ ਬੋਤਲਾਂ, ਭੁੰਨਿਆ ਹੋਇਆ ਮੁਰਗਾ ਤੇ ਤੀਹ ਰੁਪਏ ਨਕਦ...। ਉਂਜ ਸ਼ਿਵ ਨੂੰ ਨਾ ਸ਼ਰਾਬ ਪਿਆਉਣ ਵਾਲਿਆਂ ਦਾ ਘਾਟਾ ਸੀ, ਨਾ ਮੁਰਗਾ ਖੁਆਉਣ ਵਾਲਿਆਂ ਦਾ। ਦਰਅਸਲ ਉਹਦੇ ਬਾਰੇ ਇਹ ਗੱਲ ਵੀ ਗਲਤ ਧੁੰਮੀ ਹੋਈ ਸੀ ਕਿ ਲੋਕ ਉਸ ਨੂੰ ਸ਼ਰਾਬ ਪਿਆਉਂਦੇ ਸਨ। ਉਸ ਕੋਲ ਜੇਬ ਵਿਚ ਜੇ ਇਕ ਹਜ਼ਾਰ ਹੁੰਦਾ ਤਾਂ ਉਹ ਦਿਨਾਂ ਵਿਚ ਹੀ ਦੋਸਤਾਂ ਨੂੰ ਸ਼ਰਾਬ ਪਿਆਉਣ ਤੇ ਖੁਆਣ ਉਤੇ ਖਰਚ ਦਿੰਦਾ। ਉਹ ਸ਼ਾਹੀ ਬੰਦਾ ਸੀ। ਉਸ ਵਿਚ ਆਪਣੇ ਆਪ ਨੂੰ ਉਜਾੜਨ ਦੀ ਬਹੁਤ ਸ਼ਕਤੀ ਸੀ।"

ਗਾਰਗੀ ਦੇ ਸ਼ਬਦਾਂ ਵਿਚ ਹੀ, "...ਸਟੇਜ ਦੇ ਪਿਛਾੜੀ ਸ਼ਰਾਬ ਦੀ ਛਬੀਲ ਲੱਗੀ ਹੋਈ ਸੀ। ਸ਼ਿਵ ਨੂੰ ਤੇ ਮੈਨੂੰ ਦੇਖਣ ਸਾਰ ਦੋ-ਤਿੰਨ ਕਰਮਚਾਰੀ ਅੱਗੇ ਵਧੇ, ਸੁਆਗਤੀ ਜੱਫੀਆਂ ਪਾਈਆਂ ਤੇ ਵਿਸਕੀ ਦੇ ਗਲਾਸ ਪੇਸ਼ ਕੀਤੇ। ਸ਼ਿਵ ਨੇ ਪੰਜ-ਸੱਤ ਘੁੱਟਾਂ ਵਿਚ ਗਲਾਸ ਖਾਲੀ ਕੀਤਾ...। ਸ਼ਿਵ ਕਵੀ ਦਰਬਾਰ 'ਚ ਪੁੱਜਾ ਤਾਂ ਸਾਰੇ ਹਾਲ ਵਿਚ ਲੂਹਰੀ ਦੌੜ ਗਈ। ਅੱਖਾਂ ਬੰਦ ਕਰ ਕੇ ਤੇ ਬਾਂਹ ਉਲਾਰ ਕੇ ਉਹ ਮਾਈਕ੍ਰੋਫੋਨ ਸਾਹਮਣੇ ਗੁਣ-ਗਣਾਇਆ। ਨਸ਼ੀਲੇ ਧੀਮੇ ਸੁਰ ਲਰਜ਼ੇ ਤੇ ਲੋਕਾਂ ਦੇ ਦਿਲਾਂ ਦੀਆਂ ਤਰਬਾਂ ਨੂੰ ਕਿਸੇ ਨੇ ਮਿਜ਼ਰਾਬ ਨਾਲ ਛੇੜਿਆ। ਯਕਦਮ ਉਸ ਦੀ ਆਵਾਜ਼ ਟੀਪ ਦੇ ਸੁਰਾਂ ਉਤੇ ਗੂੰਜੀ...। ਹਾਲ ਵਿਚ ਸੱਨਾਟਾ ਸੀ। ਕਿਸੇ-ਕਿਸੇ ਵੇਲੇ ਹਲਕੀ ਜਿਹੀ 'ਆਹ' ਨਿਕਲਦੀ। ਫਿਰ ਟੂਣੇਹਾਰੀ ਮੁਗਧਤਾ। ਨਜ਼ਮ ਖ਼ਤਮ ਹੋਈ ਤਾਂ ਕੁੜੀਆਂ ਨੇ ਹਾਕਾਂ ਮਾਰੀਆਂ 'ਕੀ ਪੁੱਛਦੇ ਓ ਹਾਲ ਫਕੀਰਾਂ ਦਾ।' ਸ਼ਿਵ ਮੁਸਕਰਾਇਆ ਤੇ ਨਵਾਂ ਮੂਡ ਤਾਰੀ ਕਰਨ ਲਈ ਫਿਰ ਗੁਣ-ਗੁਣਾਇਆ। ਜਦੋਂ ਉਸ ਨੇ ਉਚੀ ਹੇਕ ਲਾ ਕੇ ਗਾਇਆ,

ਤਕਦੀਰ ਤਾਂ ਸਾਡੀ ਸੌਂਕਣ ਸੀ,
ਤਦਬੀਰਾਂ ਸਾਥੋਂ ਨਾ ਹੋਈਆਂ,
ਨਾ ਝੰਗ ਛੁੱਟਿਆ ਨਾ ਕੰਨ ਪਾਟੇ,
ਝੁੰਡ ਲੰਘ ਗਿਆ ਇੰਜ ਹੀਰਾਂ ਦਾ,
ਕੀ ਪੁੱਛਦੇ ਓ ਹਾਲ ਫਕੀਰਾਂ ਦਾ...।

ਹਾਲ ਵਿਚ ਬੈਠੇ ਲੋਕ ਤੜਫ ਉਠੇ। ਕਾਲਜ ਦੀਆਂ ਕੁੜੀਆਂ ਦੇ ਸੀਨੇ ਵਿਚ ਹੂਕ ਉਠੀ। ਉਹ ਹੀਰਾਂ ਦਾ ਹੀ ਰੂਪ ਸਨ। ਜਵਾਨਾਂ ਦੇ ਸੀਨੇ ਵਿਚ ਸੱਪਾਂ ਨੇ ਡੰਗ ਮਾਰੇ ਕਿਉਂਕਿ ਉਹ ਸਾਰੇ ਅਜਿਹੇ ਰਾਂਝੇ ਸਨ ਜੋ ਕੰਨ ਨਹੀਂ ਸਨ ਪੜਵਾ ਸਕੇ।"

ਸ਼ਿਵ ਬਾਹਰ ਨਿਕਲਿਆ। ਉਸ ਨੇ ਇਕ ਕਰਮਚਾਰੀ ਨੂੰ ਆਖਿਆ, "ਕੁੱਤਿਓ, ਵਿਸਕੀ ਸਿਰਫ ਆਉਣ ਲੱਗਿਆਂ ਹੀ ਪਿਆਉਣੀ ਸੀ? ਗਲਾਸ ਲਿਆਓ।"

"ਨਵੇਂ ਸ਼ਾਇਰ, ਮਸ-ਫੁਟੇ ਸ਼ਾਇਰ, ਇਨਕਲਾਬੀ ਸ਼ਾਇਰ, ਪ੍ਰਯੋਗਵਾਦੀ ਸ਼ਾਇਰ ਉਸ ਦੇ ਖਿਲਾਫ ਬੋਲਦੇ। ਉਸ ਨੂੰ ਸਮਾਜੀ ਚੇਤਨਾ ਤੋਂ ਵਾਂਝਾ ਆਖਦੇ। ਭਲਾ ਅਜਿਹੀ ਕਵਿਤਾ ਦਾ ਕੀ ਮਤਲਬ, ਜਦੋਂ ਮੁਲਕ ਵਿਚ ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਭੁੱਖ ਹੈ ਤੇ ਸ਼ਿਵ, ਚੰਦ ਸੂਰਜ ਤੇ 'ਕੱਚੀ ਕੰਧ ਮਲੇ ਦੰਦਾਸਾ' ਦੀਆਂ ਗੱਲਾਂ ਕਰਦਾ ਹੈ। ਉਹ ਸਮਾਜ ਤੋਂ ਕਟ ਗਿਆ ਹੈ।"

"ਪਰ ਸ਼ਿਵ ਸ਼ੋਹਲੇ ਵਾਂਗ ਮਚਦਾ ਰਿਹਾ ਤੇ ਰੋਸ਼ਨੀ ਸੁੱਟਦਾ ਰਿਹਾ। ਉਹ ਆਖਦਾ, ਸਾਰੀ ਪ੍ਰਕਿਰਤੀ ਇਕ-ਦੂਜੇ ਦੀ ਨਿੰਦਿਆ ਤੇ ਪ੍ਰਸ਼ੰਸਾ ਹੈ। ਸਾਡਾ ਜਨਮ ਹੀ ਨਿੰਦਿਆ ਤੇ ਪ੍ਰਸ਼ੰਸਾ ਦੇ ਸੰਭੋਗ ਤੋਂ ਹੁੰਦਾ ਹੈ। ਆਪਣੀ ਪੀੜ ਦੀ ਨਿੰਦਿਆ ਮੈਂ ਆਪਣੇ ਗੀਤਾਂ ਨਾਲ ਕੀਤੀ। ਤੇ ਮੇਰੇ ਗੀਤਾਂ ਦੀ ਨਿੰਦਿਆ ਲੋਕਾਂ ਨੇ ਕੀਤੀ। ਇਸ ਦਾ ਕਾਰਨ ਮੇਰੀ ਸ਼ੁਹਰਤ ਪ੍ਰਤੀ ਸਾੜੇ ਤੋਂ ਸਿਵਾ ਕੁਝ ਨਹੀਂ। ਸਾੜਾ ਹਮੇਸ਼ਾ ਘਟੀਆ ਨੂੰ ਵਧੀਆ ਨਾਲ ਹੁੰਦਾ ਹੈ।"

ਫਿਰ ਅਖਬਾਰ ਦੇ ਉਸ ਉਡੇ ਵਰਕੇ ਵੱਲ ਹੀ ਪਰਤਦਾਂ ਜੋ ਇਸ ਲਿਖਤ ਦਾ ਸਬੱਬ ਬਣਿਆ। ਉਸ ਉਤੇ ਬਲਬੀਰ ਸਿੰਘ ਮੋਮੀ ਦਾ ਲੇਖ 'ਸ਼ਿਵ ਤੇ ਮੈਂ' ਛਪਿਆ ਸੀ। ਉਸ ਨੇ ਲਿਖਿਆ ਕਿ ਸ਼ਿਵ 11 ਸਾਲ ਦਾ ਸੀ ਜਦੋਂ ਪਾਕਿਸਤਾਨ ਬਣਿਆ। ਉਹ ਸਿਆਲਕੋਟ ਦੇ ਪਿੰਡ ਲੋਹਟੀਆਂ ਤੋਂ ਉਜੜ ਕੇ ਬਟਾਲੇ ਆਇਆ। ਦਸ ਜਮਾਤਾਂ ਪੜ੍ਹ ਕੇ ਕਾਲਜ ਪੜ੍ਹਨ ਲੱਗਾ ਤਾਂ ਉਸ ਦੇ ਨਾਇਬ ਤਹਿਸੀਲਦਾਰ ਪਿਤਾ ਨੇ ਕਾਲਜੋਂ ਹਟਾ ਕੇ ਪਟਵਾਰੀ ਬਣਾ ਦਿੱਤਾ। ਉਸ ਦਾ ਇਸ਼ਕ ਬੈਜਨਾਥ ਦੇ ਮੇਲੇ 'ਤੇ ਮਿਲੀ ਕੁੜੀ ਮੀਨਾ ਨਾਲ ਹੋਇਆ ਜੋ ਮਿਆਦੀ ਬੁਖ਼ਾਰ ਨਾਲ ਮਰ ਗਈ। ਉਹਦੀ ਯਾਦ ਵਿਚ ਕਵਿਤਾਵਾਂ ਲਿਖਦਾ ਉਹ ਸ਼ਾਇਰ ਬਣ ਗਿਆ। ਇਕ ਹੋਰ ਕੁੜੀ ਨਾਲ ਇਸ਼ਕ ਹੋਇਆ ਤਾਂ ਉਹ ਇੰਗਲੈਂਡ ਉਡਾਰੀ ਮਾਰ ਗਈ ਜਿਸ ਨੂੰ ਉਸ ਨੇ 'ਇਕ ਸ਼ਿਕਰਾ ਯਾਰ ਬਣਾਇਆ' ਕਿਹਾ।

ਸ਼ਿਵ ਦਾ ਵਿਆਹ 5 ਫਰਵਰੀ 1967 ਨੂੰ ਅਰੁਣਾ ਨਾਲ ਹੋਇਆ ਸੀ ਜਿਸ ਦੀ ਕੁੱਖੋਂ ਧੀ ਪੂਜਾ ਤੇ ਪੁੱਤਰ ਮਿਹਰਬਾਨ ਪੈਦਾ ਹੋਏ। ਅਰੁਣਾ ਲਾਇਬ੍ਰੇਰੀਅਨ ਦੀ ਨੌਕਰੀ ਤੋਂ ਰਿਟਾਇਰ ਹੋ ਚੁੱਕੀ ਹੈ। ਸ਼ਿਵ ਦੀ ਯਾਦ ਵਿਚ ਬਟਾਲੇ ਆਡੀਟੋਰੀਅਮ ਬਣਿਆ ਹੋਇਐ। ਉਸ ਦੀਆਂ ਕਿਤਾਬਾਂ ਅੱਜ ਵੀ ਵਿਕਦੀਆਂ ਜਿਵੇਂ ਵਾਰਸ ਦੀ ਹੀਰ ਵਿਕਦੀ ਹੈ। ਵਾਰਸ ਸ਼ਾਹ ਤੋਂ ਬਾਅਦ ਪੰਜਾਬੀ ਵਿਚ ਸ਼ਿਵ ਸਭ ਤੋਂ ਵੱਧ ਮਕਬੂਲ ਹੋਇਆ। ਇਥੋਂ ਤਕ ਕਿ ਵਧੀਆ ਕਵੀ ਪਾਸ਼ ਤੇ ਪਾਤਰ ਵੀ ਪਿੱਛੇ ਹਨ। ਸ਼ਿਵ ਸੋਗ ਤੇ ਬਿਰਹਾ ਦਾ ਚੈਂਪੀਅਨ ਸੀ। ਉਹਦੀ ਕਵਿਤਾ ਵਿਚ ਕਫ਼ਨ, ਮੌਤ, ਗ਼ਮ, ਉਜਾੜ, ਮੋਏ ਮਿੱਤਰ, ਹਿਜਰ, ਹੰਝੂ, ਕਲੇਜਾ, ਅਰਥੀ, ਕਬਰਾਂ ਤੇ ਸਿਵਿਆਂ ਵਰਗੇ ਸ਼ਬਦ ਵਾਰ-ਵਾਰ ਆਉਂਦੇ ਸਨ।

ਗਾਰਗੀ ਨੇ ਲਿਖਿਆ, ਸ਼ਰਾਬ ਨਾਲ ਭੰਨੇ ਸ਼ਿਵ ਦੇ ਅੰਤਲੇ ਦਿਨ ਉਸ ਦੇ ਸਹੁਰੇ ਘਰ ਬੀਤੇ। ਉਸ ਨੂੰ ਰਾਤ ਨੂੰ ਨੀਂਦ ਨਾ ਆਉਂਦੀ। ਕਈ ਵਾਰ ਉਹ ਮੌਤ ਨੂੰ ਹਾਕਾਂ ਮਾਰਦਾ ਤੇ ਰੋਂਦਾ, "ਮੈਂ ਇਕੱਲਾ ਹਾਂ ਲੋਕੋ! ਮੈਂ ਇਕੱਲਾ ਰਹਿ ਗਿਆ। ਕਿਥੇ ਨੇ ਮੇਰੇ ਯਾਰ?" ਦੂਰ ਖੇਤਾਂ ਵਿਚ ਗਿੱਦੜ ਰੋਂਦੇ ਤੇ ਭਾਂ-ਭਾਂ ਕਰਦੀ ਰਾਤ ਵਿਚ ਸ਼ਿਵ ਦੀਆਂ ਹਾਕਾਂ ਗੁਆਚ ਜਾਂਦੀਆਂ।

ਆਖ਼ਰ 6 ਮਈ 1973 ਦੀ ਰਾਤ ਨੂੰ ਸ਼ਿਵ ਦੀ ਕੂਕਦੀ ਰੂਹ ਸ਼ਾਂਤ ਹੋਈ।

## ਕਹਾਣੀ

# ਕੁਬਜਾਂ

***ਮਰਾਠੀ ਲੇਖਕ ਨਰ ਸਿੰਘ ਬੇਂਡੇ ਦੀ ਕਹਾਣੀ 'ਕੁਬਜਾਂ' ਵਿਚ ਇਕੋ ਵੇਲੇ ਪੇਸ਼ ਕੋਮਲਤਾ ਅਤੇ ਕਠੋਰਤਾ ਇਸ ਰਚਨਾ ਦਾ ਹਾਸਲ ਹੈ। ਬੱਚਿਆਂ ਨਾਲ ਵਿਤਕਰੇ ਤਾਂ ਅਕਸਰ ਹਰ ਘਰ ਵਿਚ ਦੇਖਣ-ਸੁਣਨ ਨੂੰ ਮਿਲ ਜਾਂਦੇ ਹਨ, ਪਰ ਇਸ ਕਹਾਣੀ ਵਿਚ ਨੰਨ੍ਹੀ ਜਾਨ ਨਾਲ ਹੋ ਰਿਹਾ ਵਿਤਕਰਾ ਜਾਨ ਕੱਢਣ ਵਾਲਾ ਹੈ ਪਰ ਜਿਸ ਤਰ੍ਹਾਂ ਉਹ ਲਾਡ ਵਾਲੇ ਇਕ ਚੁੰਮਣ ਲਈ ਆਪਣੀ ਸਭ ਤੋਂ ਸੋਹਣੀ ਸਾੜ੍ਹੀ ਕੁਰਬਾਨ ਕਰ ਦਿੰਦੀ ਹੈ, ਉਸ ਵੇਲੇ ਦੀ ਇਸ ਨੰਨ੍ਹੀ ਜਾਨ ਦੀ ਮਾਨਸਿਕ ਅਵਸਥਾ ਨੂੰ ਲੇਖਕ ਨੇ ਕਿਸੇ ਪਰੀ ਕਹਾਣੀ ਵਾਂਗ ਆਪਣੇ ਸ਼ਬਦਾਂ ਵਿਚ ਬੰਨ੍ਹਿਆ ਹੈ। ਕਹਾਣੀ ਦੀ ਰਵਾਨੀ ਨੇ ਇਸ ਰਚਨਾ ਨੂੰ ਚਾਰ ਚੰਨ ਲਾ ਦਿੱਤੇ ਹਨ। ਇਸ ਰਚਨਾ ਦਾ ਅਨੁਵਾਦ ਚਿਰ ਪਹਿਲਾਂ ਪੰਜਾਬੀ ਦੇ ਚੋਟੀ ਦੇ ਨਾਵਲਕਾਰ ਨਾਨਕ ਸਿੰਘ ਦਾ ਕੀਤਾ ਹੋਇਆ ਹੈ। -ਸੰਪਾਦਕ***

**ਨਰ ਸਿੰਘ ਬੇਂਡੇ**

**ਅਨੁਵਾਦ: ਨਾਵਲਿਸਟ ਨਾਨਕ ਸਿੰਘ**

ਉਸ ਦਾ ਅਸਲ ਨਾਂ ਸੀ ਵੇਣੂ, ਪਰ ਅਸੀਂ ਸਾਰਾ ਟੱਬਰ ਉਸ ਨੂੰ ਕੁਬਜਾਂ ਕਹਿ ਕੇ ਬੁਲਾਉਂਦੇ ਹੁੰਦੇ ਸਾਂ, ਤੇ ਉਹ ਵੀ ਅੱਗਿਉਂ ਸੁਭਾਵਕ ਤੌਰ ਤੇ 'ਹਾਂ' ਕਹਿ ਦਿੰਦੀ ਹੁੰਦੀ ਸੀ।

ਬਾਰਾਂ ਵਰ੍ਹੇ ਪਹਿਲਾਂ ਜਦ ਕੁਬਜਾਂ ਦਾ ਜਨਮ ਹੋਇਆ ਸੀ, ਤਾਂ ਉਹ ਅਸਾਂ ਸਭ ਭੈਣਾਂ ਭਰਾਵਾਂ ਨਾਲੋਂ ਕਾਲੀ ਹੋਵੇਗੀ, ਪਰ ਮੇਰੀ ਮਾਂ ਨੂੰ ਉਹ ਹੋਰ ਵੀ ਕਰੂਪ ਜਾਪਦੀ ਸੀ। ਇਸ ਦਾ ਕਾਰਨ ਇਹ ਹੈ ਕਿ ਜਿਸ ਦਿਨ ਕੁਬਜਾਂ ਦਾ ਜਨਮ ਹੋਇਆ, ਉਸੇ ਦਿਨ ਮੇਰਾ ਸਕਾ ਮਾਮਾ ਪਲੇਗ ਨਾਲ ਚੜ੍ਹਾਈ ਕਰ ਗਿਆ। ਮੇਰੀ ਮਾਂ ਕਹਿੰਦੀ ਹੁੰਦੀ ਸੀ, "ਇਹ ਚੁੜੇਲ ਤਾਂ ਜੰਮਣ ਵੇਲੇ ਮੈਨੂੰ ਵੀ ਮਾਰ ਦੇਣ ਲੱਗੀ ਸੀ।"

ਵੇਣੂ ਅਰਥਾਤ ਕੁਬਜਾਂ ਵੀ ਮੇਰੀ ਅਤੇ ਮੇਰੀਆਂ ਤਿੰਨਾਂ ਭੈਣਾਂ ਦੀ ਸਕੀ ਭੈਣ ਹੀ ਸੀ, ਪਰ ਪਤਾ ਨਹੀਂ ਕਿਉਂ, ਤਿੰਨੇ ਭੈਣਾਂ ਉਸ ਨੂੰ ਨਫ਼ਰਤ ਕਰਦੀਆਂ ਸਨ। ਸ਼ਾਇਦ ਇਸ ਕਰ ਕੇ ਕਿ ਉਹ ਤਿੰਨੇ ਸੋਹਣੀਆਂ ਅਤੇ ਇਹ ਕ-ਸੋਹਣੀ ਸੀ।

ਕਿਸੇ ਨਾ ਕਿਸੇ ਕਾਰਨ ਵਿਚਾਰੀ ਵੇਣੂ ਰੋਜ਼ ਪੰਜ-ਛੇ ਵਾਰੀ ਰੋਂਦੀ ਸੀ। ਇਸ ਤੋਂ ਛੁਟ ਉਹ ਦਿਨ ਵਿਚ ਕਈ ਵਾਰੀ ਰੁੱਸਦੀ ਵੀ ਸੀ, ਪਰ ਕਦੀ ਕਿਸੇ ਉਸ ਨੂੰ ਮਨਾਇਆ ਨਹੀਂ ਸੀ। ਉਹ ਆਪੇ ਰੋ-ਧੋ ਕੇ ਚੁੱਪ ਕਰ ਜਾਂਦੀ ਹੁੰਦੀ ਸੀ, ਤੇ ਦਿਲ ਦਾ ਗੁਬਾਰ ਕੱਢਣ ਲਈ ਉਨ੍ਹਾਂ ਦੀਆਂ ਸਾਂਗਾਂ ਲਾਉਣ ਲੱਗ ਪੈਂਦੀ।

ਅੱਜ ਅਸਾਂ ਕਿਸੇ ਦਾਅਵਤ 'ਤੇ ਜਾਣਾ ਸੀ। ਸੱਦਾ ਤਾਂ ਸਾਰੇ ਟੱਬਰ ਨੂੰ ਆਇਆ ਸੀ, ਪਰ ਵਿਚਾਰੀ ਕੁਬਜਾਂ ਨੂੰ ਛੱਡ ਕੇ ਬਾਕੀ ਸਾਰੀਆਂ ਭੈਣਾਂ ਜਾਣ ਦੀ ਤਿਆਰੀ ਕਰ ਰਹੀਆਂ ਸਨ, ਤੇ ਮੈਂ ਇਕਲਵਾਂਜੇ ਖਲੋਤਾ ਆਪਣਾ ਰੁਮਾਲ ਤਹਿ ਕਰਦਾ ਹੋਇਆ ਉਨ੍ਹਾਂ ਵੱਲ ਤੱਕ ਰਿਹਾ ਸਾਂ। ਇਸੇ ਵੇਲੇ ਮੈਂ ਵੇਖਿਆ ਕਿ ਕੁਬਜਾਂ ਪੀਂ-ਪੀਂ ਦੀ ਬੇ-ਸੁਰੀ ਆਵਾਜ਼ ਕੱਢਦੀ ਹੋਈ ਆ ਪਹੁੰਚੀ। ਉਸ ਦੇ ਪੈਰ ਚਿੱਕੜ ਨਾਲ ਭਰੇ ਹੋਏ ਸਨ, ਤੇ ਉਸ ਦੀ ਮੈਲੀ-ਕੁਚੈਲੀ ਘੱਗਰੀ ਉਤੇ ਪਾਣੀ ਦੀਆਂ ਛਿੱਟਾਂ ਦਿਖਾਈ ਦਿੰਦੀਆਂ ਸਨ। ਜਿਹੜੀ ਉਸ ਨੇ ਕੁੜਤੀ ਪਾਈ ਹੋਈ ਸੀ, ਉਸ ਦਾ ਸਿਰਫ ਇਕੋ ਬਟਨ ਮੀਟਿਆ ਹੋਇਆ ਸੀ ਜਿਸ ਕਰ ਕੇ ਉਸ ਦੇ ਢਿੱਡ ਦਾ ਕੁਝ ਹਿੱਸਾ ਦਿਖਾਈ ਦੇ ਰਿਹਾ ਸੀ। ਉਹ ਪਿੱਪਲ ਦੇ ਪੱਤੇ ਦੀ ਪੀਪਣੀ ਬਣਾ ਕੇ ਵਜਾਉਣ ਡਹੀ ਹੋਈ ਸੀ ਜਿਸ ਦੀ ਪੀਂ-ਪੀਂ ਦੀ ਆਵਾਜ਼ ਬੜੀ ਭੈੜੀ ਲਗਦੀ ਸੀ। ਦਾਅਵਤ 'ਤੇ ਜਾਣ ਦੀ ਤਿਆਰੀ ਵੇਖ ਕੇ ਕੁਬਜਾਂ ਨੇ ਪੀਪਣੀ ਵਜਾਉਣੀ ਬੰਦ ਕਰ ਦਿੱਤੀ, ਤੇ ਪੁੱਛਣ ਲੱਗੀ, "ਕਿਥੇ ਚੱਲੇ ਓ ਤੁਸੀਂ ਸਾਰੇ?" ਤੇ ਜਦ ਕਿਸੇ ਨੇ ਕੋਈ ਉਤਰ ਨਾ ਦਿੱਤਾ, ਤਾਂ ਉਹ ਜਿਦੇ ਪੈ ਗਈ, "ਮੈਂ ਵੀ ਚੱਲਾਂਗੀ, ਮੈਂ ਵੀ ਚੱਲਾਂਗੀ", ਤੇ ਕੱਪੜੇ ਬਦਲਣ ਲਈ ਉਹ ਹਫ਼ੜਾ-ਦਫ਼ੜੀ ਮਚਾਉਣ ਲੱਗੀ।

ਇਸ ਜਲਦਬਾਜ਼ੀ ਵਿਚ ਉਸ ਦਾ ਪੈਰ ਮਾਂ ਦੇ ਰੇਸ਼ਮੀ ਭੋਛਣ ਉਤੇ ਰੱਖਿਆ ਗਿਆ। ਜਿਉਂ ਹੀ ਮਾਂ ਦੀ ਨਜ਼ਰ ਭੋਛਣ 'ਤੇ ਪਈ, ਦੋ-ਤਿੰਨ ਥੱਪੜ ਉਸ ਨੇ ਕੁਬਜਾਂ ਦੀ ਪਿੱਠ ਵਿਚ ਜੜ ਦਿੱਤੇ, ਤੇ ਲੋਹੀ ਲਾਖੀ ਹੋ ਕੇ ਕਹਿਣ ਲੱਗੀ, "ਰੰਡੀਏ! ਅੱਖਾਂ ਫੁੱਟੀਆਂ ਹੋਈਆਂ ਈ?"

ਭੋਛਣ ਉਤੋਂ ਚਿੱਕੜ ਦੇ ਦਾਗ਼ ਪੂੰਝਦੀ ਮਾਂ ਕਹਿਣ ਲੱਗੀ, "ਖਸਮ ਨੂੰ ਖਾਣੀ ਚੁੜੇਲ। ਪੈਰਾਂ ਨਾਲ ਲੱਕ-ਲੱਕ ਚਿੱਕੜ ਥੱਪ ਕੇ ਆ ਵੜਦੀ ਏ।" ਉਧਰ ਕੁਬਜਾਂ ਅਜੇ ਤੋੜੀ ਪਿੱਠ ਨੂੰ ਮਲ ਰਹੀ ਸੀ, ਤੇ ਉਸ ਨੂੰ ਫਿਕਰ ਸੀ ਕਿ ਕਿਤੇ ਹੋਰ ਨਾ ਦੋ-ਚਾਰ ਪੈ ਜਾਣ, ਤੇ ਉਹ ਦੁਬਕ ਕੇ ਘਰ ਦੀ ਇਕ ਨੁੱਕਰੇ ਜਾ ਖੜੋਤੀ।

ਮੇਰੀ ਵਿਚਕਾਰਲੀ ਭੈਣ ਨੇ ਕੁਬਜਾਂ ਨੂੰ ਕਿਹਾ, "ਕੁਬਜ਼ਾਂ, ਜ਼ਰਾ ਜਾ ਕੇ ਮੇਰੇ ਟਰੰਕ ਵਿਚੋਂ ਮੇਰੀ ਝੁਮਕੀਆਂ ਦੀ ਜੋੜੀ ਤਾਂ ਕੱਢ ਲਿਆਈਂ। ਛੇਤੀ ਲਿਆ, ਫਿਰ ਮੈਂ ਤੈਨੂੰ ਆਪਣੇ ਨਾਲ ਲੈ ਚੱਲਾਂਗੀ।" 'ਲੈ ਚੱਲਾਂਗੀ' ਸੁਣਦਿਆਂ ਹੀ ਕੁਬਜਾਂ ਨੂੰ ਮਾਰ ਦੀ ਸਾਰੀ ਪੀੜ ਭੁੱਲ ਗਈ, ਤੇ ਉਹ ਛੇਤੀ ਨਾਲ ਜਾ ਕੇ ਭੈਣ ਦੇ ਝੁਮਕੇ ਲੈ ਆਈ।

ਇਕ ਤਾਂ ਉਂਝ ਹੀ ਉਹ ਬੜੀ ਫੁਰਤੀਲੀ ਸੀ, ਇਸ ਉਤੇ ਦਾਅਵਤ ਖਾਣ ਦੀ ਖੁਸ਼ੀ! ਉਸ ਨੇ ਝਟਪਟ ਵੱਡੀ ਭੈਣ ਦੇ ਬਟੂਏ ਕੋਲ ਪਈ ਹੋਈ ਸਾਬਣਦਾਨੀ ਚੁੱਕੀ, ਤੇ ਗੁਸਲਖਾਨੇ ਵੱਲ ਦੌੜੀ।

ਵੱਡੀ ਭੈਣ ਨੇ ਕੜਕ ਨੇ ਕਿਹਾ, "ਕੁਬਜਾਂ! ਰੱਖ ਦੇ ਮੇਰੀ ਸਾਬਣਦਾਨੀ।"

ਕੁਬਜਾਂ ਰੁਕੀ ਨਹੀਂ, ਤੇ 'ਹੁਣੇ ਲਿਆਈ' ਕਹਿ ਕੇ ਤੁਰੀ ਗਈ, ਪਰ ਵੱਡੀ ਭੈਣ ਨੇ ਇਕੋ ਛਲਾਂਗ ਮਾਰ ਕੇ ਉਹਦਾ ਰਾਹ ਰੋਕ ਲਿਆ, ਤੇ ਸਾਬਣਦਾਨੀ ਉਸ ਦੇ ਹੱਥੋਂ ਖੋਹ ਕੇ ਬੋਲੀ, "ਕੱਪੜੇ ਧੋਣ ਵਾਲਾ ਸਾਬਣ ਪਿਆ ਹੋਇਆ ਈ, ਉਸ ਨਾਲ ਧੋਂਦਿਆਂ ਕਿਤੇ ਮੂੰਹ ਤੇਰਾ ਛਿਲਿਆ ਤੇ ਨਹੀਂ ਚੱਲਿਆ।"

ਵੱਡੀ ਭੈਣ ਦੇ ਸਾਹਮਣੇ ਕੁਬਜਾਂ ਵਿਚਾਰੀ ਦੀ ਜ਼ਬਾਨ ਤੇ ਨਾ ਖੁੱਲ੍ਹੀ, ਪਰ ਦਿਲ ਵਿਚ ਉਹ ਜ਼ਰੂਰ ਕਹਿੰਦੀ ਹੋਵੇਗੀ, "ਕੱਪੜੇ ਧੋਣ ਵਾਲੇ ਸਾਬਣ ਨਾਲ ਮੂੰਹ ਧੋਵਾਂ? ਕਿਉਂ, ਤੁਹਾਨੂੰ ਆਪਣੇ ਰੰਗ ਰੂਪ ਦਾ ਇਤਨਾ ਮਾਣ ਹੈ?"

ਸਾਬਣ ਹੱਥੋਂ ਖੁੱਸਦਿਆਂ ਹੀ ਕੁਬਜਾਂ ਦਾ ਉਤਸ਼ਾਹ ਜਾਂਦਾ ਰਿਹਾ, ਤੇ ਮੂੰਹ ਫੁਲਾ ਕੇ ਇਕ ਨੁੱਕਰੇ ਜਾ ਬੈਠੀ। ਦਾਅਵਤ ਦੇ ਜਾਣ ਦਾ ਜਿਵੇਂ ਉਸ ਨੇ ਇਰਾਦਾ ਹੀ ਛੱਡ ਦਿੱਤਾ, ਪਰ ਮੇਰੇ ਦਿਲ ਨੂੰ ਕਰੜੀ ਚੋਟ ਲੱਗੀ। ਮੇਰੀ ਖਾਹਿਸ਼ ਤਾਂ ਇੱਥੋਂ ਤੱਕ ਸੀ ਕਿ ਵੱਡੀਆਂ ਭੈਣਾਂ ਅਤੇ ਮਾਂ, ਉਸ ਨੂੰ ਮਨਾ-ਮਨੂ ਕੇ ਪਿਆਰ-ਪੁਚਕਾਰ ਕੇ ਨਾਲ ਲੈ ਚੱਲਣ, ਪਰ ਜਦ ਕੁਬਜਾਂ ਵੱਲ ਧਿਆਨ ਦਿੱਤੇ ਬਿਨਾਂ ਹੀ ਸਾਰੇ ਜਣੇ ਸਜ-ਸਜਾ ਕੇ ਤਿਆਰ ਹੋ ਕੇ ਖੜੋਤੇ, ਤਾਂ ਮੈਂ ਮਾਂ ਨੂੰ ਪੁੱਛਿਆ, "ਕਿਉਂ ਮਾਂ ਜੀ, ਕੁਬਜਾਂ ਸਾਡੇ ਨਾਲ ਨਹੀਂ ਜਾਏਗੀ?" ਪਰ ਮੇਰੇ ਸਵਾਲ ਦਾ ਕਿਸੇ ਨੇ ਕੋਈ ਜਵਾਬ ਨਾ ਦਿੱਤਾ, ਤੇ ਸਾਰੇ ਵਾਰੋ-ਵਾਰੀ ਪੌੜੀਆਂ ਉਤਰਨ ਲੱਗੇ।

---

ਟਿੱਕੇ (ਭਾਈ ਦੂਜ) ਦਾ ਤਿਉਹਾਰ ਸੀ, ਤੇ ਮੈਂ ਸਾਂ ਚਹੁੰ ਭੈਣਾਂ ਦਾ ਇਕੋ-ਇਕ ਵੀਰ। ਸਵੇਰੇ ਉਠਦਿਆਂ ਹੀ ਘਰ ਵਿਚ ਟਿੱਕੇ ਦੀ ਤਿਆਰੀ ਸ਼ੁਰੂ ਹੋ ਗਈ। ਮੈਂ ਅੱਜ ਬੜਾ ਖੁਸ਼ ਸਾਂ, ਕਿਉਂਕਿ ਇਹ ਅੱਜ ਦੀ ਸਾਰੀ ਚਹਿਲ-ਪਹਿਲ ਕੇਵਲ ਮੇਰੀ ਹੀ ਖ਼ਾਤਰ ਸੀ।

ਸਭ ਤੋਂ ਪਹਿਲਾਂ ਮੈਨੂੰ ਇਸ਼ਨਾਨ ਕਰਾਇਆ ਜਾਣ ਲੱਗਾ ਜਿਸ ਉਤੇ ਸਾਰੀਆਂ ਭੈਣਾਂ ਆਪੋ-ਆਪਣੀ ਸੁਚੱਜਤਾ ਦਰਸਾਉਣ ਦੀ ਕੋਸ਼ਿਸ਼ ਕਰਨ ਲੱਗੀਆਂ। ਕੋਈ ਮੇਰੇ ਪੈਰ ਰਗੜ ਕੇ ਸਾਫ਼ ਕਰਦੀ, ਕੋਈ ਪਿੰਡੇ 'ਤੇ ਵਟਣਾ ਮਲਣ ਲੱਗੀ, ਤੇ ਇਸ ਸਭ ਕਾਸੇ ਵਿਚ ਇਕ ਗੱਲ ਮੈਨੂੰ ਬੜੀ ਖਟਕ ਰਹੀ ਸੀ- ਇਹ ਸੀ ਵਿਚਾਰੀ ਕੁਬਜਾਂ ਦੀ ਤਰਸਯੋਗ ਹਾਲਤ। ਉਸ ਦੀ ਵੀ ਚਾਹ ਸੀ ਕਿ ਆਪਣੀਆਂ ਭੈਣਾਂ ਵਾਂਗ ਮੇਰਾ ਕੋਈ ਨਾ ਕੋਈ ਕੰਮ ਕਰੇ। ਉਹ ਵੀ ਤਾਂ ਆਪਣੇ ਵੀਰ ਦੀ ਭੈਣ ਸੀ, ਪਰ ਜਿਉਂ ਹੀ ਉਹ ਕਿਸੇ ਕੰਮ ਵੱਲ ਹੱਥ ਵਧਾਉਣ ਲੱਗਦੀ, ਅਗਲਵਾਂਢੇ ਹੀ ਦੂਜੀਆਂ ਭੈਣਾਂ ਉਸ ਕੰਮ ਨੂੰ ਸਾਂਭ ਲੈਂਦੀਆਂ। ਵਿਚਾਰੀ ਕੁਬਜਾਂ ਮੂੰਹ ਤੱਕਦੀ ਰਹਿ ਜਾਂਦੀ, ਤੇ ਫੇਰ ਮੂੰਹ ਫੁਲਾ ਕੇ ਦੂਰ ਜਾ ਖਲੋਂਦੀ।

ਮੈਂ ਚਾਹੁੰਦਾ ਸਾਂ, ਉਹ ਵੀ ਮੇਰੀ ਖਾਤਰ ਕੁਝ ਕਰੇ, ਤੇ ਇਸੇ ਖਿਆਲ ਨਾਲ ਮੈਂ ਪਾਣੀ ਗਰਮ ਕਰਨ ਦੀ ਡਿਊਟੀ ਉਸ ਦੇ ਜ਼ਿੰਮੇ ਲਾਈ, ਪਰ ਇਸ ਵਿਚ ਵੀ ਵਿਚਾਰੀ ਨੂੰ ਨਿਰਾਦਰ ਹੀ ਪੱਲੇ ਪਿਆ। ਗਲਤੀ ਮੇਰੀ ਹੀ ਸੀ ਜਿਸ ਨੇ ਇਤਨਾ ਵੀ ਨਾ ਸੋਚਿਆ ਕਿ ਅੰਞਾਣੀ ਬਾਲੜੀ ਪਾਸੋਂ ਅੱਗ ਕੀਕਣ ਬਲੇਗੀ। ਸੋ, ਉਹੀ ਗੱਲ ਹੋਈ। ਆਪਣੀ ਵੱਲੋਂ ਕੁਬਜਾਂ ਨੇ ਬਥੇਰੀ ਕੋਸ਼ਿਸ਼ ਕੀਤੀ, ਪਰ ਫਿਰ ਵੀ ਧੂੰਏਂ ਨਾਲ ਸਾਰਾ ਘਰ ਭਰ ਗਿਆ। ਜਿਸ ਦੇ ਨਤੀਜੇ ਵਜੋਂ ਇਧਰ ਤਾਂ ਮਾਂ ਨੇ ਦੋ ਕੁ ਥੱਪੜ ਜੜ ਦਿੱਤੇ, ਤੇ ਉਧਰ ਭੈਣਾਂ ਨੇ ਤਨੋੜੇ ਕੱਸਣੇ ਸ਼ੁਰੂ ਕੀਤੇ, "ਆਈ ਏ ਵੱਡੀ ਦਾਨੀ...ਜਿਕਣ ਹੁਣੇ ਅੱਗ ਬਾਲ ਲਵੇਗੀ...ਰੋਂਦੀ ਸੁਚੱਜਾਂ ਨੂੰ...।"

ਮੁੱਕਦੀ ਗੱਲ, ਅੱਜ ਸਵੇਰੇ ਤੋਂ ਸ਼ਾਮ ਤੱਕ ਵਿਚਾਰੀ ਨਾਲ ਇਹੋ ਕੁਝ ਹੁੰਦਾ ਰਿਹਾ। ਤਿੰਨੇ ਭੈਣਾਂ ਜਿਵੇਂ ਹੱਥ ਧੋ ਕੇ ਅੱਜ ਮੇਰੇ, ਤੇ ਉਸ ਦੇ ਪਿੱਛੇ ਪਈਆਂ ਹੋਈਆਂ ਸਨ। ਮੈਨੂੰ ਤਾਂ ਛੱਡਣ ਦਾ ਨਾਂ ਹੀ ਨਹੀਂ ਸਨ ਲੈਂਦੀਆਂ, ਤੇ ਉਸ ਨੂੰ ਮੇਰੇ ਨੇੜੇ ਨਹੀਂ ਸਨ ਫਟਕਣ ਦਿੰਦੀਆਂ।

ਸ਼ਾਮ ਨੂੰ ਜਦ ਬਾਊ ਜੀ ਘਰ ਆਏ, ਤਾਂ ਕੁਬਜਾਂ ਉਠ ਕੇ ਵਿਹੜੇ ਵਿਚ ਜਾ ਖੜੋਤੀ।



ਮੈਂ, ਬਾਊ ਜੀ ਤੇ ਮਾਂ ਜੀ, ਅਸੀਂ ਤਿੰਨੇ ਬੈਠਕ ਵਿਚ ਬੈਠ ਕੇ ਸਭਨਾਂ ਚੀਜ਼ਾਂ ਦੇ ਹਿੱਸੇ ਕਰ ਰਹੇ ਸਾਂ, ਜਿਹੜੀਆਂ ਭੈਣਾਂ ਨੂੰ ਮੇਰੀ ਆਰਤੀ ਉਤਾਰਨ ਵੇਲੇ ਮਿਲਣੀਆਂ ਸਨ। (ਮਹਾਂਰਾਸ਼ਟਰ ਵਿਚ ਟਿੱਕੇ ਦੀ ਰਸਮ ਰਾਤ ਨੂੰ ਹੁੰਦੀ ਹੈ, ਤੇ ਭੈਣਾਂ ਆਪਣੇ ਭਰਾ ਦੀ ਆਰਤੀ ਉਤਾਰਦੀਆਂ ਹਨ)। ਬਾਊ ਜੀ ਨੇ ਤਿੰਨ ਵਧੀਆ ਸਾੜ੍ਹੀਆਂ ਮੈਨੂੰ ਫੜਾ ਕੇ ਕਿਹਾ, "ਤਿੰਨਾਂ ਵੱਡੀਆਂ ਭੈਣਾਂ ਨੂੰ ਇਕ-ਇਕ ਦੇ ਦਈਂ।"

ਮੇਰੇ ਦਿਲ ਨੂੰ ਬੜਾ ਦੁੱਖ ਹੋਇਆ ਕਿ ਕੁਬਜਾਂ ਨੂੰ ਦੇਣ ਲਈ ਉਥੇ ਕੁਝ ਵੀ ਨਹੀਂ ਸੀ। ਕੀ ਅੱਜ ਬਾਊ ਜੀ ਵੀ ਕੁਬਜਾਂ ਨੂੰ ਭੁੱਲ ਗਏ?

ਇਸੇ ਵੇਲੇ ਬਾਊ ਜੀ ਦੇ ਦਫ਼ਤਰ ਦਾ ਚਪੜਾਸੀ ਛੋਟਾ ਜਿਹਾ ਬੰਡਲ ਲੈ ਕੇ ਆ ਪਹੁੰਚਿਆ। ਬੰਡਲ ਖੋਲ੍ਹਦਿਆਂ ਪਿਤਾ ਜੀ ਨੇ ਮੈਨੂੰ ਪੁੱਛਿਆ, "...ਤੇ ਰਮੇਸ਼! ਇਹ ਕਿਸ ਨੂੰ ਦਿੱਤਾ ਜਾਏਗਾ?" ਖੁਸ਼ੀ ਨਾਲ ਮੇਰਾ ਦਿਲ ਨੱਚ ਉਠਿਆ, "ਕੁਬਜਾਂ ਨੂੰ। ਕਿਉਂ ਬਾਊ ਜੀ, ਠੀਕ ਏ ਨਾ ਮੇਰਾ ਖ਼ਿਆਲ?"

ਬਾਊ ਜੀ ਕੁਝ ਗੰਭੀਰ ਹੋ ਗਏ। ਕੁਝ ਚਿਰ ਮੇਰੇ ਵੱਲ ਤੱਕਦੇ ਰਹੇ, ਫਿਰ ਬੋਲੇ, "ਰਮੇਸ਼! ਤੂੰ ਵੀ ਹੋਰਾਂ ਵਾਂਗ ਉਸ ਵਿਚਾਰੀ ਨੂੰ ਕੁਬਜਾਂ ਕਹਿਣ ਲੱਗ ਪਿਆ ਏਂ?"

"ਭੁੱਲ ਗਿਆ ਬਾਊ ਜੀ।" ਮੈਂ ਖੁਸ਼ੀ ਨਾਲ ਗਦ-ਗਦ ਹੋ ਕੇ ਕਿਹਾ, "ਨਿੱਕੀ ਵੇਣੀ ਨੂੰ।"

ਗੁਲਾਬੀ ਰੰਗ ਦੀ ਖਾਲਸ ਰੇਸ਼ਮੀ ਸਾੜ੍ਹੀ ਸੀ ਇਹ, ਪਰ ਮਾਂ ਨੂੰ ਸ਼ਾਇਦ ਬਾਊ ਜੀ ਦੀ ਚੋਣ ਪਸੰਦ ਨਾ ਆਈ। ਉਹ ਬੋਲੀ, "ਏਡੀ ਵਧੀਆ ਸਾੜ੍ਹੀ ਸਿਰ ਮਾਰਨੀ ਏਂ ਉਹਨੇ? ਦੂੰਹ ਦਿਨਾਂ ਵਿਚ ਨਾਸ ਮਾਰ ਛੱਡੇਗੀ।"

ਬਾਊ ਜੀ ਸ਼ਾਂਤ ਭਾਵ ਵਿਚ ਬੋਲੇ, "ਕੋਈ ਗੱਲ ਨਹੀਂ।" ਇਸ ਉਤੇ ਮਾਂ ਨੇ ਇਕ ਹੋਰ ਢੁੱਚਰ ਡਾਹੀ, "ਤੇ ਵੱਡੀਆਂ ਨਾ ਚੀਕਣਗੀਆਂ?"

ਮੈਂ ਵਧੀਆ ਕੱਪੜਿਆਂ ਵਿਚ ਸਜ ਕੇ ਚੌਕੀ 'ਤੇ ਬੈਠ ਗਿਆ। ਕੁਬਜਾਂ ਨੂੰ ਜੋ ਕੁਝ ਦੇਣਾ ਸੀ, ਉਹ ਸਭ ਮੈਂ ਇਸੇ ਚੌਕੀ ਥੱਲੇ ਲੁਕਾਇਆ ਹੋਇਆ ਸੀ। ਕੁਬਜਾਂ ਪਰਲੇ ਬਰਾਂਡੇ ਵਿਚ ਡੱਡੋਲਿੱਕੀ ਜਿਹੀ ਖੜ੍ਹੀ ਸੀ। ਉਸ ਨੂੰ ਪਤਾ ਸੀ ਕਿ ਸਵੇਰ ਤੋਂ ਜਿਹੜੀਆਂ ਤਿੰਨੇ ਉਸ ਦਾ ਨਿਰਾਦਰ ਕਰ ਰਹੀਆਂ ਹਨ, ਉਨ੍ਹਾਂ ਨੇ ਹੁਣ ਕਦੋਂ ਘੱਟ ਗੁਜ਼ਾਰਨੀ ਹੈ! ਵੱਡੀਆਂ ਭੈਣਾਂ ਨੇ ਅੱਜ ਸਾਰੀ ਦਿਹਾੜੀ ਇਹੋ ਮੁਹਾਰਨੀ ਛੋਹੀ ਰੱਖੀ ਸੀ, "ਰਮੇਸ਼! ਮੈਨੂੰ ਅਹੁ ਚੀਜ਼ ਦਈਂ...ਮੈਂ ਨਿਰੀ ਸਾੜ੍ਹੀ ਨਹੀਓਂ ਲੈਣੀ...ਮੇਰੇ ਮੇਚੇ ਦੀਆਂ ਵੰਗਾਂ ਵੀ...।" ਪਰ ਮੇਰੀ ਨੰਨ੍ਹੀ ਵੇਣੂ (ਕੁਬਜਾਂ) ਸ਼ਾਇਦ ਇਹੀ ਸੁੱਖਣਾ ਸੁੱਖਦੀ ਰਹੀ ਸੀ ਕਿ ਵੀਰ ਦੀ ਆਰਤੀ ਉਤਾਰਨ ਵੇਲੇ ਉਸ ਨੂੰ ਕੁਝ ਨਾ ਕਿਹਾ ਜਾਵੇ।

ਆਰਤੀ ਦਾ ਵੇਲਾ ਹੋ ਗਿਆ। ਤਿੰਨੇ ਭੈਣਾਂ ਛਣਕਦੀਆਂ-ਮਣਕਦੀਆਂ ਆਈਆਂ, ਤੇ ਵਾਰੋ-ਵਾਰੀ ਮੇਰੀ ਆਰਤੀ ਉਤਾਰਨ ਲੱਗੀਆਂ। ਤਿੰਨਾਂ ਨੇ ਹੀ ਆਰਤੀ ਉਤਾਰ ਕੇ ਮੈਨੂੰ ਟਿੱਕਾ ਲਾਇਆ, ਤੇ ਫਿਰ ਆਪੋ-ਆਪਣੀ ਸਾੜ੍ਹੀ, ਗਜਰਿਆਂ ਦੀ ਇਕ-ਇਕ ਜੋੜੀ, ਤੇ ਉਤੇ ਪੰਜ-ਪੰਜ ਰੁਪਏ ਰੋਕੜ ਲੈ ਕੇ ਲਾਂਭੇ ਹੋਈਆਂ। ਵਿਚਾਰੀ ਕੁਬਜਾਂ ਨੂੰ ਜਦ ਕਿਸੇ ਨਾ ਸੱਦਿਆ, ਤਾਂ ਮੈਂ ਹੀ ਉਸ ਨੂੰ ਪੁਕਾਰਿਆ, "ਵੇਣੂ! ਤੂੰ ਵੀ।"

ਆਰਤੀ ਕਰਨ ਵੇਲੇ ਕੁਬਜਾਂ ਦੀਆਂ ਪਤਲੀਆਂ ਸਾਂਵਲੀਆਂ ਬਾਹਾਂ ਕੰਬ ਰਹੀਆਂ ਸਨ। ਫਿਰ ਉਸ ਨੇ ਕੇਸਰ ਵਾਲੀ ਕਟੋਰੀ ਵਿਚੋਂ ਅੰਗੂਠਾ ਡੋਬ ਕੇ ਮੈਨੂੰ ਤਿਲਕ ਲਾਇਆ। ਇਸੇ ਵੇਲੇ ਮੈਂ ਚੌਕੀ ਹੇਠੋਂ ਉਹ ਝੰਮ-ਝੰਮ ਕਰਦੀ ਗੁਲਾਬੀ ਸਾੜ੍ਹੀ ਕੱਢੀ ਜਿਸ ਉਤੇ ਵਧੀਆ ਗਜਰਿਆਂ ਦੀ ਜੋੜੀ, ਤੇ ਪੰਜਾਂ ਰੁਪਿਆਂ ਦਾ ਨੋਟ ਰੱਖਿਆ ਹੋਇਆ ਸੀ, ਤੇ ਥਾਲੀ ਵਿਚ ਰੱਖ ਦਿੱਤੀ।

ਜਦ ਇਨ੍ਹਾਂ ਚੀਜ਼ਾਂ ਵੱਲ ਕੁਬਜਾਂ ਦੀ ਨਜ਼ਰ ਪਈ, ਤਾਂ ਉਹ ਹੱਕੀ-ਬੱਕੀ ਰਹਿ ਗਈ। ਉਹਦੇ ਚਿਹਰੇ ਦੇ ਭਾਵ ਜਿਵੇਂ ਮੈਥੋਂ ਪੁੱਛ ਰਹੇ ਸਨ, "ਕੀ ਇਹ ਸਭ ਚੀਜ਼ਾਂ ਮੇਰੇ ਲਈ ਨੇ?"

ਤੇ ਇਹ ਚੀਜ਼ਾਂ ਥਾਲੀ 'ਚੋਂ ਚੁੱਕਣ ਵੇਲੇ ਉਸ ਦੇ ਹੱਥ ਹੋਰ ਵਧੇਰੇ ਕੰਬਣ ਲੱਗੇ, ਮਾਨੋ ਉਹ ਪੁੱਛ ਰਹੀ ਸੀ, "ਕੀ ਵੀਰ ਮੈਂ ਤੈਨੂੰ ਇਤਨੀ ਪਿਆਰੀ ਹਾਂ?

---

ਉਸੇ ਰਾਤ ਦਾ ਜ਼ਿਕਰ ਹੈ, ਅਸੀਂ ਸਾਰੇ ਜਣੇ ਘਰ ਦੀ ਉਪਰਲੀ ਛੱਤ 'ਤੇ ਬੈਠੇ ਤਾਸ਼ ਖੇਡ ਰਹੇ ਸਾਂ। ਤਿਉਹਾਰ ਦੀ ਰਾਤ ਸੀ। ਮੇਰੀਆਂ ਸਾਰੀਆਂ ਭੈਣਾਂ ਨਵੇਂ-ਨਵੇਂ ਕੱਪੜਿਆਂ ਵਿਚ ਸਜੀਆਂ ਬੈਠੀਆਂ ਸਨ। ਜਿਉਂ ਹੀ ਸਭ ਤੋਂ ਵੱਡੀ ਭੈਣ ਦੀ ਸਾੜ੍ਹੀ 'ਤੇ ਮੇਰੀ ਨਜ਼ਰ ਪਈ, ਗੁੱਸੇ ਨਾਲ ਮੇਰਾ ਦਿਲ ਧੱਕ-ਧੱਕ ਕਰਨ ਲੱਗ ਪਿਆ, "ਇਹ ਤਾਂ ਮੈਂ ਕੁਬਜਾਂ ਨੂੰ ਦਿੱਤੀ ਸੀ, ਉਹੀ ਗੁਲਾਬੀ ਸਾੜ੍ਹੀ।"

ਖੇਡ ਦਾ ਸੁਆਦ ਜਾਂਦਾ ਰਿਹਾ। ਉਪਰੋਥਲੀ ਮੈਂ ਕਈ ਬਾਜ਼ੀਆਂ ਹਾਰ ਗਿਆ। ਵੱਡੀ ਭੈਣ ਜਿਹੜੀ ਖੇਡ ਵਿਚ ਮੇਰੀ ਜੋਟੀਦਾਰ ਸੀ, ਖਿਝ ਕੇ ਬੋਲੀ, "ਰਮੇਸ਼! ਤੇਰਾ ਧਿਆਨ ਕਿਥੇ ਐ। ਇਤਨੇ ਪੱਤੇ ਹੁੰਦਿਆਂ ਤੂੰ ਇਹ ਬਾਜ਼ੀ ਵੀ ਹਾਰ ਦਿੱਤੀ।"

"ਮੇਰੇ ਸਿਰ ਪੀੜ ਹੋ ਰਹੀ ਏ ਭੈਣ।" ਕਹਿ ਕੇ ਮੈਂ ਸੌਣ ਦੇ ਪੱਜ ਉਠ ਖੜੋਤਾ, ਤੇ ਉਹ ਤਿੰਨੇ ਮੇਰੀ ਥਾਂਵੇਂ ਇਕ ਹੋਰ ਕੁੜੀ ਨੂੰ ਬਿਠਾ ਕੇ ਖੇਡੀ ਗਈਆਂ।

ਕਾਹਲੇ-ਕਾਹਲੇ ਕਦਮੀਂ ਮੈਂ ਹੇਠਾਂ ਉਤਰਿਆ। ਮੈਨੂੰ ਪਤਾ ਸੀ, ਕੁਬਜਾਂ ਇਸ ਵੇਲੇ ਕਿਥੇ ਹੋਵੇਗੀ- ਭਾਂਡਿਆਂ ਦੇ ਢੇਰ ਵਿਚਾਲੇ।

"ਕਿਉਂ ਵੇਣੀ... ", ਪਿਆਰ ਭਰੇ ਦਾਬੇ ਨਾਲ ਮੈਂ ਭਾਂਡੇ ਮਾਂਜਦੀ ਨੂੰ ਪੁੱਛਿਆ, "ਉਹ ਸਾੜ੍ਹੀ ਕਿਥੇ ਈ?"

"ਕਿਹੜੀ ਵੀਰ?... ਜਿਹੜੀ ਤੂੰ ਦਿੱਤੀ ਸੀ?"

"ਆਹੋ... ਉਹੋ।"

"ਉਹ ਤਾਂ ਮੈਂ ਵੱਡੀ ਭੈਣ ਨੂੰ ਦੇ ਛੱਡੀ ਏ।"

"ਪਰ ਕਿਉਂ?"

"ਉਹ ਜੁ ਕਹਿੰਦੀ ਸੀ।"

"ਕੀ ਕਹਿੰਦੀ ਸੀ...?"

"ਕਹਿੰਦੀ ਸੀ, ਕਾਲੇ ਰੰਗ ਉਤੇ ਗੁਲਾਬੀ ਸਾੜ੍ਹੀ ਭੈੜੀ ਲਗਦੀ ਏ।"

"ਫੋਟ ਝੱਲੀ ਨਾ ਹੋਵੇ ਤੇ! ਫਿਰ ਤੂੰ ਉਹਨੂੰ ਕਿਉਂ ਦੇ ਦਿੱਤੀ?"

"ਉਸ ਨੇ ਮੇਰਾ ਮੂੰਹ ਜੁ ਚੁੰਮਿਆ ਸੀ।"

ਤੇ ਮੈਂ ਵੇਖਿਆ, ਕੁਬਜਾਂ ਦੇ ਚਿਹਰੇ ਉਤੇ ਰੰਜ ਜਾਂ ਪ੍ਰਛਾਵੇ ਦੀ ਥਾਂ ਖੁਸ਼ੀ ਤੇ ਉਮੰਗ ਦੀਆਂ ਰੇਖਾਵਾਂ ਉਘੜਦੀਆਂ ਆਉਂਦੀਆਂ ਸਨ।

ਮੈਂ ਉਹਨੂੰ ਹੋਰ ਕੁਝ ਨਾ ਆਖ ਸਕਿਆ। ਕੇਵਲ ਆਪਣੇ ਦਿਲ ਵਿਚ ਸੋਚ ਰਿਹਾ ਸਾਂ, 'ਸੌਦਾ ਕਿਸ ਨੂੰ ਸਸਤਾ ਪਿਆ? ਇਕ ਪਾਸੇ ਵੱਡੀ ਭੈਣ ਨੂੰ ਵਧੀਆ ਸਾੜ੍ਹੀ ਬਦਲੇ ਅਣਭਾਉਂਦੇ ਹੋਂਠ ਚੁੰਮਣੇ ਪਏ, ਤੇ ਦੂਜੇ ਪਾਸੇ ਨਿੱਕੀ ਨੂੰ ਸਾੜ੍ਹੀ ਬਦਲੇ ਕਿਸੇ ਦਾ, ਸੱਚਾ ਕਿ ਝੂਠਾ, ਚੁੰਮਣ ਮਿਲਿਆ।'

ਅਖ਼ੀਰ ਮੈਂ ਇਸ ਨਤੀਜੇ 'ਤੇ ਪੁੱਜਾ ਕਿ ਨਿਸ਼ਚੇ ਹੀ ਕੁਬਜਾਂ ਲਈ ਇਹ ਸੌਦਾ ਨਫ਼ੇਵੰਦਾ ਸੀ। ਵੱਡੀ ਭੈਣ ਨੂੰ ਸਾੜ੍ਹੀਆਂ ਦੀ ਘਾਟ ਕੋਈ ਨਹੀਂ, ਪਰ ਵਿਚਾਰੀ ਕੁਬਜਾਂ! ਇਕ ਸਹਿਕਵਾਂ ਚੁੰਮਣ ਉਸ ਲਈ ਸ਼ਾਇਦ ਇਤਨਾ ਵਡਮੁੱਲਾ ਸੀ ਜਿਸ ਬਦਲੇ ਇਕ ਛੱਡ, ਅਨੇਕਾਂ ਸਾੜ੍ਹੀਆਂ ਉਹ ਹੱਸਦੀ-ਹੱਸਦੀ ਦੇ ਸਕਦੀ ਸੀ।

## ਮਿੰਨੀ ਕਹਾਣੀ

### ਸਟਾਰ

"ਰਾਣਾ ਜੀ ਬਣਾ ਦਿਉ ਪੰਜ-ਛੇ ਚਾਹ ਦੇ ਕੱਪ", ਸਰਕਾਰੀ ਬੰਦੇ, ਜੋ ਇਸ ਸ਼ਹਿਰ ਦੀ ਸਰਕਾਰੀ ਕਲੋਨੀ ਦੀ ਰਿਪੇਅਰ ਵਾਸਤੇ ਕੰਮ ਕਰਦੇ ਸਨ, ਉਨ੍ਹਾਂ ਵਿਚੋਂ ਇਕ ਨੇ ਆਉਂਦਿਆਂ ਹੀ ਹੁਕਮ ਦਿੱਤਾ! ਇਨ੍ਹਾਂ ਵਰਕਰਾਂ ਵਿਚ ਕੋਈ ਰਾਜ ਮਿਸਤਰੀ, ਕੋਈ ਤਰਖਾਣ ਤੇ ਕੋਈ ਮਜ਼ਦੂਰ ਸੀ। ਇਤਫਾਕ ਨਾਲ ਮੈਂ ਵੀ ਰਾਣਾ ਜੀ ਦੇ ਖੋਖੇ 'ਤੇ ਬੈਠਾ ਸੀ। ਚਾਹ ਬਣ ਕੇ ਆ ਗਈ ਸੀ, ਉਨ੍ਹਾਂ ਵਿਚੋਂ ਇਕ ਨੇ ਮੈਨੂੰ ਵੀ ਚਾਹ ਵੱਲ ਇਸ਼ਾਰਾ ਕਰਕੇ ਕਿਹਾ, "ਲਓ ਬਾਬੂ ਜੀ ਤੁਸੀਂ ਵੀ ਪੀ ਲਵੋ।"

"ਬਸ ਜੀ, ਪੀਓ ਤੁਸੀਂ," ਮੈਂ ਵੀ ਉਤਰ ਦੇ ਕੇ ਅਖਬਾਰ ਦੀਆਂ ਸੁਰਖੀਆਂ ਦੇਖਣ ਲੱਗ ਪਿਆ। ਉਹ ਵੀ ਚਾਹ ਦੀਆਂ ਚੁਸਕੀਆਂ ਲੈਂਦੇ ਲੈਂਦੇ ਇਕ ਦੂਜੇ ਨੂੰ ਹਾਸਾ-ਠੱਠਾ ਕਰਨ ਲੱਗੇ।

ਇਕ ਨੇ ਮੈਨੂੰ ਪੁੱਛਿਆ, "ਬਾਬੂ ਜੀ ਐਤਕੀਂ ਭਲਾ ਕਿੰਨੇ ਪਰਸੈਂਟ ਡੀ ਏ ਦੀ ਕਿਸਤ ਲੱਗੂ?" ਮੈਂ ਜਦ ਤਕ ਕੋਈ ਉਤਰ ਦਿੰਦਾ, ਇੰਨੇ ਨੂੰ ਉਨ੍ਹਾਂ ਵਿਚੋਂ ਦੂਜਾ ਬੋਲਿਆ, "ਓ ਅਜੇ ਤਾਂ ਸੈਂਟਰ ਨੇ ਵੀ ਨਹੀਂ ਦਿੱਤੀ ਕਿਸ਼ਤ, ਪਹਿਲਾਂ ਤਾਂ ਸੈਂਟਰ ਦੇਊਗਾ ਫਿਰ ਜਾ ਕੇ ਕਿਤੇ ਦੋ ਤਿੰਨ ਮਹੀਨਿਆਂ ਮਗਰੋਂ ਸਾਡੀ ਸਰਕਾਰ ਦੇਊ, ਕਿਸ਼ਤ ਭਾਲਦਾ!" ਸਾਰੇ ਹੀ ਹੱਸਣ ਲੱਗੇ।

ਕੁਝ ਚਿਰ ਖਾਮੋਸ਼ੀ ਤੋਂ ਬਾਅਦ ਇਕ ਅੱਲੜ੍ਹ ਜਿਹਾ ਮੁੰਡਾ ਉਠਿਆ ਤੇ ਬੋਲਿਆ, "ਚਲੋ ਚੱਲੀਏ, ਇਕ ਪੱਲਾ ਤਾਂ ਬਣ ਗਿਆ ਸੀ ਦਰਵਾਜ਼ੇ ਦਾ, ਦੂਜਾ ਬਣਾ ਦੇਵਾਂ ਜਾ ਕੇ।" ਨਵੀਂ ਭਰਤੀ ਤੇ ਨਵਾਂ ਜੋਸ਼ ਸੀ ਮੁੰਡੇ ਵਿਚ। ਉਸ ਨੇ ਅਜੇ ਸਾਈਕਲ ਨੂੰ ਹੱਥ ਪਾਇਆ ਹੀ ਸੀ ਕਿ ਉਨ੍ਹਾਂ ਵਿਚੋਂ ਇਕ ਬੋਲਿਆ, "ਓ ਬਹਿ ਜਾ ਅਜੇ 'ਰਾਮ ਨਾਲ ਦੋ ਘੜੀ ਹੋਰ, ਤੇਰੇ ਕੇਹੜੇ ਸਟਾਰ ਲੱਗ ਜੂ, ਭੱਜਿਆ ਜਾਨਾਂ।" ਉਹ ਸ਼ਰਮਿੰਦਾ ਜਿਹਾ ਹੋ ਕੇ ਬੈਠ ਗਿਆ।

*-ਨਾਇਬ ਸਿੰਘ ਸੈਂਪਲੇ*

*ਫੋਨ: 91-98724-05203*

# ਸਾਡੀਆਂ ਜਿੰਦਾਂ ਨਾਲ ਖੇਡਦੀਆਂ ਵੈਕਸੀਨਾਂ

***ਅੱਖਾਂ ਦੇ ਮਾਹਿਰ ਡਾ. ਦਲਜੀਤ ਸਿੰਘ ਅੱਜ ਕੱਲ੍ਹ ਅੰਮ੍ਰਿਤਸਰ ਵਿਚ ਆਪਣਾ ਹਸਪਤਾਲ ਚਲਾ ਰਹੇ ਹਨ। ਐਤਕੀਂ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਉਹ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸਨ। ਪਿਛਲੇ ਕੁਝ ਸਮੇਂ ਦੌਰਾਨ ਉਨ੍ਹਾਂ ਲੋਕ-ਸਰੋਕਾਰਾਂ ਬਾਰੇ ਨਿੱਠ ਕੇ ਲਿਖਿਆ ਹੈ। ਇਸ ਲੇਖ ਵਿਚ ਉਨ੍ਹਾਂ ਵੈਕਸੀਨ-ਵਪਾਰ ਬਾਰੇ ਉਹ ਖੁਲਾਸੇ ਕੀਤੇ ਹਨ ਜਿਨ੍ਹਾਂ ਬਾਰੇ ਆਮ ਆਦਮੀ ਕਦੀ ਸੋਚ ਵੀ ਨਹੀਂ ਸਕਦਾ। -ਸੰਪਾਦਕ***

ਜਦੋਂ ਮੈਂ ਨਿੱਕਾ ਸਾਂ ਤਾਂ ਸਾਡੇ ਵੇਲੇ 3 ਟੀਕੇ ਲਾਏ ਜਾਂਦੇ ਸਨ-ਹੈਜ਼ਾ, ਟਾਈਫਾਈਡ ਅਤੇ 'ਮਾਤਾ' ਭਾਵ 'ਸਮਾਲ ਪਾਕਸ।' ਹੁਣ ਤਾਂ ਬੇਅੰਤ ਵੈਕਸੀਨਾਂ ਬਣ ਗਈਆਂ ਹਨ। ਬੱਚੇ ਦੇ ਜੰਮਦਿਆਂ ਹੀ ਇਨ੍ਹਾਂ ਉਤੇ ਹਮਲੇ ਸ਼ੁਰੂ ਹੋ ਜਾਂਦੇ ਹਨ, ਰਿਕਾਰਡ ਬਣ ਜਾਂਦੇ ਹਨ; ਇਹ ਤਸੱਲੀ ਕਰਨ ਲਈ ਕਿ ਹਰ ਬੱਚਾ ਹੁਕਮ ਕੀਤੇ ਕੁਲ ਟੀਕੇ ਲਵਾ ਚੁੱਕਾ ਹੈ।

ਵੈਕਸੀਨਾਂ ਦੀਆਂ ਵੰਨਗੀਆਂ ਹੁਣ ਨੀਮ ਹਕੀਮੀ ਦੀ ਹੱਦ ਤੱਕ ਜਾ ਪੁੱਜੀਆਂ ਹਨ। ਟੀ.ਵੀ. ਅਤੇ ਅਖਬਾਰਾਂ ਵੈਕਸੀਨਾਂ ਦੇ ਇਸ਼ਤਿਹਾਰਾਂ ਨਾਲ ਭਰੀਆਂ ਰਹਿੰਦੀਆਂ ਹਨ। ਵੈਕਸੀਨਾਂ ਦਾ ਇਤਿਹਾਸ ਕੋਈ ਸਿੱਧਾ ਪੱਧਰਾ ਨਹੀਂ। ਬੜੀ ਵਾਰ ਇਹ ਨਾ ਕੇਵਲ ਰੋਗ ਰੋਕਣ ਵਿਚ ਫੇਲ੍ਹ ਹੋਈਆਂ, ਸਗੋਂ ਇਨ੍ਹਾਂ ਦੇ ਕਾਰਨ ਰੋਗ ਖਿੱਲਰਿਆ ਵੀ।

ਅਮਰੀਕਾ ਵਿਚ 1960 ਵਿਚ ਲੱਭੀ ਗਈ ਪੋਲੀਓ ਵੈਕਸੀਨ ਵਿਚ ਐਸ.ਵੀ.-40 ਨਾਂ ਦੀ ਵਾਇਰਸ ਦੀ ਮਿਲਾਵਟ ਹੈ ਜਿਸ ਨਾਲ ਕੈਂਸਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਜਦੋਂ ਇਹ ਤੱਥ ਲੱਭਿਆ, ਤਦ



**ਡਾ. ਦਲਜੀਤ ਸਿੰਘ**

ਤੱਕ ਕਰੋੜਾਂ ਬੱਚਿਆਂ ਨੂੰ ਟੀਕੇ ਲੱਗ ਚੁੱਕੇ ਸਨ।

1871-72 ਵਿਚ ਇੰਗਲੈਂਡ 'ਚ ਕੁਲ ਵੱਸੋਂ ਨੂੰ ਚੇਚਕ ਦੇ ਟੀਕੇ ਲਗਾਏ ਗਏ। ਉਸ ਪਿੱਛੋਂ ਚੇਚਕ ਦੀ ਵਬਾ ਨਾਲ 45,000 ਮੌਤਾਂ ਹੋਈਆਂ। ਇਸੇ ਤਰ੍ਹਾਂ ਜਰਮਨ ਵਿਚ 125,000 ਮੌਤਾਂ ਹੋਈਆਂ।

1940 ਵਿਚ ਜਰਮਨੀ ਨੇ ਡਿਪਥੀਰੀਆ ਦੇ ਟੀਕੇ ਚਾਲੂ ਕਰ ਦਿੱਤੇ। 1945 ਤਕ ਡਿਪਥੀਰੀਆ ਮੌਤਾਂ ਦੀ ਗਿਣਤੀ 40,000 ਤੋਂ ਵਧ ਕੇ 250,000 ਤਕ ਜਾ ਪੁੱਜੀ।

1967 ਵਿਚ ਅਫਰੀਕੀ ਦੇਸ਼ ਘਾਨਾ ਨੇ ਐਲਾਨ ਕੀਤਾ, ਜੋ ਵਿਸ਼ਵ ਸਿਹਤ ਸੰਸਥਾ ਦੀ ਮਦਦ ਨਾਲ ਖਸਰਾ, ਭਾਵ ਮੀਜ਼ਲਜ਼ ਰੋਗ ਦਾ ਖਾਤਮਾ ਕੀਤਾ ਗਿਆ ਹੈ, ਉਸੇ ਹੀ ਸਾਲ ਘਾਨਾ ਵਿਚ ਖਸਰੇ/ਮੀਜ਼ਲਜ਼ ਨੇ ਭਾਰੀ ਹਮਲਾ ਕੀਤਾ ਜਿਸ ਕਾਰਨ ਸਾਧਾਰਨ ਨਾਲੋਂ ਕਿਤੇ ਵੱਧ ਮੌਤਾਂ ਹੋਈਆਂ। ਵੈਕਸੀਨ ਵਾਲੇ ਤਾਂ ਇਹ ਕਹਿ ਕੇ ਹੱਥ ਸਾਫ ਕਰ ਗਏ ਕਿ ਜੇ ਵੈਕਸੀਨ ਨਾ ਹੁੰਦੀ ਤਾਂ ਮੌਤਾਂ ਕਿਤੇ ਵੱਧ ਹੋਣੀਆਂ ਸਨ!

**1970:** ਭਾਰਤ ਵਿਚ ਟੀ.ਬੀ. ਦੇ ਵੈਕਸੀਨ ਕਰਵਾਏ 2,50,000 ਲੋਕਾਂ ਦਾ ਜਾਇਜ਼ਾ ਲਿਆ ਗਿਆ। ਨਾ-ਵੈਕਸੀਨ ਲੋਕਾਂ ਦੇ ਮੁਕਾਬਲੇ ਵੈਕਸੀਨ ਲੱਗਿਆ ਅੰਦਰ ਟੀ.ਬੀ. ਦੀ ਬਿਮਾਰੀ ਵੱਧ ਦੇਖੀ ਗਈ। ਅੱਜ ਕੱਲ੍ਹ ਤਾਂ ਹਰ ਬੱਚੇ ਨੂੰ ਬੀ.ਸੀ.ਜੀ. ਦਾ ਟੀਕਾ ਲੱਗਿਆ ਹੁੰਦਾ ਹੈ ਤਾਂ ਵੀ ਵੱਸੋਂ ਦੇ ਅੰਦਰ, ਬੇਅੰਤਾਂ ਨੂੰ ਟੀ.ਬੀ. ਦਾ ਰੋਗ ਢਾਹ ਲੈਂਦਾ ਹੈ। ਇਸ ਉਤੇ ਵਧੇਰੇ ਖੋਜ ਕਰਨ ਦੀ ਲੋੜ ਹੈ।

**1977:** ਜੌਹਨ ਸਾਲਕ, ਜਿਸ ਨੇ ਪੋਲੀਓ ਵੈਕਸੀਨ ਬਣਾਈ ਸੀ, ਨੇ ਆਪਣੇ ਹੋਰ ਸਾਥੀਆਂ ਨਾਲ ਸਹੁੰ ਖਾ ਕੇ ਬਿਆਨ ਦਿੱਤਾ ਕਿ 1961 ਤੋਂ 1977 ਤਕ ਦੇ ਬਹੁਤੇ ਪੋਲੀਓ ਕੇਸ ਅਮਰੀਕਾ ਵਿਚ ਉਸੇ ਦੀ ਵੈਕਸੀਨ ਕਾਰਨ ਹੋਏ ਸਨ। ਕਹਿੰਦੇ ਨੇ, ਅਮਰੀਕਾ ਵਿਚ ਐਫ.ਡੀ.ਏ. ਦਵਾਈਆਂ ਉਤੇ ਕਰੜੀ ਨਿਗਰਾਨੀ ਰੱਖਦੀ ਹੈ।

**1978:** ਅਮਰੀਕਾ ਦੇ 30 ਪ੍ਰਾਂਤਾਂ ਵਿਚ ਇਕ ਸਰਵੇਖਣ ਅਨੁਸਾਰ ਅੱਧੇ ਤੋਂ ਵੱਧ ਖਸਰੇ ਦੇ ਰੋਗੀ ਉਹ ਹੁੰਦੇ ਹਨ ਜਿਨ੍ਹਾਂ ਨੂੰ ਇਸ ਰੋਗ ਵਿਰੁਧ ਵੈਕਸੀਨ ਲਗਾਈ ਜਾ ਚੁੱਕੀ ਹੁੰਦੀ ਹੈ।

**1979:** ਸਵੀਡਨ ਨੇ ਕਾਲੀ ਖੰਘ ਦੇ ਟੀਕੇ ਵਰਤਣੇ ਬੰਦ ਕਰਵਾ ਦਿੱਤੇ। ਉਨ੍ਹਾਂ ਵੇਖਿਆ ਕਿ 1978 ਵਿਚ ਹੁੰਦੇ 5140 ਕਾਲੀ ਖੰਘ ਦੇ 84 ਪ੍ਰਤੀਸ਼ਤ ਰੋਗੀ ਬੱਚਿਆਂ ਨੂੰ ਕਾਲੀ ਖੰਘ ਦੇ ਤਿੰਨ-ਤਿੰਨ ਟੀਕੇ ਲੱਗ ਚੁੱਕੇ ਸਨ।

**ਫਰਵਰੀ 1981:** ਅਮਰੀਕਨ ਮੈਡੀਕਲ ਐਸੋਸੀਏਸ਼ਨ ਅਨੁਸਾਰ 90 ਪ੍ਰਤੀਸ਼ਤ ਔਰਤਾਂ ਅਤੇ ਬੱਚਿਆਂ ਦੇ ਡਾਕਟਰ ਆਪਣੇ ਆਪ ਨੂੰ ਰੂਬੈਲਾ ਵੈਕਸੀਨ ਲਵਾਉਣ ਤੋਂ ਨਾਂਹ ਕਰਦੇ ਹਨ। ਇਸ ਦੇ ਉਲਟ ਆਪਣੇ ਇਲਾਜ ਥੱਲੇ ਰੋਗੀਆਂ ਨੂੰ ਇਹ ਟੀਕੇ ਧੜਾਧੜ ਲਗਾਈ ਜਾਂਦੇ ਹਨ।

**1987:** ਅਮਰੀਕਾ ਵਿਚ ਡੀ.ਪੀ.ਟੀ. ਦੇ ਟੀਕੇ ਦਾ ਮੁੱਲ 11 ਸੈਂਟ ਤੋਂ ਵਧਾ ਕੇ 11 ਡਾਲਰ (ਸੌ ਗੁਣਾਂ) ਕਰ ਦਿੱਤਾ ਗਿਆ। ਇਸ ਵਿਚੋਂ ਹਰ ਟੀਕੇ ਪਿੱਛੇ 8 ਡਾਲਰ ਉਨ੍ਹਾਂ ਮੁਕੱਦਮਿਆਂ ਨੂੰ ਨਜਿੱਠਣ ਲਈ ਰੱਖੇ ਗਏ ਜੋ ਬੱਚਿਆਂ ਦੀ ਵੈਕਸੀਨਾਂ ਦੀ ਵਰਤੋਂ ਉਪਰੰਤ ਮੌਤ ਜਾਂ ਦਿਮਾਗੀ ਹਾਨੀ ਹੋਣ ਦੀ ਹਾਲਤ ਵਿਚ ਮਾਪਿਆਂ ਨੇ ਕੰਪਨੀ ਉਤੇ ਕੀਤੇ। ਹੁਣ ਦੇ ਸੋਧੇ ਕਾਨੂੰਨ ਅਨੁਸਾਰ ਅੱਜ ਕਿਸੇ ਵੀ ਦਵਾਈ ਨਾਲ ਹਾਨੀ ਹੋਣ ਉਤੇ ਕੰਪਨੀ ਉਤੇ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ।




**1990:** ਅਮਰੀਕਨ ਮੈਡੀਕਲ ਐਸੋਸੀਏਸ਼ਨ ਦੇ ਜਨਰਲ ਵਿਚ ਛਪਿਆ- 95 ਪ੍ਰਤੀਸ਼ਤ ਸਕੂਲ ਜਾਂਦੇ ਬੱਚਿਆਂ ਨੂੰ ਹਾਲਾਂਕਿ ਖਸਰੇ ਦੇ ਟੀਕੇ ਲੱਗੇ ਹੋਏ ਸਨ, ਤਾਂ ਵੀ ਵੈਕਸੀਨ ਲੱਗੇ ਬੱਚਿਆਂ ਵਿਚ ਥਾਂ-ਥਾਂ ਉਤੇ ਖਸਰਾ ਜ਼ੋਰਦਾਰ ਢੰਗ ਨਾਲ ਫੁੱਟਿਆ।

**1994:** ਨਿਊ ਇੰਗਲੈਂਡ ਮੈਡੀਕਲ ਜਨਰਲ ਅਨੁਸਾਰ ਪੰਜ ਸਾਲ ਦੇ ਹੇਠਾਂ ਵਾਲੇ ਉਨ੍ਹਾਂ 80 ਪ੍ਰਤੀਸ਼ਤ ਬੱਚਿਆਂ ਨੂੰ ਕਾਲੀ ਖੰਘ ਹੋਈ ਜਿਨ੍ਹਾਂ ਨੂੰ ਰੋਕਥਾਮ ਦੇ ਟੀਕੇ ਪਹਿਲਾਂ ਲੱਗੇ ਹੋਏ ਸਨ।

**ਨਵੰਬਰ 2000:** ਅਮਰੀਕੀ ਫਿਜ਼ੀਸ਼ੀਅਨ ਅਤੇ ਸਰਜਨ ਐਸੋਸੀਏਸ਼ਨ ਨੇ ਆਪਣੇ 57ਵੇਂ ਸੇਂਟ ਲੂਈਸ ਦੇ ਇਜਲਾਸ ਵਿਚ ਇਕ ਆਵਾਜ਼ ਨਾਲ ਮਤਾ ਪਾਸ ਕੀਤਾ ਕਿ ਬੱਚਿਆਂ ਲਈ ਲਾਜ਼ਮੀ ਟੀਕਿਆਂ ਦੀਆਂ ਹਦਾਇਤਾਂ ਖ਼ਤਮ ਹੋਣੀਆਂ ਚਾਹੀਦੀਆਂ ਹਨ।

**2009:** ਹੋਰ ਬਥੇਰੀਆਂ ਉਦਾਹਰਣਾਂ ਨੇ, ਪਰ ਸਿਰਫ ਸਵਾਈਨ ਫਲੂ ਦੀ ਗੱਲ ਕਰਦੇ ਹਾਂ। 1976 ਵਿਚ ਅਮਰੀਕਾ ਵਿਚ ਸਵਾਈਨ ਫਲੂ ਦੀ ਕਿਆਮਤ ਦਾ ਰੌਲਾ ਪਿਆ। (ਪੜ੍ਹੋ 'ਰੌਲਾ ਪਾਇਆ ਗਿਆ')। 20 ਕਰੋੜ ਵੈਕਸੀਨ ਖੁਰਾਕਾਂ ਤਿਆਰ ਕਰ ਕੇ ਚਾਰ ਕਰੋੜ ਲੋਕਾਂ ਨੂੰ ਟੀਕੇ ਲਗਾ ਵੀ ਦਿੱਤੇ ਗਏ ਪਰ 'ਆਪਹੁਦਰੇ' ਸਵਾਈਨ ਫਲੂ ਨੇ ਕੰਪਨੀਆਂ ਵੱਲੋਂ ਚਾਲੂ ਕੀਤੀ ਭਾਜੜ ਦਾ ਸਾਥ ਨਹੀਂ ਦਿੱਤਾ ਅਤੇ ਆਪਣੇ ਆਪ ਗਾਇਬ ਹੀ ਹੋ ਗਿਆ। 16 ਕਰੋੜ ਖੁਰਾਕਾਂ ਬਚ ਰਹੀਆਂ। ਅੱਜ ਸ਼ਾਇਦ ਉਹ ਹੀ ਬਚ ਰਹੀਆਂ ਵੈਕਸੀਨਾਂ, ਕੰਪਨੀਆਂ ਨੂੰ ਢੇਰ ਮੁਨਾਫੇ ਦੇ ਰਹੀਆਂ ਹਨ। ਵੱਡੀਆਂ ਸਰਕਾਰਾਂ ਅਤੇ ਡਬਲਯੂ.ਐਚ.ਓ. ਕੋਲੋਂ ਸਵਾਈਨ ਫਲੂ ਦੀ ਵਬਾ ਫੁੱਟਣ ਦਾ ਭਿਆਨਕ ਹੋਕਾ ਅਤੇ ਉਸ ਤੋਂ ਬਚਣ ਲਈ ਵੈਕਸੀਨ ਦੇ ਟੀਕੇ ਲਵਾਉਣ ਦੀ ਵਕਾਲਤ ਵੀ ਕੰਪਨੀਆਂ ਵੱਲੋਂ ਭਾਰੀ ਦਬਾਅ ਕਰ ਕੇ ਹੋਈ ਹੈ। ਬਥੇਰੀਆਂ ਸਰਕਾਰਾਂ ਨੇ ਆਪਣੇ ਲੋਕਾਂ ਦੇ ਇਮਾਨਤੀ ਬਜਟ ਨੂੰ ਡਾਕਾ ਮਾਰ ਕੇ ਵੈਕਸੀਨਾਂ ਦੇ ਭੰਡਾਰਾਂ ਬਣਾ ਲਏ ਹਨ।

ਭਾਰਤ ਵਿਚ ਵੀ ਸਵਾਈਨ ਫਲੂ ਨੂੰ ਇੰਨਾ ਉਛਾਲਿਆ ਗਿਆ (ਮੀਡੀਆ ਦੀ ਮਿਹਰਬਾਨੀ ਨਾਲ) ਕਿ ਸਕੂਲ/ਕਾਲਜ ਠੱਪ ਹੋ ਗਏ। ਲੋਕਾਂ ਦੀ ਆਵਾਜਾਈ ਘਟ ਗਈ ਅਤੇ ਬਾਹਰੋਂ ਸੈਲਾਨੀ ਆਉਣੇ ਘਟ ਗਏ। ਇਸ ਪਿੱਛੋਂ ਸਰਕਾਰ ਨੂੰ ਹੋਸ਼ ਆਈ ਤਾਂ ਐਲਾਨ ਹੋਇਆ ਕਿ ਇਸ ਫਲੂ ਤੋਂ ਡਰਨ ਦੀ ਲੋੜ ਨਹੀਂ ਅਤੇ ਸਿਵਾਇ ਮਾਮੂਲੀ ਇਹਤਿਆਤ ਤੋਂ ਹੋਰ ਕੁਝ ਕਰਨ ਦੀ ਲੋੜ ਨਹੀਂ।

ਸਵਾਈਨ ਫਲੂ ਦੀ ਆਫਤ ਦੇ ਢੰਡੋਰੇ ਪਿੱਛੋਂ ਹੁਣ ਦੀਆਂ ਹਦਾਇਤਾਂ ਇਹ ਹਨ-ਜੇ ਤੁਹਾਨੂੰ ਛਾਤੀ ਵਿਚ ਪੀੜ ਹੋਵੇ, ਸਾਹ ਔਖਾ ਆਉਂਦਾ ਹੋਵੇ, ਲਗਾਤਾਰ ਉਲਟੀਆਂ ਆਈ ਜਾਣ ਅਤੇ ਬੁਖ਼ਾਰ ਵਧਦਾ ਜਾਵੇ ਤਾਂ ਹਸਪਤਾਲ ਦੇ ਐਮਰਜੈਂਸੀ ਕਮਰੇ ਵਿਚ ਜਾਣਾ ਚਾਹੀਦਾ ਹੈ। ਜ਼ਰਾ ਸੋਚੋ-ਵਬਾ ਦੀ ਸੂਰਤ ਵਿਚ ਐਮਰਜੈਂਸੀ ਕਮਰੇ ਵਿਚ ਜਾਣਾ ਚਾਹੀਦਾ ਹੈ। ਜ਼ਰਾ ਸੋਚੋ-ਵਬਾ ਦੀ ਸੂਰਤ ਵਿਚ ਐਮਰਜੈਂਸੀ ਕਮਰੇ ਜਾਂ ਕਮਰਿਆਂ ਵਿਚ ਹਜ਼ਾਰਾਂ, ਲੱਖਾਂ, ਕਰੋੜਾਂ ਅਤੇ ਅਰਬਾਂ ਲੋਕਾਂ ਕਿਵੇਂ ਸਮਾ ਜਾਣਗੇ? ਡਾਕਟਰ ਆਪ ਕਿੰਨੇ ਬਚੇ ਰਹਿ ਕੇ ਡਿਊਟੀ ਉਤੇ ਆ ਸਕਣਗੇ? ਹਸਪਤਾਲਾਂ ਵਿਚੋਂ ਤਾਂ ਉਲਟੀਆਂ ਦੀ ਸਫਾਈ ਨਹੀਂ ਹੋ ਸਕਣੀ। ਅਸਲ ਵਿਚ ਵਬਾ ਦੇ ਭਿਆਨਕ ਨਕਸ਼ੇ ਪਿੱਛੇ ਉਨ੍ਹਾਂ 16 ਕਰੋੜ ਵੈਕਸੀਨ ਖੁਰਾਕਾਂ ਦੀ ਵਿਕਰੀ ਦਾ ਮਸਲਾ ਹੈ ਜੋ 1976 ਵਿਚ ਬਚ ਰਹੀਆਂ ਸਨ। ਵੈਕਸੀਨ ਟੀਕਿਆਂ ਦੀ ਵਰਤੋਂ ਪਿੱਛੇ ਜਿਹੜੇ ਮਾੜੇ ਅਸਰ ਬੇਅੰਤ ਲੋਕਾਂ ਵਿਚ ਵੇਖੇ ਜਾਣਗੇ, ਉਹ ਆਉਂਦੇ ਸਮਿਆਂ ਵਿਚ ਵੀ ਕੰਪਨੀਆਂ ਦੀ ਕਮਾਈ ਵਿਚ ਵਾਧਾ ਪਾਉਂਦੇ ਰਹਿਣਗੇ।

ਗਿਣਤੀ ਕੀਤੀ ਗਈ ਹੈ ਕਿ ਸਵਾਈਨ ਫਲੂ ਤੋਂ ਇਕ ਮੌਤ ਰੋਕਣ ਲਈ 2,00,000 ਲੋਕਾਂ ਨੂੰ ਵੈਕਸੀਨ ਟੀਕੇ ਲਾਉਣੇ ਪੈਣਗੇ। ਇਨ੍ਹਾਂ ਵਿਚੋਂ ਕਿੰਨੇ ਲੋਕਾਂ ਨੂੰ ਵੈਕਸੀਨ ਦੇ ਅਣਸੁਖਾਵੇਂ ਅਸਰ ਹੋਣਗੇ? ਉਨ੍ਹਾਂ ਲੋਕਾਂ ਦੀ ਕੌਣ ਸਾਰ ਲਵੇਗਾ? ਹੋ ਸਕਦਾ ਹੈ ਕਿ ਜਿਥੇ ਵੈਕਸੀਨ ਨਾਲ ਦੋ ਲੱਖ ਲੋਕਾਂ ਪਿੱਛੇ ਇਕ ਬਚ ਜਾਵੇ, ਉਥੇ ਇਨ੍ਹਾਂ ਦੋ ਲੱਖ ਪਿੱਛੇ ਦਸ ਲੋਕ ਵੈਕਸੀਨ ਦੇ ਮੰਦੇ ਅਸਰ ਕਾਰਨ ਮਰ ਜਾਣਗੇ।


ਜਨਤਾ ਦੀ ਸਿਹਤ ਆਮ ਸਮਝ ਨਾਲ ਨਹੀਂ, ਬਲਕਿ ਸਿਆਸਤ ਉਤੇ ਆਧਾਰੀ ਗਈ ਹੈ। ਸਿਆਸਤ ਕਹਿੰਦੀ ਹੈ-'ਕਰੋ, ਕੁਝ ਕਰੋ', ਕਿਉਂਕਿ ਇਹ ਲੋਕਾਂ ਦੀ ਮੰਗ ਹੈ। ਅਸਲੀਅਤ ਇਹ ਹੈ ਕਿ ਕੁਝ 'ਨਾ ਕਰਨ' ਵਿਚ ਹੀ ਲੋਕਾਂ ਦੀ ਭਲਾਈ ਹੈ।

# ਭਗਤ ਸਿੰਘ ਅਤੇ ਉਸ ਦੀ ਅੰਗਰੇਜ਼ੀ 'ਤੇ ਇਖਤਿਆਰ

"ਜਦੋਂ ਮੈਂ ਇਨਕਲਾਬ ਦੇ ਰਾਹ 'ਤੇ ਕਦਮ ਵਧਾਇਆ, ਮੈਂ ਸੋਚਿਆ ਕਿ ਜੇ ਮੈਂ ਆਪਣੀ ਜਾਨ ਵਾਰ ਕੇ ਵੀ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਆਪਣੇ ਦੇਸ਼ ਦੇ ਕੋਨੇ-ਕੋਨੇ 'ਚ ਫੈਲਾ ਸਕਿਆ ਤਾਂ ਮੈਂ ਸਮਝਾਂਗਾ ਕਿ ਮੇਰੀ ਜ਼ਿੰਦਗੀ ਦੀ ਕੀਮਤ ਪੈ ਗਈ ਹੈ। ਅੱਜ, ਜਦੋਂ ਮੈਂ ਫਾਂਸੀ ਦੀ ਕੋਠੀ ਦੀਆਂ ਸਲਾਖਾਂ ਪਿੱਛੇ ਹਾਂ, ਮੈਂ ਆਪਣੇ ਦੇਸ਼ ਦੇ ਕਰੋੜਾਂ ਲੋਕਾਂ ਦੀ ਗਰਜਵੀਂ ਆਵਾਜ਼ ਵਿਚ ਉਸ ਨਾਹਰੇ ਨੂੰ ਸੁਣ ਸਕਦਾ ਹਾਂ... ਇਕ ਨਿੱਕੀ ਜਿਹੀ ਜ਼ਿੰਦਗੀ ਦੀ ਇਸ ਤੋਂ ਵੱਧ ਕੀ ਕੀਮਤ ਪੈ ਸਕਦੀ ਹੈ।"

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਿਵ ਵਰਮਾ ਨੂੰ 1930 ਵਿਚ ਕਹੇ ਸ਼ਬਦ (ਹਵਾਲਾ: ਭਗਤ ਸਿੰਘ-ਅਮਰ ਵਿਦਰੋਹੀ, ਮੂਲ ਲੇਖਕ ਮਲਵਿੰਦਰਜੀਤ ਸਿੰਘ ਵੜੈਚ, ਅਨੁਵਾਦ-ਨਰਿੰਦਰ ਸਿੰਘ ਕਪੂਰ, ਪ੍ਰਕਾਸ਼ਨ ਵਿਭਾਗ ਸੂਚਨਾ ਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ, 2007)

'ਪੰਜਾਬ ਟਾਈਮਜ਼' ਦੇ 10 ਮਈ ਦੇ ਅੰਕ ਵਿਚ ਪ੍ਰੋ. ਚਮਨ ਲਾਲ ਦਾ ਲਿਖਿਆ ਲੇਖ 'ਭਗਤ ਸਿੰਘ ਅਤੇ ਪੱਤਰਕਾਰੀ' ਪੜ੍ਹਿਆ। ਪ੍ਰੋ. ਚਮਨ ਲਾਲ ਨੇ ਇਸ ਲੇਖ 'ਚ ਵਡਮੁੱਲੀ ਜਾਣਕਾਰੀ ਸੰਖੇਪ ਰਹਿੰਦਿਆਂ ਦੇ ਕੇ ਕੁੱਜੇ 'ਚ ਸਮੁੰਦਰ ਬੰਦ ਕਰ ਵਿਖਾਇਆ ਹੈ। ਅੱਜ ਦੇ ਤੇਜ਼ ਰਫਤਾਰ ਸਮੇਂ ਵਿਚ ਪਾਠਕਾਂ ਨੂੰ ਪੰਜਾਬ ਟਾਈਮਜ਼ ਉਚਕੋਟੀ ਦਾ ਸਾਹਿਤ ਮੁਹੱਈਆ ਕਰ ਰਿਹਾ ਹੈ, ਇਸ ਦੀ ਪ੍ਰਸ਼ੰਸਾ ਕਰਨੀ ਬਣਦੀ ਹੈ। ਇਸ ਲੇਖ 'ਚ ਪ੍ਰੋ. ਚਮਨ ਲਾਲ ਨੇ ਜ਼ਿਕਰ ਕੀਤਾ ਹੈ ਕਿ ਭਗਤ ਸਿੰਘ ਨੂੰ ਹਿੰਦੀ, ਉਰਦੂ ਤੇ ਪੰਜਾਬੀ-ਤਿੰਨ ਜ਼ੁਬਾਨਾਂ ਵਿਚ ਲਿਖਣ ਦੀ ਮੁਹਾਰਤ ਹਾਸਿਲ ਸੀ। ਮੈਨੂੰ ਪ੍ਰਤੀਤ ਹੁੰਦਾ ਹੈ ਕਿ ਪ੍ਰੋ. ਚਮਨ ਲਾਲ ਸਹਿਜ ਸੁਭਾਅ ਭਗਤ ਸਿੰਘ ਦੀ ਅੰਗਰੇਜ਼ੀ ਵਿਚ ਵੀ ਲਿਖਣ ਦੀ ਮੁਹਾਰਤ ਨੂੰ ਸ਼ਾਮਿਲ ਕਰਨਾ ਭੁਲ ਗਏ। ਇਸ ਬਾਰੇ ਮੈਂ ਪਾਠਕਾਂ ਨੂੰ ਚਾਨਣਾ ਪਾਉਣਾ ਚਾਹੁੰਦਾ ਹਾਂ ਕਿ ਭਗਤ ਸਿੰਘ ਦੀ ਅੰਗਰੇਜ਼ੀ 'ਤੇ ਪਕੜ ਹੈਰਾਨ ਕਰਨ ਵਾਲੀ ਸੀ। ਸਭ ਤੋਂ ਪਹਿਲਾਂ ਉਹ ਵਧੀਆ ਅੰਗਰੇਜ਼ੀ ਲਿਖਣ ਦੀ ਲੋਕ-ਚਰਚਾ ਵਿਚ ਉਦੋਂ ਆਇਆ ਜਦੋਂ ਅਸੈਂਬਲੀ ਵਿਚ 8 ਅਪਰੈਲ 1929 ਨੂੰ ਪੋਸਟਰ ਸੁਟੇ ਗਏ। ਇਸ ਘਟਨਾ ਤੋਂ ਬਾਅਦ ਉਸ ਨੇ ਬੜੀ ਅੱਛੀ ਅੰਗਰੇਜ਼ੀ ਵਿਚ ਅਦਾਲਤ ਵਿਚ ਕ੍ਰਾਂਤੀਕਾਰੀਆਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕੀਤਾ, ਜਿਸ ਦੀ ਹਰ ਪਾਸਿਓਂ ਵਾਹਵਾ-ਵਾਹਵਾ ਹੋਈ। ਕਈ ਲੋਕ ਤਾਂ ਉਸ ਦੇ ਬਿਆਨਾਂ ਵਾਲੀ ਉਚ-ਪੱਧਰੀ ਇੰਗਲਿਸ਼ ਬਾਰੇ ਇਹ ਵੀ ਕਹਿੰਦੇ ਸਨ ਕਿ ਇਹ ਦਸਤਾਵੇਜ਼ ਵਕੀਲਾਂ ਨੇ ਤਿਆਰ ਕੀਤੇ ਹੋਣਗੇ।



*ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਅੰਗਰੇਜ਼ੀ ਦੀ ਹੱਥ-ਲਿਖਤ*

ਅਸੀਂ ਵਡਭਾਗੇ ਹਾਂ ਕਿ ਹੁਣ ਸਾਡੇ ਕੋਲ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜੇਲ੍ਹ ਡਾਇਰੀ' (ਸ. ਕੁਲਬੀਰ ਸਿੰਘ ਮੈਮੋਰੀਅਲ ਫਾਊਂਡੇਸ਼ਨ, ਖਟਕੜ੍ਹ ਕਲਾਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011) ਹਾਸਿਲ ਹੈ। ਇਸ ਡਾਇਰੀ ਦੇ ਪੰਨਾ 188 ਵਿਚੋਂ ਵੰਨਗੀ ਦੇ ਤੌਰ 'ਤੇ ਸ. ਭਗਤ ਸਿੰਘ ਦੇ ਮੁਬਾਰਕ ਹੱਥਾਂ ਦੀ ਅੰਗਰੇਜ਼ੀ ਦੀ ਲਿਖਤ ਦੇ ਰਿਹਾਂ ਹਾਂ,

"The wisdom of every country when properly exerted, is sufficient for all its purposes." (Page 112, rights-of-man)

"ਹਰ ਰਾਸ਼ਟਰ ਦਾ ਵਿਵੇਕ ਜਦੋਂ ਜਾਗ ਪੈਂਦਾ ਹੈ ਤਾਂ ਉਹ ਆਪਣੇ ਸਾਰੇ ਉਦੇਸ਼ਾਂ ਲਈ ਯੋਗ ਸਿੱਧ ਹੁੰਦਾ ਹੈ।" (ਪੰਨਾ 112, ਰਾਇਟਸ ਆਫ ਮੈਨ)

## ਸੰਪਾਦਕ ਦੀ ਡਾਕ

"That the form of a government was a matter wholly at the will of a nation at all times, that if it chose a monarchical form, it had a right to have it so; and if it afterwards chose to be Republican it had a right to be republic: and say to a King, 'We have no longer any occasion for you." (House of Lords, Minister Earl of Shelburne)


"ਹਰ ਕਾਲ ਵਿਚ ਸਰਕਾਰ ਦਾ ਸਰੂਪ ਪੂਰੀ ਤਰ੍ਹਾਂ ਰਾਸ਼ਟਰ ਦੀ ਇੱਛਾ ਦਾ ਹੀ ਮਸਲਾ ਰਿਹਾ ਹੈ ਭਾਵ ਜੇ ਉਸ ਨੇ ਰਾਜਤੰਤਰੀ ਸਰੂਪ ਚੁਣਿਆ ਤਾਂ ਅਜਿਹਾ ਕਰਨ ਦਾ ਉਸ ਨੂੰ ਅਧਿਕਾਰ ਸੀ ਅਤੇ ਪਿਛੋਂ ਜੇ ਉਸ ਨੇ ਗਣਤੰਤਰੀ ਹੋਣਾ ਪੰਸਦ ਕੀਤਾ ਤਾਂ ਇਹ ਉਸ ਦਾ ਅਧਿਕਾਰ ਸੀ ਕਿ ਉਹ ਗਣਤੰਤਰੀ ਹੋਵੇ ਅਤੇ ਰਾਜੇ ਨੂੰ ਇਹ ਕਹੇ, ਹੁਣ ਤੁਹਾਡੇ ਲਈ ਸਾਡੇ ਕੋਲ ਕੋਈ ਥਾਂ ਨਹੀਂ ਹੈ।" (ਹਾਊਸ ਆਫ ਲਾਰਡਜ ਵਿਚ ਮੰਤਰੀ ਅਰਲ ਆਫ ਸ਼ੇਲਬਰਨ)

ਆਓ, ਭਗਤ ਸਿੰਘ ਦੇ ਸੰਜੋਏ ਸੁਪਨਿਆਂ ਦੀ ਆਜ਼ਾਦੀ ਪ੍ਰਾਪਤ ਕਰਨ ਲਈ ਜਦੋਜਹਿਦ ਕਰਦੇ ਰਹੀਏ!

***-ਕੁਲਦੀਪ ਸਿੰਘ***
***ਯੂਨੀਅਨ ਸਿਟੀ, ਕੈਲੀਫੋਰਨੀਆ।***

# ਇੰਟੀਮੇਟ ਐਨਮੀਜ਼

## ਨਿਮਾਣਿਆਂ ਤੇ ਨਿਤਾਣਿਆਂ ਦੀ ਜੰਗ ਦੀ ਦਾਸਤਾਨ



ਫਰਾਂਜ਼ ਫਾਨੋ




ਚਿੰਤਕ ਜਾਂ ਪਾਲ ਸਾਰਤਰ






ਦੂਜਿਆਂ ਉਤੇ ਕਬਜ਼ਾ ਜਮਾਉਣ ਦੀ ਧਾਰਨਾ ਨੇ ਮਨੁੱਖਤਾ ਦਾ ਸਦੀਆਂ ਤੋਂ ਘਾਣ ਕੀਤਾ ਹੈ। ਇਸੇ ਕੜੀ ਵਿਚ ਫਰਾਂਸੀਸੀ ਸਤਾਨਾਂ ਦੀਆਂ ਕਰਤੂਤਾਂ ਇਸ ਘਿਨਾਉਣੇ ਰੁਝਾਨ ਦਾ ਉਘੜਵਾਂ ਪਹਿਲੂ ਰਹੀਆਂ ਹਨ। ਨਪੋਲੀਅਨ ਦੇ ਮਸਤਾਏ ਫਰਾਂਸੀਸੀ ਹਾਕਮ ਹੁਣ ਵੀ ਆਲਮੀ ਜੇਤੂ ਹੋਣ ਦਾ ਸੁਪਨਾ ਦੇਖਦੇ ਹਨ। ਅਲਜੀਰੀਆ, ਵੀਅਤਨਾਮ ਅਤੇ ਹਿੰਦ-ਚੀਨ ਤੋਂ ਲੈ ਕੇ ਅੱਜ ਦੇ ਲਿਬੀਆ ਤੱਕ ਉਹ ਤਬਾਹੀ ਦੇ ਮੰਜ਼ਰ ਸਾਕਾਰ ਕਰਦੇ ਰਹੇ ਹਨ। ਦੂਜੇ ਬਸਤਾਨਾਂ ਦੇ ਮੁਕਾਬਲੇ ਫਰਾਂਸੀਸੀਆਂ ਦੀ



**ਜਤਿੰਦਰ ਮੌਹਰ**
ਫੋਨ: 91-97799-34747

ਬਦਨਾਮੀ ਇਸ ਗੱਲ ਵਿਚ ਹੈ ਕਿ ਉਹ ਆਪਣੀ ਪੂਰੀ ਦੀ ਪੂਰੀ 'ਸਭਿਅਤਾ' ਬਸਤੀਆਂ ਉਤੇ ਥੋਪਣ ਦੀ ਜ਼ਿੱਦ ਪੁਗਾਉਂਦੇ ਰਹੇ ਹਨ। ਉਹ ਮੁਕਾਮੀ ਬੋਲੀਆਂ ਅਤੇ ਸਭਿਆਚਾਰਾਂ ਨੂੰ ਧੁਰ ਅੰਦਰ ਤੱਕ ਨਫ਼ਰਤ ਕਰਦੇ ਹੋਏ ਗ਼ੁਲਾਮੀ ਦੇ 'ਸ਼ੁੱਧ' ਰੂਪ ਦੀ ਵਕਾਲਤ ਕਰਦੇ ਹਨ। ਅਲਜੀਰੀਆ ਦੀ ਕੌਮੀ ਮੁਕਤੀ ਜੰਗ ਵਿਚ ਫਰਾਂਸੀਸੀ ਬਸਤਾਨਾਂ ਦਾ ਅਤਿ-ਭਿਆਨਕ ਰੂਪ ਆਲਮ ਦੇ ਸਾਹਮਣੇ ਆਇਆ।

ਪਹਿਲੀ ਨਵੰਬਰ 1954 ਨੂੰ ਫਰਾਂਸੀਸੀਆਂ ਦੀ ਗੁਲਾਮੀ ਦੇ ਇੱਕ ਸੌ ਤੀਹ ਸਾਲ ਪੂਰੇ ਹੋਣ ਤੋਂ ਬਾਅਦ ਅਲਜੀਰੀਆ ਦੇ ਕੌਮੀ ਮੁਕਤੀ ਫਰੰਟ ਨੇ ਬਸਤਾਨਾਂ ਵਿਰੁਧ ਸੰਗਰਾਮ ਦਾ ਪਿੜ ਮੱਲ ਲਿਆ। ਅਲਜੀਰੀਆ ਦੀ ਮੁਕਤੀ ਬਾਬਤ ਸੁਹਿਰਦ ਸੰਵਾਦ ਰਚਾਉਣ ਦੀ ਥਾਂ ਫਰਾਂਸੀਸੀਆਂ ਨੇ ਪੰਜ ਲੱਖ ਤੋਂ ਵੱਧ ਰੰਗਰੂਟ ਅਲਜੀਰੀਆ ਭੇਜ ਦਿੱਤੇ। ਸੰਨ 1959 ਵਿਚ ਫਰਾਂਸ ਨੇ ਕੌਮੀ ਮੁਕਤੀ ਲਹਿਰ ਨੂੰ ਮਿੱਧਣ ਲਈ ਫੌਜੀ ਕਾਰਵਾਈ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਖੂਨੀ ਜੰਗ ਦਾ ਮੁੱਢ ਬੱਝਿਆ। ਇਹ ਜੰਗ 1962 ਤੱਕ ਚੱਲਦੀ ਰਹੀ ਅਤੇ ਅੰਤ ਵਿਚ ਅਲਜੀਰੀਆ ਨੂੰ ਫਰਾਂਸ ਤੋਂ ਮੁਕਤੀ ਮਿਲੀ। ਅਕਤੂਬਰ 1999 ਤੱਕ ਫਰਾਂਸ ਇਹ ਗੱਲ ਮੰਨਣ ਤੋਂ ਇਨਕਾਰੀ ਰਿਹਾ ਕਿ ਅਲਜੀਰੀਆ ਵਿਚ ਉਨ੍ਹਾਂ ਵਿਰੁਧ ਕੋਈ ਜੰਗ ਚੱਲਦੀ ਰਹੀ ਹੈ। ਜਿਸ ਜੰਗ ਵਿਚ ਤਿੰਨ ਤੋਂ ਛੇ ਲੱਖ ਅਲਜੀਰੀਆਈ ਮਾਰੇ ਗਏ। ਦੋ ਲੱਖ ਤੋਂ ਵੱਧ ਫਰਾਂਸੀਸੀ ਜਵਾਨ ਇਸ ਜੰਗ ਦਾ ਹਿੱਸਾ ਬਣੇ ਜਿਨ੍ਹਾਂ ਵਿਚੋਂ ਸਤਾਈ ਹਜ਼ਾਰ ਤੋਂ ਵੱਧ ਮਰੇ।



ਫਿਲਮ ਨਿਰਦੇਸ਼ਕ ਅਮੀਲੀਓ ਸੀਰੀ

ਸੰਨ 2007 ਵਿਚ ਪਰਦਾਪੇਸ਼ ਹੋਈ ਫਿਲਮ 'ਇੰਟੀਮੇਟ ਐਨਮੀਜ਼' ਅਲਜੀਰੀਆ-ਫਰਾਂਸ ਜੰਗ ਬਾਬਤ ਹੈ ਅਤੇ ਫਰਾਂਸੀਸੀ ਫੌਜੀਆਂ ਦੇ ਮਨੋਵਿਗਿਆਨਕ ਪੱਖ ਨੂੰ ਉਭਾਰਦੀ ਹੈ। ਫਿਲਮ ਫਰਾਂਸ ਦੇ ਫੌਜੀ ਕਾਰਵਾਈ ਸ਼ੁਰੂ ਕਰਨ ਸਮੇਂ ਦੀ ਹੈ। ਫਰਾਂਸੀਸੀ ਫੌਜੀ ਅਲਜੀਰੀਆ ਦੀ ਧਰਤੀ ਉਤੇ ਕਤਲੇਆਮ ਅਤੇ ਤਸ਼ੱਦਦ ਦੇ ਕਾਲੇ ਲੇਖ ਲਿਖ ਰਹੇ ਹਨ। ਪਿੰਡਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਜੁਆਕਾਂ ਤੋਂ ਲੈ ਕੇ ਬੁੱਢਿਆਂ ਤੱਕ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਕਤਾਰਾਂ ਵਿਚ ਖੜ੍ਹੇ ਕਰ ਕੇ ਗੋਲੀਆਂ ਮਾਰੀਆਂ ਜਾ ਰਹੀਆਂ ਹਨ। ਇਸ ਮਾਹੌਲ ਵਿਚ ਜਾਬਰਾਂ ਦਾ ਮਾਨਸਿਕ ਤਵਾਜ਼ਨ ਹਿੱਲਣਾ ਸੁਭਾਵਕ ਹੈ। ਜਬਰ ਨੂੰ ਸਹੀ ਠਹਿਰਾਉਣ ਲਈ ਸੱਤਾ ਨੂੰ ਬਹਾਨਿਆਂ ਦੀ ਘਾਟ ਕਦੇ ਨਹੀਂ ਰਹੀ। ਬਸਤਾਨ ਆਪਣੇ ਗੁਨਾਹਾਂ ਦਾ ਕਸੂਰਵਾਰ ਵੀ ਅਲਜੀਰੀਆਈ ਜੁਝਾਰੂਆਂ ਅਤੇ ਲੋਕਾਂ ਨੂੰ ਠਹਿਰਾਉਂਦੇ ਹਨ। ਜੁਝਾਰੂਆਂ ਦੇ ਅਸਰ ਹੇਠਲੇ ਖਿੱਤੇ ਨੂੰ 'ਵਰਜਿਤ ਖਿੱਤਾ' ਕਿਹਾ ਜਾਂਦਾ ਹੈ। ਫਰਾਂਸੀਸੀ ਫੌਜੀਆਂ ਦਾ ਦਲ ਇਸ ਖਿੱਤੇ ਵਿਚ ਕਾਰਵਾਈ ਕਰ ਰਿਹਾ ਹੈ। ਨਵਾਂ ਆਇਆ ਫਰਾਂਸੀਸੀ ਲੈਫਟੀਨੈਂਟ ਟੈਰੇਨ ਤਸ਼ੱਦਦ ਢਾਹੁਣ ਨੂੰ ਵਾਜਬ ਨਹੀਂ ਗਿਣਦਾ। ਫੌਜੀ ਦਲ ਦੇ ਬਾਕੀ ਫੌਜੀ ਬੁੱਚੜਪੁਣੇ ਦੇ ਆਦੀ ਹੋ ਚੁੱਕੇ ਹਨ। ਇੱਕ ਬੁੱਚੜ ਅਫਸਰ ਟੈਰੇਨ ਨੂੰ ਸਮਝਾਉਂਦਾ ਹੈ ਕਿ ਅਲਜੀਰੀਆ, ਫ਼ਰਾਂਸ ਦਾ ਹਿੱਸਾ ਹੈ। ਇਸ ਕਰ ਕੇ ਕਿਸੇ ਵੀ ਹਾਲਾਤ ਵਿਚ ਇਹਨੂੰ ਮੁਕਤ ਨਹੀਂ ਕੀਤਾ ਜਾ ਸਕਦਾ।

ਟੈਰੇਨ ਦਾ ਸਵਾਲ ਹੈ, "ਅਸੀਂ ਮੁਕਾਮੀ ਲੋਕਾਂ ਨੂੰ ਆਪਣੇ ਬਰਾਬਰ ਦੇ ਹੱਕ ਨਹੀਂ ਦਿੰਦੇ, ਇਸ ਕਰ ਕੇ ਉਨ੍ਹਾਂ ਦੀ ਨਾਬਰੀ ਵਾਜਬ ਹੈ।" ਹੌਲੀ-ਹੌਲੀ ਟੈਰੇਨ ਵੀ ਵਹਿਸ਼ੀ ਬਣ ਜਾਂਦਾ ਹੈ ਅਤੇ ਮਨੋਰੋਗੀ ਹੋਣ ਦੀ ਕਗਾਰ ਉਤੇ ਪਹੁੰਚ ਜਾਂਦਾ ਹੈ। ਉਹਦਾ ਇੱਕ ਹੋਰ ਸਾਥੀ ਸਾਰਜੈਂਟ ਡਗਨਕ ਖੁਦ ਨੂੰ ਕਰੰਟ ਲਵਾ ਕੇ ਸਦਮੇ ਵਿਚੋਂ ਉਭਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਹੋਰ ਧਸਦਾ ਚਲਿਆ ਜਾਂਦਾ ਹੈ। ਲੋਕਾਂ ਉਤੇ ਇੰਨਾ ਤਸ਼ੱਦਦ ਢਾਹੁਣ ਤੋਂ ਬਾਅਦ ਸਹਿਜ ਹੋਣਾ ਸੌਖਾ ਨਹੀਂ ਹੈ। ਇਸ ਕਿਰਦਾਰ ਨੂੰ ਦੇਖ ਕੇ ਪੰਜਾਬੀ ਕਹਾਣੀਕਾਰ ਮਨਿੰਦਰ ਸਿੰਘ ਕਾਂਗ ਦੀ ਕਹਾਣੀ 'ਭਾਰ' ਯਾਦ ਆ ਜਾਂਦੀ ਹੈ। ਖਾਲਿਸਤਾਨੀ ਲਹਿਰ ਵੇਲੇ ਲੋਕਾਂ ਉਤੇ ਤਸ਼ੱਦਦ ਢਾਹੁਣ ਵਾਲਾ ਪੁਲਸੀਆ ਚਾਹੁੰਦਾ ਹੈ ਕਿ ਉਹਨੂੰ ਟਰੱਕ ਹੇਠ ਦੇ ਕੇ ਮਾਰਿਆ ਜਾਵੇ। ਉਹਨੇ ਹੋਰ ਕਤਲਾਂ ਦੇ ਨਾਲ-ਨਾਲ ਇੱਕ ਮਾਸੂਮ ਬੱਚੀ ਦਾ ਬੇਦਰਦੀ ਨਾਲ ਕਤਲ ਕੀਤਾ ਸੀ। ਪੁਲਸੀਏ ਤੋਂ ਸਦਮਾ ਸਹਿਣ ਨਹੀਂ ਹੋ ਰਿਹਾ। ਉਹ ਗੁਨਾਹ ਤੋਂ ਪਿੱਛਾ ਛੁਡਾਉਣ ਲਈ ਭਾਰੇ ਟਰੱਕ ਹੇਠ ਆਉਣਾ ਲੋਚਦਾ ਹੈ।

ਇਸ ਰੁਝਾਨ ਦੀ ਬਾਤ ਪਾਉਂਦੀ ਫਿਲਮ 'ਇੰਟੀਮੇਟ ਐਨਮੀਜ਼' ਨੂੰ ਮਸ਼ਹੂਰ ਨਾਬਰ-ਚਿੰਤਕ ਜਾਂ ਪਾਲ ਸਾਰਤਰ ਅਤੇ ਇਨਕਲਾਬੀ ਲੇਖਕ ਫਰਾਂਜ਼ ਫਾਨੋ ਦੀ ਕਿਤਾਬ 'ਰੈਚਡ ਆਫ ਦਿ ਅਰਥ' ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ। ਸਾਰਤਰ ਨੇ ਇਸ ਕਿਤਾਬ ਦੀ ਭੂਮਿਕਾ ਲਿਖੀ ਸੀ। ਫਾਨੋ ਫਰਾਂਸ ਦੀ ਬਸਤੀ ਮਾਰਟਨਕਿਊ ਵਿਚ ਜੰਮਿਆ। ਉਹਨੇ ਯੂਨੀਵਰਸਿਟੀ ਪੱਧਰ ਤੱਕ ਮਨੋਰੋਗਾਂ ਅਤੇ ਦਵਾਈਆਂ ਦੀ ਪੜ੍ਹਾਈ ਕੀਤੀ ਅਤੇ ਅਲਜੀਰੀਆ ਦੇ ਲੜਾਈ ਵਾਲੇ ਖਿੱਤੇ ਵਿਚ ਬਤੌਰ ਡਾਕਟਰ ਨੌਕਰੀ ਕੀਤੀ। ਉਹਦੇ ਕੋਲ ਕਈ ਫਰਾਂਸੀਸੀ ਫੌਜੀ ਆਉਂਦੇ ਸਨ ਜੋ ਲੋਕਾਂ ਉਤੇ ਤਸ਼ੱਦਦ ਢਾਹੁੰਦੇ ਅਤੇ ਕਤਲੇਆਮ ਮਚਾਉਂਦੇ ਸਨ। ਉਨ੍ਹਾਂ ਦਾ ਮਾਨਸਿਕ ਤਵਾਜ਼ਨ ਹਿੱਲਿਆ ਹੁੰਦਾ ਸੀ। ਹੌਲੀ-ਹੌਲੀ ਫਾਨੋ ਦੀ ਫਰਾਂਸ ਬਾਬਤ ਵਫਾਦਾਰੀ ਬਦਲ ਗਈ। ਉਹਨੇ 1956 ਵਿਚ ਨੌਕਰੀ ਛੱਡ ਦਿੱਤੀ ਅਤੇ ਟਿਊਨੀਸ਼ੀਆ ਵਿਚ ਨਰਸਾਂ ਨੂੰ ਸਿਖਲਾਈ ਦੇਣ ਲੱਗ ਪਿਆ। ਇਹ ਨਰਸਾਂ ਅਲਜੀਰੀਆ ਦੀ ਮੁਕਤੀ ਲਈ ਸਰਗਰਮ ਕੌਮੀ ਮੁਕਤੀ ਫਰੰਟ ਲਈ ਸੇਵਾ ਕਰਦੀਆਂ ਸਨ। ਫਾਨੋ ਮੁਕਤੀ ਦੇ ਕਾਜ ਨੂੰ ਸਮਰਪਤ ਹੋ ਗਿਆ। ਉਹਨੇ ਨਿਮਾਣਿਆਂ ਅਤੇ ਨਿਤਾਣਿਆਂ ਦੀ ਧਿਰ ਵਜੋਂ ਕਈ ਅਹਿਮ ਕਿਤਾਬਾਂ ਲਿਖੀਆਂ ਜਿਨ੍ਹਾਂ ਵਿਚ ਉਹਨੇ ਬਸਤਾਨਾਂ ਦੀ ਹਿੰਸਾ ਅਤੇ ਵਹਿਸ਼ੀਪਣ ਨੂੰ ਬੇਪਰਦ ਕੀਤਾ ਹੈ।

ਸਾਰਤਰ ਨੇ ਫਾਨੋ ਦੀ ਕਿਤਾਬ ਦੀ ਭੂਮਿਕਾ ਵਿਚ ਲਿਖਿਆ ਸੀ, "ਜੇ ਅਸੀਂ ਫਰਾਂਸੀਸੀ ਲੋਕ ਚਾਹੁੰਦੇ ਹਾਂ ਕਿ ਫਰਾਂਸ ਨੂੰ ਮੁਲਕ ਵਜੋਂ ਜਾਣਿਆ ਜਾਵੇ, ਤਾਂ ਸਾਨੂੰ ਇਹ ਕਿਤਾਬ ਲਾਜ਼ਮੀ ਪੜ੍ਹਨੀ ਚਾਹੀਦੀ ਹੈ। ਜੇ ਅਸੀਂ ਆਪਣੀਆਂ ਕਰਤੂਤਾਂ ਤੋਂ ਬਾਜ ਨਾ ਆਏ ਤਾਂ ਫਰਾਂਸ ਕਿਸੇ ਮੁਲਕ ਦਾ ਨਾਂ ਨਹੀਂ, ਸਗੋਂ ਮਨੋਰੋਗ ਦਾ ਨਾਂ ਹੋਵੇਗਾ।"

ਇਹ ਸਿਰਫ ਫਰਾਂਸ ਦੇ ਸੋਚਣ ਦਾ ਮਸਲਾ ਨਹੀਂ ਹੈ। ਇਹ ਹਰ ਮੁਲਕ ਅਤੇ ਹਰ ਮਨੁੱਖ ਦੇ ਸੋਚਣ ਦਾ ਮਸਲਾ ਹੈ। ਕੀ ਅਸੀਂ ਦੂਜਿਆਂ ਉਤੇ ਦਾਬਾ ਪਾ ਕੇ ਅਤੇ ਜਬਰ ਕਰ ਕੇ ਬਿਮਾਰ ਸਮਾਜ ਦੀ ਸਿਰਜਣਾ ਵੱਲ ਨਹੀਂ ਜਾ ਰਹੇ? ਫਾਨੋ ਆਪਣੀ ਕਿਤਾਬ ਵਿਚ ਗਾਲਬਾਂ ਦੇ ਦਾਬੇ ਦੀ ਛਿੱਲ ਲਾਹੁੰਦਾ ਹੈ ਅਤੇ ਜ਼ੋਰਦਾਰ ਵਿਰੋਧ ਕਰਨ ਦੀ ਵਕਾਲਤ ਕਰਦਾ ਹੈ। ਉਹ ਸਖ਼ਤ ਸ਼ਬਦਾਂ ਵਿਚ ਕਹਿੰਦਾ ਹੈ, "ਯੂਰਪ ਨੇ ਸਾਡੇ ਮਹਾਂਦੀਪਾਂ ਉਤੇ ਪੰਜੇ ਜਮਾਏ ਹੋਏ ਹਨ। ਅਸੀਂ ਇਹਦੇ ਬੰਦ-ਬੰਦ ਉਦੋਂ ਤੱਕ ਕੱਟਦੇ ਰਹਾਂਗੇ, ਜਦੋਂ ਤੱਕ ਇਹ ਸਾਡੀ ਧਰਤੀ ਨਹੀਂ ਛੱਡ ਜਾਂਦੇ।"

ਸਾਰਤਰ ਬਤੌਰ ਯੂਰਪੀ, ਆਪਣੇ ਸਮਾਜ ਨਾਲ ਸੰਵਾਦ ਕਰਦਾ ਹੈ ਕਿ ਨਿਮਾਣਿਆਂ ਅਤੇ ਨਿਤਾਣਿਆਂ ਦੇ ਗੁੱਸੇ ਤੋਂ ਬਚੋ। ਸਾਡੀ ਲੁੱਟ ਦੇ ਹੱਥਲ ਕੀਤੇ ਇਹ ਲੋਕ ਸਾਡੀਆਂ ਬਰੂਹਾਂ ਉਤੇ ਆ ਪਹੁੰਚਣਗੇ। ਇਨ੍ਹਾਂ ਦੀ ਲੁੱਟ ਬੰਦ ਨਾ ਕੀਤੀ ਤਾਂ ਅਣਕਿਆਸੇ ਸਿੱਟੇ ਭੁਗਤਣ ਲਈ ਤਿਆਰ ਹੋ ਜਾਵੋ। ਅਸੀਂ ਕਿਰਤੀ-ਕਿਸਾਨਾਂ ਨੂੰ ਭੁੱਖ ਅਤੇ ਬਿਮਾਰੀ ਨਾਲ ਮਰਨ ਲਈ ਮਜਬੂਰ ਕਰਦੇ ਹਾਂ। ਉਨ੍ਹਾਂ ਦੀ ਜ਼ਮੀਨ ਖੋਂਹਦੇ ਹਾਂ। ਜੇ ਉਨ੍ਹਾਂ ਅੰਦਰ ਥੋੜ੍ਹੀ-ਬਹੁਤ ਜੀਣ ਦੀ ਚਾਹਤ ਬਚਦੀ ਹੈ ਤਾਂ ਅਸੀ ਉਨ੍ਹਾਂ ਨੂੰ ਭੈਅ ਦਿਖਾ ਕੇ ਮਾਰਦੇ ਹਾਂ। ਸਾਡੀਆਂ ਬੰਦੂਕਾਂ ਉਨ੍ਹਾਂ ਦੀਆਂ ਛਾਤੀਆਂ ਉਤੇ ਟਿਕੀਆਂ ਹੋਈਆਂ ਹਨ। ਜੇ ਉਹ ਵਿਰੋਧ ਕਰਦੇ ਹਨ ਤਾਂ ਪੁਲਸੀਏ ਉਨ੍ਹਾਂ ਨੂੰ ਗੋਲੀਆਂ ਨਾਲ ਮਾਰਦੇ ਹਨ। ਰੋਜ਼ੀ-ਰੋਟੀ ਅਤੇ ਜ਼ਮੀਨ ਖੁੱਸਣ ਨਾਲ ਹੀਣ ਭਾਵਨਾ ਪੈਦਾ ਹੁੰਦੀ ਹੈ। ਅਸੀਂ ਉਨ੍ਹਾਂ ਨੂੰ ਭੈਅ ਅਤੇ ਹੀਣ ਭਾਵਨਾ ਦਾ ਗੁਲਾਮ ਬਣਾ ਦਿੱਤਾ ਹੈ।

ਇਸ ਵਿਚਾਰ ਦੀ ਰੋਸ਼ਨੀ ਵਿਚ ਪਤਾ ਲਗਦਾ ਹੈ ਕਿ ਫਿਲਮ 'ਇੰਟੀਮੇਟ ਐਨਮੀਜ਼' ਬਸਤਾਨਾਂ ਦੇ ਜਬਰ ਦੀ ਗੱਲ ਤਾਂ ਛੋਂਹਦੀ ਹੈ, ਪਰ ਫਿਲਮਸਾਜ਼ ਦਾ ਨਜ਼ਰੀਆ ਯੂਰਪੀ ਹੀ ਰਹਿੰਦਾ ਹੈ। ਉਹ ਕੌਮੀ ਮੁਕਤੀ ਲਹਿਰ ਦੇ ਜੁਝਾਰੂਆਂ ਨੂੰ ਵਹਿਸ਼ੀ ਕਾਤਲ ਬਣਾ ਕੇ ਪੇਸ਼ ਕਰਦਾ ਹੈ। ਸਮੁੱਚੇ ਤੌਰ ਉਤੇ ਭਾਵ ਇਹੀ ਨਿਕਲਦਾ ਹੈ ਕਿ ਅਫਰੀਕੀ ਵਹਿਸ਼ੀਆਂ ਨਾਲ ਵਹਿਸ਼ੀ ਬਣ ਕੇ ਪੇਸ਼ ਨਾ ਆਉ, ਕਿਉਂਕਿ ਯੂਰਪੀ ਵਹਿਸ਼ੀ ਨਹੀਂ ਹਨ। ਇਹ ਯੂਰਪੀਆਂ ਦੇ ਉਤਮ ਹੋਣ ਦੇ ਗੁਮਾਨ ਦਾ ਮਹੀਨਤਮ ਪ੍ਰਗਟਾਵਾ ਹੈ। ਫਾਨੋ ਅਤੇ ਸਾਰਤਰ ਇਸ ਵਿਚਾਰ ਨੂੰ ਮੂਧੇ ਮੂੰਹ ਕਰ ਦਿੰਦੇ ਹਨ। ਦੂਜਿਆਂ ਉਤੇ ਦਾਬਾ ਪਾਉਣਾ ਅਤੇ ਇਸ ਦਾਬੇ ਨੂੰ ਜਾਰੀ ਰੱਖਣਾ ਵਹਿਸ਼ੀ ਕੰਮ ਹੈ। ਨਿਮਾਣਿਆਂ ਅਤੇ ਨਿਤਾਣਿਆਂ ਦੀ ਨਾਬਰੀ ਨੂੰ ਬਦਨਾਮ ਕਰਨ ਲਈ ਬਸਤਾਨ ਆਮ ਤੌਰ ਉਤੇ ਅਜਿਹੇ ਹੀ ਤਰਕ ਘੜਦੇ ਹਨ। ਫਾਨੋ ਇਨ੍ਹਾਂ ਤਰਕਾਂ ਦੇ ਤੂੰਬੇ ਹੀ ਨਹੀਂ ਉਡਾਉਂਦਾ, ਸਗੋਂ ਸਿੱਟੇ ਭੁਗਤਣ ਦੀ ਬੇਕਿਰਕ ਚੇਤਾਵਨੀ ਵੀ ਦਿੰਦਾ ਹੈ। ਬਸਤਾਨਾਂ ਨਾਲ ਨਿਮਾਣਿਆਂ ਦੀ ਹਰ ਜੰਗ ਨੂੰ ਫਾਨੋ ਦੀਆਂ ਲਿਖਤਾਂ ਦੇ ਹਵਾਲੇ ਨਾਲ ਸਮਝਣਾ ਨਵੀਆਂ ਤੰਦਾਂ ਖੋਲ੍ਹਦਾ ਹੈ। ਇਸੇ ਪ੍ਰਸੰਗ ਵਿਚ 'ਇੰਟੀਮੇਟ ਐਨਮੀਜ਼' ਵਰਗੀਆਂ ਫ਼ਿਲਮਾਂ ਦੇਖਣੀਆਂ ਚਾਹੀਦੀਆਂ ਹਨ।

# ਐਸ਼ ਦੀ ਮੀਡੀਆਈ ਐਸ਼



ਮੀਡੀਆ ਵਿਚ ਅਦਾਕਾਰਾ ਐਸ਼ਵਰਿਆ ਰਾਏ ਬੱਚਨ ਦੀ ਜਿੰਨੀ ਜ਼ਿਆਦਾ ਚਰਚਾ ਹੋਈ ਹੈ, ਹੋਰ ਕਿਸੇ ਅਦਾਕਾਰਾ ਨੂੰ ਇੰਨੀ ਥਾਂ ਸ਼ਾਇਦ ਕਦੀ ਵੀ ਨਹੀਂ ਮਿਲੀ। ਇਕ ਤਾਂ ਆਪਣੇ ਦੌਰ ਵਿਚ ਉਸ ਦੀਆਂ ਫਿਲਮਾਂ ਵਿਚ ਹੋਈ ਚੜ੍ਹਤ ਅਤੇ ਦੂਜੇ ਅਮਿਤਾਭ ਬੱਚਨ ਦੇ ਪਰਿਵਾਰ ਦਾ ਹਿੱਸਾ ਬਣਨ ਕਰ ਕੇ ਉਸ ਨੇ ਆਮ ਨਾਲੋਂ ਵਧੇਰੇ ਧਿਆਨ ਖਿੱਚਿਆ। ਉਂਜ, ਇਹ ਮਸ਼ਹੂਰੀ ਉਸ ਨੂੰ ਇਕ ਦਿਨ ਵਿਚ ਨਹੀਂ ਸੀ ਮਿਲ ਗਈ। ਉਹ ਜਦੋਂ ਪਹਿਲਾਂ-ਪਹਿਲ ਫਿਲਮਾਂ ਵਿਚ ਆਈ ਸੀ ਤਾਂ ਉਸ ਦੇ ਚਿਹਰੇ ਦੀ ਇਸ ਗੱਲੋਂ ਬੜੀ ਨੁਕਤਾਚੀਨੀ ਹੋਈ ਸੀ ਕਿ ਇਹ ਤਾਂ ਪਲਾਸਟਿਕ ਵਰਗਾ ਲਗਦਾ ਹੈ, ਬਿਲਕੁੱਲ ਭਾਵਹੀਣ! ਫਿਰ ਹੌਲੀ-ਹੌਲੀ ਉਸ ਨੇ ਕੁਝ ਅਜਿਹੀਆਂ ਫਿਲਮਾਂ ਵਿਚ ਕੰਮ ਕੀਤਾ ਕਿ ਉਸ ਦੀ ਅਦਾਕਾਰੀ ਅਤੇ ਨਾਚ ਪ੍ਰਤਿਭਾ ਦੀ ਪ੍ਰਸ਼ੰਸਾ ਹੋਣ ਲੱਗ ਗਈ।

ਐਸ਼ਵਰਿਆ ਰਾਏ ਦੀ ਪਹਿਲੀ ਫਿਲਮ 1997 ਵਿਚ 'ਇਰੂਵਰ' ਆਈ ਸੀ। ਇਹ ਤਾਮਿਲ ਫਿਲਮ ਸੀ ਅਤੇ ਇਸ ਵਿਚ ਉਹਨੇ ਡਬਲ ਰੋਲ ਨਿਭਾਇਆ ਸੀ। ਇਹ ਡਬਲ ਰੋਲ ਸਾਬਕਾ ਅਦਾਕਾਰਾ ਜੈ ਲਲਿਤਾ ਦਾ ਸੀ ਜੋ ਬਾਅਦ ਵਿਚ ਸਫਲ ਸਿਆਸਤਦਾਨ ਹੋ ਨਿਬੜੀ ਅਤੇ ਅੱਜ ਕੱਲ੍ਹ ਤਾਮਿਲਨਾਡੂ ਦੀ ਮੁੱਖ ਮੰਤਰੀ ਹੈ। ਉਦੋਂ ਐਸ਼ਵਰਿਆ ਨੂੰ ਚੰਗੀ ਤਰ੍ਹਾਂ ਤਾਮਿਲ ਵੀ ਨਹੀਂ ਸੀ ਆਉਂਦੀ ਅਤੇ ਉਸ ਦੇ ਡਾਇਲਾਗ ਵੀ ਕਿਸੇ ਹੋਰ ਤੋਂ ਡੱਬ ਕਰਵਾਏ ਗਏ ਸਨ, ਪਰ ਇਸ ਫਿਲਮ ਨਾਲ ਉਸ ਦੀ ਚੰਗੀ ਚਰਚਾ ਹੋਈ। ਉਸ ਦੀ ਪਹਿਲੀ ਹਿੰਦੀ ਫਿਲਮ 'ਔਰ ਪਿਆਰ ਹੋ ਗਯਾ' ਸੀ ਜਿਸ ਵਿਚ ਉਸ ਦਾ ਹੀਰੋ ਬੌਬੀ ਦਿਓਲ ਸੀ। ਇਹ ਫਿਲਮ ਬੁਰੀ ਤਰ੍ਹਾਂ ਫਲਾਪ ਹੋਈ। ਇਸ ਤੋਂ ਬਾਅਦ 1998 ਵਿਚ ਤਾਮਿਲ ਫਿਲਮ 'ਜੀਨਸ' ਵਾਹਵਾ ਚੱਲੀ ਤੇ ਨਾਲ ਹੀ ਐਸ਼ਵਰੀਆ ਦੀਆਂ ਵੀ ਫਿਲਮੀ ਦੁਨੀਆਂ 'ਚ ਮੌਜਾਂ ਲੱਗ ਗਈਆਂ। 1998 ਵਿਚ ਉਸ ਦੀਆਂ ਚਾਰ ਫਿਲਮਾਂ ਰਿਲੀਜ਼ ਹੋਈਆਂ- 'ਆ ਅਬ ਲੌਟ ਚਲੇਂ,' 'ਹਮ ਦਿਲ ਦੇ ਚੁਕੇ ਸਨਮ,' 'ਤਾਲ' ਅਤੇ 'ਰਬੋਈ ਚੰਦਾ ਮਾਮਾ' (ਤੈਲਗੂ)। ਇਸ ਤੋਂ ਬਾਅਦ ਐਸ਼ਵਰਿਆ ਦੀ ਗਿਣਤੀ ਪਹਿਲੀ ਕਤਾਰ ਦੀਆਂ ਹੀਰੋਇਨਾਂ ਵਿਚ ਹੋਣ ਲੱਗ ਪਈ ਅਤੇ ਉਹ ਇਕ ਤਰ੍ਹਾਂ ਨਾਲ ਸੁਪਰ ਸਟਾਰ ਵਾਲਾ ਦਰਜਾ ਅਖਤਿਆਰ ਕਰ ਗਈ। ਉਸ ਨੇ 'ਰੇਨਕੋਟ' ਵਰਗੀ ਯਾਦਗਾਰੀ ਫਿਲਮ ਵੀ ਕੀਤੀ।

ਪਹਿਲਾਂ-ਪਹਿਲ ਐਸ਼ਵਰਿਆ ਦਾ ਇਸ਼ਕ ਸਲਮਾਨ ਖਾਨ ਨਾਲ ਚੱਲਿਆ ਪਰ ਸਲਮਾਨ ਦੇ ਅੜਬ ਸੁਭਾਅ ਤੋਂ ਅੱਕ ਕੇ ਉਸ ਨੇ ਇਹ ਦੋਸਤੀ ਤੋੜ ਦਿੱਤੀ। ਫਿਰ ਕੁਝ ਸਮਾਂ ਉਸ ਦੀ ਸਾਂਝ ਵਿਵੇਕ ਓਬਰਾਏ ਨਾਲ ਵੀ ਰਹੀ। ਫਿਲਮ 'ਧੂਮ-2' ਦੌਰਾਨ ਉਸ ਦੀ ਨੇੜਤਾ ਅਭਿਸ਼ੇਕ ਬਚਨ ਨਾਲ ਹੋ ਗਈ ਅਤੇ ਫਿਰ 2007 ਵਿਚ ਦੋਹਾਂ ਨੇ ਵਿਆਹ ਕਰਵਾ ਲਿਆ। 16 ਨਵੰਬਰ 2011 ਨੂੰ ਉਨ੍ਹਾਂ ਦੇ ਘਰ ਬੇਟੀ ਨੇ ਜਨਮ ਲਿਆ। ਉਸ ਦੀ ਆਖਰੀ ਫਿਲਮ 'ਗੁਜ਼ਾਰਿਸ਼' 2010 ਵਿਚ ਆਈ ਸੀ। ਹੁਣ ਕਿਹਾ ਜਾ ਰਿਹਾ ਹੈ ਕਿ ਉਹ ਪ੍ਰਸਿੱਧ ਫਿਲਮਸਾਜ਼ ਮਣੀ ਰਤਨਮ ਦੀ ਅਗਲੇ ਸਾਲ ਰਿਲੀਜ਼ ਹੋ ਰਹੀ ਫਿਲਮ ਨਾਲ ਬਾਲੀਵੁੱਡ ਵਿਚ ਮੁੜ ਵਾਪਸੀ ਕਰ ਰਹੀ ਹੈ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty


**Real Estate and Loans Under One Roof**

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**



36463 Spruce Street,
Newark, CA 94560
4 Bedrooms, 3 Bathrooms,
2 Car Garage
Area: 2062 Sq. Ft.
Lot: 7112 Sq. Ft.
Asking: $799,000




4730 Woodhollow Ave.,
Stockton CA 95206
5 Bedrooms, 3 Bathrooms,
2 Car Garage
Area: 2555 Sq. Ft.
Lot: 5200 Sq. Ft.




34591 Perry Road,
Union City, CA 94587
3 Bedrooms, 2 Bathrooms,
2 Car Garage
Area: 1627 Sq. Ft.
Lot: 6000 Sq. Ft.




4504 Mackinaw Street,
Union City, CA 94587
4 Bedrooms, 3 Bathrooms,
2 Car Garage
Area: 2415 Sq. Ft.
Lot: 4514 Sq. Ft.




199 Page Mill Drive,
San Jose, CA 95111
4 Bedrooms, 2.5 Bathrooms,
2 Car Garage
Area: 1732 Sq. Ft.
Lot: 5000 Sq. Ft.

## JUST SOLD

1. 4504 Mackinaw Street, Union City, CA 94587
2. 1826 Mary Augusta St., Manteca, CA 95337
3. 1498 Columbine Way, Livermore, CA 94551
4. 16129 Rocky HarborRd Lathrop, CA 95330
5. 1820 De Vaca Way, Livermore, CA 94550
6. 1379 Michael Dr., Tracy, CA 95377
7. 37775 Golden Rod Ct., Newark, CA 94560
8. 4124 Polaris Ave., Union City, CA 94587
9. 4730 Woodhollow Ave., Stockton CA 95206
10. 2995 Masonwood St., San Jose, CA 95148
11. 4019 Villa Comez Ln., Stockton, CA 95206
12. 2809 Glen Sharon Way, San Jose, CA 95148
13. 2385 Patricia Dr., Santa Clara, CA 95050
14. 43881 Cameron Hills Dr., Fremont CA 94539

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes
from San Jose to Sacramento

*2004 to 2006 Award Winner
Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

Cell: 510-304-9292
Cell:408-666-8279

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
@ 510-207-9067
CA DRE Lic.#01180969
NMLS# 352095



# DISH BRINGS LIVE GURBANI TO YOUR HOME

**Watch live Gurbani from the Golden Temple and enjoy your favorite shows like Artist Specials, Ek Omkar and many more.**

**$24.99/mo.**

**BEST PUNJABI PROGRAMMING**

**Add the Hindi Elite Pack and enjoy the best DESI entertainment FREE for 3 months!**

Requires 24-month commitment, credit qualification, and subscription to qualifying American programming. Receive $34.99/mo. credit for 3 months. Requires HD receiver to view International programming available in HD. Must subscribe to a qualifying American HD package to qualify for HD receiver.

## LIMITED TIME OFFER.

## ORDER NOW!

## 1-888-570-7674

**Important Terms and Conditions: Hindi 3 Months Free:** Valid for activation and installation of qualifying DISH service between 3/13/14 and 7/13/14. Requires subscription to a qualifying American or DishLATINO package in addition to qualifying Hindi package. You will receive a monthly credit of $34.99 for the first 3 months. You will be responsible for any monthly or upfront costs beyond the value of the credit. After 3 months, then-current everyday monthly price will apply unless you downgrade. **Promotional Offers:** Requires activation of new qualifying DISH service. All prices, fees, charges, packages, programming, features, functionality and offers subject to change without notice. **ETF:** If you cancel service during first 24 months, early termination fee of $20 for each month remaining applies. **Activation fee may apply.**

**Additional Requirements: Installation/Equipment Requirements:** Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14.

© 2014 DISH Network L.L.C. All rights reserved.

7674-Q292-month.April